RE/MAX NORTH CENTRAL
6401 Eldorado Pkwy Ste. 219, Mckinney, TX 75070
Serving in North Texas
We can help with finance
Ph: 972-529-5555
Email: info@remaxnorthcentral.com
www.remaxnorthcentral.com
PL Contact For Residential Needs only

Buy or Sell real estate in California
Roseville, Sacramento, Elk Grove & surrounding areas.
Committed to Excellent Service
CENTURY 21
Cell: 916-847-8920
E-mail: hsingh@c21mm.com
Century 21 MM-Roseville
973 Pleasant Grove Blvd., Suite# 150, Roseville, CA 95678
Harpreet Singh
Realtor
CalDRE# 02049809

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Nineteenth Year of Publication ਨਿਊ ਯਾਰਕ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 19, Issue 41, October 13, 2018 20451 N. Plum Grove Rd., Palatine, IL 60074 Ph:847-359-0746, Fax:847-705-9388

# ਬਰਗਾੜੀ ਮੋਰਚੇ ਨੇ ਦਿੱਤੇ ਨਵੀਂ ਸਿਆਸੀ ਸਫਬੰਦੀ ਦੇ ਸੰਕੇਤ

## ਅਕਾਲੀ ਦਲ ਦੀ ਚਿੰਤਾ ਹੋਰ ਵਧੀ

**ਚੰਡੀਗੜ੍ਹ:** ਪੰਜਾਬ ਵਿਚ ਨਵੀਂ ਸਿਆਸੀ ਸਫਬੰਦੀ ਦੇ ਸੰਕੇਤ ਮਿਲੇ ਹਨ। ਬਰਗਾੜੀ ਵਿਚ ਲੋਕਾਂ ਦੇ ਆਪ ਮੁਹਾਰੇ ਇਕੱਠ ਨੇ ਇਹ ਸਾਫ ਕਰ ਦਿੱਤਾ ਹੈ ਕਿ ਅਗਾਮੀ ਚੋਣਾਂ ਵਿਚ ਪੰਜਾਬ ਦੇ ਲੋਕ ਰਵਾਇਤੀ ਧਿਰਾਂ (ਕਾਂਗਰਸ ਤੇ ਅਕਾਲੀ ਦਲ) ਨੂੰ ਦਰਕਿਨਾਰ ਕਰ ਕੇ ਤੀਜੇ ਬਦਲ ਦੀ ਭਾਲ ਵਿਚ ਜੁਟ ਗਏ ਹਨ। ਦਰਅਸਲ, ਪੰਜਾਬ ਦੀਆਂ ਮੁੱਖ ਸਿਆਸੀ ਧਿਰਾਂ ਕਾਂਗਰਸ ਤੇ ਅਕਾਲੀ ਦਲ ਨੇ ਆਪਣੀ ਤਾਕਤ ਵਿਖਾਉਣ ਲਈ ਇਕ-ਦੂਜੇ ਦੇ ਜੱਦੀ ਹਲਕਿਆਂ ਵਿਚ ਰੈਲੀਆਂ ਰੱਖੀਆਂ ਸਨ। ਇਸੇ ਦਿਨ ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਬਰਗਾੜੀ ਵਿਚ ਮੋਰਚਾ ਲਾਈ ਬੈਠੀਆਂ ਪੰਥਕ ਧਿਰਾਂ ਨੇ ਰੋਸ ਮਾਰਚ ਦਾ ਐਲਾਨ ਕੀਤਾ ਸੀ ਅਤੇ ਬਰਗਾੜੀ ਮੋਰਚੇ ਨੇ ਇਕੱਠ ਪੱਖੋਂ ਸਾਰੇ ਰਿਕਾਰਡ ਤੋੜ ਦਿੱਤੇ। ਸਿਆਸੀ ਮਾਹਿਰ ਪੰਜਾਬ ਵਿਚ ਇਸ ਨੂੰ ਤੀਜੇ ਬਦਲ ਵਜੋਂ ਵੇਖ ਰਹੇ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਮੋਰਚੇ ਨੂੰ ਆਮ ਆਦਮੀ ਪਾਰਟੀ ਸਮੇਤ ਲੋਕ ਇਨਸਾਫ ਪਾਰਟੀ ਦੀ ਖੁੱਲ੍ਹੀ ਹਮਾਇਤ ਰਹੀ। ਇਸ ਤੋਂ ਸਾਫ ਹੈ ਕਿ ਭਵਿਖ ਵਿਚ ਇਹ ਸਾਰੀਆਂ ਧਿਰਾਂ ਰਵਾਇਤੀ ਸਿਆਸਤ ਖਿਲਾਫ ਸਿਰ ਜੋੜ ਸਕਦੀਆਂ ਹਨ।

ਬਰਗਾੜੀ ਇਕੱਠ ਨੇ ਇਹ ਵੀ ਸਾਫ ਕਰ ਦਿੱਤਾ ਹੈ ਕਿ ਲੋਕਾਂ ਵਿਚ ਜਿਥੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਲੈ ਕੇ ਪਿਛਲੀ ਅਕਾਲੀ ਸਰਕਾਰ ਵਿਰੁਧ ਗੁੱਸਾ ਤੇ ਨਫਰਤ ਹੈ, ਉਥੇ ਸੱਤਾ ਧਿਰ ਕਾਂਗਰਸ ਪ੍ਰਤੀ ਵੀ ਕਾਫੀ ਨਾਰਾਜ਼ਗੀ ਹੈ। ਡੇਢ ਸਾਲ ਪਹਿਲਾਂ ਜਿਸ ਧਿਰ (ਕਾਂਗਰਸ) ਨੂੰ ਪੰਜਾਬ ਵਿਚ ਭਾਰੀ ਸਮਰਥਨ ਮਿਲਿਆ ਸੀ, ਉਸ ਤੋਂ ਹੁਣ ਮਨ ਭਰ ਗਿਆ ਹੈ। ਸਿਆਸੀ ਮਾਹਰਾਂ ਮੁਤਾਬਕ ਬਰਗਾੜੀ ਵਿਚ ਲੋਕਾਂ ਦਾ ਆਪ ਮੁਹਾਰੇ ਇਕੱਠਾ ਹੋਣਾ ਕਾਂਗਰਸ ਸਰਕਾਰ ਨਾਲੋਂ ਸ਼੍ਰੋਮਣੀ ਅਕਾਲੀ ਦਲ ਲਈ ਵਧੇਰੇ ਚਿੰਤਾ ਦਾ ਵਿਸ਼ਾ ਹੈ। ਇਹ ਇਕੱਠ ਨਾ ਸਿਰਫ ਲੋਕ ਸਭਾ ਚੋਣਾਂ ਸਗੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸਮੇਂ ਅਕਾਲੀ ਦਲ ਲਈ ਵੱਡੀ ਸਿਰਦਰਦੀ ਬਣ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਗੋਲੀਬਾਰੀ ਵਿਚ ਦੋ ਸਿੱਖਾਂ ਦੀ ਮੌਤ ਅਤੇ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫੀ ਦੇ ਮੁੱਦਿਆਂ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਵਿਚ ਪਹਿਲਾਂ ਹੀ ਤਿੱਖੇ ਮਤਭੇਦ ਜਨਤਕ ਹੋ ਚੁੱਕੇ ਹਨ। ਮਾਝੇ ਦੀ ਲੀਡਰਸ਼ਿਪ ਅਤੇ ਕੁਝ ਟਕਸਾਲੀ ਆਗੂਆਂ ਵਲੋਂ ਪਟਿਆਲਾ ਰੈਲੀ ਵਿਚ ਨਾ ਆਉਣ ਦੇ ਫੈਸਲੇ ਨੇ ਵੀ ਅਕਾਲੀ ਲੀਡਰਸ਼ਿਪ ਲਈ ਤਕੜੀ ਚੁਣੌਤੀ ਖੜ੍ਹੀ ਕਰ ਦਿੱਤੀ ਹੈ।

ਇਸ ਸਮੇਂ ਅਕਾਲੀ ਦਲ ਨੂੰ ਅੰਦਰੂਨੀ ਤੇ ਬਾਹਰੀ, ਦੋਵਾਂ ਪਾਸਿਆਂ ਤੋਂ ਮਾਰ ਪੈ ਰਹੀ ਹੈ। ਪਾਰਟੀ ਦੇ ਟਕਸਾਲੀ ਨੇਤਾਵਾਂ ਅਤੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਰਮਿਆਨ ਖਿੱਚੀ ਗਈ ਲਕੀਰ ਹੀ ਭਾਰੂ ਨਹੀਂ ਪੈ ਰਹੀ ਸਗੋਂ ਅਕਾਲੀ ਦਲ ਦਾ ਮੁੱਖ ਵੋਟ ਬੈਂਕ (ਸਿੱਖ) ਵੀ ਨਜ਼ਦੀਕ ਹੋਣ ਦੀ ਥਾਂ ਦੂਰ ਜਾ ਰਿਹਾ ਹੈ। ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਨੂੰ ਚੁਣੌਤੀਆਂ ਖੜ੍ਹੀਆਂ ਹੋਣ ਕਾਰਨ ਬਾਦਲ ਖੇਮੇ ਵਿਚ ਘਬਰਾਹਟ ਹੈ। ਬਰਗਾੜੀ ਇਕੱਠ ਨੇ ਅਕਾਲੀਆਂ ਨੂੰ ਸੋਚਣ ਲਈ

(ਬਾਕੀ ਸਫਾ 6 ਉਤੇ)




## ਬਾਦਲਾਂ ਨੂੰ ਆਈ ਟਕਸਾਲੀ ਆਗੂਆਂ ਦੀ ਯਾਦ

ਪਾਰਟੀ ਵਿਚ ਉਠੀਆਂ ਬਾਗੀ ਸੁਰਾਂ ਪਿੱਛੋਂ ਬਾਦਲਾਂ ਨੂੰ ਟਕਸਾਲੀ ਆਗੂਆਂ ਦੇ ਮਾਣ ਸਨਮਾਨ ਦੀ ਯਾਦ ਆ ਗਈ ਹੈ। ਪਟਿਆਲਾ ਰੈਲੀ ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਪੁੱਤਰ ਅਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਇਹੀ ਸਲਾਹ ਦਿੱਤੀ ਕਿ ਟਕਸਾਲੀ ਲੀਡਰਾਂ ਨੂੰ ਲੱਭ ਕੇ ਸੂਚੀਆਂ ਬਣਾਉਣੀਆਂ ਚਾਹੀਦੀਆਂ ਹਨ। ਉਨ੍ਹਾਂ ਰੈਲੀ ਵਿਚ ਸੰਬੋਧਨ ਦੌਰਾਨ ਆਖਿਆ, ਉਹ (ਬਾਦਲ) ਸੁਖਬੀਰ ਨੂੰ ਅਪੀਲ ਕਰਦੇ ਹਨ ਕਿ ਇਕ ਰੈਲੀ ਦੁਆਬਾ ਅਤੇ ਇਕ ਮਾਝਾ ਵਿਚ ਕੀਤੀ ਜਾਵੇ। ਉਨ੍ਹਾਂ ਨਾਲ ਜਾਂ ਉਨ੍ਹਾਂ ਤੋਂ ਪਹਿਲਾਂ ਜੇਲ੍ਹਾਂ ਕੱਟਣ ਵਾਲੇ ਟਕਸਾਲੀ ਅਕਾਲੀ ਲੀਡਰਾਂ ਨੂੰ ਵੱਡਾ ਸਮਾਗਮ ਕਰ ਕੇ ਸਨਮਾਨਤ ਕੀਤਾ ਜਾਵੇ। ਜ਼ਿਕਰਯੋਗ ਹੈ ਕਿ ਪੰਜਾਬ 'ਚ ਟਕਸਾਲੀ ਅਕਾਲੀ ਲੀਡਰ ਆਪਣੀ ਪਾਰਟੀ ਦੀ ਹਾਈ ਕਮਾਨ ਤੋਂ ਖਫਾ ਹਨ। ਸੀਨੀਅਰ ਲੀਡਰ ਸੁਖਦੇਵ ਸਿੰਘ ਢੀਂਡਸਾ ਵੱਲੋਂ ਪਾਰਟੀ ਦੀਆਂ ਜ਼ਿੰਮੇਵਾਰੀਆਂ ਤੋਂ ਫਾਰਗ ਹੋਣ ਤੋਂ ਬਾਅਦ ਮਾਝੇ ਦੇ ਵੱਡੇ ਅਕਾਲੀ ਲੀਡਰ ਰਣਜੀਤ ਸਿੰਘ ਬ੍ਰਹਮਪੁਰਾ, ਡਾ. ਰਤਨ ਸਿੰਘ ਅਜਨਾਲਾ ਤੇ ਸੇਵਾ ਸਿੰਘ ਸੇਖਵਾਂ ਨੇ ਪਾਰਟੀ ਦੀ ਇਸ ਰੈਲੀ ਦਾ ਬਾਈਕਾਟ ਕਰਨ ਦਾ ਐਲਾਨ ਕਰ ਦਿੱਤਾ ਸੀ।

## ਮਜੀਠੀਆ ਨੂੰ ਘੇਰਨ ਵਾਲੇ ਈ.ਡੀ. ਅਧਿਕਾਰੀ ਵੱਲੋਂ ਅਸਤੀਫਾ

**ਜਲੰਧਰ:** ਬਹੁ ਚਰਚਿਤ 6000 ਕਰੋੜ ਦੇ ਭੋਲਾ ਡਰੱਗ ਕੇਸ ਦੀ ਜਾਂਚ ਵੇਖ ਰਹੇ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਤਲਬ ਕਰਨ ਵਾਲੇ ਐਨਫੋਰਸਮੈਂਟ ਡਾਇਰੈਕਟੋਰੇਟ ਦੇ ਡਿਪਟੀ



ਡਾਇਰੈਕਟਰ ਨਿਰੰਜਣ ਸਿੰਘ ਨੇ ਆਪਣੇ ਅਹੁਦੇ ਤੋਂ ਅਚਾਨਕ ਅਸਤੀਫਾ ਦੇ ਦਿੱਤਾ, ਹਾਲਾਂਕਿ ਉਨ੍ਹਾਂ ਦੇ ਅਹੁਦੇ ਦੀ ਮਿਆਦ 2021 ਤੱਕ ਸੀ।

ਪੰਜਾਬ 'ਚ ਬਹੁ-ਚਰਚਿਤ ਭੋਲਾ ਡਰੱਗ ਕੇਸ ਦਾ ਮਾਮਲਾ ਉਦੋਂ ਸੁਰਖੀਆਂ ਵਿਚ ਆਇਆ ਸੀ ਜਦੋਂ ਇਸ ਦੀ ਜਾਂਚ ਐਨਫੋਰਸਮੈਂਟ ਡਾਇਰੈਕਟੋਰੇਟ ਹੱਥ ਆਈ ਸੀ। ਸਾਲ 2013 ਤੋਂ ਈ.ਡੀ. ਦੇ ਜਾਂਚ ਅਧਿਕਾਰੀ ਵਜੋਂ ਇਸ ਕੇਸ ਦੀ ਘੋਖ

(ਬਾਕੀ ਸਫਾ 6 ਉਤੇ)

Ad Space Available
Please Call
Ph: 847-359-0746

Special Sale 2018
ਅੰਮ੍ਰਿਤਸਰ $975
ਦਿੱਲੀ $855
ਟੈਕਸ ਸਮੇਤ
Harpreet Singh
WorldWide Travel
www.fly2world.com
866 66 INDIA 46342
734 838 9998
24 ਘੰਟੇ ਐਮਰਜੈਂਸੀ ਸੇਵਾ
Fares shown are from Detroit for departure between Sep 5th and Dec 8th. Fare may change without notice, please call for more details. Other conditions

Singh Accounting & Tax Services
Niagara Falls Grand Island, NY
All kinds of accounting work.
*Book keeping *Payroll *Sales Tax
*New business set up *E-file tax return
Go to App store to load our free App
Sarbjit Singh Khakh (Sabhi)
Accountant
Ph: 716-425-7126
Fax: 716-284-0025
Email: singhtaxservice@yahoo.com
Website: singhtaxservice.com

# ਬਜੁਰਗ ਖਤਰਿਆਂ ਤੋਂ ਚੁਕੰਨੇ ਰਹਿਣ: ਡਾ. ਅਮਰਜੀਤ ਸਿੰਘ

## ਸਿਹਤ ਸੰਭਾਲ


**ਸ਼ਿਕਾਗੋ (ਬਿਊਰੋ):** ਸਿੱਖ ਸੀਨੀਅਰ ਸਿਟੀਜ਼ਨਜ਼ ਦੀ ਮਹੀਨਾਵਾਰ ਮੀਟਿੰਗ ਵਿਚ ਇਸ ਵਾਰ ਦਾ ਮੁੱਦਾ 'ਖਤਰਿਆਂ ਤੋਂ ਚੁਕੰਨੇ ਰਹਿਣਾ' ਸੀ। ਇਸ ਮੌਕੇ ਡਾ. ਅਮਰਜੀਤ ਸਿੰਘ ਨੇ ਖਤਰਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਕਿਹਾ ਕਿ ਸੀਨੀਅਰ ਸਿਟੀਜ਼ਨ (ਬਜੁਰਗ) ਨੂੰ ਇਨ੍ਹਾਂ ਤੋਂ ਖਬਰਦਾਰ ਰਹਿਣਾ ਚਾਹੀਦਾ ਹੈ।

ਡਾ. ਅਮਰਜੀਤ ਸਿੰਘ ਮਾਊਂਟ ਸਿਨਾਈ ਹਸਪਤਾਲ 'ਚ ਐਮਰਜੈਂਸੀ ਡਾਕਟਰ ਵਜੋਂ ਸੇਵਾਵਾਂ ਨਿਭਾ ਰਹੇ ਹਨ। ਉਹ ਐਤਵਾਰ ਨੂੰ ਗੁਰਦੁਆਰਾ ਪੈਲਾਟਾਈਨ ਵਿਚ ਫਰੀ ਕਲਿਨਿਕ ਵਿਚ ਵੀ ਹੱਥ ਵਟਾਉਂਦੇ ਹਨ। ਇਸ ਤੋਂ ਬਿਨਾ ਉਹ ਸਿੱਖ ਆਊਟਰੀਚ ਸੁਸਾਇਟੀ ਦੇ ਬਾਨੀ ਹਨ। ਉਹ ਪੀ.ਸੀ.ਐਸ. ਦੇ ਚੇਅਰਮੈਨ ਵੀ ਰਹਿ ਚੁਕੇ ਹਨ।

ਉਨ੍ਹਾਂ ਦਸਿਆ ਕਿ ਜਦੋਂ ਹਾਲਾਤ ਠੀਕ ਨਜ਼ਰ ਨਾ ਆਉਣ ਤਾਂ ਬਾਹਰੀ ਮਦਦ ਲੈ ਲੈਣੀ ਚਾਹੀਦੀ ਹੈ। ਹਰ ਸੀਨੀਅਰ ਸਿਟੀਜ਼ਨ ਨੂੰ 911 ਫੋਨ ਨੰਬਰ ਦੀ ਵਰਤੋਂ ਕਰਨੀ ਆਉਣੀ ਚਾਹੀਦੀ ਹੈ। ਜੇ ਤੁਸੀਂ ਐਮਰਜੈਂਸੀ ਦੀ ਹਾਲਤ ਬਿਆਨ ਕਰ ਸਕਦੇ ਹੋ ਤਾਂ ਪੈਰਾਮੈਡਿਕ ਤਿਆਰੀ ਕਰਕੇ ਆਉਂਦੇ ਹਨ। ਜੇ ਦਿਲ ਦਾ ਦੌਰਾ ਪੈ ਰਿਹਾ ਹੈ ਅਤੇ ਤੁਹਾਨੂੰ 90 ਮਿੰਟ ਅੰਦਰ ਮੈਡੀਕਲ ਮਦਦ ਮਿਲ ਜਾਵੇ ਤਾਂ ਕਾਫੀ ਬਚਾਅ ਹੋ ਸਕਦਾ ਹੈ। ਐਂਬੂਲੈਂਸ 911 ਘੁਮਾਉਣ ਤੋਂ 10 ਮਿੰਟ ਅੰਦਰ ਪਹੁੰਚ ਜਾਂਦੀ ਹੈ।

ਉਨ੍ਹਾਂ ਦੱਸਿਆ ਕਿ ਦਿਲ ਦੇ ਦੌਰੇ ਦੀ ਪਛਾਣ ਮਰਦ ਅਤੇ ਔਰਤਾਂ ਵਿਚ ਭਿੰਨ ਹੈ। ਛਾਤੀ ਅੰਦਰ ਅਸਹਿ ਦਰਦ ਹੋਣਾ, ਵੱਧ ਪਸੀਨਾ ਆਉਣਾ, ਸਾਹ ਫੁੱਲਣਾ ਆਦਿ ਕੁਝ ਸਾਂਝੀਆਂ ਨਿਸ਼ਾਨੀਆਂ ਹਨ। ਜੇ ਪੈਰਾਮੈਡਿਕਸ ਨੂੰ ਪਤਾ ਲੱਗ ਜਾਵੇ ਤਾਂ ਉਹ ਕੋਡ ਹਾਰਟ ਕਹਿ ਕੇ ਡਾਕਟਰ ਅਤੇ ਸਟਾਫ ਨੂੰ ਚੁਕੰਨਾ ਕਰ ਦਿੰਦੇ ਹਨ। ਘੱਟ ਬਲੱਡ ਪ੍ਰੈਸ਼ਰ, ਚੱਕਰ ਆਉਣੇ, ਖੱਬੀ ਬਾਂਹ ਵਿਚ ਦਰਦ ਕੁਝ ਹੋਰ ਨਿਸ਼ਾਨੀਆਂ ਹਨ। ਇਸ 'ਤੇ ਵੀ ਨਿਰਭਰ ਹੈ ਕਿ ਦਿਲ ਦੇ ਕਿਹੜੇ ਹਿੱਸੇ ਵਿਚ ਰੁਕਾਵਟ ਪੈਦਾ ਹੋ ਰਹੀ ਹੈ। ਛਾਤੀ ਵਿਚ ਜਲਨ, ਖਾਸ ਤੌਰ 'ਤੇ ਔਰਤਾਂ ਵਿਚ, ਹਾਰਟ ਅਟੈਕ ਦੀ ਨਿਸ਼ਾਨੀ ਹੋ ਸਕਦੀ ਹੈ।

ਦੂਜੇ ਖਤਰੇ ਦੀ ਘੰਟੀ ਸਟਰੋਕ ਦੀ ਹੈ। ਇਹ ਚਿਹਰੇ, ਬਾਹਾਂ, ਲੱਤਾਂ ਕਿਸੇ 'ਤੇ ਵੀ ਅਸਰ ਕਰ ਸਕਦਾ ਹੈ। ਬੋਲਣ ਵਿਚ ਦਿੱਕਤ ਆ ਸਕਦੀ ਹੈ। ਜੇ ਮਰੀਜ ਸਹੀ ਵਕਤ 'ਤੇ ਹਸਪਤਾਲ ਪਹੁੰਚ ਜਾਵੇ ਤਾਂ ਤਿੰਨ ਘੰਟਿਆਂ ਅੰਦਰ ਕਲੌਟ ਨੂੰ ਤੋੜਿਆ



ਡਾ. ਅਮਰਜੀਤ ਸਿੰਘ

ਜਾ ਸਕਦਾ ਹੈ। ਇਹ ਜ਼ਿਆਦਾਤਰ ਗਰਦਨ ਦੀ ਆਰਟਰੀ ਵਿਚ ਪੈਦਾ ਹੋ ਜਾਂਦਾ ਹੈ ਤੇ ਦਿਮਾਗ ਤਕ ਪਹੁੰਚ ਜਾਂਦਾ ਹੈ। ਇਸ ਲਈ 50 ਸਾਲ ਤੋਂ ਉਤੇ ਗਰਦਨ ਦਾ ਅਲਟਰਾਸਾਊਂਡ ਕਰਵਾ ਲੈਣਾ ਚਾਹੀਦਾ ਹੈ। ਅੱਜ ਕੱਲ੍ਹ ਤਾਂ ਕੈਥੇਟਰ ਪਾ ਕੇ ਇਸ ਨੂੰ ਬਾਹਰ ਵੀ ਕੱਢ ਲਿਆ ਜਾਂਦਾ ਹੈ। ਬਹੁਤ ਜ਼ਰੂਰੀ ਹੈ ਕਿ ਪਰਿਵਾਰ ਦਾ ਡਾਕਟਰੀ ਇਤਿਹਾਸ ਪਤਾ ਕਰ ਲਵੋ ਕਿ ਕਿਸੇ ਪਰਿਵਾਰਕ ਮੈਂਬਰ ਨੂੰ ਕੀ ਕੋਈ ਅਜਿਹੀ ਬਿਮਾਰੀ ਸੀ।

ਡਾ. ਅਮਰਜੀਤ ਸਿੰਘ ਨੇ ਕਿਹਾ ਕਿ ਇਕ ਹੋਰ ਖਤਰਨਾਕ ਹਾਲਤ ਲਗਾਤਾਰ ਖੂਨ ਵਹਿਣ ਦੀ ਹੈ। ਇਹ ਕੋਈ ਕੱਟ ਲੱਗਣ ਕਰ ਕੇ ਹੋ ਸਕਦਾ ਹੈ। ਮੂੰਹ ਜਾਂ ਗੁਦਾ ਤੋਂ ਖੂਨ ਵਹਿਣਾ ਵੀ ਖਤਰੇ ਦੀ ਨਿਸ਼ਾਨੀ ਹੈ। ਉਲਟੀਆਂ ਜਾਂ ਪੇਚਿਸ਼ ਵਿਚ ਖੂਨ ਆਉਣਾ ਅਣਗੌਲਿਆਂ ਨਹੀਂ ਕਰਨਾ ਚਾਹੀਦਾ। ਜ਼ਖਮ ਨੂੰ ਟਾਂਕੇ ਸਿਰਫ ਛੇ ਘੰਟਿਆਂ 'ਚ ਲਾਏ ਜਾ ਸਕਦੇ ਹਨ, ਉਸ ਤੋਂ ਵੱਧ ਜ਼ਖਮ ਖੁੱਲ੍ਹਾ ਛੱਡਣਾ ਪੈਂਦਾ ਹੈ, ਜਿਸ ਤੋਂ ਇਨਫੈਕਸ਼ਨ ਦਾ ਡਰ ਵਧ ਜਾਂਦਾ ਹੈ। ਬੁਢਾਪੇ ਵਿਚ ਡਿੱਗਣ ਕਰਕੇ ਲੱਤ, ਬਾਂਹ ਜਾਂ ਚੂਲਾ ਟੁੱਟਣਾ ਵੀ ਸੁਭਾਵਿਕ ਹੈ। ਜੇ ਤੁਸੀਂ ਤੁਰ ਸਕਦੇ ਹੋ ਜਾਂ ਹੱਥ ਵਰਤ ਸਕਦੇ ਹੋ, ਤੇ ਬਹੁਤੀ ਸੋਜਿਸ਼ ਨਹੀਂ ਤਾਂ ਹੱਡੀ ਟੁੱਟੀ ਨਹੀਂ।

ਬੱਚਿਆਂ ਦੀ ਗੱਲ ਕਰਦਿਆਂ ਡਾ. ਅਮਰਜੀਤ ਸਿੰਘ ਨੇ ਦੱਸਿਆ ਕਿ ਦੋ ਮਹੀਨੇ ਤੋਂ ਛੋਟੇ ਬੱਚਿਆਂ ਦਾ ਖਿਆਲ ਰੱਖਣਾ ਚਾਹੀਦਾ ਹੈ। ਜੇ ਬੁਖਾਰ ਹੋ ਗਿਆ ਤਾਂ ਡਾਕਟਰ ਨਾਲ ਸੰਪਰਕ ਕਰੋ। ਜੇ ਪੇਟ ਵਿਚ ਲਗਾਤਾਰ ਅਸਹਿ ਤਕਲੀਫ ਹੈ ਤਾਂ ਚੈਕਅੱਪ ਕਰਵਾ ਲਉ। ਕਾਰਨ ਅਪੈਂਡਿਕਸ ਜਾਂ ਪਥਰੀ aneurysm ਵੀ ਹੋ ਸਕਦਾ ਹੈ। ਜਦੋਂ ਹਸਪਤਾਲ ਜਾਂਦੇ ਹੋ ਤਾਂ ਇਹ ਵੀ ਪਤਾ ਕਰ ਲੈਣਾ ਚਾਹੀਦਾ ਹੈ ਕਿ ਤੁਹਾਨੂੰ ਡਾਕਟਰ ਨੇ ਚੈੱਕ ਕੀਤਾ ਜਾਂ ਅਸਿਸਟੈਂਟ ਨੇ। ਅਸਿਸਟੈਂਟ ਡਾਕਟਰ ਨਾਲੋਂ ਵਧੇਰੇ ਟੈਸਟ ਕਰਵਾਉਂਦੇ ਹਨ, ਕਿਉਂਕਿ ਡਾਕਟਰ ਦੀ ਪੜ੍ਹਾਈ ਵਧੇਰੇ ਹੈ ਤੇ ਤਜਰਬਾ ਵੀ। ਸਾਰੇ ਟੈਸਟ ਕਰਵਾਉਣੇ ਵੀ ਜ਼ਰੂਰੀ ਨਹੀਂ, ਤੁਸੀਂ ਨਾਂਹ ਵੀ ਕਰ ਸਕਦੇ ਹੋ। ਜਦੋਂ ਤੁਸੀਂ ਕਿਸੇ ਨੂੰ ਬਿਨਾਂ ਸਿਹਤ ਬੀਮੇ ਤੋਂ ਹਸਪਤਾਲ ਲੈ ਕੇ ਜਾਂਦੇ ਹੋ, ਜਿਵੇਂ ਯਾਤਰੀ ਆਦਿ, ਤਾਂ ਬਿਨਾਂ ਜਾਣੇ ਪੇਪਰਾਂ 'ਤੇ ਦਸਤਖਤ ਨਾ ਕਰੋ; ਨਹੀਂ ਤਾਂ ਖਰਚ ਦੀ ਜ਼ਿੰਮੇਵਾਰੀ ਤੁਹਾਡੇ ਸਿਰ ਪੈ ਸਕਦੀ ਹੈ। ਜਦੋਂ ਹਸਪਤਾਲ ਜਾਂਦੇ ਹੋ ਤਾਂ ਦਵਾਈਆਂ ਦੀ ਲਿਸਟ ਨਾਲ ਲੈ ਕੇ ਜਾਉ। ਵੈਸੇ ਤਾਂ ਦਵਾਈਆਂ ਦੀ ਲਿਸਟ ਬਟੂਏ ਵਿਚ ਹੋਣੀ ਚਾਹੀਦੀ ਹੈ।

ਜ਼ਿਕਰਯੋਗ ਹੈ ਕਿ ਸਿੱਖ ਸੀਨੀਅਰ ਸਿਟੀਜ਼ਨ ਮਹੀਨੇ ਦੇ ਪਹਿਲੇ ਬੁਧਵਾਰ 4 ਤੋਂ 6 ਵਜੇ ਗੁਰਦੁਆਰਾ ਪੈਲਾਟਾਈਨ ਵਿਚ ਮਿਲਦੇ ਹਨ ਅਤੇ ਤੀਜੇ ਬੁਧਵਾਰ ਦੁਪਹਿਰ ਦੇ ਖਾਣੇ 'ਤੇ ਮਿਲਦੇ ਹਨ। ਹੋਰ ਜਾਣਕਾਰੀ ਲਈ ਸ. ਸੁਰਿੰਦਰਪਾਲ ਸਿੰਘ ਕਾਲੜਾ ਫੋਨ: 847-305-9119, ਸ. ਇਕਬਾਲ ਸਿੰਘ ਚੋਪੜਾ ਫੋਨ: 224-358-7769 ਜਾਂ ਸ. ਜਸਬੀਰ ਸਿੰਘ ਭੱਲਾ ਨਾਲ ਫੋਨ: 630-229-1469 ਜਾਂ basatit@aol.com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਅਮਰੀਕਾ ਨੇ ਈਰਾਨ ਨਾਲ 1995 ਦੀ ਸੰਧੀ ਨੂੰ ਕੀਤਾ ਖਤਮ

**ਵਾਸ਼ਿੰਗਟਨ:** ਅੰਤਰਰਾਸ਼ਟਰੀ ਅਦਾਲਤ ਦੇ ਅਮਰੀਕਾ ਵੱਲੋਂ ਈਰਾਨ 'ਤੇ ਲਗਾਈਆਂ ਗਈਆਂ ਪਾਬੰਦੀਆਂ ਸਬੰਧੀ ਨੀਤੀ ਖਿਲਾਫ਼ ਆਏ ਫੈਸਲੇ ਤੋਂ ਬਾਅਦ ਅਮਰੀਕਾ ਨੇ ਈਰਾਨ ਨਾਲ 1955 ਦੀ ਸੰਧੀ ਨੂੰ ਖਤਮ ਕਰ ਦਿੱਤਾ ਹੈ।

ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੋਂਪੀਓ ਨੇ 1979 ਦੀ ਇਸਲਾਮਿਕ ਕ੍ਰਾਂਤੀ ਦੀ ਤਰੀਕ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਸੀਂ ਈਰਾਨ ਨਾਲ 1955 ਦੀ ਮੇਲ-ਜੋਲ ਵਾਲੀ ਸੰਧੀ ਨੂੰ ਖਤਮ ਕਰਦੇ ਹਾਂ। ਦੱਸਣਯੋਗ ਹੈ ਕਿ ਸੰਯੁਕਤ ਰਾਸ਼ਟਰ ਦੀ ਉਚ ਅਦਾਲਤ ਨੇ ਈਰਾਨ ਲਈ ਮਨੁੱਖੀ ਜ਼ਰੂਰਤਾਂ ਦੇ ਸਾਮਾਨ ਦੀ ਸਪਲਾਈ 'ਤੇ ਪਾਬੰਦੀਆਂ ਹਟਾਉਣ ਲਈ ਅਮਰੀਕਾ ਨੂੰ ਆਦੇਸ਼ ਦਿੱਤਾ ਸੀ। ਅਦਾਲਤ ਨੇ ਇਹ ਆਦੇਸ਼ ਉਸ ਅਰਜ਼ੀ 'ਤੇ ਦਿੱਤਾ ਸੀ ਜਿਸ 'ਚ ਈਰਾਨ ਨੇ ਅਮਰੀਕਾ ਦੀ ਟਰੰਪ ਸਰਕਾਰ ਵੱਲੋਂ ਪਰਮਾਣੂ ਸਮਝੌਤੇ ਤੋਂ ਹਟਣ ਦੇ ਬਾਅਦ ਲਗਾਈਆਂ ਗਈਆਂ ਵਪਾਰਕ ਪਾਬੰਦੀਆਂ ਖਿਲਾਫ਼ ਅਪੀਲ ਕੀਤੀ ਸੀ।

# ਸੁਰਿੰਦਰ ਸੋਹਲ ਦੀ ਕਹਾਣੀ 'ਤੇ ਆਧਾਰਤ ਟੈਲੀ ਫਿਲਮ 'ਹਾਸਿਲ' ਪੀ. ਟੀ. ਸੀ. 'ਤੇ 12 ਅਕਤੂਬਰ ਨੂੰ

**ਨਿਊ ਯਾਰਕ (ਬਿਊਰੋ):** ਨਿਊ ਯਾਰਕ ਵਸਦੇ ਪੰਜਾਬੀ ਕਵੀ, ਕਹਾਣੀਕਾਰ ਅਤੇ ਵਾਰਤਕਕਾਰ ਸੁਰਿੰਦਰ ਸੋਹਲ ਦੀ ਚਰਚਿਤ ਕਹਾਣੀ 'ਸੂਰਜ ਵੱਲ ਦੇਖਦਾ ਆਦਮੀ' 'ਤੇ ਬਣੀ ਟੈਲੀ ਫਿਲਮ 'ਹਾਸਿਲ' 12 ਅਕਤੂਬਰ ਨੂੰ ਸ਼ਾਮੀਂ 8 ਵਜੇ 'ਪੀ. ਟੀ. ਸੀ. ਬਾਕਸ ਆਫਿਸ' 'ਤੇ ਦਿਖਾਈ ਜਾ ਰਹੀ ਹੈ। 'ਵਿਸਾਖੀ' ਤੇ 'ਇਹ ਜਨਮ ਤੁਮਾਰੇ ਲੇਖੇ' ਜਿਹੀਆਂ ਜ਼ਿਕਰਯੋਗ ਫਿਲਮਾਂ ਦੇਣ ਵਾਲੇ ਹਰਜੀਤ ਸਿੰਘ ਫਿਲਮ ਦੇ ਨਿਰਦੇਸ਼ਕ ਹਨ।



ਸੁਰਿੰਦਰ ਸੋਹਲ

ਇਹ ਕਹਾਣੀ ਪਰਵਾਸ ਦਾ ਦਰਦ ਭੋਗਦਿਆਂ ਆਪਣਿਆਂ ਵਲੋਂ ਮਿਲੇ ਧੋਖਿਆਂ ਨਾਲ ਟੁੱਟ ਚੁਕੇ ਇਕ ਐਸੇ ਵਿਅਕਤੀ ਦੀ ਕਹਾਣੀ ਹੈ, ਜੋ ਨਿਰਾਸ਼ਾ ਦੇ ਸਮੁੰਦਰ 'ਚ ਡੁੱਬ ਕੇ ਖੁਦਕੁਸ਼ੀ ਦੇ ਰਾਹ ਤੁਰਦਾ ਹੈ। ਪਰ ਆਪਣੇ ਸਾਕਾਰਾਤਮਕ ਜੀਵਨ ਦ੍ਰਿਸ਼ਟੀਕੋਣ ਤੇ ਮਨੋ ਬਲ ਨਾਲ ਇਸ ਸਥਿਤੀ 'ਚੋਂ ਬਾਹਰ ਨਿਕਲਣ 'ਚ ਕਾਮਯਾਬ ਹੋ ਜਾਂਦਾ ਹੈ।

ਸੁਰਿੰਦਰ ਸੋਹਲ ਦੇ ਮੁਤਾਬਕ ਕਈ ਮਹੀਨੇ ਪਹਿਲਾਂ 'ਸੂਰਜ ਵੱਲ ਦੇਖਦਾ ਆਦਮੀ' ਕਹਾਣੀ ਜਦੋਂ 'ਪੰਜਾਬ ਟਾਈਮਜ਼' ਵਿਚ ਛਪੀ ਸੀ ਤਾਂ ਉਸ ਨੂੰ ਦੋ ਅਜਿਹੇ ਪਾਠਕਾਂ ਦੇ ਫੋਨ ਆਏ ਸਨ, ਜਿਹੜੇ ਜੀਵਨ ਦੇ ਦੁੱਖਾਂ ਅਤੇ ਜ਼ਿੰਦਗੀ 'ਚ ਮਿਲੇ ਧੋਖਿਆ ਤੋਂ ਤੰਗ ਆ ਕੇ ਖੁਦਕੁਸ਼ੀ ਦਾ ਵਿਚਾਰ ਬਣਾ ਰਹੇ ਸਨ, ਪਰ ਕਹਾਣੀ ਨੇ ਉਨ੍ਹਾਂ ਅੰਦਰ ਨਵੀਂ ਰੂਹ ਫੂਕ ਦਿੱਤੀ ਸੀ।

# ਮੋਦੀ ਸਰਕਾਰ ਸਰਹੱਦ 'ਤੇ ਅਮਨ ਬਹਾਲੀ 'ਚ ਨਾਕਾਮ


**ਨਵੀਂ ਦਿੱਲੀ:** ਇਸ ਸਾਲ ਜੰਮੂ ਵਿਚ ਕੌਮਾਂਤਰੀ ਸਰਹੱਦ ਦੇ ਲਾਗੇ ਬਿਨਾਂ ਕਿਸੇ ਭੜਕਾਹਟ ਤੋਂ ਗੋਲੀਬਾਰੀ ਦੀਆਂ ਘਟਨਾਵਾਂ ਪਿਛਲੇ ਸਾਲ ਦੇ ਮੁਕਾਬਲੇ ਚਾਰ ਗੁਣਾ ਵਧ ਗਈਆਂ ਹਨ ਤੇ ਪਿਛਲੇ 5 ਸਾਲਾਂ ਦੌਰਾਨ ਇਹ ਅੰਕੜਾ ਸਭ ਤੋਂ ਵੱਧ ਹੈ। ਤਾਜ਼ਾ ਅੰਕੜਿਆਂ ਮੁਤਾਬਕ ਇਸ ਸਾਲ ਬੀ.ਐਸ.ਐਫ. ਦਾ ਸਭ ਤੋਂ ਵੱਧ ਨੁਕਸਾਨ ਹੋਇਆ ਜਿਸ ਦੇ 12 ਜਵਾਨਾਂ ਦੀ ਮੌਤ ਹੋਈ ਤੇ 40 ਜਖ਼ਮੀ ਹੋਏ ਹਨ।

ਅੰਕੜਿਆਂ ਅਨੁਸਾਰ ਸਤੰਬਰ ਤੱਕ ਗੋਲੀਬਾਰੀ ਦੀਆਂ 498 ਘਟਨਾਵਾਂ ਹੋਈਆਂ ਹਨ ਜਦਕਿ ਪਿਛਲੇ ਸਾਲ ਸਰਹੱਦ ਉਤੇ 111 ਵਾਰ ਗੋਲੀਬਾਰੀ ਹੋਈ ਸੀ। ਉਸ ਤੋਂ ਪਹਿਲਾਂ 2016 ਵਿਚ 204, 2015 ਵਿਚ 350 ਤੇ 2014 'ਚ 127 ਘਟਨਾਵਾਂ ਹੋਈਆਂ ਸਨ। ਇਸ ਸਾਲ ਸਾਲ ਹੋਈਆਂ ਗੋਲੀਬਾਰੀ ਦੀਆਂ ਘਟਨਾਵਾਂ ਵਿਚ ਬੀ.ਐਸ.ਐਫ. ਦੇ 12 ਜਵਾਨ ਮਾਰੇ ਗਏ ਜਿਨ੍ਹਾਂ ਵਿਚ ਪਿਛਲੇ ਮਹੀਨੇ ਹੈੱਡ ਕਾਂਸਟੇਬਲ ਨਰਿੰਦਰ ਸਿੰਘ ਦੀ ਬੇਰਹਿਮੀ ਨਾਲ ਕੀਤੀ ਹੱਤਿਆ ਦੀ ਘਟਨਾ ਵੀ ਸ਼ਾਮਲ ਹੈ।

ਇਨ੍ਹਾਂ ਤੋਂ ਇਲਾਵਾ 40 ਜਵਾਨਾਂ ਦੇ ਜ਼ਖ਼ਮੀ ਹੋਣ ਦੀ ਸੰਖਿਆ ਹੁਣ ਤੱਕ ਦੀ ਸਭ ਤੋਂ ਜ਼ਿਆਦਾ ਹੈ। ਪਿਛਲੇ ਸਾਲ ਬੀ.ਐਸ.ਐਫ. ਦੇ ਦੋ ਜਵਾਨ ਮਾਰੇ ਗਏ ਸਨ ਤੇ ਸੱਤ ਜਖ਼ਮੀ ਹੋਏ ਸਨ ਜਦਕਿ 2014 ਦੌਰਾਨ ਦੋ ਜਵਾਨ ਮਾਰੇ ਗਏ ਤੇ 14 ਜਖ਼ਮੀ ਹੋਏ ਸਨ। ਫੋਰਸ ਦੇ ਇਕ ਸੀਨੀਅਰ ਅਫਸਰ ਨੇ ਦੱਸਿਆ ਕਿ ਹਾਲੀਆ ਘਟਨਾਵਾਂ ਦੇ ਮੱਦੇਨਜ਼ਰ ਕੌਮਾਂਤਰੀ ਸਰਹੱਦ 'ਤੇ ਮੂਹਰਲੀਆਂ ਚੌਕੀਆਂ ਉਤੇ ਤਾਇਨਾਤ ਜਵਾਨਾਂ ਨੂੰ ਹੋਰ ਜ਼ਿਆਦਾ ਮੁਸਤੈਦ ਰਹਿਣ ਲਈ ਕਿਹਾ ਗਿਆ ਹੈ।

ਦੋਵਾਂ ਦੇਸ਼ਾਂ ਤੇ ਸੁਰੱਖਿਆ ਦਸਤਿਆਂ 'ਚ ਸਬੰਧ ਕੁਝ ਸਮੇਂ ਤੋਂ ਤਣਾਅਪੂਰਨ ਹਨ। ਇਸ ਕਰ ਕੇ ਹਮਲੇ ਤੇਜ਼ ਹੋਣ ਦਾ ਖਦਸ਼ਾ ਹੈ। ਬੀ. ਐਸ. ਐਫ. ਦੇ ਸਾਬਕਾ ਡੀ. ਜੀ. ਕੇ. ਕੇ. ਸ਼ਰਮਾ ਨੇ ਪਿਛਲੇ ਹਫਤੇ ਆਪਣੀ ਸੇਵਾ ਮੁਕਤੀ ਮੌਕੇ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਸੀ ਕਿ ਪਾਕਿਸਤਾਨ ਦੇ ਨਵੇਂ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੇ ਅਹੁਦਾ ਸੰਭਾਲਣ ਪਿਛੋਂ ਪਾਕਿਸਤਾਨੀ ਦਸਤਿਆਂ ਵੱਲੋਂ ਤਿੱਖਾ ਰੁਖ ਅਖਤਿਆਰ ਕੀਤਾ ਜਾ ਸਕਦਾ ਹੈ।


Tanya`s Beauty Salon



*Threading/Waxing
*Facial (Men & Women)
*Anti-Aging Facial-Bleach
*Hair Cut-Color and Style
We Specialize in Bridal & Henna
85-03 Roosevelt Ave., Jackson Heights, NY 11373
Ph: 718-205-7832

LOOKING FOR THE LOWEST FARES ?
BOOK INTERNATIONAL FLIGHTS, HOTELS, CARS
Price From NewYork To Delhi Starts from - $ 770
For Other Cities Of The World
Please visit : www.univtravel.com
or Call Us @ 1-888-584-0439
Office Opened 24 x 7
UNIVERSAL TRAVEL
email - utravel@univtravel.com

Drivers Wanted
For NGL DBA Shan Freight Way Inc. Out Of Clinton Township, MI
Pays up to 50c Single, 55c Team (Loaded/Empty)
From Calefornia Or Mid West. Company Operation From Michigan To Calefornia & Calefornia To Michigan, Ohio, Pennsylvania, New York.
Automatick Trucks. Pay By Weakly Lay Over, Overnight, Paid.
Minimum 1 Year Experience Required. Automatic Trucks
Contact Ajay Parmar Or Binder Rai Or Prince Parmar
Ph: (440) 334-7318 (301) 640-6746 Or (425) 362-4592
NGL DBA Shan Freight Way Inc.
44543 N Gratiot, Clinton Twp, MI 48038 Fax: 216-763-0496

## ਕੁਲਦੀਪ ਨਈਅਰ ਦੀਆਂ ਅਸਥੀਆਂ ਪਾਕਿਸਤਾਨ 'ਚ ਜਲ ਪ੍ਰਵਾਹ

**ਲਾਹੌਰ:** ਮਰਹੂਮ ਭਾਰਤੀ ਪੱਤਰਕਾਰ ਕੁਲਦੀਪ ਨਈਅਰ ਦੀਆਂ ਅਸਥੀਆਂ ਰਾਵੀ 'ਚ ਪ੍ਰਵਾਹ ਕੀਤੀਆਂ ਗਈਆਂ। ਸ੍ਰੀ ਨਈਅਰ ਦਾ 23 ਅਗਸਤ ਨੂੰ ਨਵੀਂ ਦਿੱਲੀ 'ਚ ਦੇਹਾਂਤ ਹੋ ਗਿਆ ਸੀ। ਉਨ੍ਹਾਂ ਦੀ ਪੋਤੀ ਮੰਦਿਰਾ ਜੋ ਕਿ ਪੱਤਰਕਾਰ ਹੈ, ਨੇ ਰਾਵੀ 'ਚ ਉਨ੍ਹਾਂ ਦੀਆਂ ਅਸਥੀਆਂ ਪ੍ਰਵਾਹ ਕੀਤੀਆਂ। ਇਸ ਮਗਰੋਂ ਮੰਦਿਰਾ ਲਾਹੌਰ ਪ੍ਰੈੱਸ ਕਲੱਬ ਗਈ ਜਿਥੇ ਉਨ੍ਹਾਂ ਨੂੰ ਕਲੱਬ ਦੀ ਆਨਰੇਰੀ ਮੈਂਬਰਸ਼ਿਪ ਪ੍ਰਦਾਨ ਕੀਤੀ ਗਈ। ਆਪਣੇ ਦਾਦੇ ਤੋਂ ਬਾਅਦ ਇਹ ਸਨਮਾਨ ਹਾਸਲ ਕਰਨ ਵਾਲੀ ਉਹ ਦੂਜੀ ਭਾਰਤੀ ਨਾਗਰਿਕ ਹੈ।

ਇਸ ਮੌਕੇ ਮੰਦਿਰਾ ਨੇ ਕਿਹਾ, "ਮੇਰੇ ਦਾਦਾ ਜੀ ਹਾਲਾਂਕਿ ਦਿੱਲੀ 'ਚ ਰਹਿੰਦੇ ਸਨ, ਪਰ ਨਵੀਂ ਦਿੱਲੀ ਪ੍ਰੈੱਸ ਕਲੱਬ ਦੇ ਨਹੀਂ ਬਲਕਿ ਲਾਹੌਰ ਪ੍ਰੈੱਸ ਕਲੱਬ ਦੇ ਵੀ ਮੈਂਬਰ ਸਨ। ਉਹ ਦਿਲੋਂ ਲਾਹੌਰ ਨਾਲ ਜੁੜੇ ਹੋਏ ਸਨ। ਉਨ੍ਹਾਂ ਦੀ ਇੱਛਾ ਸੀ ਕਿ ਉਨ੍ਹਾਂ ਦੀਆਂ ਅਸਥੀਆਂ ਲਾਹੌਰ ਜਾ ਕੇ ਰਾਵੀ 'ਚ ਵਹਾਈਆਂ ਜਾਣ ਤਾਂ ਜੋ ਉਹ ਰੂਹਾਨੀ ਤੌਰ ਉਤੇ ਇਸ ਥਾਂ ਨਾਲ ਜੁੜੇ ਰਹਿਣ।"

ਸ੍ਰੀ ਨਈਅਰ ਦਾ ਜਨਮ ਸਿਆਲਕੋਟ 'ਚ ਹੋਇਆ ਸੀ ਤੇ ਉਨ੍ਹਾਂ ਪਹਿਲਾਂ ਫੋਰਮੈਨ ਕਿਰਚਨ ਕਾਲਜ 'ਚ ਪੜ੍ਹਾਈ ਕੀਤੀ ਤੇ ਬਾਅਦ ਵਿਚ ਲਾਅ ਕਾਲਜ, ਲਾਹੌਰ ਤੋਂ ਕਾਨੂੰਨ ਦੀ ਡਿਗਰੀ ਹਾਸਲ ਕੀਤੀ। 1947 ਦੀ ਵੰਡ ਮਗਰੋਂ ਉਹ ਪਰਿਵਾਰ ਸਮੇਤ ਭਾਰਤ ਆ ਗਏ ਸਨ।

*wwwpunjabtimesusa.com*

## ਧਨਾਢ ਜ਼ਿਮੀਂਦਾਰਾਂ ਨੇ ਬਿਜਲੀ ਸਬਸਿਡੀ ਛੱਡਣ ਬਾਰੇ ਕੈਪਟਨ ਦੀ ਅਪੀਲ ਅਣਗੌਲੀ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸੂਬੇ ਦੇ ਧਨਾਢ ਜ਼ਿਮੀਂਦਾਰਾਂ ਨੂੰ ਬਿਜਲੀ ਸਬਸਿਡੀ ਛੱਡਣ ਦੀ ਅਪੀਲ ਕੀਤੀ ਸੀ, ਜਿਸ ਦਾ ਜ਼ਿਆਦਾ ਅਸਰ ਦੇਖਣ ਨਹੀਂ ਮਿਲਿਆ। ਕੈਪਟਨ ਵਲੋਂ ਖੁਦ ਬਿਜਲੀ ਸਬਸਿਡੀ ਛੱਡਣ ਦਾ ਐਲਾਨ ਇਹ ਸੋਚ ਕੇ ਕੀਤਾ ਗਿਆ ਸੀ ਕਿ ਪਾਰਟੀ ਦੇ ਮੰਤਰੀ, ਵਿਧਾਇਕ ਤੇ ਹੋਰ ਅਹੁਦੇਦਾਰ ਜੋ ਸਮਰੱਥ ਹਨ, ਉਹ ਖੁਦ-ਬ-ਖੁਦ ਸਬਸਿਡੀ ਛੱਡ ਦੇਣਗੇ ਪਰ ਹੁਣ ਤੱਕ ਸਰਕਾਰ ਦੇ ਸਿਰਫ 3 ਮੰਤਰੀਆਂ ਨੇ ਬਿਜਲੀ ਸਬਸਿਡੀ ਛੱਡੀ ਹੈ।

ਬਿਜਲੀ ਸਬਸਿਡੀ ਛੱਡਣ ਲਈ ਅੱਗੇ ਆਉਣ ਵਾਲਿਆਂ 'ਚ ਸੂਬੇ ਦੇ ਬਿਜਲੀ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ, ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਤੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਨਾਂ ਸ਼ਾਮਲ ਹਨ। ਇਸ ਤੋਂ ਇਲਾਵਾ ਪੰਜਾਬ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਵੀ ਬਿਜਲੀ ਸਬਸਿਡੀ ਛੱਡਣ ਲਈ ਅੱਗੇ ਆਏ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਬਿਜਲੀ ਸਬਸਿਡੀ ਛੱਡਣ ਦੀ ਕਤਾਰ 'ਚ ਸਭ ਤੋਂ ਅੱਗੇ ਆ ਕੇ ਖੜ੍ਹੇ ਸਨ ਤੇ ਉਨ੍ਹਾਂ ਵੀ ਅਪੀਲ ਕੀਤੀ ਸੀ ਕਿ ਸੂਬੇ ਦੇ ਧਨਾਢ ਜ਼ਿਮੀਂਦਾਰਾਂ ਨੂੰ ਬਿਜਲੀ ਸਬਸਿਡੀ ਛੱਡ ਦੇਣੀ ਚਾਹੀਦੀ ਹੈ। ਆਰ.ਟੀ.ਆਈ. ਤਹਿਤ ਪੀ.ਐਸ.ਪੀ.ਸੀ. ਐਲ. ਦੇ ਚੀਫ ਇੰਜੀਨੀਅਰ (ਕਮਰਸ਼ੀਅਲ) ਤੋਂ ਮਿਲੀ ਸੂਚਨਾ ਅਨੁਸਾਰ ਖਹਿਰਾ ਨੇ 9 ਟਿਊਬਵੈੱਲਾਂ ਉਤੇ ਲਈ ਬਿਜਲੀ ਸਬਸਿਡੀ ਛੱਡਣ ਸਬੰਧੀ ਇਕ ਪੱਤਰ ਦਿੱਤਾ, ਜਿਸ 'ਤੇ 11 ਅਪਰੈਲ 2016 ਨੂੰ ਬੁਲਾਈ ਗਈ ਮੀਟਿੰਗ 'ਚ ਵਿਚਾਰ ਕੀਤਾ ਗਿਆ ਤੇ ਫੈਸਲਾ ਲਿਆ ਗਿਆ ਕਿ ਜੇਕਰ ਖਪਤਕਾਰ ਆਪਣੀ ਇੱਛਾ ਨਾਲ ਸਬਸਿਡੀ ਸਰੰਡਰ ਕਰਦਾ ਹੈ ਤਾਂ ਉਸ ਖਪਤਕਾਰ 'ਤੇ ਬਿਨਾਂ ਸਬਸਿਡੀ ਟੈਰਿਫ ਲਾਗੂ ਕੀਤਾ ਜਾ ਸਕਦਾ ਹੈ।

ਕੈਪਟਨ ਵੱਲੋਂ ਕੀਤੇ ਐਲਾਨ ਮਗਰੋਂ 3 ਮੰਤਰੀਆਂ ਸਮੇਤ ਪ੍ਰਦੇਸ਼ ਕਾਂਗਰਸ ਪ੍ਰਧਾਨ ਤਾਂ ਬਿਜਲੀ ਸਬਸਿਡੀ ਲਈ ਅੱਗੇ ਆਏ ਪਰ ਅਜੇ ਪਾਰਟੀ ਦੇ ਕਿਸੇ ਵਿਧਾਇਕ ਵੱਲੋਂ ਬਿਜਲੀ ਸਬਸਿਡੀ ਛੱਡਣ ਸਬੰਧੀ ਕੋਈ ਵੀ ਸੂਚਨਾ ਨਹੀਂ ਹੈ। ਇਕ ਕਾਂਗਰਸ ਵਿਧਾਇਕ ਨੇ ਨਾਂ ਨਾ ਛਾਪਣ ਦੀ ਸੂਰਤ ਉਤੇ ਕਿਹਾ ਕਿ ਜਿਸ ਨੂੰ ਕੋਈ ਫਰਕ ਨਹੀਂ ਪੈਂਦਾ ਉਹ ਬਿਜਲੀ ਸਬਸਿਡੀ ਛੱਡ ਸਕਦਾ ਹੈ ਤੇ ਸਾਨੂੰ ਕਹਿਣ ਤੋਂ ਪਹਿਲਾਂ ਅਕਾਲੀ ਦਲ ਦੇ ਧਨਾਢ ਆਗੂਆਂ ਨੂੰ ਵੀ ਬਿਜਲੀ ਸਬਸਿਡੀ ਸਰੰਡਰ ਕਰਾਉਣੀ ਚਾਹੀਦੀ ਹੈ, ਜਿਨ੍ਹਾਂ ਪਿਛਲੇ 10 ਸਾਲ ਸੂਬੇ ਦੇ ਹਰ ਸ੍ਰੋਤ ਨੂੰ ਲੁੱਟ ਕੇ ਘਰ ਭਰੇ ਹਨ।

## ਬਰਹਾਮ ਸਾਲਿਹ ਇਰਾਕ ਦੇ ਨਵੇਂ ਰਾਸ਼ਟਰਪਤੀ ਬਣੇ

**ਬਗਦਾਦ:** ਇਰਾਕ 'ਚ ਸਰਕਾਰ ਬਣਾਉਣ ਲਈ ਅਮਰੀਕਾ ਤੇ ਇਰਾਨ ਵਿਚਾਲੇ ਚੱਲ ਰਹੇ ਤਨਾਅ ਭਰੇ ਮਾਹੌਲ ਦੇ 5 ਮਹੀਨੇ ਬਾਅਦ ਇਰਾਕ ਨੂੰ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਮਿਲ ਗਿਆ ਹੈ। ਵਾਸ਼ਿੰਗਟਨ ਪੋਸਟ ਨੇ ਦੱਸਿਆ ਕਿ ਇਰਾਕ ਦੀ ਸੰਸਦ ਵੱਲੋਂ ਕੁਰਦਿਸ਼ ਰਾਜਨੀਤੀਵਾਨ ਬਰਹਾਮ ਸਾਲਿਹ ਨੂੰ ਰਾਸ਼ਟਰਪਤੀ ਚੁਣਨ ਤੋਂ ਬਾਅਦ ਜਲਦ ਹੀ ਇਹ ਐਲਾਨ ਕੀਤਾ ਗਿਆ ਕਿ ਉਨ੍ਹਾਂ ਅਗਲੀ ਸਰਕਾਰ ਬਣਾਉਣ ਲਈ ਸਾਬਕਾ ਤੇਲ ਮੰਤਰੀ ਅਦੇਲ ਅਬਦੁਲ ਮਾਹਦੀ ਨੂੰ ਪੁੱਛਿਆ ਸੀ।

ਬਰਹਾਮ ਸਾਲਿਹ (58) ਨੇ 219 ਵੋਟਾਂ ਪ੍ਰਾਪਤ ਕੀਤੀਆਂ ਜਦੋਂ ਕਿ ਉਸ ਦੇ ਵਿਰੋਧੀ ਉਮੀਦਵਾਰ ਨੂੰ 22 ਵੋਟਾਂ ਹੀ ਮਿਲੀਆਂ। ਬਰਹਾਮ ਇਰਾਕ ਦੇ 9ਵੇਂ ਰਾਸ਼ਟਰਪਤੀ ਬਣੇ। ਅਬਦੁਲ ਮਹਿਦੀ ਜੋ ਕਾਰਜਕਾਰੀ ਸ਼ਕਤੀ ਦਾ ਬਹੁਮਤ ਰੱਖਦੇ ਹਨ, ਇਕ ਸ਼ੀਆ ਹਨ ਤੇ ਹਾਲੇ ਕਿਸੇ ਪਾਰਟੀ ਨਾਲ ਜੁੜੇ ਹੋਏ ਨਹੀਂ। ਇਰਾਕ ਤੇ ਅਮਰੀਕੀ ਅਧਿਕਾਰੀਆਂ ਨੇ ਕਿਹਾ ਕਿ ਉਸ ਦੀ ਚੋਣ ਮਈ ਚੋਣਾਂ 'ਚ ਉਚ ਅਧਿਕਾਰੀਆਂ ਦੇ ਸਮਝੌਤੇ ਦੀ ਪ੍ਰਤੀਨਿਧਤਾ ਕਰਦੀ ਹੈ।

## ਕਾਂਗੋ 'ਚ ਤੇਲ ਟੈਂਕਰ ਨੂੰ ਲੱਗੀ ਅੱਗ, 53 ਹਲਾਕ

**ਕਿੰਸ਼ਾਸਾ:** ਅਫਰੀਕੀ ਦੇਸ਼ ਕਾਂਗੋ ਵਿਚ ਇਕ ਤੇਲ ਟੈਂਕਰ ਦੇ ਹਾਦਸਾ ਗ੍ਰਸਤ ਹੋਣ ਕਾਰਨ 53 ਲੋਕ ਮਾਰੇ ਗਏ। ਇਸ ਦੁਰਘਟਨਾ ਵਿਚ ਤਕਰੀਬਨ 100 ਲੋਕ ਝੁਲਸ ਗਏ ਹਨ। ਤੇਲ ਟੈਂਕਰ ਦੀ ਇਕ ਹੋਰ ਵਾਹਨ ਨਾਲ ਹੋ ਗਈ, ਜਿਸ ਤੋਂ ਬਾਅਦ ਅੱਗ ਲੱਗ ਗਈ। ਰਾਜਧਾਨੀ ਕਿੰਸ਼ਾਸਾ ਨੂੰ ਅਟਲਾਂਟਿਕ ਮਹਾਂਸਾਗਰ ਸਥਿਤ ਬੰਦਰਗਾਹ ਮਾਟਾਡੀ ਨਾਲ ਜੋੜਨ ਵਾਲੇ ਸ਼ਾਹਰਾਹ 'ਤੇ ਦੋਵਾਂ ਵਾਹਨਾਂ ਦਰਮਿਆਨ ਟੱਕਰ ਹੋ ਗਈ। ਚਸ਼ਮਦੀਦਾਂ ਮੁਤਾਬਕ ਟੱਕਰ ਹੋਣ ਤੋਂ ਬਾਅਦ ਟੈਂਕਰ ਵਿਚੋਂ ਤੇਲ ਦਾ ਰਿਸਾਅ ਹੋਣ ਲੱਗਾ ਤੇ ਪਿੰਡ ਦੇ ਲੋਕ ਤੇਲ ਇਕੱਠਾ ਕਰਨ ਲਈ ਆ ਪਹੁੰਚੇ। ਇੰਨੇ ਵਿਚ ਧਮਾਕਾ ਹੋ ਗਿਆ ਤੇ ਪਿੰਡ ਵਾਸੀ ਉਸ ਦੀ ਲਪੇਟ ਵਿਚ ਆ ਗਏ।


# Matrimonials

### ਲੜਕੇ ਦੀ ਲੋੜ ਹੈ

Suitable Jatt Sikh match sought for our daughter, PhD, 38 years, 5'-9", Beautiful and slim, never married, works as a Scientist in New York. Family from Ferozepur. Contact: gks27@cornell.edu 41-44

### ਲੜਕੀ ਦੀ ਲੋੜ ਹੈ

Saini Sikh clean shave boy, 28, 6', M.B.A. Bio Technology doing BDS in Chandigarh, seeks suitable well educated Saini/Jatt Sikh girl. Family well settled in USA. Cont. Mohan Saini Ph: 516-503-9541 or email: mohan1w34@gmail.com 34-41

### ਲੜਕੀ ਦੀ ਲੋੜ ਹੈ

ਜੱਟ ਸਿੱਖ ਗਿੱਲ, ਕਲੀਨ ਸ਼ੇਵਨ, ਉਮਰ 26 ਸਾਲ, ਕੱਦ 5'-9", ਮਾਸਟਰ ਡਿਗਰੀ ਇਨ ਕੰਪਿਊਟਰ ਸਾਇੰਸ, ਸੌਫਟਵੇਅਰ ਇੰਜੀਨੀਅਰ ਲਈ ਅਮੈਰੀਕਨ ਸਿਟੀਜ਼ਨ/ ਇੰਮੀਗਰਾਂਟ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਅਮਰੀਕਾ ਵਿਚ ਸੈਟਲ। ਸੰਪਰਕ ਕਰੋ, ਫੋਨ: 660-473-1039 or email: gillsa2690@gmail.com 39-42

ਅਮਰੀਕੀ ਗਰੀਨ ਕਾਰਡ ਹੋਲਡਰ ਜੱਟ ਸਿੱਖ, 28 ਸਾਲ, 6 ਫੁੱਟ ਲੜਕੇ ਲਈ ਲੜਕੀ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਉਸ ਦੇ ਵੱਡੇ ਭਰਾ 31 ਸਾਲ, 6 ਫੁੱਟ (ਭਾਰਤ) ਨੂੰ ਕੈਨੇਡਾ ਜਾਂ ਅਮਰੀਕਾ ਵਿਚ ਰਿਸ਼ਤਾ ਕਰਵਾ ਸਕਦੇ ਹੋਣ। ਤਸਵੀਰ ਤੇ ਵੇਰਵੇ ਸਮੇਤ ਸੰਪਰਕ ਕਰੋ: jdeep9801@gmail.com 36-39


## ਗੁਜਰਾਤ ਹਿੰਸਾ: 20 ਹਜ਼ਾਰ ਲੋਕਾਂ ਵਲੋਂ ਹਿਜਰਤ

**ਅਹਿਮਦਾਬਾਦ:** ਗੁਜਰਾਤ ਵਿਚ ਇਕ ਬੱਚੀ ਨਾਲ ਬਲਾਤਕਾਰ ਤੋਂ ਬਾਅਦ ਹਿੰਦੀ ਭਾਸ਼ਾ ਬੋਲਣ ਵਾਲਿਆਂ 'ਤੇ ਹਮਲਿਆਂ ਦੀਆਂ ਕਈ ਘਟਨਾਵਾਂ ਵਿਚ ਮੁੱਖ ਮੰਤਰੀ ਵਿਜੈ ਰੁਪਾਨੀ ਨੇ ਲੋਕਾਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ। ਉਥੇ ਹੀ ਇਕ ਸੰਗਠਨ ਨੇ ਦਾਅਵਾ ਕੀਤਾ ਕਿ ਹਮਲਿਆਂ ਤੋਂ ਬਾਅਦ 20 ਹਜ਼ਾਰ ਤੋਂ ਵੱਧ ਪਰਵਾਸੀ ਰਾਜ ਤੋਂ ਬਾਹਰ ਚਲੇ ਗਏ ਹਨ। ਸੂਬੇ ਦੇ ਗ੍ਰਹਿ ਮੰਤਰੀ ਪ੍ਰਦੀਪ ਸਿੰਘ ਜਡੇਜਾ ਨੇ ਕਿਹਾ ਕਿ ਪਰਵਾਸੀਆਂ ਦੀ ਸੁਰੱਖਿਆ ਲਈ ਸਨਅਤੀ ਖੇਤਰਾਂ ਵਿਚ ਵਾਧੂ ਪੁਲਿਸ ਬਲ ਤਾਇਨਾਤ ਕੀਤੇ ਗਏ ਹਨ।

ਪੁਲਿਸ ਨੇ ਦੱਸਿਆ ਸੀ ਕਿ 28 ਸਤੰਬਰ ਨੂੰ ਸਾਬਰਕਾਂਠਾ ਜ਼ਿਲ੍ਹੇ ਵਿਚ 14 ਮਹੀਨੇ ਦੀ ਇਕ ਬੱਚੀ ਨਾਲ ਕਥਿਤ ਬਲਾਤਕਾਰ ਤੋਂ ਬਾਅਦ ਛੇ ਜ਼ਿਲ੍ਹਿਆਂ ਵਿਚ ਹਿੰਦੀ ਭਾਸ਼ਾ ਬੋਲਣ ਵਾਲੇ ਲੋਕਾਂ 'ਤੇ ਹਮਲਿਆਂ ਦੀਆਂ ਕਈ ਘਟਨਾਵਾਂ ਹੋਈਆਂ ਹਨ। ਸਰਕਾਰ ਨੇ ਕਿਹਾ ਕਿ ਹਿੰਸਾ ਦੀਆਂ ਘਟਨਾਵਾਂ ਦੇ ਸਿਲਸਿਲੇ ਵਿਚ 431 ਤੋਂ ਵੱਧ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ 56 ਕੇਸ ਦਰਜ ਕੀਤੇ ਗਏ ਹਨ। ਬਲਾਤਕਾਰ ਦੇ ਮਾਮਲੇ ਵਿਚ ਇਕ ਪਰਵਾਸੀ ਮਜ਼ਦੂਰ ਨੂੰ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਹਿੰਸਾ ਦੀ ਸ਼ੁਰੂਆਤ ਹੋਈ ਸੀ। ਉੱਤਰ ਭਾਰਤੀ ਵਿਕਾਸ ਪ੍ਰੀਸ਼ਦ ਦੇ ਮੁਖੀ ਮਹੇਸ਼ ਸਿੰਘ ਕੁਸ਼ਵਾਹ ਨੇ ਦਾਅਵਾ ਕੀਤਾ ਕਿ ਮੌਜੂਦਾ ਸਥਿਤੀ ਨੂੰ ਦੇਖਦੇ ਹੋਏ ਉਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਬਿਹਾਰ ਕੇ ਕਰੀਬ 20 ਹਜ਼ਾਰ ਲੋਕ ਗੁਜਰਾਤ ਤੋਂ ਹਿਜਰਤ ਕਰ ਗਏ ਹਨ।

## ਬਾਦਲਾਂ ਦੇ ਨੇੜਲੇ ਮਿੱਡੂਖੇੜਾ ਖਿਲਾਫ ਕੇਸ ਦਰਜ

**ਲੰਬੀ:** ਬਾਦਲਾਂ ਦੇ ਨੇੜਲੇ ਜ਼ਿਲ੍ਹਾ ਪਰਿਸ਼ਦ ਕਿੱਲਿਆਂਵਾਲੀ ਜ਼ੋਨ ਤੋਂ ਜੇਤੂ ਸ਼੍ਰੋਮਣੀ ਅਕਾਲੀ ਦਲ ਉਮੀਦਵਾਰ ਤੇਜਿੰਦਰ ਸਿੰਘ ਮਿੱਡੂਖੇੜਾ 'ਤੇ ਪੰਜਾਬ ਪੁਲਿਸ ਦੇ ਏ. ਐਸ. ਆਈ. ਸ਼ਮਸ਼ੇਰ ਸਿੰਘ ਦੀ ਸ਼ਿਕਾਇਤ 'ਤੇ ਕੇਸ ਦਰਜ ਕੀਤਾ ਗਿਆ ਹੈ।

ਅਕਾਲੀ ਆਗੂ 'ਤੇ ਦੋਸ਼ ਹਨ ਕਿ ਉਸ ਨੇ ਸਰਕਾਰੀ ਡਿਊਟੀ 'ਚ ਵਿਘਨ ਪਾਇਆ, ਪੁਲਿਸ ਮੁਲਾਜ਼ਮ ਦਾ ਮੋਬਾਈਲ ਖੋਹਿਆ ਤੇ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਇਸ ਮਾਮਲੇ ਵਿਚ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਰਾਜਨ ਅਤੇ ਹੋਰ 60-70 ਅਪਣਛਾਤੇ ਵਿਅਕਤੀ ਕਾਨੂੰਨੀ ਸ਼ਿਕੰਜੇ ਫਸਦੇ ਨਜ਼ਰ ਆ ਰਹੇ ਹਨ। ਪੁਲਿਸ ਨੇ ਇਹ ਪਰਚਾ ਡਿਪਟੀ ਜ਼ਿਲ੍ਹਾ ਅਟਾਰਨੀ ਦੀ ਰਾਇ ਮਗਰੋਂ ਦਰਜ ਕੀਤਾ ਹੈ।

ਜਾਣਕਾਰੀ ਅਨੁਸਾਰ 19 ਸਤੰਬਰ ਨੂੰ ਜ਼ਿਲ੍ਹਾ ਪਰਿਸ਼ਦ/ਬਲਾਕ ਸਮਿਤੀ ਚੋਣਾਂ ਸਮੇਂ ਲੰਬੀ ਹਲਕੇ ਦੇ ਕਸਬੇ ਮੰਡੀ ਕਿੱਲਿਆਂਵਾਲੀ ਵਿਖੇ ਸਰਕਾਰੀ ਸੀਨੀਅਰ ਸੈਕੰਡਰੀ (ਬੂਥ ਨੰਬਰ-48) 'ਤੇ ਤਾਇਨਾਤ ਏ.ਐਸ.ਆਈ. ਸ਼ਮਸ਼ੇਰ ਸਿੰਘ ਨੇ ਚੋਣ ਅਬਜ਼ਰਵਰ ਕੋਲ ਲਿਖਤੀ ਸ਼ਿਕਾਇਤ ਕੀਤੀ ਸੀ, ਜਿਸ ਵਿਚ ਉਸ ਨੇ ਦੋਸ਼ ਲਾਇਆ ਸੀ ਕਿ ਸਵੇਰੇ ਕਰੀਬ 11 ਵਜੇ ਅਚਾਨਕ 60/70 ਆਦਮੀ ਆਏ, ਜਿਨ੍ਹਾਂ ਵਿਚ ਤੇਜਿੰਦਰ ਸਿੰਘ ਮਿੱਡੂਖੇੜਾ, ਰਾਜਨ, ਸੁਖਬੀਰ ਸਿੰਘ ਬਾਦਲ ਸ਼ਾਮਲ ਸਨ।

ਤੇਜਿੰਦਰ ਸਿੰਘ ਮਿੱਡੂਖੇੜਾ ਦਾ ਕਹਿਣਾ ਸੀ ਕਿ ਜ਼ਿਲ੍ਹਾ ਪਰਿਸ਼ਦ ਚੋਣ ਮੌਕੇ ਪੁਲਿਸ ਦੀ ਮਿਲੀਭੁਗਤ ਨਾਲ ਕਾਂਗਰਸੀਆਂ ਨੇ ਬੂਥਾਂ 'ਤੇ ਕਬਜ਼ੇ ਕੀਤੇ ਸਨ, ਜਿਸ ਨੂੰ ਰੋਕਣ ਸਬੰਧੀ ਉਹ ਲੋਕ ਚੋਣ ਅਬਜ਼ਰਵਰ ਵਿਨੀਤ ਕੁਮਾਰ ਦੇ ਨਾਲ ਉਨ੍ਹਾਂ ਦੀ ਹਾਜ਼ਰੀ ਵਿਚ ਬੂਥਾਂ 'ਤੇ ਗਏ ਸਨ।


# Khalsa USA Inc.

We are hiring owner operators and (CDL) Drivers

*All 48 States *We Pay Weekly

ਓਨਰ ਆਪਰੇਟਰਾਂ ਅਤੇ (CDL) ਡਰਾਈਵਰਾਂ ਦੀ ਲੋੜ ਹੈ



Please Call: 708-690-6498
847-477-9988
Fax: 888-443-6990
email: khalsausa55@gmail.com

# ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
Saturday 9:30AM and Sunday 4PM (Pacific Time)

Email: Homeomedicine@yahoo.com

7021 Village Park Way, Dublin, CA 94568

# Michigan Truck Driving School

6405 Middlebelt Road, Romulus, MI 48174

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਈਸੈਂਸ ਲਓ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ

Raj Jamarai Cell:734-644-1010 Office:734-747-4298

# ਕੈਪਟਨ ਵੱਲੋਂ ਬਾਦਲਾਂ ਦੇ ਗੜ੍ਹ ਲੰਬੀ ਤੋਂ ਲੋਕ ਸਭਾ ਚੋਣਾਂ ਦਾ ਬਿਗਲ

**ਲੰਬੀ:** ਕਾਂਗਰਸ ਪਾਰਟੀ ਨੇ ਲੋਕ ਸਭਾ ਚੋਣਾਂ ਦਾ ਬਾਦਲਾਂ ਦੇ ਗੜ੍ਹ ਲੰਬੀ ਤੋਂ ਬਿਗਲ ਵਜਾ ਦਿੱਤਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਰੈਲੀ 'ਚ ਸੂਬੇ ਦੀਆਂ 13 ਦੀਆਂ 13 ਲੋਕ ਸਭਾ ਸੀਟਾਂ ਕਾਂਗਰਸ ਨੂੰ ਜਿਤਾ ਕੇ ਪਾਰਟੀ ਨੂੰ ਕੌਮੀ ਪੱਧਰ 'ਤੇ ਦੇਸ਼ ਸੇਵਾ ਦਾ ਮੌਕਾ ਦੇਣ ਦਾ ਸੱਦਾ ਦਿੱਤਾ। ਰਿਕਾਰਡ ਤੋੜ ਇਕੱਠ ਵਾਲੀ ਰੈਲੀ 'ਚ ਭਾਵੇਂ ਨਵਾਂ ਕੋਈ ਐਲਾਨ ਨਹੀਂ ਹੋਇਆ ਪਰ ਕੈਪਟਨ ਨੇ ਨਸ਼ਿਆਂ, ਬੇਰੁਜ਼ਗਾਰੀ,



ਕਿਸਾਨੀ ਕਰਜ਼ਿਆਂ ਸਬੰਧੀ ਆਪਣੀ ਸਰਕਾਰ ਦੀ ਡੇਢ ਸਾਲਾ ਕਾਰਗੁਜ਼ਾਰੀ ਸਬੰਧੀ ਰਿਪੋਰਟ ਕਾਰਡ ਜ਼ਰੂਰ ਪੇਸ਼ ਕੀਤਾ। ਰੈਲੀ 'ਚ ਕਾਂਗਰਸ ਲੀਡਰਸ਼ਿਪ ਨੇ ਬਾਦਲਾਂ ਉਪਰ ਪੰਥਕ ਅਤੇ ਸਿਆਸੀ ਮਸਲਿਆਂ ਉਤੇ ਤਿੱਖੇ ਸਿਆਸੀ ਹਮਲੇ ਕੀਤੇ। ਕੈਪਟਨ ਨੇ ਲੋਕ ਸਭਾ ਚੋਣਾਂ ਲਈ ਪੰਜਾਬ ਕਾਂਗਰਸ ਦਾ ਮਿਸ਼ਨ-13 ਪੋਸਟਰ ਵੀ ਜਾਰੀ ਕੀਤਾ।

ਜ਼ਿਕਰਯੋਗ ਹੈ ਕਿ ਰੈਲੀ ਵਿਚੋਂ ਕਾਂਗਰਸੀ ਆਗੂ ਮਹੇਸ਼ਇੰਦਰ ਸਿੰਘ ਬਾਦਲ ਦੀ ਗੈਰ ਹਾਜ਼ਰੀ ਵਰਕਰਾਂ ਅਤੇ ਸਿਆਸੀ ਹਲਕਿਆਂ ਨੂੰ ਰੜਕਦੀ ਰਹੀ। ਮਹੇਸ਼ਇੰਦਰ ਸਿੰਘ ਬਾਦਲ ਲੰਬੀ ਹਲਕੇ 'ਚ ਤਿੰਨ ਵਾਰ ਪ੍ਰਕਾਸ਼ ਸਿੰਘ ਬਾਦਲ ਨੂੰ ਫਸਵੀਂ ਟੱਕਰ ਦੇ ਚੁੱਕੇ ਹਨ। ਕੈਪਟਨ ਅਮਰਿੰਦਰ ਸਿੰਘ ਨੇ ਬਰਗਾੜੀ ਦੇ ਬੇਅਦਬੀ ਮਾਮਲੇ ਅਤੇ ਇਸ ਤੋਂ ਬਾਅਦ ਵਾਪਰੀਆਂ ਪੁਲਿਸ ਗੋਲੀਬਾਰੀ ਦੀਆਂ ਘਟਨਾਵਾਂ ਲਈ ਬਾਦਲਾਂ ਨੂੰ ਕੋਰਾ ਝੂਠ ਬੋਲਣ ਦਾ ਦੋਸ਼ੀ ਠਹਿਰਾਇਆ। ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਦਾਅਵਾ ਕਰਦੇ ਹਨ ਕਿ ਉਹ ਇਸ ਸਮੁੱਚੇ ਘਟਨਾਕ੍ਰਮ ਦੌਰਾਨ ਸੁੱਤੇ ਹੋਏ ਸਨ ਜਦਕਿ ਤਤਕਾਲੀ ਡੀ.ਜੀ.ਪੀ. ਨੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਅੱਗੇ ਬਾਦਲ ਦੇ ਇਸ ਝੂਠ ਦਾ ਪਰਦਾਫਾਸ਼ ਕਰ ਦਿੱਤਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਡੀ.ਜੀ.ਪੀ. ਨੇ ਉਸ ਰਾਤ 2 ਵਜੇ ਬਾਦਲ ਨਾਲ ਗੱਲਬਾਤ ਕੀਤੀ ਅਤੇ ਉਸ ਤੋਂ ਬਾਅਦ ਆਈ.ਜੀ. ਨਾਲ 22 ਵਾਰ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਬਾਦਲ ਪਿਉ-ਪੁੱਤ ਨੂੰ ਨਸ਼ਿਆਂ ਨਾਲ ਬਰਬਾਦ ਹੋ ਰਹੀ ਨੌਜਵਾਨ ਪੀੜ੍ਹੀ ਬਾਰੇ ਕੁਝ ਵੀ ਪਤਾ ਨਾ ਹੋਣਾ ਸ਼ਰਮਨਾਕ ਗੱਲ ਹੈ।

ਅਕਾਲੀਆਂ ਨੂੰ ਰਗੜੇ ਲਾਉਂਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਬੀਤੇ 18 ਮਹੀਨਿਆਂ ਦੌਰਾਨ ਕਾਂਗਰਸ ਸਰਕਾਰ ਵੱਲੋਂ ਉਠਾਏ ਗਏ ਕਦਮਾਂ ਦੀ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਅਕਾਲੀਆਂ ਦਾ 10 ਸਾਲ ਦਾ ਸ਼ਾਸਨ ਕੁਸ਼ਾਸਨ ਸੀ। ਉਨ੍ਹਾਂ ਬਾਦਲ ਵੱਲੋਂ ਬੇਅਦਬੀ ਤੇ ਗੋਲੀਬਾਰੀ ਦੇ ਮਾਮਲਿਆਂ ਦੀ ਜਾਂਚ ਲਈ ਬਣਾਏ ਜ਼ੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਲਾਗੂ ਨਾ ਕਰਨ 'ਤੇ ਆੜੇ ਹੱਥੀਂ ਲਿਆ। ਮੁੱਖ ਮੰਤਰੀ ਨੇ ਕਿਹਾ ਕਿ ਭਾਵੇਂ ਉਹ ਬਾਦਲਾਂ ਜਾਂ ਕਿਸੇ ਹੋਰ ਖ਼ਿਲਾਫ ਸਿਆਸੀ ਬਦਲਾਖੋਰੀ ਵਿਚ ਸ਼ਾਮਲ ਨਹੀਂ ਹੋਣਗੇ ਪਰ ਉਨ੍ਹਾਂ ਐਲਾਨ ਕੀਤਾ ਕਿ ਵਿਸ਼ੇਸ਼ ਜਾਂਚ ਟੀਮ ਦੀ ਪੜਤਾਲ

## ਕਾਂਗਰਸ ਦਾ ਮਿਸ਼ਨ-13 ਪੋਸਟਰ ਜਾਰੀ

ਵਿਚ ਜੋ ਕੋਈ ਵੀ ਦੋਸ਼ੀ ਪਾਇਆ ਗਿਆ, ਉਸ ਨੂੰ ਕਾਨੂੰਨ ਮੁਤਾਬਕ ਸਜ਼ਾ ਮਿਲੇਗੀ। ਪਿਛਲੀ ਅਕਾਲੀ-ਭਾਜਪਾ ਸਰਕਾਰ ਵੱਲੋਂ ਕਰਜ਼ੇ 'ਚ ਡੁੱਬੇ ਕਿਸਾਨਾਂ ਦੀ ਸਾਰ ਨਾ ਲੈਣ 'ਤੇ ਸਖਤ ਆਲੋਚਨਾ ਕਰਦਿਆਂ ਅਮਰਿੰਦਰ ਸਿੰਘ ਨੇ ਕਿਹਾ ਕਿ 10.25 ਲੱਖ ਕਿਸਾਨਾਂ ਦਾ ਦੋ-ਦੋ ਲੱਖ ਰੁਪਏ ਤੱਕ ਦਾ ਫਸਲੀ ਕਰਜ਼ਾ ਮੁਆਫ ਕਰਨ ਦੇ ਨਾਲ 337214 ਕਿਸਾਨਾਂ ਨੂੰ 2179 ਕਰੋੜ ਰੁਪਏ ਦੀ ਕਰਜ਼ਾ ਰਾਹਤ ਦਿੱਤੀ ਜਾ ਚੁੱਕੀ ਹੈ।

ਇਸ ਸਾਲ ਦੇ ਅੰਤ ਤੱਕ ਸਮੁੱਚੇ 10.5 ਲੱਖ ਸੀਮਾਂਤ ਅਤੇ ਛੋਟੇ ਕਿਸਾਨਾਂ ਨੂੰ ਕਰਜ਼ਾ ਮੁਆਫੀ ਸਕੀਮ ਦਾ ਲਾਭ ਦੇ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਾਲ 2017 ਵਿਚ ਪਿਛਲੇ ਸੀਜ਼ਨ ਨਾਲੋਂ ਅਨਾਜ ਦੀ ਖਰੀਦ 36 ਫੀਸਦੀ ਵੱਧ ਹੋਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ 18 ਮਹੀਨਿਆਂ ਦੌਰਾਨ 3,93,320 ਨੌਜਵਾਨਾਂ ਨੂੰ ਨੌਕਰੀਆਂ/ਸਵੈ ਰੋਜ਼ਗਾਰ ਦੇ ਮੌਕੇ ਦਿੱਤੇ ਗਏ ਹਨ। ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀਆਂ ਨੇ ਆਪਣੇ ਨਿੱਜੀ ਆਰਥਿਕ ਏਜੰਡੇ ਦੀ ਕੀਮਤ 'ਤੇ ਟਰਾਂਸਪੋਰਟ, ਮੀਡੀਆ, ਰੇਤਾ ਅਤੇ ਬਜਰੀ ਦੇ ਕਾਰੋਬਾਰ ਦੀ ਅਜਾਰੇਦਾਰੀ ਬਣਾ ਕੇ ਸੂਬੇ ਦੀ ਆਰਥਿਕਤਾ ਤਬਾਹ ਕਰ ਦਿੱਤੀ।

## ਸੁਖਬੀਰ ਦੀ ਫਿਰ ਥਿੜਕੀ ਜ਼ੁਬਾਨ

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਆਪਣੀ ਜ਼ੁਬਾਨ ਦੇ ਤਿਲਕਣ ਕਰਕੇ ਅਕਸਰ ਹੀ ਚਰਚਾ 'ਚ ਰਹਿੰਦੇ ਹਨ।

ਆਪਣੀ ਐਤਵਾਰ ਨੂੰ ਪਟਿਆਲਾ ਰੈਲੀ ਵਿਚ ਸੁਖਬੀਰ ਬਾਦਲ ਨੇ ਇਕ ਵਾਰ ਫਿਰ ਆਪਣੇ ਪਿਤਾ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ 'ਮੇਰੇ ਪਿਤਾ ਸਮਾਨ ਬਾਦਲ ਸਾਬ੍ਹ' ਕਹਿ ਕੇ ਸੰਬੋਧਨ ਕੀਤਾ।

ਸੁਖਬੀਰ ਬਾਦਲ ਨੇ ਇਹ ਕਾਰਨਾਮਾ ਆਪਣਾ ਭਾਸ਼ਣ ਸ਼ੁਰੂ ਕਰਨ ਸਮੇਂ ਭੂਮਿਕਾ ਬੰਨ੍ਹਦੇ ਹੋਏ ਕੀਤਾ। ਸੁਖਬੀਰ ਬਾਦਲ ਨੇ ਆਪਣਾ ਭਾਸ਼ਣ ਸ਼ੁਰੂ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੂੰ ਪਿਤਾ ਸਮਾਨ ਕਹਿੰਦਿਆਂ ਸਾਰਿਆਂ ਨੂੰ ਫਤਿਹ ਬੁਲਾਈ।

ਇਹ ਕੋਈ ਪਹਿਲੀ ਵਾਰ ਨਹੀਂ ਹੈ ਕਿ ਸੁਖਬੀਰ ਬਾਦਲ ਨੇ ਆਪਣੇ ਪਿਤਾ ਪ੍ਰਕਾਸ਼ ਸਿੰਘ ਬਾਦਲ ਲਈ ਇਹ ਲਫਜ਼ ਵਰਤੇ ਹਨ। ਇਸ ਤੋਂ ਪਹਿਲਾਂ ਵੀ ਬਾਦਲ ਵੱਲੋਂ ਅਜਿਹਾ ਬੋਲਦਿਆਂ ਦੀ ਕਈ ਵੀਡੀਓਜ਼ ਵਾਇਰਲ ਵੀ ਹੋ ਚੁੱਕੀਆਂ ਹਨ।

## ਕੈਪਟਨ ਵੱਲੋਂ ਰਾਜਸੀ ਗੱਠਜੋੜ ਤੋਂ ਕੋਰੀ ਨਾਂਹ

**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਉਂਦੀਆਂ ਚੋਣਾਂ ਦੌਰਾਨ ਸੂਬੇ ਵਿਚ ਕਿਸੇ ਵੀ ਪਾਰਟੀ ਨਾਲ ਸਿਆਸੀ ਗੱਠਜੋੜ ਨਾ ਕਰਨ ਬਾਰੇ ਸੂਬਾ ਕਾਂਗਰਸ ਇਕਾਈ ਦੀ ਰਾਇ ਤੋਂ ਪਾਰਟੀ ਹਾਈ ਕਮਾਨ ਨੂੰ ਜਾਣੂ ਕਰਵਾ ਦਿੱਤਾ ਹੈ।

ਕਾਂਗਰਸ ਦੇ ਸੀਨੀਅਰ ਆਗੂਆਂ ਨਾਲ ਮੀਟਿੰਗ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਪਾਰਟੀ ਮਾਮਲਿਆਂ ਬਾਰੇ ਵਿਚਾਰ-ਵਟਾਂਦਰਾ ਕੀਤਾ ਹੈ। 2019 ਵਿਚ ਆ ਰਹੀਆਂ ਲੋਕ ਸਭਾ ਚੋਣਾਂ 'ਤੇ ਵੀ ਚਰਚਾ ਹੋਈ ਹੈ। ਪੰਜਾਬ ਵਿਚ ਗੱਠਜੋੜ ਦੇ ਮੁੱਦੇ 'ਤੇ ਕੈਪਟਨ ਨੇ ਕਿਹਾ ਕਿ ਉਨ੍ਹਾਂ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਜਾਖੜ ਨੇ ਆਗੂਆਂ ਨੂੰ ਦੱਸ ਦਿੱਤਾ ਹੈ ਕਿ ਉਹ ਆਉਂਦੀਆਂ ਚੋਣਾਂ ਸੂਬੇ ਵਿਚ ਇਕੱਲੇ ਹੀ ਲੜਨਗੇ।

## ਬਾਦਲਾਂ ਦੀ 'ਜਬਰ ਵਿਰੋਧੀ' ਰੈਲੀ ਵਿਚ ਕੈਪਟਨ ਰਹੇ ਨਿਸ਼ਾਨਾ

**ਪਟਿਆਲਾ:** ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪਟਿਆਲਾ ਰੈਲੀ ਵਿਚ ਐਲਾਨ ਕੀਤਾ ਕਿ ਖਾਲਸਾ ਪੰਥ ਸਿੱਖ ਕੌਮ ਦੀ ਦੁਸ਼ਮਣ ਕਾਂਗਰਸ ਪਾਰਟੀ ਨੂੰ ਕਦੇ ਵੀ ਸਿੱਖ ਗੁਰਧਾਮਾਂ ਉਤੇ ਕਬਜ਼ੇ ਕਰਨ ਅਤੇ ਸਿੱਖ ਕੌਮ ਦੀ ਤਕਦੀਰ ਦੇ ਫੈਸਲੇ ਕਰਨ ਦੀ ਇਜਾਜ਼ਤ ਨਹੀਂ ਦੇਵੇਗਾ। ਇਥੇ 'ਜਬਰ ਵਿਰੋਧੀ' ਰੈਲੀ 'ਚ ਲੋਕਾਂ ਦੇ ਜੁਟਾਏ ਗਏ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਬੇਅਦਬੀ ਦੇ ਮੁੱਦੇ ਉਤੇ ਉਨ੍ਹਾਂ ਦੀ ਪਾਰਟੀ ਖਿਲਾਫ਼ ਲਾਏ ਜਾ



ਰਹੇ ਸਾਰੇ ਝੂਠ ਦੋਸ਼ ਕਾਂਗਰਸ ਪਾਰਟੀ ਦੀ ਸਿੱਖ ਗੁਰਧਾਮਾਂ 'ਤੇ ਕਬਜ਼ੇ ਕਰਨ ਲਈ ਰਚੀ ਡੂੰਘੀ ਸਾਜ਼ਿਸ਼ ਦਾ ਹਿੱਸਾ ਹਨ।

ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਦਾ ਅਸਲੀ ਮੰਤਵ ਹਰਿਮੰਦਰ ਸਾਹਿਬ ਉੱਤੇ ਹਮਲਾ ਕਰਨ ਵਾਲਿਆਂ ਅਤੇ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕਰਨ ਵਾਲਿਆਂ ਨੂੰ ਕਲੀਨ ਚਿਟ ਦੇਣਾ ਹੈ। ਉਨ੍ਹਾਂ ਕਿਹਾ ਕਿ ਹੁਣ ਖੁਦ ਕੈਪਟਨ ਅਮਰਿੰਦਰ ਸਿੰਘ ਨੇ ਸਿੱਖ ਗੁਰਧਾਮਾਂ ਉਤੇ ਕਬਜ਼ੇ ਕਰਨ ਦੀ ਆਪਣੀ ਨੀਯਤ ਬਾਰੇ ਜਨਤਕ ਤੌਰ 'ਤੇ ਐਲਾਨ ਕਰਕੇ ਬਿੱਲੀ ਨੂੰ ਥੈਲੇ ਵਿਚੋਂ ਬਾਹਰ ਕੱਢ ਦਿੱਤਾ ਹੈ। ਉਨ੍ਹਾਂ ਮੁਤਵਾਜ਼ੀ ਜਥੇਦਾਰਾਂ ਅਤੇ ਪੰਥਕ ਆਗੂਆਂ 'ਤੇ ਵਰ੍ਹਦਿਆਂ ਕਿਹਾ ਕਿ ਕੈਪਟਨ ਦੇ ਖੁਲਾਸੇ ਨਾਲ ਸਾਬਤ ਹੋ ਗਿਆ ਹੈ ਕਿ ਕੁਝ ਅਖੌਤੀ ਸਿੱਖ ਜਥੇਬੰਦੀਆਂ ਸਿੱਖ ਵਿਰੋਧੀ ਕਾਂਗਰਸ ਪਾਰਟੀ ਨਾਲ ਰਲੀਆਂ ਹੋਈਆਂ ਹਨ। ਰੈਲੀ 'ਚ ਅਕਾਲੀ ਦਲ ਵੱਲੋਂ ਆਪਣੇ ਆਪ ਨੂੰ ਸਿਰਮੌਰ ਪੰਥਕ ਜਥੇਬੰਦੀ ਸਿੱਧ ਕਰਨ ਦੀ ਪੂਰੀ ਵਾਹ ਲਾਈ ਗਈ। ਕਾਂਗਰਸ ਨੂੰ ਸਿੱਖਾਂ ਦੀ ਸਭ ਤੋਂ ਵੱਡੀ ਦੁਸ਼ਮਣ ਜਮਾਤ ਕਰਾਰ ਦਿੰਦਿਆਂ ਸ੍ਰੀ ਬਾਦਲ ਨੇ ਆਖਿਆ ਕਿ ਕਾਂਗਰਸ ਵੱਲੋਂ ਪੈਦਾ ਕੀਤੇ ਗਏ ਹਾਲਾਤ ਨਾਲ ਸਪੱਸ਼ਟ ਹੋ ਗਿਆ ਹੈ ਕਿ ਹੁਣ ਲੜਾਈ ਖਾਸਲਾ ਪੰਥ ਅਤੇ ਕਾਂਗਰਸ ਤੇ 'ਕਾਂਗਰਸ ਪੰਥ' ਵਿਚਕਾਰ ਹੈ। ਉਨ੍ਹਾਂ ਆਖਿਆ ਕਿ ਕਾਂਗਰਸ ਨੂੰ ਗੁਰਧਾਮਾਂ 'ਤੇ ਕਬਜ਼ੇ ਕਰਨ ਤੋਂ ਰੋਕਣ ਲਈ ਪੰਥ ਨੂੰ ਅੱਗੇ ਆਉਣਾ ਪੈਣਾ ਹੈ।

## ਮਾਝੇ ਦੇ ਨਾਰਾਜ਼ ਟਕਸਾਲੀ ਅਕਾਲੀ ਆਗੂ ਰਹੇ ਪਟਿਆਲਾ ਰੈਲੀ ਤੋਂ ਦੂਰ


**ਅੰਮ੍ਰਿਤਸਰ:** ਮਾਝੇ ਦੇ ਕੁਝ ਸੀਨੀਅਰ ਤੇ ਟਕਸਾਲੀ ਅਕਾਲੀ ਆਗੂ ਜੋ ਸ਼੍ਰੋਮਣੀ ਅਕਾਲੀ ਦਲ ਦੀਆਂ ਕੁਝ ਨੀਤੀਆਂ ਤੋਂ ਨਾਰਾਜ਼ ਹੋ ਗਏ ਹਨ, ਨੇ ਪਟਿਆਲਾ ਨੇੜੇ ਪਾਰਟੀ ਦੀ ਜਬਰ ਵਿਰੋਧੀ ਰੈਲੀ ਵਿਚ ਸ਼ਾਮਲ ਹੋਣ ਤੋਂ ਗੁਰੇਜ਼ ਕੀਤਾ। ਇਹ ਆਗੂ ਜਲਦੀ ਹੀ ਮੁੜ ਮੀਟਿੰਗ ਕਰਕੇ ਅਗਲੀ ਰਣਨੀਤੀ ਦਾ ਐਲਾਨ ਕਰਨਗੇ। ਇਨ੍ਹਾਂ ਨਿਰਾਸ਼ ਤੇ ਨਾਰਾਜ਼ ਟਕਸਾਲੀ ਅਕਾਲੀ ਆਗੂਆਂ ਵਿਚ ਸੰਸਦ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ, ਸਾਬਕਾ ਸੰਸਦ ਮੈਂਬਰ ਡਾ. ਰਤਨ ਸਿੰਘ ਅਜਨਾਲਾ, ਸਾਬਕਾ ਮੰਤਰੀ ਸੇਵਾ ਸਿੰਘ ਸੇਖਵਾਂ, ਸਾਬਕਾ ਵਿਧਾਇਕ ਮਨਮੋਹਨ ਸਿੰਘ ਸਠਿਆਲਾ, ਅਮਰਪਾਲ ਸਿੰਘ ਬੋਨੀ ਅਤੇ ਰਵਿੰਦਰ ਸਿੰਘ ਬ੍ਰਹਮਪੁਰਾ ਆਦਿ ਸ਼ਾਮਲ ਹਨ।

ਜਬਰ ਵਿਰੋਧੀ ਰੈਲੀ ਵਿਚ ਸ਼ਾਮਲ ਨਾ ਹੋਣ ਬਾਰੇ ਗੱਲ ਕਰਦਿਆਂ ਸ੍ਰੀ ਸੇਖਵਾਂ ਨੇ ਆਖਿਆ ਕਿ ਉਨ੍ਹਾਂ ਰੈਲੀ ਦਾ ਬਾਈਕਾਟ ਨਹੀਂ ਕੀਤਾ ਸਗੋਂ ਆਪਣੀ ਨਾਰਾਜ਼ਗੀ ਕਾਰਨ ਰੈਲੀ ਵਿਚ ਨਹੀਂ ਗਏ ਹਨ। ਉਨ੍ਹਾਂ ਨੇ ਪਾਰਟੀ ਖਿਲਾਫ ਕੁਝ ਨਾਰਾਜ਼ਗੀ ਦਾ ਪ੍ਰਗਟਾਵਾ ਕੀਤਾ ਸੀ ਪਰ ਪਾਰਟੀ ਵੱਲੋਂ ਇਸ ਨਾਰਾਜ਼ਗੀ ਦੀ ਕੋਈ ਸੁਣਵਾਈ ਨਹੀਂ ਕੀਤੀ ਗਈ।

# ਚੰਡੀਗੜ੍ਹ 'ਤੇ ਹੱਕ ਨੂੰ ਖੋਰੇ ਬਾਰੇ ਅਕਾਲੀ ਦਲ ਤੇ ਭਾਜਪਾ ਆਹਮੋ-ਸਾਹਮਣੇ

**ਅੰਮ੍ਰਿਤਸਰ:** ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਬਾਰੇ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੇ ਨੋਟੀਫਿਕੇਸ਼ਨ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਵਿਚਾਲੇ ਵਿਚਾਰਧਾਰਕ ਵਖਰੇਵੇਂ ਦਿਖਾਈ ਦੇ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਇਸ ਨੋਟੀਫਿਕੇਸ਼ਨ 'ਤੇ ਇਤਰਾਜ਼ ਕੀਤਾ ਗਿਆ ਹੈ ਜਦੋਂਕਿ ਪੰਜਾਬ ਭਾਜਪਾ ਇਸ ਦਾ ਸਮਰਥਨ ਕਰ ਰਹੀ ਹੈ।

ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਇਸ ਸਬੰਧੀ ਨੋਟੀਫਿਕੇਸ਼ਨ 25 ਸਤੰਬਰ ਨੂੰ ਜਾਰੀ ਕੀਤਾ ਗਿਆ ਹੈ ਜਿਸ ਤਹਿਤ ਹੁਣ ਪੰਜਾਬ ਅਤੇ ਹਰਿਆਣਾ ਤੋਂ ਚੰਡੀਗੜ੍ਹ 'ਚ ਹੁੰਦੀਆਂ ਨਿਯੁਕਤੀਆਂ ਖਤਮ ਹੋ ਜਾਣਗੀਆਂ ਅਤੇ ਕੇਂਦਰ ਵੱਲੋਂ ਸਿੱਧੇ ਤੌਰ ਉਤੇ ਅਧਿਕਾਰੀਆਂ ਦੀਆਂ ਨਿਯੁਕਤੀਆਂ ਕੀਤੀਆਂ ਜਾਣਗੀਆਂ। ਪੰਜਾਬ ਰੀਆਰਗੇਨਾਈਜੇਸ਼ਨ ਐਕਟ ਮੁਤਾਬਕ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਵਿਚ 60-40 ਦੇ ਅਨੁਪਾਤ ਨਾਲ ਪੰਜਾਬ ਅਤੇ ਹਰਿਆਣਾ ਤੋਂ ਨਿਯੁਕਤੀਆਂ ਹੁੰਦੀਆਂ ਹਨ। ਨਵੇਂ ਨੋਟੀਫਿਕੇਸ਼ਨ ਤੋਂ ਬਾਅਦ ਸਿਆਸਤਦਾਨਾਂ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸ ਨਾਲ ਪੰਜਾਬ ਦਾ ਚੰਡੀਗੜ੍ਹ 'ਤੇ ਦਾਅਵਾ ਕਮਜ਼ੋਰ ਹੋ ਜਾਵੇਗਾ ਅਤੇ ਇਸ ਨੋਟੀਫਿਕੇਸ਼ਨ ਨੂੰ ਪੰਜਾਬ ਵਿਰੋਧੀ ਕਰਾਰ ਦਿੱਤਾ ਗਿਆ ਹੈ। ਇਸ ਮਾਮਲੇ ਨੂੰ ਲੈ ਕੇ ਕਾਂਗਰਸ ਵੱਲੋਂ ਵੀ ਕੇਂਦਰ ਸਰਕਾਰ ਦੇ ਇਸ ਨੋਟੀਫਿਕੇਸ਼ਨ



ਦਾ ਵਿਰੋਧ ਕੀਤਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਵੀ ਇਸ ਨੋਟੀਫਿਕੇਸ਼ਨ ਨੂੰ ਰੱਦ ਕੀਤਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਕੇਂਦਰ ਸਰਕਾਰ ਵਿਚ ਸ਼ਾਮਲ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਇਸ ਸਬੰਧੀ ਗ੍ਰਹਿ ਮੰਤਰੀ ਕੋਲ ਪਹੁੰਚ ਕੀਤੀ ਸੀ ਅਤੇ ਇਸ ਨੋਟੀਫਿਕੇਸ਼ਨ ਨੂੰ ਵਾਪਸ ਲੈਣ ਦੀ ਅਪੀਲ ਕੀਤੀ ਸੀ।

ਇਸ ਮਾਮਲੇ ਵਿਚ ਭਾਜਪਾ ਦਾ ਨਜ਼ਰੀਆ ਕੁਝ ਵੱਖ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਅਤੇ ਰਾਜ ਸਭਾ ਮੈਂਬਰ ਸ਼ਵੇਤ ਮਲਿਕ ਨੇ ਕੇਂਦਰੀ ਗ੍ਰਹਿ ਮੰਤਰਾਲੇ ਦੇ ਇਸ ਕਦਮ ਨੂੰ ਚੰਡੀਗੜ੍ਹ ਪ੍ਰਸ਼ਾਸਨ ਦੀ ਬਿਹਤਰੀ ਵਾਲਾ ਕਰਾਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਕਾਂਗਰਸ ਵੱਲੋਂ ਇਸ ਨੂੰ ਬੇਲੋੜਾ ਮੁੱਦਾ ਬਣਾਇਆ ਜਾ ਰਿਹਾ ਹੈ। ਚੰਡੀਗੜ੍ਹ 'ਤੇ ਪੰਜਾਬ ਦੇ ਦਾਅਵੇ ਦੇ ਮਾਮਲੇ ਵਿਚ ਪੰਜਾਬ ਭਾਜਪਾ ਇਸ ਹੱਕ ਵਿਚ ਹੈ ਕਿ ਚੰਡੀਗੜ੍ਹ ਪੰਜਾਬ ਦਾ ਹਿੱਸਾ ਹੈ ਅਤੇ ਇਹ ਪੰਜਾਬ ਨੂੰ ਮਿਲਣਾ ਚਾਹੀਦਾ ਹੈ। ਪਰ ਇਹ ਨਵਾਂ ਨੋਟੀਫਿਕੇਸ਼ਨ ਜਾਰੀ ਹੋਣ ਨਾਲ ਚੰਡੀਗੜ੍ਹ ਵਿਚ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਹੋਰ ਵੀ ਬਿਹਤਰ ਬਣਾਇਆ ਜਾ ਸਕੇਗਾ। ਉਨ੍ਹਾਂ ਦੋਸ਼ ਲਾਇਆ ਕਿ ਕੈਪਟਨ ਸਰਕਾਰ ਇਸ ਨੂੰ ਬੇਲੋੜੀ ਸਿਆਸੀ ਰੰਗਤ ਦੇ ਰਹੀ ਹੈ ਅਤੇ ਉਨ੍ਹਾਂ ਦਾ ਮੁੱਖ ਮੰਤਵ ਲੋਕਾਂ ਦਾ ਧਿਆਨ ਲੋਕ ਮੁੱਦਿਆਂ ਤੋਂ ਹਟਾਉਣਾ ਹੈ।

ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਅਤੇ ਸਕੱਤਰ ਡਾ. ਦਲਜੀਤ ਸਿੰਘ ਚੀਮਾ ਨੇ ਆਖਿਆ ਕਿ ਉਨ੍ਹਾਂ ਦੀ ਪਾਰਟੀ ਇਸ ਨੋਟੀਫਿਕੇਸ਼ਨ ਨਾਲ ਸਹਿਮਤ ਨਹੀਂ ਹੈ। ਚੰਡੀਗੜ੍ਹ ਪੰਜਾਬ ਦਾ ਹਿੱਸਾ ਹੈ ਅਤੇ ਇਸ ਉਪਰ ਪੰਜਾਬ ਦਾ ਪੂਰਾ ਹੱਕ ਹੈ। ਸ਼੍ਰੋਮਣੀ ਅਕਾਲੀ ਦਲ ਨੇ ਇਸ ਨੋਟੀਫਿਕੇਸ਼ਨ ਨੂੰ ਰੱਦ ਕਰ ਦਿੱਤਾ ਹੈ। ਇਸੇ ਲਈ ਵਿਰੋਧ ਵਜੋਂ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕੇਂਦਰੀ ਗ੍ਰਹਿ ਮੰਤਰੀ ਕੋਲ ਪਹੁੰਚ ਕਰ ਕੇ ਇਹ ਨੋਟੀਫਿਕੇਸ਼ਨ ਵਾਪਸ ਲੈਣ ਦੀ ਅਪੀਲ ਕੀਤੀ ਹੈ।

ਇਸ ਮੀਟਿੰਗ ਮਗਰੋਂ ਪਾਰਟੀ ਨੂੰ ਭਰੋਸਾ ਹੈ ਕਿ ਕੇਂਦਰ ਸਰਕਾਰ ਵੱਲੋਂ ਇਸ ਸਬੰਧੀ ਹਾਂ ਪੱਖੀ ਹੁੰਗਾਰਾ ਮਿਲੇਗਾ। ਉਨ੍ਹਾਂ ਆਖਿਆ ਕਿ ਇਸ ਨੋਟੀਫਿਕੇਸ਼ਨ ਦੇ ਲਾਗੂ ਹੋਣ ਮਗਰੋਂ ਪੰਜਾਬ ਅਤੇ ਹਰਿਆਣਾ ਵਿਚੋਂ ਹੁੰਦੀਆਂ ਨਿਯੁਕਤੀਆਂ ਖਤਮ ਹੋ ਜਾਣਗੀਆਂ ਅਤੇ ਸਿੱਧੇ ਤੌਰ 'ਤੇ ਕੇਂਦਰ ਸਰਕਾਰ ਵੱਲੋਂ ਹੀ ਨਿਯੁਕਤੀਆਂ ਹੋਣਗੀਆਂ। ਇਸੇ ਦੌਰਾਨ ਟਕਸਾਲੀ ਅਕਾਲੀ ਆਗੂਆਂ ਨੇ ਵੀ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਹ ਨੋਟੀਫਿਕੇਸ਼ਨ ਵਾਪਸ ਨਾ ਹੋਇਆ ਤਾਂ ਅਕਾਲੀ ਭਾਜਪਾ ਗੱਠਜੋੜ ਵਿਚਾਲੇ ਤਰੇੜ ਆ ਸਕਦੀ ਹੈ।

## *ਪ੍ਰਧਾਨ ਮੰਤਰੀ ਚੰਡੀਗੜ੍ਹ ਦੇ ਰੁਤਬੇ ਨੂੰ ਬਹਾਲ ਰੱਖਣ ਲਈ ਦਖਲ ਦੇਣ: ਹਰਸਿਮਰਤ*

**ਚੰਡੀਗੜ੍ਹ:** ਕੇਂਦਰੀ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਆਗੂ ਹਰਸਿਮਰਤ ਕੌਰ ਬਾਦਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਹੈ ਕਿ ਚੰਡੀਗੜ੍ਹ ਦਾ ਰੁਤਬਾ ਬਹਾਲ ਰੱਖਿਆ ਜਾਵੇ, ਜਿਸ ਲਈ ਉਹ ਖੁਦ ਦਖਲ ਦੇਣ। ਇਸ ਸਬੰਧੀ ਪ੍ਰਧਾਨ ਮੰਤਰੀ ਨੂੰ ਇਕ ਚਿੱਠੀ ਸੌਂਪੀ, ਜਿਸ ਵਿਚ ਡੀ.ਐਸ.ਪੀ. ਦੇ ਅਹੁਦੇ ਨੂੰ ਯੂਟੀ ਕੇਡਰ ਵਿਚ ਸ਼ਾਮਲ ਕੀਤੇ ਜਾਣ ਦੇ ਮੁੱਦੇ ਨੂੰ ਵਿਸ਼ੇਸ਼ ਤੌਰ 'ਤੇ ਉਠਾਇਆ ਗਿਆ ਅਤੇ ਇਹ ਫੈਸਲਾ ਰੁਕਵਾਉਣ ਲਈ ਬੇਨਤੀ ਕੀਤੀ ਗਈ। ਪ੍ਰਧਾਨ ਮੰਤਰੀ ਨੇ ਬੀਬੀ ਬਾਦਲ ਨੂੰ ਭਰੋਸਾ ਦਿਵਾਇਆ ਕਿ ਇਸ ਸਬੰਧੀ ਜਲਦੀ ਹੀ ਲੋੜੀਂਦੇ ਕਦਮ ਚੁੱਕੇ ਜਾਣਗੇ।

# ਹਰਿਆਣਾ ਦੇ ਸਿੱਖਾਂ ਨੇ ਖੋਲ੍ਹਿਆ ਭਾਜਪਾ ਖਿਲਾਫ ਮੋਰਚਾ

**ਚੰਡੀਗੜ੍ਹ:** ਹਰਿਆਣਾ ਵਿਚ ਭਾਜਪਾ ਨੂੰ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਕਿਉਂਕਿ ਹਰਿਆਣਾ ਦੇ ਸਿੱਖਾਂ ਨੇ ਸੂਬੇ ਦੀ ਮੌਜੂਦਾ ਭਾਜਪਾ ਸਰਕਾਰ ਦੇ ਵਰਕਰਾਂ ਤੋਂ ਲੈ ਕੇ



ਮੁੱਖ ਮੰਤਰੀ ਤੱਕ ਪੂਰੀ ਤਰ੍ਹਾਂ ਬਾਈਕਾਟ ਕਰਨ ਦਾ ਫੈਸਲਾ ਕੀਤਾ ਹੈ।

ਇਹ ਫੈਸਲਾ ਕਰਨਾਲ ਦੇ ਡਾਚਰ ਗੁਰਦੁਆਰੇ ਵਿਚ ਸਿੱਖ ਭਾਈਚਾਰੇ ਦੀ ਅਹਿਮ ਬੈਠਕ ਵਿਚ ਲਿਆ ਗਿਆ। ਇਸ ਬੈਠਕ ਵਿਚ ਹਰਿਆਣਾ ਦੇ ਸਿੱਖਾਂ ਤੋਂ ਇਲਾਵਾ ਹੋਰ ਸੂਬਿਆਂ ਦੇ ਸਿੱਖ ਵੀ ਸ਼ਾਮਲ ਰਹੇ। ਸਿੱਖ ਭਾਈਚਾਰੇ ਨੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਵੀ ਸ੍ਰੀ ਅਕਾਲ ਤਖਤ ਸਾਹਿਬ ਜਾ ਕੇ ਮੁਆਫੀ ਮੰਗਣ ਲਈ ਕਿਹਾ ਹੈ।

ਬੈਠਕ ਵਿਚ ਫੈਸਲਾ ਕੀਤਾ ਗਿਆ ਕਿ ਸੂਬੇ ਵਿਚ ਹੁਣ ਭਾਜਪਾ ਦੇ ਕਿਸੇ ਲੀਡਰ ਨੂੰ ਨਾ ਹੀ ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮ ਵਿਚ ਬੁਲਾਇਆ ਜਾਏਗਾ ਤੇ ਨਾ ਹੀ ਉਨ੍ਹਾਂ ਨੂੰ ਕਿਸੇ ਤਰੀਕੇ ਦਾ ਸਨਮਾਨ ਦਿੱਤਾ ਜਾਏਗਾ। ਹਰਿਆਣਾ ਦੇ ਸਿੱਖ ਭਾਈਚਾਰੇ ਦੇ ਲੋਕ ਸਰਕਾਰ ਤੋਂ ਬੇਹੱਦ ਨਾਰਾਜ਼ ਹਨ। ਉਨ੍ਹਾਂ ਦੀ ਸ਼ਿਕਾਇਤ ਹੈ ਕਿ ਮੁੱਖ ਮੰਤਰੀ ਸਮਾਂ ਦੇ ਕੇ ਵੀ ਕਿਸੇ ਪ੍ਰੋਗਰਾਮ ਵਿਚ ਨਹੀਂ ਪੁੱਜਦੇ।

ਸੂਬੇ ਦੇ ਸਿੱਖਾਂ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਨੂੰ ਗੁਰਦੁਆਰੇ ਨਾ ਪੁੱਜਣ ਦੀ ਵਜ੍ਹਾ ਪੁੱਛੀ ਗਈ ਤਾਂ ਉਨ੍ਹਾਂ ਭਿੰਡਰਾਂਵਾਲੇ ਦੀ ਫੋਟੋ ਨੂੰ ਮੁੱਖ ਵਜ੍ਹਾ ਦੱਸਿਆ ਜੋ ਗੁਰਦੁਆਰਾ ਸਾਹਿਬ ਅੰਦਰ ਲੱਗੀ ਹੋਈ ਹੈ। ਇਸੇ ਵਿਵਾਦ ਸਬੰਧੀ ਗੁਰਦੁਆਰਾ ਸਾਹਿਬ ਅੰਦਰ ਬੈਠਕ ਬੁਲਾਈ ਗਈ ਸੀ।

ਜ਼ਿਕਰਯੋਗ ਹੈ ਕਿ ਡਾਚਰ ਦੇ ਗੁਰਦੁਆਰਾ ਸਾਹਿਬ ਅੰਦਰ ਲੱਗੀ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਫੋਟੋ ਦੀ ਵਜ੍ਹਾ ਕਰ ਕੇ ਮੁੱਖ ਮੰਤਰੀ ਨੇ ਬੀਤੇ ਦਿਨੀਂ ਗੁਰਦੁਆਰਾ ਸਾਹਿਬ ਜਾਣ ਦਾ ਆਪਣਾ ਪ੍ਰੋਗਰਾਮ ਰੱਦ ਕਰ ਦਿੱਤਾ ਸੀ। ਇਸ ਪਿੱਛੋਂ ਸਿੱਖ ਭਾਈਚਾਰੇ ਨੇ ਮੁੱਖ ਮੰਤਰੀ ਨੂੰ 6 ਅਕਤੂਬਰ ਦਾ ਸਮਾਂ ਦੇ ਕੇ ਗੁਰਦੁਆਰਾ ਪੁੱਜਣ ਤੇ ਸਿੱਖ ਸੰਗਤਾਂ ਕੋਲੋਂ ਮੁਆਫੀ ਮੰਗਣ ਲਈ ਕਿਹਾ ਸੀ ਪਰ ਮੁੱਖ ਮੰਤਰੀ ਨਹੀਂ ਪੁੱਜੇ। ਇਸ ਲਈ ਸਿੱਖ ਭਾਈਚਾਰੇ ਨੇ ਹਰਿਆਣਾ ਵਿਚ ਬੀ.ਜੇ.ਪੀ. ਦਾ ਪੂਰਾ ਬਾਈਕਾਟ ਕਰ ਦਿੱਤਾ ਹੈ ਤੇ ਮੁੱਖ ਮੰਤਰੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਜਾ ਕੇ ਮੁਆਫੀ ਮੰਗਣ ਲਈ ਕਿਹਾ ਹੈ।

## ਜਿਥੇ ਭਿੰਡਰਾਂਵਾਲੇ ਦੀ ਤਸਵੀਰ ਲੱਗੀ ਹੋਵੇਗੀ, ਉਥੇ ਨਹੀਂ ਜਾਵਾਂਗਾ: ਖੱਟਰ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਸਪੱਸ਼ਟ ਸ਼ਬਦਾਂ 'ਚ ਕਿਹਾ ਹੈ ਕਿ ਉਹ ਗੁਰੂ ਘਰ ਦੇ ਪੱਕੇ ਸ਼ਰਧਾਲੂ ਹਨ ਪਰ ਜਿਥੇ ਵੀ ਕਿਸੇ ਅਸਥਾਨ 'ਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੀ ਤਸਵੀਰ ਲੱਗੀ ਹੋਵੇਗੀ ਉਥੇ ਨਹੀਂ ਜਾਣਗੇ। ਖੱਟਰ ਨੇ ਗੁੱਸੇ 'ਚ ਉਚੀ ਆਵਾਜ਼ ਵਿਚ ਕਿਹਾ ਕਿ ਉਹ ਹਰਿਆਣਾ 'ਚ ਖਾਲਿਸਤਾਨ ਦੀ ਆਵਾਜ਼ ਨੂੰ ਪਨਪਣ ਨਹੀਂ ਦੇਣਗੇ। ਉਨ੍ਹਾਂ ਕਿਹਾ ਕਿ ਉਹ ਗੁਰੂਆਂ ਅਤੇ ਗੁਰੂ ਘਰ ਦਾ ਸਨਮਾਨ ਕਰਦੇ ਹਨ ਤੇ ਇਸ ਕੜੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਪ੍ਰਕਾਸ਼ ਦਿਹਾੜਾ, ਬਾਬਾ ਬੰਦਾ ਸਿੰਘ ਬਹਾਦਰ ਦੇ ਨਾਂ 'ਤੇ ਵੱਖ-ਵੱਖ ਯੋਜਨਾਵਾਂ ਦੇ ਨਾਲ-ਨਾਲ ਹੋਰ ਮਹਾਂਪੁਰਖਾਂ ਦੇ ਨਾਂ ਉਤੇ ਕਈ ਪ੍ਰੋਗਰਾਮ ਉਨ੍ਹਾਂ ਦੀ ਸਰਕਾਰ ਦੌਰਾਨ ਚਲਾਏ ਜਾ ਰਹੇ ਹਨ।

## 52 ਕਿੱਤਾਕਾਰਾਂ ਦਾ ਸਨਮਾਨ ਕਰੇਗੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸ਼੍ਰੋਮਣੀ ਕਮੇਟੀ ਗੁਰੂ ਸਾਹਿਬ ਵੱਲੋਂ ਸ਼ਹਿਰ ਦੀ ਸਥਾਪਨਾ ਸਮੇਂ ਵਸਾਏ ਕਿੱਤਾਕਾਰਾਂ ਦਾ ਸਨਮਾਨ ਕਰੇਗੀ। ਇਸ ਸਬੰਧੀ ਸ਼੍ਰੋਮਣੀ ਕਮੇਟੀ ਨੇ ਆਪਣੇ ਖੋਜਾਰਥੀਆਂ ਰਾਹੀਂ 52 ਕਿੱਤਾਕਾਰਾਂ ਦੀ ਚੋਣ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਇਨ੍ਹਾਂ ਕਿੱਤਾਕਾਰਾਂ ਨਾਲ ਮੀਟਿੰਗ ਕਰ ਕੇ ਗੁਰੂ ਸਾਹਿਬ ਦੇ ਪ੍ਰਕਾਸ਼ ਪੁਰਬ ਸਮਾਗਮਾਂ 'ਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਦੱਸਿਆ ਕਿ ਗੁਰੂ ਜੀ ਨੇ ਅੰਮ੍ਰਿਤਸਰ ਦੀ ਸਥਾਪਨਾ ਸਮੇਂ ਇਥੇ 52 ਕਿੱਤਾਕਾਰਾਂ ਨੂੰ ਵਸਾਇਆ ਸੀ, ਪਰ ਇਤਿਹਾਸ 'ਚ ਇਨ੍ਹਾਂ ਬਾਰੇ ਪੂਰੀ ਜਾਣਕਾਰੀ ਨਹੀਂ ਹੈ।

ਸਿੱਖ ਇਤਿਹਾਸ ਰਿਸਰਚ ਬੋਰਡ ਦੇ ਖੋਜਾਰਥੀਆਂ ਨੇ ਇਸ ਸਬੰਧੀ ਇਕ ਸੂਚੀ ਤਿਆਰ ਕੀਤੀ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਕਿਰਤੀਆਂ ਨੂੰ ਵਿਸ਼ੇਸ਼ ਮਹੱਤਤਾ ਦਿੱਤੀ ਸੀ ਜਿਸ ਕਰ ਕੇ ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਕਿੱਤਾਕਾਰਾਂ ਦਾ ਸਨਮਾਨ ਕਰਨ ਦਾ ਫੈਸਲਾ ਕੀਤਾ ਹੈ। ਇਹ ਸਨਮਾਨ 26 ਅਕਤੂਬਰ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਕੀਤਾ ਜਾਵੇਗਾ। ਪ੍ਰਕਾਸ਼ ਪੁਰਬ ਮੌਕੇ ਸਜਾਏ ਜਾਣ ਵਾਲੇ ਨਗਰ ਕੀਰਤਨ ਵਿਚ ਵੀ ਇਨ੍ਹਾਂ 52 ਕਿੱਤਾਕਾਰਾਂ ਲਈ ਵਿਸ਼ੇਸ਼ ਗੱਡੀਆਂ ਦਾ ਪ੍ਰਬੰਧ ਕੀਤਾ ਜਾਵੇਗਾ।

# ਬਰਗਾੜੀ ਮਾਰਚ: ਸਰਕਾਰ ਨੂੰ ਕਾਰਵਾਈ ਲਈ 15 ਦਿਨਾਂ ਦਾ ਅਲਟੀਮੇਟਮ

**ਬਰਗਾੜੀ:** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਗੋਲੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦੀ ਮੰਗ ਕਰਦਿਆਂ ਸੰਗਤਾਂ ਦਾ ਰੋਸ ਮਾਰਚ ਬਰਗਾੜੀ ਪਹੁੰਚਿਆ। ਅਕਾਲ ਤਖਤ ਦੇ ਕਾਰਜਕਾਰੀ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਨੇ ਐਲਾਨ ਕੀਤਾ ਕਿ ਜਿੰਨੀ ਦੇਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਬਹਿਬਲ ਕਾਂਡ ਰਚਾਉਣ ਵਾਲੇ ਦੋਸ਼ੀ ਫੜੇ ਨਹੀਂ ਜਾਂਦੇ ਅਤੇ ਬੰਦੀ ਸਿੰਘਾਂ ਦੀ ਰਿਹਾਈ ਸਮੇਤ ਅਕਾਲ ਤਖਤ ਸਾਹਿਬ ਆਜ਼ਾਦ ਨਹੀਂ ਹੁੰਦੇ, ਉਦੋਂ ਤੱਕ ਉਹ ਟਿਕ ਕੇ ਨਹੀਂ ਬੈਠਣਗੇ।

ਬਾਗੀ ਧੜੇ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਬਹਿਬਲ ਕਲਾਂ ਗੋਲੀ ਕਾਂਡ ਵਾਲੇ ਦਿਨ 14 ਅਕਤੂਬਰ ਨੂੰ ਮੁੜ ਬਰਗਾੜੀ 'ਚ ਜੁੜਨ ਦਾ ਮਤਾ ਪੇਸ਼ ਕਰ ਕੇ ਪ੍ਰਵਾਨਗੀ ਮੰਗੀ ਤਾਂ ਇਕੱਠ ਨੇ ਉਸ 'ਤੇ ਮੋਹਰ ਲਗਾ ਦਿੱਤੀ। ਸ੍ਰੀ ਖਹਿਰਾ ਨੇ ਪੰਜਾਬ ਸਰਕਾਰ ਨੂੰ ਬਾਦਲ ਪਿਉ-ਪੁੱਤ ਅਤੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਸਮੇਤ ਬਹਿਬਲ ਕਾਂਡ ਦੇ ਦੋਸ਼ੀਆਂ ਉਪਰ 15 ਦਿਨਾਂ ਦੇ ਅੰਦਰ-ਅੰਦਰ ਮੁਕੱਦਮਾ ਦਰਜ ਕਰਨ ਦਾ ਅਲਟੀਮੇਟਮ ਦਿੱਤਾ। ਉਨ੍ਹਾਂ ਕਿਹਾ ਕਿ ਜੇਕਰ ਅਜਿਹਾ ਨਾ ਹੋਇਆ ਤਾਂ ਹੋਰ ਵੱਡਾ ਪ੍ਰੋਗਰਾਮ ਉਲੀਕ ਕੇ ਰੋਸ ਜਤਾਇਆ ਜਾਵੇਗਾ।



ਭਾਈ ਮੰਡ ਨੇ ਸਮੁੱਚੇ ਖਾਲਸਾ ਪੰਥ ਨੂੰ ਫੁੱਟ ਛੱਡ ਕੇ ਕੇਸਰੀ ਨਿਸ਼ਾਨ ਹੇਠ ਇਕੱਠੇ ਹੋਣ ਦੀ ਗੱਲ ਕਰਦਿਆਂ ਕਿਹਾ ਕਿ ਇੰਜ ਹੋਣ ਨਾਲ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਖਾਲਸਾ ਪੰਥ ਦੀਆਂ ਹੋਣਗੀਆਂ।

ਰੋਸ ਮਾਰਚ ਨੂੰ ਸਫਲ ਕਰਨ ਲਈ ਪਿਛਲੇ ਦਿਨਾਂ ਤੋਂ ਸਰਗਰਮ ਰਹੇ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਸਾਬਕਾ ਆਗੂ ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਪੰਜਾਬ ਨਾਲ ਪੈਰ-ਪੈਰ 'ਤੇ ਵਧੀਕੀਆਂ ਹੋਣ ਦੇ ਦੋਸ਼ ਲਾਉਣ ਸਮੇਤ ਰਾਜ ਵਿਚ ਫੈਲੇ ਭ੍ਰਿਸ਼ਟਾਚਾਰ, ਤਬਾਹ ਹੋਏ ਵਪਾਰ ਅਤੇ ਬੇਰੁਜ਼ਗਾਰੀ ਵਰਗੇ ਮੁੱਦਿਆਂ ਨੂੰ ਵੀ ਛੋਹਿਆ। ਉਨ੍ਹਾਂ ਬੇਅਦਬੀ ਘਟਨਾਵਾਂ ਲਈ ਅਕਾਲੀ ਦਲ ਨੂੰ ਜ਼ਿੰਮੇਵਾਰ ਦੱਸਦਿਆਂ ਕਿਹਾ ਕਿ ਹੁਣ ਸੁਖਬੀਰ ਸਿੰਘ ਬਾਦਲ ਨੂੰ ਇਨਸਾਫ ਮੰਗਣ ਵਾਲੇ ਪਾਕਿਸਤਾਨੀ ਏਜੰਟ ਨਜ਼ਰ ਆਉਂਦੇ ਹਨ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬਾਦਲਾਂ ਦੇ ਸ਼ਿਕੰਜੇ ਵਿਚੋਂ ਮੁਕਤ ਕਰਾਉਣ ਲਈ ਸਿੱਖ ਕੌਮ ਨੂੰ ਇਕਜੁਟ ਹੋਣ ਦਾ ਸੁਨੇਹਾ ਦਿੱਤਾ।

ਆਮ ਆਦਮੀ ਪਾਰਟੀ ਦੇ ਪ੍ਰਧਾਨ ਅਤੇ ਮੈਂਬਰ ਪਾਰਲੀਮੈਂਟ ਭਗਵੰਤ ਮਾਨ ਨੇ ਬੇਅਦਬੀ ਘਟਨਾਵਾਂ ਲਈ ਅਕਾਲੀਆਂ ਨੂੰ ਦੋਸ਼ੀ ਦੱਸਦਿਆਂ ਕੈਪਟਨ ਸਰਕਾਰ 'ਤੇ ਦੋਸ਼ੀਆਂ ਨੂੰ ਖੰਭਾਂ ਹੇਠ ਲੁਕੋਣ ਦੇ ਇਲਜ਼ਾਮ ਲਾਏ।

# ਬੇਅਦਬੀ ਮਾਮਲੇ ਸੁਲਝਾਉਣ ਵਾਲੇ ਅਫਸਰਾਂ ਤੋਂ ਖੁਸ਼ ਨਹੀਂ ਕੈਪਟਨ ਸਰਕਾਰ

**ਬਠਿੰਡਾ:** ਕੈਪਟਨ ਸਰਕਾਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ ਦੀ ਉਲਝੀ ਤੰਦ ਫੜਨ ਵਾਲੇ ਪੁਲਿਸ ਅਫਸਰਾਂ ਤੋਂ ਮੂੰਹ ਫੇਰ ਲਿਆ ਹੈ। ਬੇਅਦਬੀ ਮਾਮਲਾ ਸੁਲਝਾਉਣ ਵਾਲੇ ਇਨ੍ਹਾਂ ਪੁਲਿਸ ਅਫਸਰਾਂ ਦਾ ਕਿਧਰੇ ਮੁੱਲ ਨਹੀਂ ਪਿਆ। ਜਦੋਂ ਗੈਂਗਸਟਰ ਵਿੱਕੀ ਗੌਂਡਰ ਨੂੰ ਪੁਲਿਸ ਮੁਕਾਬਲੇ 'ਚ ਮਾਰ ਮੁਕਾਉਣ ਵਾਲਿਆਂ ਨੂੰ ਤਰੱਕੀ ਦਿੱਤੇ ਜਾਣ 'ਤੇ ਕੈਬਨਿਟ ਨੇ ਮੋਹਰ ਲਾਈ ਤਾਂ ਬੇਅਦਬੀ ਮਾਮਲਾ ਨਜਿੱਠਣ ਵਾਲੇ ਪੁਲਿਸ ਅਫਸਰਾਂ ਦੇ ਹੌਸਲੇ ਪਸਤ ਹੋ ਗਏ।

ਚਰਚੇ ਛਿੜ ਗਏ ਹਨ ਕਿ ਕੈਪਟਨ ਸਰਕਾਰ ਲਈ ਬੇਅਦਬੀ ਮਾਮਲੇ ਨਾਲੋਂ ਗੈਂਗਸਟਰ ਵਿੱਕੀ ਗੌਂਡਰ ਦਾ ਕੇਸ ਤਰਜੀਹੀ ਹੈ। ਬੇਅਦਬੀ ਮਾਮਲਾ ਹੱਲ ਹੋਣ ਮਗਰੋਂ ਹੀ ਕੈਪਟਨ ਸਰਕਾਰ ਦੇ ਪੈਰ ਲੱਗਣੇ ਸ਼ੁਰੂ ਹੋਏ ਸਨ। ਜਦੋਂ ਗੈਂਗਸਟਰ ਵਿੱਕੀ ਗੌਂਡਰ ਦਾ ਪੁਲਿਸ ਮੁਕਾਬਲਾ ਹੋਇਆ ਸੀ, ਉਦੋਂ ਪੁਲਿਸ ਮੁਖੀ ਸੁਰੇਸ਼ ਅਰੋੜਾ ਨੇ ਬਕਾਇਦਾ ਚੰਡੀਗੜ੍ਹ ਵਿਚ ਪ੍ਰੈਸ ਕਾਨਫਰੰਸ ਕਰ ਕੇ ਇਸ ਨੂੰ ਪੁਲੀਸ ਦੀ ਵੱਡੀ ਪ੍ਰਾਪਤੀ ਵਜੋਂ ਉਭਾਰਿਆ ਸੀ। ਜਦੋਂ ਬੇਅਦਬੀ ਮਾਮਲਾ ਹੱਲ ਹੋਇਆ ਤਾਂ ਉਦੋਂ ਮੁੱਖ ਮੰਤਰੀ ਪੰਜਾਬ ਅਤੇ ਡੀ.ਜੀ.ਪੀ. ਨੇ ਕੋਈ ਪ੍ਰੈੱਸ ਕਾਨਫਰੰਸ ਦੀ ਥਾਂ 'ਤੇ ਚੁੱਪ ਹੀ ਵੱਟ ਲਈ ਸੀ। ਉਦੋਂ ਚਰਚੇ ਛਿੜੇ ਸਨ ਕਿ ਕੈਪਟਨ ਸਰਕਾਰ ਡੇਰਾ ਸਿਰਸਾ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੀ ਹੈ। ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਸਿੱਟ) ਤਰਫੋਂ ਬੇਅਦਬੀ ਮਾਮਲੇ ਨੂੰ ਹੱਲ ਕੀਤਾ ਗਿਆ ਹੈ, ਜਿਸ ਦੇ ਆਧਾਰ 'ਤੇ ਹਾਕਮ ਧਿਰ ਵਿਰੋਧੀਆਂ ਦੀ ਸਿਆਸੀ ਘੇਰਾਬੰਦੀ ਵੀ ਕਰ ਰਹੀ ਹੈ।



ਪੰਜਾਬ ਪੁਲਿਸ ਦੇ ਮੁਖੀ ਸੁਰੇਸ਼ ਅਰੋੜਾ ਨੇ ਬੇਅਦਬੀ ਮਾਮਲਾ ਹੱਲ ਹੋਣ ਮਗਰੋਂ ਸਿੱਟ ਦੇ ਮੈਂਬਰ ਡੀ.ਐਸ.ਪੀ. ਸੁਲੱਖਣ ਸਿੰਘ ਨੂੰ ਐਸ.ਪੀ. ਵਜੋਂ ਤਰੱਕੀ ਦੇਣ ਅਤੇ ਇੰਸਪੈਕਟਰ ਦਲਬੀਰ ਸਿੰਘ ਨੂੰ ਬਤੌਰ ਡੀ.ਐਸ.ਪੀ. ਵਜੋਂ ਤਰੱਕੀ ਦੇਣ ਦੀ ਸਿਫਾਰਸ਼ ਕੀਤੀ ਗਈ ਸੀ। ਸਿੱਟ ਦੇ ਸੀਨੀਅਰ ਮੈਂਬਰ ਐਸ.ਪੀ ਰਜਿੰਦਰ ਸਿੰਘ ਸੋਹਲ ਨੂੰ ਵੀ ਚੰਗੀ ਤਾਇਨਾਤੀ ਦੇਣ ਦੀ ਸਿਫਾਰਸ਼ ਕੀਤੀ ਗਈ ਸੀ। ਇਹੋ ਨਹੀਂ, ਇਸ ਤੋਂ ਪਹਿਲਾਂ ਡੀ.ਜੀ.ਪੀ. ਨੇ ਲੁਧਿਆਣਾ ਵਿਚਲੇ ਟਾਰਗੈਟਿੰਗ ਕਿਲਿੰਗ ਨੂੰ ਸੁਲਝਾਉਣ ਦੇ ਕੇਸ ਵਿਚ ਵੀ ਇੰਸਪੈਕਟਰ ਦਲਬੀਰ ਸਿੰਘ ਨੂੰ ਤਰੱਕੀ ਦੇਣ ਦੀ ਸਿਫਾਰਸ਼ ਕੀਤੀ ਸੀ। ਹੁਣ ਮੌੜ ਬੰਬ ਧਮਾਕੇ ਦੀ ਜਾਂਚ ਦਾ ਤਫਤੀਸ਼ੀ ਅਫਸਰ ਵੀ ਇੰਸਪੈਕਟਰ ਦਲਬੀਰ ਸਿੰਘ ਹੈ। ਦੱਸਣਯੋਗ ਹੈ ਕਿ ਪੰਜਾਬ ਵਜ਼ਾਰਤ ਨੇ ਗੈਂਗਸਟਰ ਵਿੱਕੀ ਗੌਂਡਰ ਦੇ ਪੁਲਿਸ ਮੁਕਾਬਲੇ ਦੀ ਅਗਵਾਈ ਕਰਨ ਵਾਲੇ ਇੰਸਪੈਕਟਰ ਬਿਕਰਮ ਸਿੰਘ ਬਰਾੜ ਨੂੰ ਡੀ.ਐਸ.ਪੀ. ਵਜੋਂ ਤਰੱਕੀ ਦਿੱਤੀ ਗਈ ਹੈ।

ਪੁਲਿਸ ਅਫਸਰ ਆਖਦੇ ਹਨ ਕਿ ਉਨ੍ਹਾਂ ਨੂੰ ਕਿਸੇ ਦੀ ਤਰੱਕੀ ਤੇ ਕੋਈ ਇਤਰਾਜ਼ ਨਹੀਂ ਹੈ ਪਰ ਜੋ ਵੱਡੇ ਮਾਮਲੇ ਸਨ, ਉਨ੍ਹਾਂ ਨੂੰ ਨਜਿੱਠਣ ਵਾਲੇ ਅਫਸਰਾਂ ਦਾ ਸਰਕਾਰ ਨੇ ਕੌਡੀ ਮੁੱਲ ਨਹੀਂ ਪਾਇਆ। ਸਿੱਟ ਨੇ ਬਰਗਾੜੀ ਮਾਮਲੇ 'ਚ 11 ਡੇਰਾ ਪੈਰੋਕਾਰਾਂ ਨੂੰ 9 ਜੂਨ 2018 ਨੂੰ ਗ੍ਰਿਫਤਾਰ ਕੀਤਾ ਸੀ ਅਤੇ 11 ਜੂਨ ਨੂੰ ਮੋਗਾ ਦੀ ਅਦਾਲਤ ਵਿਚ ਪੇਸ਼ ਕਰ ਦਿੱਤਾ ਸੀ। ਸਿੱਟ ਨੇ 12 ਜੂਨ ਨੂੰ ਬੇਅਦਬੀ ਮਾਮਲਾ ਨਜਿੱਠ ਲੈਣ ਦੀ ਰਿਪੋਰਟ ਜਸਟਿਸ ਰਣਜੀਤ ਸਿੰਘ ਕਮਿਸ਼ਨ, ਡੀ.ਜੀ.ਪੀ. ਪੰਜਾਬ ਅਤੇ ਸੀ.ਬੀ.ਆਈ. ਨੂੰ ਭੇਜ ਦਿੱਤੀ ਸੀ। ਉਸ ਮਗਰੋਂ ਹੀ ਸੀ.ਬੀ.ਆਈ. ਨੇ ਆਪਣੀ ਪੜਤਾਲ ਵਿੱਢੀ ਸੀ।

# ਚੀਫ ਖਾਲਸਾ ਦੀਵਾਨ ਦੀਆਂ ਚੋਣਾਂ ਲਈ ਸਰਗਰਮੀਆਂ ਤੇਜ਼

**ਅੰਮ੍ਰਿਤਸਰ:** ਚੀਫ ਖਾਲਸਾ ਦੀਵਾਨ ਦੀਆਂ ਆਮ ਚੋਣਾਂ ਦੋ ਦਸੰਬਰ ਨੂੰ ਹੋਣਗੀਆਂ। ਇਹ ਫੈਸਲਾ ਇਥੇ ਦੀਵਾਨ ਦੀ ਕਾਰਜਸਾਧਕ ਕਮੇਟੀ ਦੀ ਹੋਈ ਮੀਟਿੰਗ ਦੌਰਾਨ ਕੀਤਾ ਗਿਆ ਹੈ। ਦੀਵਾਨ ਦੀ ਕਾਰਜਸਾਧਕ ਕਮੇਟੀ ਦੀ ਮੀਟਿੰਗ ਵਿਚ ਜਨਰਲ ਚੋਣਾਂ ਦੀ ਤਰੀਕ ਨਿਯਤ ਕਰਨ, ਰਿਟਰਨਿੰਗ ਅਧਿਕਾਰੀ ਨਿਯੁਕਤ ਕਰਨ ਅਤੇ ਮੈਂਬਰਾਂ ਦੀਆਂ ਸੂਚੀਆਂ ਦੀ ਸੋਧ ਕਰਨ ਦੇ ਏਜੰਡੇ ਨੂੰ ਲੈ ਕੇ ਵਿਚਾਰ ਚਰਚਾ ਕੀਤੀ ਗਈ ਹੈ। ਮੀਟਿੰਗ ਦੇ ਵੇਰਵੇ ਜਾਰੀ ਕਰਦਿਆਂ ਦੀਵਾਨ ਦੇ ਆਨਰੇਰੀ ਸਕੱਤਰ ਨਰਿੰਦਰ ਸਿੰਘ ਖੁਰਾਣਾ ਨੇ ਦੱਸਿਆ ਕਿ ਜਨਰਲ ਚੋਣਾਂ 2 ਦਸੰਬਰ ਨੂੰ ਹੋਣਗੀਆਂ।

ਇਨ੍ਹਾਂ ਚੋਣਾਂ ਵਿਚ ਮੈਂਬਰਾਂ ਵੱਲੋਂ ਦੀਵਾਨ ਦੇ ਪ੍ਰਧਾਨ, ਦੋ ਮੀਤ ਪ੍ਰਧਾਨ, ਇਕ ਸਥਾਨਕ ਪ੍ਰਧਾਨ ਅਤੇ ਦੋ ਆਨਰੇਰੀ ਸਕੱਤਰਾਂ ਦੀ ਚੋਣ ਲਈ ਵੋਟਾਂ ਪਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਮੀਟਿੰਗ ਦੌਰਾਨ ਜਨਰਲ ਚੋਣਾਂ ਵਾਸਤੇ ਬਹੁ ਸੰਮਤੀ ਨਾਲ ਤਿੰਨ ਰਿਟਰਨਿੰਗ ਅਧਿਕਾਰੀ ਵੀ ਨਿਯੁਕਤ ਕੀਤੇ ਗਏ ਹਨ, ਜਿਨ੍ਹਾਂ ਵਿਚ ਇਕਬਾਲ ਸਿੰਘ ਲਾਲਪੁਰਾ, ਪ੍ਰੋ. ਬਲਜਿੰਦਰ ਸਿੰਘ ਅਤੇ ਸਵਿੰਦਰ ਸਿੰਘ ਕੱਥੂਨੰਗਲ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਚੀਫ ਖਾਲਸਾ ਦੀਵਾਨ ਦੇ ਮੈਂਬਰਾਂ ਦੀਆਂ ਸੂਚੀਆਂ ਵਿਚ ਸੋਧ ਕਰਨ ਅਤੇ ਘੋਖ ਪੜਤਾਲ ਲਈ ਨਿਯੁਕਤ ਕੀਤੇ ਰਿਟਰਨਿੰਗ ਅਧਿਕਾਰੀਆਂ ਵੱਲੋਂ ਵੀ ਜਲਦੀ ਹੀ ਇਸ ਸਬੰਧੀ ਮੀਟਿੰਗ ਸੱਦੀ ਜਾਵੇਗੀ।

ਦੀਵਾਨ ਦੇ ਜਨਰਲ ਹਾਊਸ ਦੀ ਮਿਆਦ 2019 ਵਿਚ ਪੂਰੀ ਹੋ ਰਹੀ ਹੈ। ਪਰ ਹਾਲ ਹੀ ਵਿਚ ਪ੍ਰਧਾਨਗੀ ਦੇ ਅਹੁਦੇ ਲਈ ਪੈਦਾ ਹੋਏ ਸੰਕਟ ਦੌਰਾਨ ਕਾਰਜਸਾਧਕ ਕਮੇਟੀ ਅਤੇ ਜਨਰਲ ਹਾਊਸ ਦੀ ਮੀਟਿੰਗ ਵਿਚ ਮੁੜ ਸਿਰਫ ਪ੍ਰਧਾਨ ਦੇ ਅਹੁਦੇ ਦੀ ਚੋਣ ਕਰਾਉਣ ਦੀ ਥਾਂ ਜਨਰਲ ਚੋਣਾਂ ਕਰਾਉਣ ਦਾ ਫੈਸਲਾ ਕੀਤਾ ਗਿਆ ਸੀ।

# ਵਿਲੀਅਮ ਨੌਰਡਹੌਸ ਤੇ ਪੌਲ ਰੋਮਰ ਨੂੰ ਅਰਥਸ਼ਾਸਤਰ ਦਾ ਨੋਬੇਲ

**ਸਟਾਕਹੋਮ:** ਅਮਰੀਕੀ ਅਰਥਸ਼ਾਸਤਰੀਆਂ ਵਿਲੀਅਮ ਨੌਰਡਹੌਸ (77) ਅਤੇ ਪੌਲ ਰੋਮਰ (62) ਨੂੰ ਸਾਂਝੇ ਤੌਰ 'ਤੇ 2018 ਦਾ ਨੋਬੇਲ ਪੁਰਸਕਾਰ ਦੇਣ ਦਾ ਐਲਾਨ ਕੀਤਾ ਗਿਆ ਹੈ। ਦੋਹਾਂ ਨੂੰ ਕਾਢਾਂ ਤੇ ਵਾਤਾਵਰਨ ਨੂੰ ਆਰਥਿਕ ਵਿਕਾਸ ਨਾਲ ਜੋੜਨ ਲਈ ਇਹ ਵੱਕਾਰੀ ਇਨਾਮ ਮਿਲੇਗਾ। ਨੌਰਡਹੌਸ ਯੇਲ ਯੂਨੀਵਰਸਿਟੀ 'ਚ ਪ੍ਰੋਫੈਸਰ ਹਨ ਜਦਕਿ ਰੋਮਰ ਵਿਸ਼ਵ ਬੈਂਕ ਦੇ ਸਾਬਕਾ ਮੁੱਖ ਅਰਥਸ਼ਾਸਤਰੀ ਹਨ ਅਤੇ ਇਸ ਵੇਲੇ ਉਹ ਨਿਊ ਯਾਰਕ ਯੂਨੀਵਰਸਿਟੀ ਦੇ ਸਟਰਨ ਸਕੂਲ ਆਫ ਬਿਜ਼ਨਸ ਨਾਲ ਜੁੜੇ ਹੋਏ ਹਨ। ਰਾਇਲ ਸਵੀਡਿਸ਼ ਅਕੈਡਮੀ ਆਫ ਸਾਇੰਸਿਜ਼ ਨੇ ਬਿਆਨ ਜਾਰੀ ਕਰਕੇ ਕਿਹਾ,"ਦੋਹਾਂ ਨੇ ਮੌਜੂਦਾ ਸਮੇਂ ਦੇ ਮੂਲ ਸਵਾਲ ਕਿ ਲੰਬੇ ਸਮੇਂ ਦੇ ਅਤੇ ਸਥਾਈ ਵਿਕਾਸ ਨੂੰ ਹੱਲ ਕਰਨ ਸਬੰਧੀ ਵਿਚਾਰ ਪੇਸ਼ ਕੀਤੇ ਹਨ।" ਇਨ੍ਹਾਂ ਅਰਥਸ਼ਾਸਤਰੀਆਂ ਨੇ ਮਾਡਲ ਬਣਾ ਕੇ ਦੱਸਿਆ ਹੈ ਕਿ ਕਿਵੇਂ ਅਰਥਚਾਰਾ ਕੁਦਰਤ ਅਤੇ ਗਿਆਨ ਨਾਲ ਸੰਪਰਕ ਬਣਾਉਂਦਾ ਹੈ।

ਦੋਵੇਂ ਅਰਥਸ਼ਾਸਤਰੀ ਪਿਛਲੇ ਕੁਝ ਸਾਲਾਂ ਤੋਂ ਨੋਬੇਲ ਪੁਰਸਕਾਰ ਦੀ ਦੌੜ 'ਚ ਸਨ। ਦੋਹਾਂ ਨੂੰ ਸਾਂਝੇ ਤੌਰ 'ਤੇ 90 ਲੱਖ ਸਵੀਡਿਸ਼ ਕ੍ਰੋਨਰ (860000 ਯੂਰੋ) ਦਾ ਇਨਾਮ ਮਿਲੇਗਾ। ਇਸ ਦੇ ਨਾਲ 2018 ਦੇ ਸਾਰੇ ਨੋਬੇਲ ਪੁਰਸਕਾਰਾਂ ਦਾ ਐਲਾਨ ਹੋ ਚੁੱਕਿਆ ਹੈ। ਜ਼ਿਕਰਯੋਗ ਹੈ ਕਿ ਬਲਾਤਕਾਰ ਦੇ ਦੋਸ਼ ਸਾਹਮਣੇ ਆਉਣ ਮਗਰੋਂ ਇਸ ਸਾਲ ਸਾਹਿਤ ਦੇ ਨੋਬੇਲ ਨੂੰ ਇਕ ਸਾਲ ਲਈ ਮੁਲਤਵੀ ਕੀਤਾ ਗਿਆ ਹੈ।

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਡਰੱਗ ਤਸਕਰੀ: ਸਾਬਕਾ ਮੰਤਰੀ ਫਿਲੌਰ ਸਣੇ 12 ਖਿਲਾਫ ਦੋਸ਼ ਤੈਅ


**ਮੁਹਾਲੀ:** ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਪੰਜਾਬ ਦੇ ਬਹੁ-ਚਰਚਿਤ ਡਰੱਗ ਤਸਕਰੀ ਮਾਮਲੇ ਵਿਚ ਸਾਬਕਾ ਅਕਾਲੀ ਮੰਤਰੀ ਸਰਵਣ ਸਿੰਘ ਫਿਲੌਰ ਅਤੇ ਉਸ ਦੇ ਬੇਟੇ ਦਮਨਵੀਰ ਸਿੰਘ ਫਿਲੌਰ, ਸਾਬਕਾ ਮੁੱਖ ਸੰਸਦੀ ਸਕੱਤਰ ਅਵਿਨਾਸ਼ ਚੰਦਰ, ਪਰਮਜੀਤ ਸਿੰਘ ਚਾਹਲ, ਜਗਜੀਤ ਸਿੰਘ ਚਾਹਲ, ਉਸ ਦੀ ਪਤਨੀ ਇੰਦਰਜੀਤ ਕੌਰ ਚਾਹਲ, ਦਵਿੰਦਰ ਕਾਂਤ ਸ਼ਰਮਾ, ਸਚਿਨ ਸਰਦਾਨਾ, ਉਸ ਦੀ ਪਤਨੀ ਰਸ਼ਮੀ ਸਰਦਾਨਾ, ਪਿਤਾ ਸੁਸ਼ੀਲ ਕੁਮਾਰ ਸਰਦਾਨਾ, ਮਾਂ ਕੈਲਾਸ਼ ਸਰਦਾਨਾ ਅਤੇ ਜਸਵਿੰਦਰ ਸਿੰਘ ਖਿਲਾਫ ਦੋਸ਼ ਤੈਅ ਕਰ ਦਿੱਤੇ ਹਨ।

ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਇਨ੍ਹਾਂ ਦੋਸ਼ੀਆਂ ਨੂੰ ਭੋਲਾ ਕੇਸ ਵਿਚ ਵੱਖਰੇ ਤੌਰ 'ਤੇ ਨਾਮਜ਼ਦ ਕੀਤਾ ਗਿਆ ਸੀ ਅਤੇ ਇਸ ਮਾਮਲੇ ਦੀ ਸੁਣਵਾਈ ਮੁਹਾਲੀ ਸਥਿਤ ਸੀ.ਬੀ.ਆਈ. ਅਦਾਲਤ ਵਿਚ ਚੱਲ ਰਹੀ ਸੀ। ਸੁਣਵਾਈ ਦੌਰਾਨ ਈ.ਡੀ. ਦੇ ਵਕੀਲ ਜਗਜੀਤ ਸਿੰਘ ਸਰਾਓ ਵੀ ਹਾਜ਼ਰ ਸਨ। ਅਦਾਲਤ ਨੇ ਕੇਸ ਦੀ ਅਗਲੀ ਸੁਣਵਾਈ ਲਈ 23 ਅਕਤੂਬਰ ਦੀ ਮਿਤੀ ਨਿਰਧਾਰਤ ਕੀਤੀ ਹੈ। ਇਸ ਤਰੀਕ ਉਤੇ ਅਦਾਲਤ ਨੇ ਕਰੀਬ 100 ਸਰਕਾਰੀ ਗਵਾਹਾਂ ਵਿਚੋਂ 2 ਗਵਾਹਾਂ ਨੂੰ ਆਪਣੇ ਬਿਆਨ ਦਰਜ ਕਰਵਾਉਣ ਲਈ ਸੰਮਨ ਜਾਰੀ ਕੀਤੇ ਹਨ।

ਈ.ਡੀ. ਵੱਲੋਂ ਸਾਬਕਾ ਮੰਤਰੀ ਸਰਵਣ ਸਿੰਘ ਫਿਲੌਰ 'ਤੇ ਦੋਸ਼ ਲਾਇਆ ਗਿਆ ਸੀ ਕਿ ਗੁਰਮੇਜ ਸਿੰਘ ਉਰਫ ਗਾਬਾ ਕੋਲੋਂ ਮਿਲੀ ਡਾਇਰੀ ਵਿਚ ਸਰਵਣ ਸਿੰਘ ਫਿਲੌਰ ਦੀ ਚੋਣ 'ਤੇ ਕੀਤੇ ਖਰਚ ਦਾ ਬਿਊਰਾ ਦਰਜ ਸੀ। ਜਦੋਂਕਿ ਡਰੱਗ ਕੇਸ ਵਿਚ ਗ੍ਰਿਫਤਾਰ ਵਰਿੰਦਰ ਰਾਜਾ ਨੇ ਪੁੱਛਗਿੱਛ ਦੌਰਾਨ ਪੁਲਿਸ ਕੋਲ ਸਾਬਕਾ ਮੰਤਰੀ ਦੇ ਬੇਟੇ ਦਮਨਵੀਰ ਸਿੰਘ ਦਾ ਨਾਂ ਲਿਆ ਸੀ ਕਿ ਉਸ ਨੇ ਦਮਨਵੀਰ ਨੂੰ ਗੁਰਜੀਤ ਗਾਬਾ ਨਾਲ ਮਿਲਾਇਆ ਸੀ। ਗੁਰਜੀਤ ਗਾਬਾ ਅਤੇ ਗੁਰਮੇਜ ਗਾਬਾ ਦੋਵੇਂ ਭਰਾ ਹਨ। ਸਾਬਕਾ ਸੰਸਦ ਸਕੱਤਰ ਅਵਿਨਾਸ਼ ਚੰਦਰ 'ਤੇ ਦੋਸ਼ ਹੈ ਕਿ ਗੁਰਮੇਜ ਗਾਬਾ ਕੋਲੋਂ ਮਿਲੀ ਡਾਇਰੀ ਵਿਚ ਚੋਣ ਵਿਚ ਖਰਚ ਕੀਤੇ ਪੈਸਿਆਂ ਤੋਂ ਇਲਾਵਾ ਹੋਰ ਖਰਚੇ ਦਾ ਹਿਸਾਬ ਕਿਤਾਬ ਲਿਖਿਆ ਹੋਇਆ ਮਿਲਿਆ ਹੈ। ਇਸ ਤਰ੍ਹਾਂ ਹੀ ਇੰਦਰਜੀਤ ਕੌਰ 'ਤੇ ਉਸ ਦੇ ਪਤੀ ਉੱਤੇ ਬੇਨਾਮੀ ਸੰਪਤੀ ਦੀ ਖਰੀਦਣ ਦਾ ਦੋਸ਼ ਹੈ।

## ਸ਼ਾਇਰ ਗੁਰਚਰਨ ਰਾਮਪੁਰੀ ਦਾ ਦੇਹਾਂਤ

**ਚੰਡੀਗੜ੍ਹ:** ਕੈਨੇਡਾ ਵਿਚ ਸਾਹਿਤਕ ਲਹਿਰ ਖੜ੍ਹੀ ਕਰਨ ਵਾਲੇ ਸ਼ਾਇਰ ਗੁਰਚਰਨ ਰਾਮਪੁਰੀ ਦਾ ਦੇਹਾਂਤ ਹੋ ਗਿਆ। ਸਾਲ 1929 ਵਿਚ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਰਾਮਪੁਰ ਵਿਚ ਜੰਮੇ ਗੁਰਚਰਨ ਰਾਮਪੁਰੀ ਨੇ ਸ਼ਹਿਰ



ਕੋਕਿਟਲਮ (ਵੈਨਕੂਵਰ) ਸਥਿਤ ਆਪਣੀ ਰਿਹਾਇਸ਼ 'ਤੇ ਆਖਰੀ ਸਾਹ ਲਿਆ।

ਗੁਰਚਰਨ ਰਾਮਪੁਰੀ ਪੰਜਾਬ ਵਿਚ ਵੀਹਵੀਂ ਸਦੀ ਦੇ ਪੰਜਵੇਂ ਦਹਾਕੇ 'ਚ ਹਰਮਨ ਪਿਆਰਾ ਹੋਇਆ। ਉਹ ਅਮਨ ਲਹਿਰ ਦੇ ਪ੍ਰਮੁੱਖ ਕਵੀਆਂ ਵਿਚੋਂ ਸੀ। ਉਨ੍ਹਾਂ ਦੀ ਪਲੇਠੀ ਰਚਨਾ 'ਕਣਕਾਂ ਦੀ ਖੁਸ਼ਬੋ' ਸੀ ਅਤੇ ਅੰਤਲੀ ਕਾਵਿ ਪੁਸਤਕ 'ਅੱਜ ਤੋਂ ਆਰੰਭ ਤੱਕ'। ਗੁਰਚਰਨ ਰਾਮਪੁਰੀ ਆਪਣੇ ਦੋਸਤਾਂ, ਮਿੱਤਰਾਂ ਤੇ ਪਾਠਕਾਂ ਵਿਚ ਮਿੱਠੀ ਬੋਲੀ ਅਤੇ ਮੰਚ 'ਤੇ ਧੀਮੀ ਹੇਕ ਨਾਲ ਗਾਏ ਗੀਤਾਂ ਤੇ ਗਜ਼ਲਾਂ ਕਰ ਕੇ ਪੰਜਾਬ ਦੇ ਸ਼ਹਿਰਾਂ ਅਤੇ ਪਿੰਡਾਂ ਵਿਚ ਹਰਮਨ ਪਿਆਰਾ ਹੋਇਆ।

# ਕੇਂਦਰ ਵੱਲੋਂ 29,695 ਕਰੋੜ ਦੇ ਕਰਜ਼ੇ ਦੀ ਪ੍ਰਵਾਨਗੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਿੱਜੀ ਦਖਲ ਤੋਂ ਬਾਅਦ ਕੇਂਦਰ ਨੇ 2018-19 ਦੇ ਮੰਡੀ ਸੀਜ਼ਨ ਲਈ ਸੂਬੇ ਨੂੰ ਝੋਨੇ ਦੀ ਖਰੀਦ ਲਈ ਲੋੜੀਂਦੇ 40300 ਕਰੋੜ ਰੁਪਏ ਵਿਚੋਂ 29695.40 ਕਰੋੜ ਰੁਪਏ ਦੇ ਨਗਦ ਹੱਦ ਕਰਜ਼ੇ (ਸੀ.ਸੀ.ਐਲ) ਦੀ ਪ੍ਰਵਾਨਗੀ ਦੇ ਦਿੱਤੀ ਹੈ। ਬਕਾਇਆ 10604.60 ਕਰੋੜ ਰੁਪਏ ਦੀ ਕਿਸ਼ਤ ਬਾਅਦ ਵਿਚ ਜਾਰੀ ਕੀਤੀ ਜਾਵੇਗੀ।

ਜਾਣਕਾਰੀ ਮਿਲੀ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਦੀਆਂ ਸਾਰੀਆਂ ਖਰੀਦ ਏਜੰਸੀਆਂ ਨੂੰ ਝੋਨੇ ਦੀ ਚੁਕਾਈ ਨੂੰ ਯਕੀਨੀ ਬਣਾਉਣ ਅਤੇ ਕਿਸਾਨਾਂ ਨੂੰ ਸਮੇਂ ਸਿਰ ਭੁਗਤਾਨ ਕਰਨ ਵਾਸਤੇ ਤੁਰਤ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ ਹਨ।

ਸੂਬਾ ਸਰਕਾਰ ਨੇ ਮੰਡੀਆਂ ਵਿਚ ਆਉਣ ਵਾਲੇ ਅੰਦਾਜ਼ਨ 200 ਲੱਖ ਮੀਟਰਿਕ ਟਨ ਝੋਨੇ ਦੀ ਖਰੀਦ ਲਈ ਲੋੜੀਂਦੇ ਪ੍ਰਬੰਧ ਕੀਤੇ ਹੋਏ ਹਨ। ਮੁੱਖ ਮੰਤਰੀ ਨੇ ਕਿਸਾਨਾਂ ਦਾ ਇਕ-ਇਕ ਦਾਣਾ ਚੁੱਕਣ ਵਾਸਤੇ ਸਖਤ ਹਦਾਇਤਾਂ ਜਾਰੀ ਕੀਤੀਆਂ ਹਨ। ਸਾਉਣੀ 2017-18 ਦੌਰਾਨ ਕੁੱਲ 179.34 ਲੱਖ ਮੀਟਰਿਕ ਟਨ ਝੋਨਾ ਖਰੀਦਿਆ ਗਿਆ ਸੀ। ਮੌਜੂਦਾ ਸਾਉਣੀ 2018-19 ਦੌਰਾਨ ਸੂਬਾਈ ਏਜੰਸੀਆਂ 190 ਲੱਖ ਮੀਟਰ ਟਨ ਅਤੇ ਐਫ.ਸੀ.ਆਈ. 10 ਲੱਖ ਮੀਟਰਿਕ ਟਨ ਝੋਨਾ ਖਰੀਦੇਗੀ।

# ਆਲਮੀ ਬੈਂਕ ਨੇ ਕਈ ਭਾਰਤੀ ਕੰਪਨੀਆਂ 'ਤੇ ਰੋਕ ਲਾਈ

**ਵਾਸ਼ਿੰਗਟਨ:** ਆਲਮੀ ਬੈਂਕ ਨੇ ਕਈ ਭਾਰਤੀ ਕੰਪਨੀਆਂ ਤੇ ਕੁਝ ਭਾਰਤੀਆਂ ਨੂੰ ਆਲਮੀ ਪੱਧਰ 'ਤੇ ਚਲਦੇ ਆਪਣੇ ਕਈ ਪ੍ਰੋਜੈਕਟਾਂ ਤੋਂ ਲਾਂਭੇ ਕਰ ਦਿੱਤਾ ਹੈ। ਕਰਜ਼ਾ ਦੇਣ ਵਾਲੀ ਇਕ ਬਹੁਪੱਖੀ ਏਜੰਸੀ ਨੇ ਇਹ ਦਾਅਵਾ ਆਪਣੀ ਇਕ ਰਿਪੋਰਟ 'ਚ ਕੀਤਾ ਹੈ, ਜੋ ਕਿ ਦਾਨ ਦੇਣ ਵਾਲੇ ਵਸੀਲਿਆਂ ਨੂੰ ਸੁਰੱਖਿਅਤ ਰੱਖਣ ਤੇ ਭ੍ਰਿਸ਼ਟਾਚਾਰ ਖਿਲਾਫ ਵਿੱਢੀ ਲੜਾਈ ਦੇ ਯਤਨਾਂ ਨੂੰ ਮੁੱਖ ਰੱਖ ਕੇ ਤਿਆਰ ਕੀਤੀ ਗਈ ਹੈ।

ਸਾਲ 2018 ਦੀ ਇਸ ਸਾਲਾਨਾ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਆਲਮੀ ਬੈਂਕ ਨੇ ਓਲਿਵ ਹੈੱਲਥ ਕੇਅਰ ਤੇ ਜੈ ਮੋਦੀ ਨੂੰ ਉਨ੍ਹਾਂ ਦੀ ਭ੍ਰਿਸ਼ਟ ਤੇ ਧੋਖਾਧੜੀ ਵਾਲੀਆਂ ਮਸ਼ਕਾਂ ਕਰ ਕੇ ਆਪਣੇ ਕਈ ਪ੍ਰੋਜੈਕਟਾਂ ਤੋਂ ਪਾਸੇ ਕਰ ਦਿੱਤਾ ਹੈ। ਉਹ ਬੰਗਲਾਦੇਸ਼ ਵਿਚ ਆਲਮੀ ਬੈਂਕ ਦੇ ਇਕ ਪ੍ਰੋਜੈਕਟ 'ਤੇ ਕੰਮ ਕਰ ਰਹੇ ਸਨ। ਓਲਿਵ ਹੈੱਲਥ ਉਤੇ ਜਿਥੇ ਸਾਢੇ ਦਸ ਸਾਲ ਦੀ ਪਾਬੰਦੀ ਆਇਦ ਕੀਤੀ ਗਈ ਹੈ, ਉਥੇ ਮੋਦੀ ਨੂੰ ਸਾਢੇ ਸੱਤ ਸਾਲਾਂ ਲਈ ਪ੍ਰੋਜੈਕਟ ਤੋਂ ਦੂਰ ਕਰ ਦਿੱਤਾ ਗਿਆ ਹੈ। ਉਂਜ ਆਲਮੀ ਬੈਂਕ ਨੇ ਕੁੱਲ ਮਿਲਾ ਕੇ 78 ਕੰਪਨੀਆਂ ਤੇ ਬੰਦਿਆਂ ਨੂੰ ਪ੍ਰੋਜੈਕਟਾਂ ਤੋਂ ਲਾਂਭੇ ਕੀਤਾ ਹੈ।

ਭਾਰਤ ਅਧਾਰਿਤ ਐਂਜੇਲਿਕ ਇੰਟਰਨੈਸ਼ਨਲ ਲਿਮਟਿਡ 'ਤੇ ਧੋਖਾਧੜੀ ਤੇ ਭ੍ਰਿਸ਼ਟ ਸਰਗਰਮੀਆਂ ਦੇ ਚਲਦਿਆਂ ਸਾਢੇ ਚਾਰ ਸਾਲਾਂ ਲਈ ਰੋਕ ਲਾਈ ਗਈ ਹੈ। ਕੰਪਨੀ ਇਥੋਪੀਆ ਤੇ ਨੇਪਾਲ ਵਿਚ ਆਲਮੀ ਬੈਂਕ ਦੇ ਪ੍ਰੋਜੈਕਟ ਨਾਲ ਜੁੜੀ ਹੋਈ ਸੀ। ਅਜਿਹੇ ਹੀ ਦੋਸ਼ਾਂ ਤਹਿਤ ਅਰਜਨਟੀਨਾ ਤੇ ਬੰਗਲਾਦੇਸ਼ ਵਿਚ ਪ੍ਰੋਜੈਕਟਾਂ ਦੀ ਨਿਗਰਾਨੀ ਕਰ ਰਹੀ ਫੈਮਿਲੀ ਕੇਅਰ ਨੂੰ ਚਾਰ ਸਾਲਾਂ ਲਈ ਪ੍ਰੋਜੈਕਟਾਂ ਤੋਂ ਲਾਂਭੇ ਕੀਤਾ ਗਿਆ ਹੈ।

# ਸ਼ਾਹਬਾਜ਼ ਸ਼ਰੀਫ ਭ੍ਰਿਸ਼ਟਾਚਾਰ ਦੇ ਦੋਸ਼ਾਂ 'ਚ ਗ੍ਰਿਫਤਾਰ

**ਲਾਹੌਰ:** ਲਹਿੰਦੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ, ਪਾਕਿਸਤਾਨ 'ਚ ਵਿਰੋਧੀ ਧਿਰ ਦੇ ਆਗੂ ਅਤੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੇ ਛੋਟੇ ਭਰਾ ਸ਼ਾਹਬਾਜ਼ ਸ਼ਰੀਫ (67) ਨੂੰ ਭ੍ਰਿਸ਼ਟਾਚਾਰ ਦੇ ਦੋ ਕੇਸਾਂ 'ਚ ਸ਼ਮੂਲੀਅਤ ਲਈ ਗ੍ਰਿਫਤਾਰ ਕਰ ਲਿਆ ਗਿਆ। ਕੌਮੀ ਜਵਾਬਦੇਹੀ ਬਿਊਰੋ ਦੇ ਤਰਜਮਾਨ ਨਵਾਜ਼ਿਸ਼ ਅਲੀ ਅਸੀਮ ਨੇ ਦੱਸਿਆ ਕਿ ਸ਼ਾਹਬਾਜ਼ ਸ਼ਰੀਫ ਬਿਊਰੋ ਦੀ ਲਾਹੌਰ 'ਚ ਜਾਂਚ ਟੀਮ ਮੂਹਰੇ ਪੇਸ਼ ਹੋਇਆ ਸੀ।

'ਆਸ਼ਿਆਨਾ ਹਾਊਸਿੰਗ ਸਕੀਮ ਅਤੇ ਪੰਜਾਬ ਸਾਫ ਪਾਣੀ ਕੰਪਨੀ 'ਚ ਉਸ ਨੇ ਨਿਯਮਾਂ ਦੀ ਉਲੰਘਣਾ ਕਰਦਿਆਂ ਆਪਣੀਆਂ ਚਹੇਤੀਆਂ ਕੰਪਨੀਆਂ ਨੂੰ ਠੇਕੇ ਦਿੱਤੇ। ਉਹ ਜਾਂਚਕਾਰਾਂ ਨੂੰ ਇਸ ਸਬੰਧੀ ਕੋਈ ਸਪੱਸ਼ਟ ਜਵਾਬ ਦੇਣ 'ਚ ਨਾਕਾਮ ਰਿਹਾ ਜਿਸ ਮਗਰੋਂ ਸ਼ਾਹਬਾਜ਼ ਨੂੰ ਗ੍ਰਿਫਤਾਰ ਕਰ ਲਿਆ ਗਿਆ।' ਉਸ 'ਤੇ ਆਸ਼ਿਆਨਾ ਹਾਊਸਿੰਗ ਪ੍ਰੋਜੈਕਟ 'ਚ 14 ਅਰਬ ਰੁਪਏ ਅਤੇ ਪੰਜਾਬ ਸਾਫ ਪਾਣੀ ਕੰਪਨੀ 'ਚ ਚਾਰ ਅਰਬ ਰੁਪਏ ਦਾ ਘੁਟਾਲਾ ਕਰਨ ਦਾ ਦੋਸ਼ ਹੈ।

## ਦਿੱਲੀ ਨੂੰ ਪੂਰੇ ਰਾਜ ਦਾ ਦਰਜਾ ਦੇਣ ਸਬੰਧੀ ਪਟੀਸ਼ਨ ਖਾਰਜ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਦਿੱਲੀ ਨੂੰ ਪੂਰੇ ਰਾਜ ਦਾ ਦਰਜਾ ਦੇਣ ਲਈ ਦਾਇਰ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਸੰਵਿਧਾਨਕ ਬੈਂਚ ਦੇ ਫੈਸਲੇ ਦੇ ਬਾਅਦ ਇਹ ਬੇਮਾਅਨਾ ਹੋ ਗਈ ਹੈ।

# ਬਰਗਾੜੀ ਮੋਰਚੇ ਨੇ ਦਿੱਤੇ ਨਵੀਂ ਸਿਆਸੀ ਸਫਬੰਦੀ ਦੇ ਸੰਕੇਤ

*(ਸਫਾ ਇਕ ਦੀ ਬਾਕੀ)*

ਮਜਬੂਰ ਕਰ ਦਿੱਤਾ ਹੈ। ਇਹ ਵੀ ਚਰਚਾ ਹੈ ਕਿ ਕੁਝ ਨੇਤਾ 7 ਅਕਤੂਬਰ ਦੀ ਪਟਿਆਲਾ ਰੈਲੀ ਤੱਕ ਚੁੱਪ ਸਨ ਤੇ ਮਾਝੇ ਦੇ ਨੇਤਾਵਾਂ ਵੱਲੋਂ ਵੀ ਕੁਝ ਦਿਨਾਂ ਦੌਰਾਨ ਅਹਿਮ ਫੈਸਲੇ ਲਏ ਜਾਣ ਦੇ ਆਸਾਰ ਹਨ। ਸੁਖਦੇਵ ਸਿੰਘ ਢੀਂਡਸਾ ਵੱਲੋਂ ਪਹਿਲਾਂ ਹੀ ਸਕੱਤਰ ਜਨਰਲ ਅਤੇ ਹੋਰਨਾਂ ਅਹੁਦਿਆਂ ਤੋਂ ਅਸਤੀਫਾ ਦਿੱਤਾ ਜਾ ਚੁੱਕਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਦਾ ਮੰਨਣਾ ਹੈ ਕਿ ਸੁਖਬੀਰ ਸਿੰਘ ਬਾਦਲ ਅਤੇ ਸੀਨੀਅਰ ਨੇਤਾਵਾਂ ਦਰਮਿਆਨ ਪੀੜ੍ਹੀ ਪਾੜਾ (ਜੈਨਰੇਸ਼ਨ ਗੈਪ) ਹੋਣ ਕਰ ਕੇ ਵੀ ਲਕੀਰ ਖਿੱਚੀ ਜਾ ਰਹੀ ਹੈ। ਅਕਾਲੀ ਦਲ ਵਲੋਂ ਬੇਅਦਬੀ ਅਤੇ ਗੋਲੀ ਕਾਂਡ ਦੇ ਦੋਸ਼ਾਂ ਨੂੰ ਧੋਣ ਲਈ ਰੈਲੀਆਂ ਦੀ ਮੁਹਿੰਮ ਸ਼ੁਰੂ ਕੀਤੀ ਸੀ, ਜੋ ਕਾਮਯਾਬ ਹੁੰਦੀ ਨਹੀਂ ਦਿਸਦੀ। ਅਕਾਲੀ ਹਲਕਿਆਂ ਦਾ ਮੰਨਣਾ ਹੈ ਕਿ ਆਉਣ ਵਾਲੇ ਦਿਨਾਂ ਦੌਰਾਨ ਅੰਦਰੂਨੀ ਅਤੇ ਬਾਹਰੀ ਸੰਕਟ ਜ਼ਿਆਦਾ ਗੰਭੀਰ ਹੋ ਸਕਦਾ ਹੈ, ਕਿਉਂਕਿ ਪੰਜਾਬ ਦੀ ਰਾਜਨੀਤੀ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਉਸੇ ਘਟਨਾ ਨਾਲ ਜੁੜੇ ਦੋ ਪੁਲਿਸ ਗੋਲੀ ਕਾਂਡਾਂ (ਬਹਿਬਲ ਕਲਾਂ ਅਤੇ ਕੋਟਕਪੂਰਾ) ਦਾ ਸਪਸ਼ਟ ਪਰਛਾਵਾਂ ਦੇਖਿਆ ਜਾ ਸਕਦਾ ਹੈ। 'ਬਰਗਾੜੀ' ਪੰਜਾਬ ਦੇ ਸਿਆਸੀ ਨਕਸ਼ੇ 'ਤੇ ਅਜਿਹੇ ਪਿੰਡ ਵਜੋਂ ਉਭਰ ਕੇ ਸਾਹਮਣੇ ਆਉਣ ਲੱਗਾ ਹੈ, ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰਨਾਂ ਸਿੱਖ ਸੰਸਥਾਵਾਂ ਦਾ ਕੰਟਰੋਲ ਕਰਦੀ ਆ ਰਹੀ 'ਪੰਥਕ ਪਾਰਟੀ' ਲਈ ਡਰਾਉਣਾ ਬਣਦਾ ਜਾ ਰਿਹਾ ਹੈ।

# ਮਜੀਠੀਆ ਨੂੰ ਘੇਰਨ ਵਾਲੇ ਈ.ਡੀ. ਅਧਿਕਾਰੀ ਵੱਲੋਂ ਅਸਤੀਫਾ

*(ਸਫਾ ਇਕ ਦੀ ਬਾਕੀ)*

ਨਿਰੰਜਣ ਸਿੰਘ ਕਰ ਰਹੇ ਸਨ। ਉਨ੍ਹਾਂ ਭੋਲਾ ਡਰੱਗ ਕੇਸ ਦੇ ਜਾਂਚ ਅਧਿਕਾਰੀ ਵਜੋਂ 2013 ਤੋਂ ਲੈ ਕੇ 2016 ਤੱਕ ਕੰਮ ਕੀਤਾ। ਫਿਰ ਉਨ੍ਹਾਂ ਦੀ ਤਰੱਕੀ ਹੋਣ ਕਾਰਨ ਉਨ੍ਹਾਂ ਨੂੰ ਡਿਪਟੀ ਡਾਇਰੈਕਟਰ ਬਣਾ ਦਿੱਤਾ ਗਿਆ ਅਤੇ ਹੁਣ ਉਹ ਇਸ ਜਾਂਚ ਦੀ ਨਿਗਰਾਨੀ ਕਰ ਰਹੇ ਸਨ।

ਨਿਰੰਜਣ ਸਿੰਘ ਨੇ ਜਾਂਚ ਅਧਿਕਾਰੀ ਹੁੰਦਿਆਂ ਇਸ ਕੇਸ ਵਿਚ ਤਤਕਾਲੀ ਅਕਾਲੀ-ਭਾਜਪਾ ਸਰਕਾਰ ਵਿਚ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ 26 ਦਸੰਬਰ, 2014 ਨੂੰ ਆਪਣੇ ਦਫਤਰ 'ਚ ਤਲਬ ਕਰਦਿਆਂ ਉਨ੍ਹਾਂ ਕੋਲੋਂ ਲੰਮੀ ਪੁੱਛ-ਪੜਤਾਲ ਵੀ ਕੀਤੀ।

ਅਕਾਲੀ ਮੰਤਰੀ ਕੋਲੋਂ ਕੀਤੀ ਪੜਤਾਲ ਤੋਂ ਤਿੰਨ ਹਫਤਿਆਂ ਬਾਅਦ ਹੀ 16 ਜਨਵਰੀ 2015 ਨੂੰ ਉਨ੍ਹਾਂ ਦੀ ਬਦਲੀ ਕੋਲਕਾਤਾ ਕਰਦਿਆਂ ਉਨ੍ਹਾਂ ਨੂੰ ਉਥੇ ਸ਼ਾਰਦਾ ਚਿੱਟ ਫੰਡ ਕੇਸ ਦੀ ਜਾਂਚ ਕਰਨ ਲਈ ਕਹਿ ਦਿੱਤਾ ਗਿਆ ਪਰ ਉਹ ਬਦਲੀ ਖਿਲਾਫ਼ ਹਾਈ ਕੋਰਟ ਚਲੇ ਗਏ। ਨਵੰਬਰ 2015 'ਚ ਅਦਾਲਤ ਨੇ ਉਨ੍ਹਾਂ ਦੀ ਬਦਲੀ ਰੱਦ ਕਰ ਦਿੱਤੀ ਗਈ ਸੀ।

ਜ਼ਿਕਰਯੋਗ ਹੈ ਕਿ ਇਸ ਕੇਸ ਵਿਚ ਉਨ੍ਹਾਂ ਨੇ ਕਾਂਗਰਸ ਦੇ ਮੈਂਬਰ ਪਾਰਲੀਮੈਂਟ ਚੌਧਰੀ ਸੰਤੋਖ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਤਤਕਾਲੀ ਵਿਧਾਇਕ ਅਵਿਨਾਸ਼ ਚੰਦਰ, ਸਰਵਣ ਸਿੰਘ ਫਿਲੌਰ ਅਤੇ ਉਨ੍ਹਾਂ ਦੇ ਪੁੱਤਰ ਦਮਨਜੀਤ ਸਿੰਘ, ਗੁਰਾਇਆ ਦੇ ਕਾਰੋਬਾਰੀ ਚੂਨੀ ਲਾਲ ਗਾਬਾ, ਐਨ. ਆਰ. ਆਈ. ਸਭਾ ਦੇ ਪ੍ਰਧਾਨ ਕਮਲਜੀਤ ਸਿੰਘ ਹੇਅਰ, ਵਰਿੰਦਰ ਰਾਜਾ, ਸੁੱਖਾ ਤੇ ਬਿੱਟੂ ਔਲਖ ਸਮੇਤ ਹੋਰ ਵੀ ਕਈਆਂ ਨੂੰ ਤਲਬ ਕੀਤਾ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਗੁਰਵੀਰ ਸਿੰਘ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਸੰਯੁਕਤ ਰਾਸ਼ਟਰ ਮੁਖੀ ਵੱਲੋਂ ਸਿੱਖ ਮਸਲਿਆਂ ਦੇ ਹੱਲ ਦਾ ਭਰੋਸਾ

**ਅੰਮ੍ਰਿਤਸਰ:** ਭਾਰਤ ਦੌਰੇ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਆਏ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟੇਰੇਜ਼ ਨੂੰ ਇਥੇ ਸ਼੍ਰੋਮਣੀ ਕਮੇਟੀ ਨੇ ਅੰਤਰਰਾਸ਼ਟਰੀ ਪੱਧਰ 'ਤੇ ਸਿੱਖਾਂ ਦੇ ਮਨੁੱਖੀ ਹੱਕਾਂ ਨਾਲ ਸਬੰਧਤ ਸਮੱਸਿਆਵਾਂ ਤੋਂ ਜਾਣੂ ਕਰਾਇਆ ਅਤੇ ਜੂਨ 1984 ਵਿਚ ਸ੍ਰੀ ਦਰਬਾਰ ਸਾਹਿਬ ਉਤੇ ਹੋਏ ਫੌਜੀ ਹਮਲੇ ਸਾਕਾ ਨੀਲਾ ਤਾਰਾ ਤੇ ਨਵੰਬਰ 1984 ਸਿੱਖ ਕਤਲੇਆਮ ਮਾਮਲਿਆਂ ਵਿਚ ਨਿਆਂ ਦਿਵਾਉਣ ਦੀ ਅਪੀਲ ਕੀਤੀ ਹੈ।

ਅੰਮ੍ਰਿਤਸਰ ਪੁੱਜੇ ਸਕੱਤਰ ਜਨਰਲ ਨੇ ਲਗਭਗ ਸਵਾ ਘੰਟਾ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਬਿਤਾਇਆ। ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਸਮੇਂ ਉਹ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿਚ ਗਏ, ਜਿਥੇ ਉਨ੍ਹਾਂ ਲੰਗਰ ਛਕਿਆ ਅਤੇ ਲੰਗਰ ਦੀ ਪ੍ਰਥਾ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਪਰਿਕਰਮਾ ਕਰਦਿਆਂ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਇਤਿਹਾਸ ਤੋਂ ਜਾਣੂ ਕਰਾਇਆ ਗਿਆ। ਸਿੱਖ ਰੈਫਰੈਂਸ ਲਾਇਬ੍ਰੇਰੀ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਨੂੰ ਦੱਸਿਆ ਕਿ ਸਾਕਾ ਨੀਲਾ ਤਾਰਾ ਫੌਜੀ ਹਮਲੇ ਸਮੇਂ ਇਸ ਲਾਇਬ੍ਰੇਰੀ ਨੂੰ ਸਾੜ ਦਿੱਤਾ ਗਿਆ ਸੀ ਅਤੇ ਸਿੱਖ ਧਰਮ ਦਾ



ਅਮੁੱਲਾ ਖਜ਼ਾਨਾ ਫੌਜ ਚੁੱਕ ਕੇ ਲੈ ਗਈ ਸੀ। ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਉਨ੍ਹਾਂ ਨੂੰ ਸਿਰੋਪਾਓ ਅਤੇ ਪਤਾਸਿਆਂ ਦਾ ਪ੍ਰਸ਼ਾਦ ਭੇਟ ਕੀਤਾ। ਉਹ ਕੁਝ ਸਮਾਂ ਗੁਰਬਾਣੀ ਦਾ ਕੀਰਤਨ ਵੀ ਸੁਣਨਾ ਚਾਹੁੰਦੇ ਸਨ ਪਰ ਅਧਿਕਾਰੀਆਂ ਵੱਲੋਂ ਲਗਾਤਾਰ ਉਨ੍ਹਾਂ ਨੂੰ ਜਲਦੀ ਚੱਲਣ ਲਈ ਕਿਹਾ ਜਾ ਰਿਹਾ ਸੀ। ਇਸ ਦੌਰਾਨ ਉਹ ਸ੍ਰੀ ਅਕਾਲ ਤਖ਼ਤ ਵੀ ਗਏ, ਜਿਥੇ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਇਸ ਦੇ ਇਤਿਹਾਸ ਅਤੇ ਸਰਵਉੱਚਤਾ ਬਾਰੇ ਜਾਣਕਾਰੀ ਦਿੱਤੀ।

ਉਪਰੰਤ ਸੂਚਨਾ ਕੇਂਦਰ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਅਤੇ ਮੁੱਖ ਸਕੱਤਰ ਡਾ. ਰੂਪ ਸਿੰਘ, ਮੈਂਬਰ ਬੀਬੀ ਕਿਰਨਜੋਤ ਕੌਰ ਆਦਿ ਨੇ ਉਨ੍ਹਾਂ ਨੂੰ ਸਿਰੋਪਾਓ, ਲੋਈ ਅਤੇ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ , ਧਾਰਮਿਕ ਪੁਸਤਕਾਂ ਦੇ ਕੇ ਸਨਮਾਨਤ ਕੀਤਾ। ਮੀਡੀਆ ਨਾਲ ਸੰਖੇਪ ਗੱਲਬਾਤ ਦੌਰਾਨ ਉਨ੍ਹਾਂ ਆਖਿਆ ਕਿ ਇਸ ਰੂਹਾਨੀ ਅਸਥਾਨ 'ਤੇ ਆ ਕੇ ਉਨ੍ਹਾਂ ਨੂੰ ਬਹੁਤ ਖੁਸ਼ੀ ਮਹਿਸੂਸ ਹੋਈ ਹੈ ਅਤੇ ਉਹ ਆਪਣੇ ਆਪ ਨੂੰ ਵਡਭਾਗਾ ਮਹਿਸੂਸ ਕਰ ਰਹੇ ਹਨ ਕਿ ਇਥੇ ਦਰਸ਼ਨ ਕਰਨ ਦਾ ਮੌਕਾ ਮਿਲਿਆ ਹੈ। ਉਨ੍ਹਾਂ ਆਖਿਆ ਕਿ ਇਹ ਉਹ ਅਸਥਾਨ ਹੈ, ਜਿਥੇ ਹਰ ਧਰਮ ਦਾ ਵਿਅਕਤੀ ਪ੍ਰਾਰਥਨਾ ਕਰ ਸਕਦਾ ਹੈ। ਉਨ੍ਹਾਂ ਨੇ ਸਿੱਖ ਭਾਈਚਾਰੇ ਦੀ ਸ਼ਲਾਘਾ ਕੀਤੀ ਅਤੇ ਆਖਿਆ ਕਿ ਉਹ ਸਿੱਖਾਂ ਨੂੰ ਨੇੜਿਉਂ ਜਾਣਦੇ ਹਨ।

ਸ਼੍ਰੋਮਣੀ ਕਮੇਟੀ ਨੇ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਨੂੰ ਇਕ ਮੰਗ ਪੱਤਰ ਵੀ ਸੌਂਪਿਆ, ਜਿਸ ਵਿਚ ਸ੍ਰੀ ਹਰਿਮੰਦਰ ਸਾਹਿਬ ਤੇ ਫੌਜੀ ਹਮਲੇ ਅਤੇ ਸਿੱਖ ਕਤਲੇਆਮ ਮਾਮਲਿਆਂ ਵਿਚ ਨਿਆਂ ਦਿਵਾਉਣ ਦੀ ਮੰਗ ਕੀਤੀ ਗਈ। ਵਿਦੇਸ਼ਾਂ ਵਿਚ ਰਹਿ ਰਹੇ ਸਿੱਖਾਂ ਨੂੰ ਦਰਪੇਸ਼ ਸਿੱਖ ਸ਼ਨਾਖਤ ਦਾ ਮਾਮਲਾ ਵੀ ਉਨ੍ਹਾਂ ਅੱਗੇ ਰੱਖਿਆ ਗਿਆ। ਸ਼੍ਰੋਮਣੀ ਕਮੇਟੀ ਨੇ ਆਖਿਆ ਕਿ ਸਮੁੱਚਾ ਸਿੱਖ ਭਾਈਚਾਰਾ ਗੁਰੂ ਨਾਨਕ ਪ੍ਰਕਾਸ਼ ਪੁਰਬ ਮਨਾ ਰਿਹਾ ਹੈ ਤੇ ਸਿੱਖ ਭਾਈਚਾਰਾ ਪਾਕਿਸਤਾਨ ਵਿਚਲੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨਾ ਚਾਹੁੰਦਾ ਹੈ, ਜਿਥੇ ਗੁਰੂ ਸਾਹਿਬ ਨੇ ਆਪਣਾ ਆਖਰੀ ਸਮਾਂ ਬਿਤਾਇਆ ਸੀ। ਇਸ ਵਾਸਤੇ ਖੁੱਲੇ ਲਾਂਘੇ ਦੀ ਮੰਗ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਜੇਕਰ ਇਹ ਖੁੱਲ੍ਹਾ ਲਾਂਘਾ ਮਿਲਦਾ ਹੈ ਤਾਂ ਇਸ ਨਾਲ ਇਸ ਖਿੱਤੇ ਵਿਚ ਅਮਨ ਅਤੇ ਸ਼ਾਂਤੀ ਸਥਾਪਤ ਹੋਵੇਗੀ। ਸ੍ਰੀ ਲੌਂਗੋਵਾਲ ਨੇ ਆਖਿਆ ਕਿ ਮੰਗ ਪੱਤਰ ਲੈਣ ਮਗਰੋਂ ਸ੍ਰੀ ਗੁਟੇਰੇਜ਼ ਨੇ ਹਾਂ ਪੱਖੀ ਹੁੰਗਾਰਾ ਦਿੱਤਾ ਹੈ।

# ਰਸੂਖਵਾਨ ਡਿਫਾਲਟਰਾਂ ਨੂੰ ਨੱਪਣ ਲਈ ਖੇਤੀ ਵਿਕਾਸ ਬੈਂਕਾਂ ਦੇ ਹੌਸਲੇ ਬੁਲੰਦ

ਬਠਿੰਡਾ: ਖੇਤੀ ਵਿਕਾਸ ਬੈਂਕਾਂ ਵੱਲੋਂ ਐਤਕੀਂ ਮੁੱਢਲੇ ਪੜਾਅ 'ਤੇ ਹੀ ਰਸੂਖਵਾਨ ਡਿਫਾਲਟਰਾਂ ਨੂੰ ਹੱਥ ਪਾਉਣ ਦੀ ਤਿਆਰੀ ਹੋਣ ਲੱਗੀ ਹੈ। ਸਹਿਕਾਰਤਾ ਮਹਿਕਮੇ ਦੀ ਘੁਰਕੀ ਮਗਰੋਂ ਪਿਛਲੇ ਵਰ੍ਹੇ ਵੱਡੇ ਡਿਫਾਲਟਰਾਂ ਨੇ ਹੱਥੋਂ ਹੱਥ ਚੈੱਕ ਦੇ ਦਿੱਤੇ ਸਨ। ਅਗਲੇ ਵਰ੍ਹੇ ਲੋਕ ਸਭਾ ਚੋਣਾਂ ਹਨ, ਜਿਸ ਕਰਕੇ ਛੋਟੀ ਤੇ ਦਰਮਿਆਨੀ ਕਿਸਾਨੀ ਖ਼ਿਲਾਫ਼ ਕੋਈ ਵੱਡਾ ਕਦਮ ਉਠਾਉਣ ਤੋਂ ਸਰਕਾਰ ਗੁਰੇਜ਼ ਕਰੇਗੀ। ਨਿਸ਼ਾਨਾ ਵੱਡੇ ਸਿਆਸੀ ਡਿਫਾਲਟਰਾਂ ਨੂੰ ਬਣਾਇਆ ਜਾਣਾ ਹੈ।

ਖੇਤੀ ਵਿਕਾਸ ਬੈਂਕਾਂ ਨੇ ਪਹਿਲੀ ਅਕਤੂਬਰ ਤੋਂ ਵਸੂਲੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਪੰਜਾਬ ਭਰ ਵਿਚ 89 ਖੇਤੀ ਵਿਕਾਸ ਬੈਂਕ ਹਨ, ਜਿਨ੍ਹਾਂ ਤੋਂ ਮੁੱਖ ਦਫਤਰ ਹੁਣ ਵੱਡੇ ਤੇ ਵਿਗੜੇ ਡਿਫਾਲਟਰਾਂ ਦੇ ਵੇਰਵੇ ਇਕੱਠੇ ਕਰਨ ਲੱਗਾ ਹੈ, ਜਿਨ੍ਹਾਂ ਦੇ ਗ੍ਰਿਫਤਾਰੀ ਵਾਰੰਟ ਤਿਆਰ ਕਰਾਏ ਜਾਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਣੀ ਹੈ। ਵੇਰਵਿਆਂ ਅਨੁਸਾਰ ਖੇਤੀ ਵਿਕਾਸ ਬੈਂਕਾਂ ਵੱਲੋਂ ਐਤਕੀਂ ਸੀਜ਼ਨ ਦੌਰਾਨ 1887 ਕਰੋੜ ਦੀ ਵਸੂਲੀ ਕਰਨ ਦਾ ਟੀਚਾ ਹੈ ਅਤੇ ਕਰੀਬ 1.05 ਲੱਖ ਕਰਜ਼ਦਾਰਾਂ ਤੋਂ ਕਰਜ਼ਾ ਵਸੂਲੀ ਲਈ ਨੋਟਿਸ ਵੀ ਜਾਰੀ ਕੀਤੇ ਜਾ ਰਹੇ ਹਨ। ਇਨ੍ਹਾਂ 'ਚੋਂ ਕਰੀਬ 70 ਹਜ਼ਾਰ ਡਿਫਾਲਟਰ ਹਨ, ਜਿਨ੍ਹਾਂ ਸਿਰ 1400 ਕਰੋੜ ਰੁਪਏ ਦਾ ਕਰਜ਼ਾ ਹੈ, ਜੋ ਵੱਡੀਆਂ ਮੱਛੀਆਂ ਹਨ, ਉਨ੍ਹਾਂ ਦੀ ਹੁਣ ਸ਼ਨਾਖਤ ਕਰਨ ਦਾ ਕੰਮ ਚੱਲ ਰਿਹਾ ਹੈ ਅਤੇ ਕਾਫੀ ਬੈਂਕਾਂ ਨੇ ਇਨ੍ਹਾਂ ਵੱਡੇ ਡਿਫਾਲਟਰਾਂ ਦੇ ਵੇਰਵੇ ਮੁੱਖ ਦਫਤਰ ਨੂੰ ਭੇਜ ਦਿੱਤੇ ਹਨ। ਨਾਲੋਂ ਨਾਲ ਬੈਂਕਾਂ ਵੱਲੋਂ ਉਨ੍ਹਾਂ ਵੱਡੇ ਡਿਫਾਲਟਰਾਂ ਦੇ ਬੈਂਕ ਖਾਤੇ ਵੀ ਚੈੱਕ ਕੀਤੇ ਜਾ ਰਹੇ ਹਨ, ਜਿਨ੍ਹਾਂ ਨੇ ਪਿਛਲੀ ਦਫਾ ਬੈਂਕਾਂ ਨੂੰ ਚੈੱਕ ਦੇ ਕੇ ਖਹਿੜਾ ਛੁਡਵਾਇਆ ਸੀ। ਇਨ੍ਹਾਂ ਵੱਡਿਆਂ ਦੇ ਘਰਾਂ ਅੱਗੇ ਸਹਿਕਾਰੀ ਮੁਲਾਜ਼ਮਾਂ ਧਰਨੇ ਵੀ ਮਾਰੇ ਸਨ। ਵੱਡੇ ਡਿਫਾਲਟਰਾਂ 'ਚ ਸਭਨਾਂ ਸਿਆਸੀ ਧਿਰਾਂ ਦੇ ਵੱਡੇ ਨੇਤਾ ਵੀ ਸ਼ਾਮਲ ਹਨ, ਜਿਨ੍ਹਾਂ 'ਚੋਂ ਕਈਆਂ ਨੇ ਬਦਨਾਮੀ ਦੇ ਡਰੋਂ ਖਹਿੜਾ ਵੀ ਛੁਡਵਾ ਲਿਆ ਸੀ। ਨਰਮਾ ਪੱਟੀ ਦੇ ਖੇਤੀ ਵਿਕਾਸ ਬੈਂਕਾਂ ਦਾ ਮਾਲੀ ਤੌਰ 'ਤੇ ਮਾੜਾ ਹਾਲ ਹੈ ਜਿਨ੍ਹਾਂ ਨੇ ਨਵੇਂ ਕਰਜ਼ੇ ਦੇਣੇ ਵੀ ਬੰਦ ਕੀਤੇ ਹੋਏ ਹਨ।

ਸਿਆਸੀ ਧਿਰਾਂ ਨਾਲ ਜੁੜੇ ਡਿਫਾਲਟਰ ਲੰਮੇ ਅਰਸੇ ਤੋਂ ਬੈਂਕਾਂ ਦਾ ਪੈਸਾ ਨੱਪੀ ਬੈਠੇ ਹਨ, ਜਿਨ੍ਹਾਂ ਨੂੰ ਬੈਂਕ ਅਧਿਕਾਰੀ ਹੱਥ ਪਾਉਣ ਤੋਂ ਨਾਕਾਮ ਰਹੇ ਹਨ। ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਅਹੁਦਾ ਸੰਭਾਲਣ ਮਗਰੋਂ ਸਭ ਤੋਂ ਪਹਿਲਾਂ ਵੱਡੇ ਤੇ ਵਿਗੜੇ ਡਿਫਾਲਟਰਾਂ ਖਿਲਾਫ਼ ਬਿਗਲ ਵਜਾਇਆ ਸੀ, ਜਿਸ ਦੇ ਚੰਗੇ ਨਤੀਜੇ ਵੀ ਸਾਹਮਣੇ ਆਏ ਸਨ। ਮਾਨਸਾ ਜ਼ਿਲ੍ਹੇ ਦੇ ਮਾਨਸਾ, ਬੁਢਲਾਡਾ, ਸਰਦੂਲਗੜ੍ਹ ਅਤੇ ਬਠਿੰਡਾ ਦੇ ਰਾਮਾਂ ਮੰਡੀ, ਤਲਵੰਡੀ ਸਾਬੋ ਬੈਂਕਾਂ ਦਾ ਵਸੂਲੀ ਮਾਮਲੇ ਵਿਚ ਕਾਫੀ ਮਾੜਾ ਹਾਲ ਹੈ। ਨਾਬਾਰਡ ਨੇ ਵੀ ਮਾੜੀ ਵਸੂਲੀ ਵਾਲੇ ਬੈਂਕਾਂ ਨੂੰ ਐਡਵਾਂਸਮੈਂਟ ਕਰਨ ਤੋਂ ਪਾਸਾ ਵੱਟਿਆ ਹੈ। ਮੋਟੇ ਅੰਦਾਜ਼ੇ ਅਨੁਸਾਰ ਕਰੀਬ 250 ਕਰੋੜ ਰੁਪਏ ਵੱਡੇ ਡਿਫਾਲਟਰਾਂ 'ਚ ਫਸੇ ਹੋਏ ਹਨ, ਜਿਨ੍ਹਾਂ ਵਿਚ ਸਾਬਕਾ ਵਿਧਾਇਕ ਤੇ ਸਾਬਕਾ ਮੰਤਰੀ ਅਤੇ ਉਨ੍ਹਾਂ ਦੇ ਰਿਸ਼ਤੇਦਾਰ ਵੀ ਸ਼ਾਮਲ ਹਨ। ਖੇਤੀ ਵਿਕਾਸ ਬੈਂਕਾਂ ਨੂੰ ਉਮੀਦ ਹੈ ਕਿ ਇਸ ਵਾਰ ਵੱਧ ਵਸੂਲੀ ਹੋ ਸਕਦੀ ਹੈ।

# ਨਕੋਦਰ 'ਚ ਚਾਰ ਸਿੱਖ ਨੌਜਵਾਨ ਦੀ ਹੱਤਿਆ ਦਾ ਮਾਮਲਾ ਯੂ.ਐਨ.ਓ. ਪੁੱਜਾ

**ਜਲੰਧਰ:** ਨਕੋਦਰ ਬੇਅਦਬੀ ਕਾਂਡ ਦਾ ਮਾਮਲਾ ਯੂ.ਐਨ.ਓ. ਵਿਚ ਪਹੁੰਚ ਗਿਆ ਹੈ। ਇਸ ਕਾਂਡ 'ਚ ਪੁਲਿਸ ਵੱਲੋਂ ਚਲਾਈ ਗਈ ਗੋਲੀ ਕਾਰਨ ਚਾਰ ਸਿੱਖ ਨੌਜਵਾਨ ਸ਼ਹੀਦ ਹੋ ਗਏ ਸਨ। ਇਨ੍ਹਾਂ ਵਿਚੋਂ ਇਕ ਨੌਜਵਾਨ ਦੇ ਮਾਪਿਆਂ ਨੇ ਯੂ.ਐਨ.ਓ. ਨੂੰ ਪੱਤਰ ਲਿਖ ਕੇ 32 ਸਾਲ ਪਹਿਲਾਂ ਨਕੋਦਰ ਵਿਚ ਵਾਪਰੇ ਇਸ ਗੋਲੀ ਕਾਂਡ ਲਈ ਇਨਸਾਫ ਦੀ ਮੰਗ ਕੀਤੀ ਹੈ।

ਇਸ ਗੋਲੀ ਕਾਂਡ 'ਚ ਰਵਿੰਦਰ ਸਿੰਘ ਲਿੱਤਰਾਂ, ਬਲਧੀਰ ਸਿੰਘ ਰਾਮਗੜ੍ਹ, ਝਲਮਣ ਸਿੰਘ ਗੋਰਸੀਆਂ ਅਤੇ ਹਰਮਿੰਦਰ ਸਿੰਘ ਸ਼ਹੀਦ ਹੋਏ ਸਨ। ਰਵਿੰਦਰ ਸਿੰਘ ਲਿੱਤਰਾਂ ਦੇ ਪਿਤਾ ਬਲਦੇਵ ਸਿੰਘ ਤੇ ਮਾਤਾ ਬਲਦੀਪ ਕੌਰ ਨੇ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਐਂਟੋਨੀਓ ਗੁਟੇਰੇਜ਼ ਨੂੰ ਪੱਤਰ ਲਿਖਿਆ ਸੀ। ਉਨ੍ਹਾਂ ਇਸ ਪੱਤਰ ਵਿਚ ਮੰਗ ਕੀਤੀ ਹੈ ਕਿ 4 ਫਰਵਰੀ 1986 ਨੂੰ ਨਕੋਦਰ 'ਚ ਸ਼ਾਂਤੀਪੂਰਨ ਪ੍ਰਦਰਸ਼ਨ ਕਰ ਰਹੇ ਆਲ ਇੰਡੀਆ ਸਿੱਖ ਸਟੂਡੈਂਟਸ ਫੈੱਡਰੇਸ਼ਨ ਦੇ ਚਾਰ ਨੌਜਵਾਨਾਂ ਨੂੰ ਪੁਲਿਸ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਸ਼ਹੀਦ ਕਰ ਦਿੱਤਾ ਸੀ ਤੇ ਉਨ੍ਹਾਂ ਨੂੰ ਅਜੇ ਤੱਕ ਇਸ ਮਾਮਲੇ ਵਿਚ ਇਨਸਾਫ ਨਹੀਂ ਮਿਲਿਆ। ਰਵਿੰਦਰ ਸਿੰਘ ਲਿੱਤਰਾਂ ਦੇ ਮਾਪਿਆਂ ਨੇ ਕਿਹਾ ਕਿ ਉਹ ਇਸ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਵੀ ਪੁੱਛਣਗੇ ਕਿ ਕੀ ਉਨ੍ਹਾਂ ਨੇ ਯੂ.ਐਨ.ਓ. ਦੇ ਜਨਰਲ ਸਕੱਤਰ ਐਂਟੋਨੀਓ ਗੁਟੇਰੇਜ਼ ਕੋਲ ਨਕੋਦਰ ਬੇਅਦਬੀ ਕਾਂਡ ਦਾ ਮਾਮਲਾ ਉਠਾਇਆ ਸੀ ਜਿਸ ਦੌਰਾਨ 2 ਫਰਵਰੀ 1986 ਨੂੰ ਗੁਰੂ ਗ੍ਰੰਥ ਸਾਹਿਬ ਦੇ ਪੰਜ ਸਰੂਪ ਸੜ ਗਏ ਸਨ।

# ਕਰਤਾਰਪੁਰ ਲਾਂਘੇ ਬਾਰੇ ਢਿੱਲ 'ਤੇ ਪਾਕਿਸਤਾਨ ਨੇ ਮੁੜ ਕੀਤੀ ਭਾਰਤ ਵੱਲ ਉਂਗਲ

**ਇਸਲਾਮਾਬਾਦ:** ਸਿੱਖ ਸ਼ਰਧਾਲੂਆਂ ਲਈ ਕਰਤਾਰਪੁਰ ਲਾਂਘਾ ਖੋਲ੍ਹਣਾ ਪਾਕਿਸਤਾਨ ਤੇ ਭਾਰਤ ਵਿਚਾਲੇ ਗੱਲਬਾਤ ਬਿਨਾਂ ਸੰਭਵ ਨਹੀਂ ਹੈ। ਇਹ ਦਾਅਵਾ ਪਾਕਿਸਤਾਨ ਦੇ ਵਿਦੇਸ਼ ਦਫਤਰ ਨੇ ਕੀਤਾ ਹੈ। ਦਫਤਰ ਦਾ ਕਹਿਣਾ ਹੈ ਕਿ ਦੋਵਾਂ ਮੁਲਕਾਂ ਵਿਚਾਲੇ ਵਿਵਾਦਾਂ ਨੂੰ ਸੁਲਝਾਉਣ ਦਾ ਇਹ



ਹੀ ਇਕੋ ਇਕ ਰਾਹ ਹੈ।

ਵਿਦੇਸ਼ ਦਫਤਰ ਦੇ ਬੁਲਾਰੇ ਮੁਹੰਮਦ ਫੈਸਲ ਨੇ ਦੱਸਿਆ ਕਿ ਪਾਕਿਸਤਾਨ ਆਪਣੇ ਗੁਆਂਢੀ ਨਾਲ ਮਿਲ ਕੇ ਰਹਿਣ ਦੀ ਕੋਸ਼ਿਸ਼ ਕਰ ਸਕਦਾ ਹੈ। ਸਿੱਖ ਸ਼ਰਧਾਲੂਆਂ ਲਈ ਕਰਤਾਰਪੁਰ ਲਾਂਘਾ ਖੋਲ੍ਹੇ ਜਾਣ ਬਾਰੇ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਫੈਸਲ ਨੇ ਕਿਹਾ ਕਿ ਜੇ ਦੋਵਾਂ ਮੁਲਕਾਂ ਵਿਚਾਲੇ ਕੋਈ ਗੱਲਬਾਤ ਨਹੀਂ ਹੁੰਦੀ ਤਾਂ ਕੁਝ ਨਹੀਂ ਹੋ ਸਕਦਾ ਪਰ ਉਨ੍ਹਾਂ ਪੈਂਡਿੰਗ ਮਸਲਿਆਂ ਦੇ ਹੱਲ ਲਈ ਭਾਰਤ ਨਾਲ ਗੱਲਬਾਤ ਦੇ ਪਾਕਿਸਤਾਨੀ ਰਵੱਈਏ ਨੂੰ ਦੁਹਰਾਇਆ।

ਜ਼ਿਕਰਯੋਗ ਹੈ ਕਿ ਕਰਤਾਰਪੁਰ ਪਾਕਿਸਤਾਨ ਦੇ ਪੰਜਾਬ ਸੂਬੇ ਦੇ ਨਾਰੋਵਾਲ ਜ਼ਿਲ੍ਹੇ ਵਿਚ ਸਥਿਤ ਹੈ, ਜੋ ਭਾਰਤ ਪਾਕਿ ਸਰਹੱਦ ਨਜ਼ਦੀਕ ਹੈ। ਇਥੇ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨੇ 1522 ਵਿਚ ਪਹਿਲਾ ਗੁਰਦੁਆਰਾ ਬਣਾਇਆ ਸੀ ਤੇ ਇਥੇ ਹੀ ਉਹ ਜੋਤੀ ਜੋਤ ਸਮਾਏ ਸਨ ।

ਕ੍ਰਿਕਟਰ ਤੋਂ ਸਿਆਸਤਦਾਨ ਬਣੇ ਨਵਜੋਤ ਸਿੰਘ ਸਿੱਧੂ ਨੇ ਅਗਸਤ ਮਹੀਨੇ ਵਿਚ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਸਹੁੰ ਚੁੱਕ ਸਮਾਗਮ ਵਿਚ ਸ਼ਿਰਕਤ ਕੀਤੀ ਸੀ ਤੇ ਕਿਹਾ ਸੀ ਕਿ ਪਾਕਿਸਤਾਨ ਦੇ ਫੌਜ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਮੌਕੇ ਗੁਰਦੁਆਰਾ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹੇ ਜਾਣ ਦਾ ਸੰਕੇਤ ਦਿੱਤਾ ਹੈ। ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਨਵੰਬਰ 2019 ਵਿਚ ਮਨਾਇਆ ਜਾਵੇਗਾ। ਜ਼ਿਕਰਯੋਗ ਹੈ ਕਿ 2016 ਵਿਚ ਪਾਕਿਸਤਾਨੀ ਧੜੇ ਵੱਲੋਂ ਕੀਤੀ ਦਹਿਸ਼ਤੀ ਕਾਰਵਾਈ ਅਤੇ ਭਾਰਤ ਵੱਲੋਂ ਮਕਬੂਜ਼ਾ ਕਸ਼ਮੀਰ ਦੇ ਅੰਦਰ ਸਰਜੀਕਲ ਸਟ੍ਰਾਈਕ ਕੀਤੇ ਜਾਣ ਤੋਂ ਬਾਅਦ ਦੋਵਾਂ ਮੁਲਕਾਂ ਵਿਚਾਲੇ ਸਬੰਧਾਂ ਵਿਚ ਤਣਾਅ ਆ ਗਿਆ ਸੀ। ਪਿਛਲੇ ਮਹੀਨੇ ਭਾਰਤ ਨੇ ਨਿਊ ਯਾਰਕ ਵਿਚ ਦੋਵਾਂ ਮੁਲਕਾਂ ਦੇ ਵਿਦੇਸ਼ ਮੰਤਰੀਆਂ ਵਿਚਾਲੇ ਹੋਣ ਵਾਲੀ ਮੀਟਿੰਗ ਰੱਦ ਕਰ ਦਿੱਤੀ ਸੀ।

# ਅਫਸਰਾਂ ਦੇ ਬੱਚੇ ਸਰਕਾਰੀ ਸਕੂਲਾਂ 'ਚ ਭੇਜਣ ਬਾਰੇ ਹੁਕਮ ਲਈ ਅਰਜ਼ੀ ਦਾਇਰ

**ਨਵੀਂ ਦਿੱਲੀ:** ਸੁਪਰੀਮ ਕੋਰਟ ਵਿਚ ਇਕ ਪਟੀਸ਼ਨ ਦਾਇਰ ਕਰਕੇ ਦੋਸ਼ ਲਾਇਆ ਗਿਆ ਹੈ ਕਿ ਉਤਰ ਪ੍ਰਦੇਸ਼ ਸਰਕਾਰ ਅਲਾਹਾਬਾਦ ਹਾਈ ਕੋਰਟ ਦੇ 2015 ਵਿਚ ਜਾਰੀ ਕੀਤੇ ਉਨ੍ਹਾਂ ਹੁਕਮਾਂ ਨੂੰ ਲਾਗੂ ਕਰਨ ਵਿਚ ਅਸਫਲ ਹੋਈ ਜਿਨ੍ਹਾਂ ਵਿਚ ਕਿਹਾ ਗਿਆ ਸੀ ਕਿ ਸਿਖਰਲੇ ਉਚ ਅਧਿਕਾਰੀਆਂ ਸਮੇਤ ਸਾਰੇ ਸਰਕਾਰੀ ਮੁਲਾਜ਼ਮਾਂ ਦੇ ਬੱਚਿਆਂ ਨੂੰ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਪੜ੍ਹਨ ਲਈ ਭੇਜਣਾ ਯਕੀਨੀ ਬਣਾਇਆ ਜਾਵੇ।

ਅਲਾਹਾਬਾਦ ਹਾਈ ਕੋਰਟ ਵੱਲੋਂ ਜਾਰੀ ਹੁਕਮਾਂ ਦੀ ਉਤਰ ਪ੍ਰਦੇਸ਼ ਸਰਕਾਰ ਵੱਲੋਂ ਅਣਦੇਖੀ ਕਰਨ 'ਤੇ ਅਲਾਹਾਬਾਦ ਹਾਈ ਕੋਰਟ ਵਿਚ ਸੂਬਾ ਸਰਕਾਰ ਵਿਰੁੱਧ ਦਾਇਰ ਅਦਾਲਤੀ ਮਾਣਹਾਨੀ ਦੀ ਅਪੀਲ 'ਤੇ ਕਾਰਵਾਈ ਤੋਂ ਇਨਕਾਰ ਕਰਨ ਨੂੰ ਸੁਪਰੀਮ ਕੋਰਟ ਵਿਚ ਅਪੀਲ ਦਾਇਰ ਕਰਕੇ ਇੱਕ ਵਕੀਲ ਵੱਲੋਂ ਚੁਣੌਤੀ ਦਿੱਤੀ ਗਈ ਹੈ। ਹਾਈ ਕੋਰਟ ਨੇ ਹੁਕਮ ਦਿੱਤੇ ਸਨ ਕਿ ਸਰਕਾਰੀ ਮੁਲਾਜ਼ਮਾਂ, ਸਥਾਨਕ ਸਰਕਾਰਾਂ ਦੇ ਨੁਮਾਇੰਦਿਆਂ, ਜੁਡੀਸ਼ੀਅਲ ਅਧਿਕਾਰੀਆਂ, ਜੋ ਸਰਕਾਰੀ ਖਜ਼ਾਨੇ ਵਿਚੋਂ ਤਨਖਾਹਾਂ ਤੇ ਭੱਤੇ ਹਾਸਲ ਕਰਦੇ ਹਨ, ਦੇ ਬੱਚੇ ਉਤਰ ਪ੍ਰਦੇਸ਼ ਬੋਰਡ ਅਧੀਨ ਚੱਲਦੇ ਸਰਕਾਰੀ ਪ੍ਰਾਇਮਰੀ ਸਕੂਲਾਂ 'ਚ ਪੜ੍ਹਾਏ ਜਾਣੇ ਚਾਹੀਦੇ ਹਨ।

# ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓਢੀ ਦੇ ਨਵੇਂ ਦਰਵਾਜ਼ੇ ਸਥਾਪਤ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓਢੀ ਵਿਚ ਨਵੇਂ ਤਿਆਰ ਕੀਤੇ ਗਏ ਵੱਡ ਆਕਾਰੀ ਦਰਵਾਜ਼ੇ ਗੁਰਮਤਿ ਰਵਾਇਤਾਂ ਮੁਤਾਬਕ ਸਥਾਪਤ ਕਰ ਦਿੱਤੇ ਗਏ ਹਨ, ਜਦਕਿ ਇਥੋਂ ਉਤਾਰੇ ਗਏ ਲਗਭਗ 200 ਸਾਲ ਪੁਰਾਣੇ ਦਰਵਾਜ਼ੇ ਹੁਣ ਸੰਭਾਲ ਕੇ ਸੰਗਤ ਦੇ ਦਰਸ਼ਨਾਂ



ਲਈ ਰੱਖੇ ਜਾਣਗੇ।

ਇਸ ਸਬੰਧੀ ਸ਼੍ਰੋਮਣੀ ਕਮੇਟੀ ਨੇ ਵਿਸ਼ੇਸ਼ ਸਮਾਗਮ ਕਰਵਾਇਆ ਜਿਸ ਤਹਿਤ ਪਹਿਲਾਂ ਅਕਾਲ ਤਖ਼ਤ ਦੇ ਸਾਹਮਣੇ ਗੁਰਮਤਿ ਸਮਾਗਮ ਕੀਤਾ ਗਿਆ। ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਅਰਦਾਸ ਕੀਤੀ ਅਤੇ ਰਾਗੀ ਜਥਿਆਂ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ। ਇਸ ਮਗਰੋਂ ਸੰਗਤ ਦੇ ਸਹਿਯੋਗ ਨਾਲ ਦਰਸ਼ਨੀ ਡਿਓਢੀ 'ਚ ਇਹ ਨਵੇਂ ਦਰਵਾਜ਼ੇ ਸਥਾਪਤ ਕੀਤੇ ਗਏ।

ਇਹ ਦਰਵਾਜ਼ੇ ਸ਼੍ਰੋਮਣੀ ਕਮੇਟੀ ਵੱਲੋਂ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਕੋਲੋਂ ਕਾਰ ਸੇਵਾ ਰਾਹੀਂ ਤਿਆਰ ਕਰਾਏ ਗਏ ਹਨ। ਇਹ ਦਰਵਾਜ਼ੇ ਇਥੋਂ ਉਤਾਰੇ ਗਏ ਪੁਰਾਤਨ ਦਰਵਾਜ਼ਿਆਂ ਦੀ ਹੂਬਹੂ ਨਕਲ ਹੈ। ਇਨ੍ਹਾਂ ਨੂੰ ਤਿਆਰ ਕਰਨ ਲਈ ਕਾਲੀ ਟਾਹਲੀ ਦੀ ਲੱਕੜ ਵਰਤੀ ਗਈ ਹੈ। ਦਰਵਾਜ਼ੇ ਦੇ ਇਕ ਪਾਸੇ ਚਾਂਦੀ ਦੀ ਪਰਤ ਲਾਈ ਗਈ ਹੈ ਤੇ ਇਸ ਲਈ ਤਕਰੀਬਨ 60 ਕਿਲੋ ਚਾਂਦੀ ਵਰਤੀ ਗਈ ਹੈ। ਦਰਵਾਜ਼ੇ ਦੇ ਦੂਜੇ ਪਾਸੇ ਸੁੰਦਰ ਮੀਨਾਕਾਰੀ ਕੀਤੀ ਗਈ ਹੈ, ਜਿਸ ਵਾਸਤੇ ਸਮੁੰਦਰੀ ਸਿੱਪੀ ਵਰਤੀ ਗਈ ਹੈ।

ਪੁਰਾਤਨ ਦਰਵਾਜ਼ਿਆਂ 'ਚ ਸਿੱਪੀ ਦੀ ਥਾਂ ਤੇ ਹਾਥੀ ਦੰਦ ਦੀ ਵਰਤੋਂ ਕੀਤੀ ਹੋਈ ਸੀ। ਦਰਵਾਜ਼ੇ ਉਤੇ ਮੀਨਾਕਾਰੀ ਵਾਸਤੇ ਆਗਰਾ ਅਤੇ ਅੰਮ੍ਰਿਤਸਰ ਦੇ ਕਾਰੀਗਰਾਂ ਨੇ ਕੰਮ ਕੀਤਾ ਹੈ। ਦਰਵਾਜ਼ਿਆਂ ਦੀ ਉਚਾਈ 118 ਇੰਚ (9 ਫੁੱਟ 10 ਇੰਚ) ਅਤੇ ਚੌੜਾਈ 110 ਇੰਚ (9 ਫੁੱਟ 2 ਇੰਚ) ਹੈ।

ਉਧਰ, ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਵੱਲੋਂ ਇਹ ਕਹਿ ਜਾਣ ਕਿ ਦਰਸ਼ਨੀ ਡਿਓਢੀ ਦੇ ਪੁਰਾਤਨ ਦਰਵਾਜ਼ੇ ਸੋਮਨਾਥ ਦੇ ਮੰਦਰ ਨਾਲ ਸਬੰਧਤ ਹਨ, ਨਾਲ ਇਨ੍ਹਾਂ ਦਰਵਾਜ਼ਿਆਂ ਨੂੰ ਲੈ ਕੇ ਮੁੜ ਚਰਚਾ ਸ਼ੁਰੂ ਹੋਣ ਦੀ ਸੰਭਾਵਨਾ ਹੈ। ਇਥੇ ਸੰਗਤ ਨੂੰ ਸੰਬੋਧਨ ਦੌਰਾਨ ਉਨ੍ਹਾਂ ਇਸ ਦਾ ਜ਼ਿਕਰ ਕੀਤਾ ਹੈ।

ਪਹਿਲਾਂ ਵੀ ਇਸ ਬਾਰੇ ਚਰਚਾ ਰਹਿ ਚੁੱਕੀ ਹੈ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਇਹ ਆਖ ਕੇ ਚਰਚਾ ਖਤਮ ਕੀਤੀ ਗਈ ਸੀ ਕਿ ਸੋਮਨਾਥ ਮੰਦਰ ਦੇ ਦਰਵਾਜ਼ਿਆਂ ਦਾ ਆਕਾਰ ਛੋਟਾ ਹੈ ਜਦਕਿ ਸ੍ਰੀ ਹਰਿਮੰਦਰ ਸਾਹਿਬ ਦੇ ਦਰਵਾਜ਼ਿਆਂ ਦਾ ਆਕਾਰ ਵੱਡਾ ਹੈ। ਜ਼ਿਕਰਯੋਗ ਹੈ ਕਿ ਜਦੋਂ ਸੋਮਨਾਥ ਮੰਦਰ ਨੂੰ ਧਾੜਵੀਆਂ ਨੇ ਲੁੱਟਿਆ ਸੀ ਤੇ ਇਨ੍ਹਾਂ ਕੋਲੋਂ ਲੁੱਟਿਆ ਹੋਇਆ ਇਹ ਸਾਮਾਨ ਉਸ ਵੇਲੇ ਸਿੱਖਾਂ ਨੇ ਛੁਡਵਾ ਲਿਆ ਸੀ।

# ਬਕਾਇਆਂ ਬਾਰੇ ਕੇਂਦਰ ਦੇ ਭਰੋਸਿਆਂ ਤੋਂ ਕੈਪਟਨ ਬਾਗੋਬਾਗ

**ਚੰਡੀਗੜ੍ਹ:** ਕੇਂਦਰ ਸਰਕਾਰ ਅਨਾਜ ਦੀ ਖਰੀਦ ਅਤੇ ਟੈਕਸਾਂ ਦੇ ਰੂਪ ਵਿਚ ਪੰਜਾਬ ਦਾ ਬਣਦਾ 2300 ਕਰੋੜ ਰੁਪਏ ਦਾ ਬਕਾਇਆ ਪੰਜਾਬ ਨੂੰ ਮੋੜਨ ਲਈ ਤਿਆਰ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਇਹ ਭਰੋਸਾ ਕੇਂਦਰੀ



ਖੁਰਾਕ ਮੰਤਰੀ ਰਾਮ ਵਿਲਾਸ ਪਾਸਵਾਨ ਨਾਲ ਕੀਤੀ ਮੀਟਿੰਗ ਦੌਰਾਨ ਦਿੱਤਾ ਗਿਆ। ਕੇਂਦਰੀ ਮੰਤਰੀ ਨੇ ਹਾਲਾਂਕਿ ਮੁੱਖ ਮੰਤਰੀ ਨੂੰ ਸਾਫ ਕਰ ਦਿੱਤਾ ਕਿ ਬਕਾਇਆਂ ਦੀ ਅਦਾਇਗੀ ਜਲਦੀ ਤਾਂ ਹੀ ਹੋ ਸਕੇਗੀ ਜੇਕਰ ਦਾਅਵਿਆਂ ਨੂੰ ਸਹੀ ਤਰੀਕੇ ਨਾਲ ਪੇਸ਼ ਕੀਤਾ ਜਾਵੇਗਾ। ਸ੍ਰੀ ਪਾਸਵਾਨ ਨੇ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਸਰਕਾਰ ਦੇ ਬਕਾਇਆ ਬਿੱਲਾਂ ਨੂੰ ਕਲੀਅਰ ਕਰਨ ਲਈ ਯਤਨਸ਼ੀਲ ਹੈ। ਸ੍ਰੀ ਪਾਸਵਾਨ ਨੇ ਸੂਬੇ ਵਿਚ ਝੋਨੇ ਦੀ ਖਰੀਦ ਦੇ ਚੱਲ ਰਹੇ ਸੀਜ਼ਨ ਲਈ ਨਗਦ ਹੱਦ ਕਰਜ਼ਾ (ਸੀ.ਸੀ.ਐਲ.) ਜਾਰੀ ਕਰਵਾਉਣ ਲਈ ਲੰਬਿਤ ਪਏ ਸਾਰੇ ਮੁੱਦਿਆਂ ਦੇ ਸਮਾਂਬੱਧ ਹੱਲ ਲਈ ਕੈਪਟਨ ਅਮਰਿੰਦਰ ਸਿੰਘ ਨੂੰ ਭਰੋਸਾ ਦਿਵਾਇਆ। ਕੇਂਦਰੀ ਖੁਰਾਕ ਮੰਤਰੀ ਨੇ ਕਣਕ (ਆਰ.ਐਮ.ਐਸ. 2017-18) 'ਤੇ ਖਰੀਦ ਸਟਾਕ ਅਤੇ ਆਈ.ਡੀ.ਸੈਸ ਦੇ 500 ਕਰੋੜ ਰੁਪਏ ਦੇ ਬਕਾਏ ਦੇ ਮੁੜ ਭੁਗਤਾਨ ਨੂੰ ਤੁਰਤ ਜਾਰੀ ਕਰਨ ਵਾਸਤੇ ਵੀ ਪੰਜਾਬ ਦੇ ਮੁੱਖ ਮੰਤਰੀ ਨੂੰ ਵਿਸ਼ਵਾਸ ਦਿਵਾਇਆ।

ਉਨ੍ਹਾਂ ਸਾਲ 2018 ਦੀ ਦੂਜੀ ਅਤੇ ਤੀਜੀ ਤਿਮਾਹੀ ਲਈ ਐਨ.ਐਫ.ਐਸ.ਏ. ਹੇਠ ਬਕਾਇਆ ਪਈ 857 ਕਰੋੜ ਰੁਪਏ ਦੀ ਸਬਸਿਡੀ ਦੇ 400 ਕਰੋੜ ਰੁਪਏ ਇਕ ਜਾਂ ਦੋ ਦਿਨਾਂ ਵਿਚ ਜਾਰੀ ਕਰਨ ਲਈ ਵਿਭਾਗ ਦੇ ਕਰਮਚਾਰੀਆਂ ਨੂੰ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ 1,154 ਕਰੋੜ ਰੁਪਏ ਦੀ ਦੇਣਦਾਰੀ ਇਸੇ ਮਹੀਨੇ ਦੇ ਅੰਤ ਤਕ ਖਤਮ ਕਰ ਦਿੱਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਸਟੋਰ ਕੀਤੇ ਅਨਾਜ ਦੀ ਬਿਨਾਂ ਅੜਚਨ ਨਿਕਾਸੀ ਦਾ ਮੁੱਦਾ ਵੀ ਉਠਾਇਆ। ਇਸ ਦੇ ਨਾਲ ਹੀ ਉਨ੍ਹਾਂ ਸ੍ਰੀ ਪਾਸਵਾਨ ਨੂੰ ਅਪੀਲ ਕੀਤੀ ਕਿ ਉਹ ਇਸ ਨਿਕਾਸੀ ਨੂੰ ਤੇਜ਼ੀ ਨਾਲ ਕਰਵਾਉਣ ਲਈ ਐਫ.ਸੀ.ਆਈ. ਨੂੰ ਨਿਰਦੇਸ਼ ਜਾਰੀ ਕਰਨ ਤਾਂ ਜੋ ਨਵੇਂ ਅਨਾਜ ਨੂੰ ਸਟੋਰ ਕਰਨ ਲਈ ਥਾਂ ਬਣ ਸਕੇ।

## '84 ਪੀੜਤਾਂ ਲਈ ਪੰਜਾਬ ਨੂੰ ਦੋ ਕਰੋੜ ਦਾ ਭੁਗਤਾਨ ਕਰੇਗਾ ਕੇਂਦਰ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ 1984 ਸਿੱਖ ਨਸਲਕੁਸ਼ੀ 'ਚ ਪ੍ਰਭਾਵਿਤ ਹੋਏ ਪਰਿਵਾਰਾਂ ਲਈ ਪੁਨਰਵਾਸ ਪੈਕੇਜ ਤਹਿਤ ਪੰਜਾਬ ਸਰਕਾਰ ਨੂੰ 2 ਕਰੋੜ 8 ਹਜ਼ਾਰ ਰੁਪਏ ਦੀ ਰਾਸ਼ੀ ਦਾ ਭੁਗਤਾਨ ਕਰਨ ਦੀ ਮਨਜ਼ੂਰੀ ਦਿੱਤੀ ਹੈ। ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਪੰਜਾਬ ਸਰਕਾਰ ਦੀ ਬੇਨਤੀ 'ਤੇ ਪੁਨਰਵਾਸ ਪੈਕੇਜ ਦੇ ਭੁਗਤਾਨ ਦਾ ਸਮਾਂ ਬੀਤ ਜਾਣ ਦੇ ਬਾਅਦ ਇਸ 'ਚ ਰਿਆਇਤ ਦਿੰਦੇ ਹੋਏ ਇਸ ਰਾਸ਼ੀ ਦਾ ਭੁਗਤਾਨ ਕਰਨ ਦੀ ਪ੍ਰਵਾਨਗੀ ਦੇ ਦਿੱਤੀ।

ਮੰਤਰਾਲੇ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਦੰਗਾ ਪੀੜਤਾਂ ਦੀ ਸ਼ਿਕਾਇਤਾਂ ਦੀ ਸੁਣਵਾਈ ਲਈ ਗਠਿਤ ਜਸਟਿਸ ਜੀ.ਪੀ. ਮਾਥੁਰ ਕਮੇਟੀ ਨੇ ਆਪਣੀ ਰਿਪੋਰਟ 'ਚ ਕਿਹਾ ਸੀ ਕਿ 2006 ਦੀ ਪੁਨਰਵਾਸ ਪੈਕੇਜ ਯੋਜਨਾ ਤਹਿਤ 1020 ਮਾਮਲਿਆਂ 'ਚ ਪੀੜਤਾਂ ਨੂੰ ਭੁਗਤਾਨ ਨਹੀਂ ਕੀਤਾ ਗਿਆ ਅਤੇ ਯੋਜਨਾਬੰਦ ਹੋ ਗਈ। ਕਮੇਟੀ ਨੇ ਸਿਫਾਰਸ਼ ਕੀਤੀ ਸੀ ਕਿ ਹਰ ਪੀੜਤ ਪਰਿਵਾਰ ਨੂੰ ਦੋ ਲੱਖ ਰੁਪਏ ਦਾ ਭੁਗਤਾਨ ਕਰਨ ਵਾਲੀ ਇਸ ਯੋਜਨਾ ਨੂੰ ਨਿਸ਼ਚਿਤ ਸਮੇਂ ਲਈ ਮੁੜ ਸ਼ੁਰੂ ਕੀਤਾ ਜਾਵੇ।

## ਪੰਜਾਬ 'ਚ ਡੇਂਗੂ ਪੀੜਤਾਂ ਦੀ ਗਿਣਤੀ ਦਾ ਅੰਕੜਾ 2500 ਤੋਂ ਟੱਪਿਆ

**ਲੁਧਿਆਣਾ:** ਉਤਰੀ ਭਾਰਤ ਸਮੇਤ ਪੰਜਾਬ 'ਚ ਡੇਂਗੂ ਬੁਖ਼ਾਰ ਪੀੜਤਾਂ ਦੀ ਗਿਣਤੀ ਵਧਦੀ ਜਾ ਰਹੀ ਹੈ, ਹਾਲਾਂਕਿ ਪੰਜਾਬ ਸਰਕਾਰ ਵੱਲੋਂ ਇਸ ਬੁਖ਼ਾਰ ਦੀ ਰੋਕਥਾਮ ਲਈ ਲੋਕਾਂ ਨੂੰ ਜਾਗਰੂਕ ਕਰਨ ਲਈ ਮੁਹਿੰਮ ਵਿੱਢੀ ਹੋਈ ਹੈ। ਜਾਣਕਾਰੀ ਮੁਤਾਬਕ ਇਸ ਵੇਲੇ ਪਟਿਆਲਾ, ਮੋਹਾਲੀ ਤੇ ਫਗਵਾੜਾ ਦਾ ਇਲਾਕਾ ਬੁਰੀ ਤਰ੍ਹਾਂ ਇਸ ਬੁਖ਼ਾਰ ਦੀ ਮਾਰ ਹੇਠ ਆ ਚੁੱਕਿਆ ਹੈ ਜਦੋਂ ਕਿ ਲੁਧਿਆਣਾ 'ਚ ਵੱਡੀ ਗਿਣਤੀ 'ਚ ਮਰੀਜ਼ ਸਾਹਮਣੇ ਆ ਰਹੇ ਹਨ।

ਪੰਜਾਬ ਦੇ ਵੱਖ-ਵੱਖ ਸਰਕਾਰੀ ਤੇ ਗੈਰ-ਸਰਕਾਰੀ ਹਸਪਤਾਲਾਂ 'ਚ ਮਰੀਜ਼ਾਂ ਦੀ ਗਿਣਤੀ ਦਾ ਅੰਕੜਾ 2500 ਦੇ ਕਰੀਬ ਪੁੱਜ ਗਿਆ ਹੈ ਤੇ ਹਰ ਰੋਜ਼ 200-250 ਦੇ ਕਰੀਬ ਮਰੀਜ਼ ਇਲਾਜ ਲਈ ਹਸਪਤਾਲਾਂ ਵਿਚ ਦਾਖ਼ਲ ਹੋ ਰਹੇ ਹਨ। ਕੁਝ ਮਾਹਿਰਾਂ ਦਾ ਕਹਿਣਾ ਹੈ ਕਿ ਮਰੀਜ਼ਾਂ ਦੀ ਅੰਕੜਾ ਉਪਰ ਦਰਸਾਏ ਅੰਕੜੇ ਨਾਲੋਂ ਕਿਤੇ ਜ਼ਿਆਦਾ ਹੈ, ਕਿਉਂਕਿ ਛੋਟੇ ਹਸਪਤਾਲਾਂ ਵਿਚ ਦਾਖ਼ਲ ਮਰੀਜ਼ਾਂ ਦੀ ਜਾਣਕਾਰੀ ਸਿਹਤ ਵਿਭਾਗ ਤੱਕ ਪੁੱਜਦੀ ਹੀ ਨਹੀਂ।

# ਪੰਜਾਬ ਵਿਚ ਚੌਲ ਘੁਟਾਲਿਆਂ ਦੀਆਂ ਖੁੱਲ੍ਹੀਆਂ ਪਰਤਾਂ

**ਜਲੰਧਰ:** ਫਿਰੋਜ਼ਪੁਰ ਤੇ ਜਗਰਾਵਾਂ ਖੇਤਰ ਵਿਚ ਪਿਛਲੇ ਦਿਨੀਂ ਸ਼ੈਲਰਾਂ ਵਿਚ ਪਏ ਵਾਧੂ ਚੌਲਾਂ ਤੇ ਝੋਨੇ ਦੇ ਖੁਰਾਕ ਤੇ ਸਪਲਾਈ ਵਿਭਾਗ ਵੱਲੋਂ ਫੜੇ ਵੱਡੇ ਭੰਡਾਰ ਨੇ ਪੰਜਾਬ ਅੰਦਰ ਅਰਬਾਂ ਰੁਪਏ ਦੇ ਚੱਲ ਰਹੇ ਚੌਲ ਘੁਟਾਲੇ ਤੋਂ ਪਰਦਾ ਲਾਹ ਦਿੱਤਾ ਹੈ। ਇਸ ਘੁਟਾਲੇ ਦੀਆਂ ਜੜ੍ਹਾਂ ਇੰਨੀਆਂ ਡੂੰਘੀਆਂ ਹਨ ਕਿ ਪੰਜਾਬ ਦਾ ਕੋਈ ਕੋਨਾ ਹੀ ਬਚਿਆ ਹੋਵੇਗਾ ਜਿਥੋਂ ਦੇ ਸ਼ੈਲਰ ਮਾਲਕ ਇਸ ਧੰਦੇ ਵਿਚ ਸ਼ਾਮਲ ਨਾ ਹੋਏ ਹੋਣ। ਪਤਾ ਲੱਗਾ ਹੈ ਕਿ ਇਸ ਘੁਟਾਲੇ ਵਿਚ ਕਈ ਸ਼ੈਲਰ ਮਾਲਕ, ਅਫਸਰਸ਼ਾਹੀ ਤੇ ਵੱਡੇ ਸਿਆਸੀ ਲੋਕ ਵੀ ਜੁੜੇ ਹੋਏ ਹਨ।

ਖੁਰਾਕ ਸਪਲਾਈ ਵਿਭਾਗ ਦੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਬਾਹਰਲੇ ਰਾਜਾਂ ਨੂੰ ਜਨਤਕ ਵੰਡ ਪ੍ਰਣਾਲੀ ਰਾਹੀਂ ਸਸਤੇ ਭਾਅ ਭੇਜੇ ਜਾਣ ਵਾਲੇ ਚੌਲਾਂ ਦਾ ਇਹ ਘੁਟਾਲਾ ਪਿਛਲੇ ਕਈ ਸਾਲ ਤੋਂ ਚੱਲ ਰਿਹਾ ਹੈ। ਇਹ ਗੱਲ ਸਾਹਮਣੇ ਆਈ ਹੈ ਕਿ ਸ਼ੈਲਰ ਮਾਲਕਾਂ ਨੂੰ ਛੜਾਈ ਲਈ ਝੋਨੇ ਦੀ ਅਲਾਟਮੈਂਟ ਕੀਤੀ ਜਾਂਦੀ ਹੈ ਤੇ ਕੁੱਲ ਝੋਨੇ 'ਚੋਂ 67 ਫੀਸਦੀ ਚੌਲ ਲਏ ਜਾਂਦੇ ਹਨ।

ਸ਼ੈਲਰ ਮਾਲਕਾਂ ਕੋਲ ਪਏ ਇਹ ਚੌਲ ਐਫ.ਸੀ. ਆਈ. ਦੀ ਨਿਗਰਾਨੀ ਹੇਠ ਹੁੰਦੇ ਹਨ ਤੇ ਕੇਂਦਰ ਸਰਕਾਰ ਇਨ੍ਹਾਂ ਚੌਲਾਂ ਵਿਚੋਂ ਵੱਡਾ ਹਿੱਸਾ ਜਨਤਕ ਵੰਡ ਪ੍ਰਣਾਲੀ ਰਾਹੀਂ ਉਤਰ ਪ੍ਰਦੇਸ਼, ਜੰਮੂ-ਕਸ਼ਮੀਰ, ਉਤਰਾਖੰਡ, ਝਾਰਖੰਡ ਆਦਿ ਰਾਜਾਂ ਨੂੰ ਭੇਜਦੀ ਹੈ। ਸੂਚਨਾ ਅਨੁਸਾਰ ਪੰਜਾਬ ਦੇ ਕੁਝ ਸ਼ੈਲਰ ਮਾਲਕ ਉਕਤ ਰਾਜਾਂ 'ਚ ਜਨਤਕ ਵੰਡ ਪ੍ਰਣਾਲੀ ਰਾਹੀਂ ਗਰੀਬਾਂ 'ਚ ਵੰਡਿਆ ਜਾਣ ਵਾਲਾ ਸਸਤਾ ਚੌਲ ਕੁਝ ਉੱਚਾ ਮੁੱਲ ਪਾ ਕੇ ਖਰੀਦ



ਲਿਆਉਂਦੇ ਹਨ ਜਾਂ ਕਈ ਤਾਂ ਸਿਰਫ ਕਾਗਜ਼ੀ ਕਾਰਵਾਈ ਹੀ ਕਰਦੇ ਹਨ ਤੇ ਮਿੱਲਾਂ ਵਿਚ ਪਿਆ ਚੌਲ ਅਗਲੇ ਸਾਲ ਫਿਰ ਸਰਕਾਰ ਸਿਰ ਮੜ੍ਹ ਦਿੱਤਾ ਜਾਂਦਾ ਹੈ। ਖੁਰਾਕ ਸਪਲਾਈ ਵਿਭਾਗ ਦੇ ਮੁੱਖ ਵਿਜੀਲੈਂਸ ਅਫਸਰ ਰਕੇਸ਼ ਸਿੰਗਲਾ ਦਾ ਕਹਿਣਾ ਹੈ ਕਿ 2014-15 ਤੋਂ ਹੁਣ ਤੱਕ ਝੋਨੇ ਹੇਠਲੇ ਰਕਬੇ 'ਚ ਤਾਂ ਸਿਰਫ 4 ਫੀਸਦੀ ਵਾਧਾ ਹੋਇਆ ਹੈ, ਝੋਨੇ ਦੀ ਖਰੀਦ 'ਚ 51 ਫੀਸਦੀ ਵਾਧਾ ਹੋ ਗਿਆ ਹੈ। ਇਹ ਅੰਕੜਾ ਵਿਭਾਗ ਦੇ ਅਧਿਕਾਰੀਆਂ ਲਈ ਹਿਲਾ ਕੇ ਰੱਖ ਦੇਣ ਵਾਲਾ ਹੈ।

ਸਿਰਫ ਪਿਛਲੇ ਸਾਲ 'ਚ ਰਕਬੇ 'ਚ ਕੋਈ ਵਾਧਾ ਗਿਣਨਯੋਗ ਨਹੀਂ, ਪਰ ਖਰੀਦ 15 ਫੀਸਦੀ ਦੇ ਕਰੀਬ ਵਧ ਗਈ। ਸਵਾਲ ਇਹ ਉਠ ਰਿਹਾ ਹੈ ਕਿ ਇੰਨੇ ਵੱਡੇ ਪੱਧਰ 'ਤੇ ਫਰਜ਼ੀ ਖਰੀਦ ਸਕੈਂਡਲ ਦਾ ਰੂਪ ਕਿਵੇਂ ਧਾਰ ਗਈ? ਕੀ ਵੇਚਣ ਵਾਲੇ ਕਿਸਾਨਾਂ ਦੇ ਨਾਂ ਫਰਜ਼ੀ ਹਨ, ਇਹ ਸਵਾਲ ਜਾਂਚ ਦਾ ਵਿਸ਼ਾ ਬਣ ਗਿਆ ਹੈ। ਰਾਜ ਸਰਕਾਰ ਨੂੰ ਖਰੀਦ 'ਤੇ ਇਕ ਹਜ਼ਾਰ ਕਰੋੜ ਰੁਪਏ ਵਾਧੂ ਖਰਚਣੇ ਪੈ ਰਹੇ ਹਨ। ਸੂਤਰਾਂ ਮੁਤਾਬਕ ਫਿਰੋਜ਼ਪੁਰ ਤੇ ਜਗਰਾਵਾਂ ਤੋਂ ਬਾਅਦ ਇਸ ਧੰਦੇ 'ਚ ਕਪੂਰਥਲਾ ਜ਼ਿਲ੍ਹੇ ਦੇ ਕਈ ਸ਼ੈਲਰ ਮਾਲਕ ਵੀ ਖੂਬ ਹੱਥ ਰੰਗ ਰਹੇ ਹਨ। ਨਡਾਲਾ ਨੇੜੇ ਚੱਲ ਰਹੇ ਅਤੇ ਢਿੱਲਵਾਂ ਤੇ ਕਪੂਰਥਲਾ 'ਚ ਚੱਲਣ ਵਾਲੇ ਸ਼ੈਲਰ ਇਕੋ ਮਾਲਕੀ ਹੇਠ ਦੱਸੇ ਜਾ ਰਹੇ ਹਨ। ਖੁਰਾਕ ਵਿਭਾਗ ਦੇ ਵਿਜੀਲੈਂਸ ਵਿੰਗ ਨੇ ਬਰਹੋਵਾਲ ਸ਼ੈਲਰ 'ਤੇ ਛਾਪਾ ਮਾਰ ਕੇ ਵੱਡੀ ਮਾਤਰਾ ਵਿਚ ਚੌਲ ਤੇ ਝੋਨੇ ਦਾ ਭੰਡਾਰ ਵੀ ਕਾਬੂ ਕੀਤਾ ਹੈ। ਇਨ੍ਹਾਂ ਸ਼ੈਲਰਾਂ ਵੱਲੋਂ ਧੜੱਲੇ ਨਾਲ ਚੌਲਾਂ ਦੇ ਫਰਜ਼ੀਵਾੜੇ ਦਾ ਧੰਦਾ ਸ਼ਰੇਆਮ ਕਈ ਸਾਲ ਤੋਂ ਚਲਾਇਆ ਜਾ ਰਿਹਾ ਹੈ। ਪਤਾ ਲੱਗਾ ਹੈ ਕਿ ਸ਼ੈਲਰ ਮਾਲਕਾਂ ਦੀਆਂ ਆੜ੍ਹਤ ਦੀਆਂ ਦੁਕਾਨਾਂ ਵੀ ਆਪਣੀਆਂ ਹੀ ਹਨ।

ਸਰਕਾਰ ਵੱਲੋਂ ਸ਼ੈਲਰਾਂ ਨੂੰ ਝੋਨੇ ਦੀ ਅਜੇ ਤੱਕ ਅਲਾਟਮੈਂਟ ਹੀ ਨਹੀਂ ਹੋਈ। ਜ਼ਿਲ੍ਹਾ ਖੁਰਾਕ ਸਪਲਾਈ ਕੰਟਰੋਲਰ ਪਿੰਦਰ ਸਿੰਘ ਨੇ ਦੱਸਿਆ ਕਿ ਹਾਲੇ ਤੱਕ ਸ਼ੈਲਰਾਂ ਨੂੰ ਅਲਾਟਮੈਂਟ ਨਹੀਂ ਕੀਤੀ ਗਈ ਪਰ ਕਈ ਸ਼ੈਲਰ ਮਾਲਕ ਮੰਡੀਆਂ 'ਚੋਂ ਸਸਤਾ ਝੋਨਾ ਖਰੀਦ ਕੇ ਸ਼ੈਲਰਾਂ ਵਿਚ ਲਗਾ ਰਹੇ ਹਨ। ਇਹ ਵੀ ਪਤਾ ਲੱਗਾ ਹੈ ਕਿ ਕੱਚੀ ਪਰਚੀ 'ਤੇ ਕਿਸਾਨਾਂ ਦਾ ਝੋਨਾ ਖਰੀਦਣ ਵਾਲੇ ਪ੍ਰਤੀ ਕੁਇੰਟਲ 12 ਰੁਪਏ ਮਾਰਕਿਟ ਕਮੇਟੀ ਅਧਿਕਾਰੀਆਂ ਨੂੰ ਰਿਸ਼ਵਤ ਵਜੋਂ ਦਿੰਦੇ ਹਨ। ਇਸ ਤਰ੍ਹਾਂ ਅਨਾਜ ਦੀ ਖਰੀਦ ਵਿਚ ਇਹ ਨਵੀਂ ਕਿਸਮ ਦਾ ਵੱਡਾ ਘੁਟਾਲਾ ਸਾਹਮਣੇ ਆਇਆ ਹੈ।

## ਪੈਸਿਆਂ ਦੇ ਲੈਣ ਦੇਣ ਨੂੰ ਲੈ ਕੇ ਨੌਜਵਾਨ ਨੂੰ ਜਿਉਂਦਾ ਸਾੜਿਆ

**ਖਨੌਰੀ:** ਪਿੰਡ ਗੁਲਾੜੀ 'ਚ ਇਕ ਨੌਜਵਾਨ ਨੂੰ ਪੈਸਿਆਂ ਦੇ ਲੈਣ ਦੇਣ ਕਾਰਨ ਅੱਗ ਲਗਾ ਕੇ ਜਿਉਂਦਾ ਸਾੜ ਦਿੱਤਾ ਗਿਆ। ਮ੍ਰਿਤਕ ਦੀ ਪਛਾਣ ਫ਼ਿਰੋਜ਼ ਖਾਨ ਪੁੱਤਰ ਜਲਾਲੂਦੀਨ ਵਜੋਂ ਹੋਈ ਹੈ। ਮ੍ਰਿਤਕ ਦੇ ਪਿਤਾ ਜਲਾਲੂਦੀਨ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਲੜਕਾ ਫ਼ਿਰੋਜ਼ ਖ਼ਾਨ ਪਿੰਡ ਵਿਚ ਹੀ ਗੋਟ ਗਰਿੱਲਾਂ ਬਣਾਉਣ ਦਾ ਕੰਮ ਕਰਦਾ ਸੀ ਅਤੇ ਉਸ ਦਾ ਪਿੰਡ ਦੇ ਹੀ ਸਤਿਆਵਾਨ ਪੁੱਤਰ ਲਛਮਣ ਦੇ ਘਰ ਆਉਣਾ ਜਾਣਾ ਸੀ ਤੇ ਸੱਤਿਆਵਾਨ ਨਾਲ ਪੈਸਿਆਂ ਦਾ ਲੈਣ ਦੇਣ ਵੀ ਚਲਦਾ ਸੀ।

ਘਟਨਾ ਵਾਲੇ ਦਿਨ ਸਤਿਆਵਾਨ ਉਨ੍ਹਾਂ ਦੇ ਘਰ ਆਇਆ ਤੇ ਉਸ ਦੇ ਲੜਕੇ ਨੂੰ ਆਪਣੇ ਘਰ ਕਿਸੇ ਕੰਮ ਲਈ ਬੁਲਾ ਕੇ ਲੈ ਗਿਆ। ਸਵੇਰੇ ਪਤਾ ਲੱਗਾ ਕਿ ਸਤਿਆਵਾਨ ਦੇ ਘਰ ਕਿਸੇ ਨਾ ਮਾਲੂਮ ਵਿਅਕਤੀ ਦੀ ਲਾਸ਼ ਪਈ ਹੈ ਜੋ ਕਿ ਅੱਗ ਨਾਲ ਸੜੀ ਹੋਈ ਹੈ, ਜਦੋਂ ਜਾ ਕੇ ਦੇਖਿਆ ਤਾਂ ਸਤਿਆਵਾਨ ਦੇ ਘਰ ਨਾਲ ਡੰਗਰਾਂ ਵਾਲੇ ਬਗਲ 'ਚ ਇਕ ਕਮਰੇ 'ਚ ਲੋਹੇ ਦੇ ਮੰਜੇ ਦੀਆਂ ਚੁਗਾਠਾਂ 'ਚ ਅੱਗ ਨਾਲ ਸੜੇ ਵਿਅਕਤੀ ਦੀ ਲਾਸ਼ ਪਈ ਸੀ ਜੋ ਕਿ ਉਸ ਦੇ ਲੜਕੇ ਫ਼ਿਰੋਜ਼ ਖਾਨ ਦੀ ਸੀ।

# ਪਰਾਲੀ ਦੀ ਸਾਂਭ-ਸੰਭਾਲ ਬਾਰੇ ਕਿਸਾਨਾਂ ਤੇ ਸਰਕਾਰ 'ਚ ਟਕਰਾਅ ਦੇ ਆਸਾਰ

**ਸੰਗਰੂਰ:** ਝੋਨੇ ਦੀ ਪਰਾਲੀ ਦੀ ਸਾਂਭ-ਸੰਭਾਲ ਬਾਰੇ ਕਿਸਾਨਾਂ ਤੇ ਸਰਕਾਰ ਵਿਚ ਟਕਰਾਅ ਦੇ ਆਸਾਰ ਬਣੇ ਹੋਏ ਹਨ। ਹਾਲਾਂਕਿ ਇਕ ਧਿਰ ਅਜਿਹੀ ਵੀ ਹੈ ਜੋ ਪਰਾਲੀ ਨੂੰ ਜ਼ਮੀਨ ਵਿਚ ਹੀ ਵਾਹ ਕੇ ਕਣਕ ਦਾ ਝਾੜ ਆਮ ਨਾਲੋਂ ਵੱਧ ਲੈਣ ਦਾ ਦਾਅਵਾ ਕਰਦੀ ਹੈ। ਪੰਜਾਬ ਸਰਕਾਰ ਪਰਾਲੀ ਨੂੰ ਸਾੜਨ ਤੋਂ ਰੋਕਣ ਲਈ ਵਾਤਾਵਰਨ ਪ੍ਰਦੂਸ਼ਣ ਦਾ ਹਵਾਲਾ ਤਾਂ ਦਿੰਦੀ ਹੈ ਤੇ ਖੇਤੀ ਮਾਹਿਰ ਕਿਸਾਨਾਂ ਨੂੰ ਇਨ੍ਹਾਂ ਸਮੱਸਿਆਵਾਂ ਵਿਚੋਂ ਨਿਕਲਣ ਦੇ ਢੰਗ ਤਰੀਕੇ ਵੀ ਦੱਸਦੇ ਹਨ, ਪਰ ਫਿਰ ਵੀ ਕਿਸਾਨਾਂ ਦੀਆਂ ਦਲੀਲਾਂ ਅੱਗੇ ਇਨ੍ਹਾਂ ਦੀ ਇਕ ਨਹੀਂ ਚੱਲਦੀ।

ਖੇਤੀ ਮਾਹਿਰਾਂ ਅਨੁਸਾਰ ਜੇਕਰ ਝੋਨੇ ਦੀ ਸਿੱਧੀ ਬਿਜਾਈ ਕੀਤੀ ਜਾਵੇ ਤਾਂ ਧਰਤੀ ਹੇਠਲੇ ਪਾਣੀ ਦੀ ਖਪਤ ਬਹੁਤ ਹੀ ਘੱਟ ਜਾਵੇਗੀ ਅਤੇ ਝੋਨੇ ਦਾ ਝਾੜ ਵੀ ਵਧਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਦਾ ਕਹਿਣਾ ਹੈ ਕਿ ਪਰਾਲੀ ਨੂੰ ਬਿਨਾਂ ਸਾੜੇ ਜੇਕਰ ਹੈਪੀਸੀਡਰ ਨਾਲ ਕਣਕ ਦੀ ਬਿਜਾਈ ਕੀਤੀ ਜਾਵੇ ਤਾਂ ਵਾਤਾਵਰਨ ਪ੍ਰਦੂਸ਼ਣ ਤੋਂ ਬਚਿਆ ਜਾ ਸਕਦਾ ਹੈ ਤੇ ਕਿਸਾਨ ਵੀ ਬੇਲੋੜੀਆਂ ਖਾਦਾਂ ਦੀ ਵਰਤੋਂ ਤੋਂ ਬਚ ਸਕਦਾ ਹੈ। ਸੰਗਰੂਰ ਜ਼ਿਲ੍ਹੇ ਵਿਚ ਝੋਨੇ ਦੀ ਬਿਜਾਈ ਅਧੀਨ ਰਕਬੇ ਵਿਚੋਂ 40 ਫੀਸਦੀ ਸਿੱਧੀ ਬਿਜਾਈ ਹੋਈ ਹੈ। ਲੰਘੇ ਵਰ੍ਹੇ ਦੇ ਅੰਕੜਿਆਂ ਮੁਤਾਬਕ ਸਬੰਧਤ ਵਿਭਾਗ ਕੋਲ ਕਰੀਬ 450 ਹੈਪੀ ਸੀਡਰ ਮਸ਼ੀਨਾਂ ਸਨ। ਦੋ ਸੌ ਦੇ ਕਰੀਬ ਮਸ਼ੀਨਾਂ ਸਬਸਿਡੀ ਉਤੇ ਮੁਹੱਈਆ ਕਰਵਾਈਆਂ ਗਈਆਂ ਸਨ। ਇਸ ਤੋਂ ਇਲਾਵਾ 660 ਕਿਸਾਨਾਂ ਨੇ ਸਬਸਿਡੀ 'ਤੇ ਮਸ਼ੀਨਾਂ ਲੈਣ ਲਈ ਅਰਜ਼ੀਆਂ ਦਿੱਤੀਆਂ ਹੋਈਆਂ ਹਨ।

ਪੰਜਾਬ ਵਿਚ 65 ਲੱਖ ਏਕੜ ਰਕਬੇ ਵਿਚ ਝੋਨੇ ਦੀ ਫਸਲ ਹੈ। ਇਸ ਤੋਂ ਲਗਭਗ 2 ਕਰੋੜ ਟਨ ਪਰਾਲੀ ਪੈਦਾ ਹੁੰਦੀ ਹੈ। ਹੁਣ ਤੱਕ ਸਿਰਫ 43 ਲੱਖ ਟਨ ਪਰਾਲੀ ਦੀ ਵਿਉਂਤਬੰਦੀ ਹੀ ਅੱਗ ਲਗਾਏ ਬਿਨਾਂ ਹੋ ਰਹੀ ਹੈ। ਪੰਜਾਬ, ਹਰਿਆਣਾ ਅਤੇ ਦਿੱਲੀ ਨੇੜਲੇ ਕੁਝ ਹੋਰ ਰਾਜਾਂ ਵਿਚ ਇਹ ਪ੍ਰਕਿਰਿਆ ਪਹਿਲਾਂ ਹੀ ਚੱਲ ਰਹੀ ਸੀ ਪਰ ਪਿਛਲੇ ਪੰਜ ਕੁ ਸਾਲ ਤੋਂ ਪਰਾਲੀ ਦੀ ਅੱਗ ਨਾਲ ਦਿੱਲੀ ਵਿਚ ਧੂੰਏਂ ਦੇ ਬੱਦਲ ਛਾ ਜਾਣ ਨਾਲ ਇਹ ਮੁੱਦਾ ਕੌਮੀ ਪੱਧਰ ਦਾ ਬਣ ਗਿਆ ਹੈ।

ਲੰਘੇ ਸਾਲ ਸ੍ਰੀਲੰਕਾ ਦੇ ਕ੍ਰਿਕਟ ਖਿਡਾਰੀਆਂ ਨੇ ਸਾਹ ਲੈਣ 'ਚ ਦਿੱਕਤ ਆਉਣ ਦੀ ਸ਼ਿਕਾਇਤ ਕਰਦਿਆਂ ਕ੍ਰਿਕਟ ਨਾ ਖੇਡਣ ਦੀ ਚਿਤਾਵਨੀ ਦਿੱਤੀ ਸੀ। ਇਸ ਨਾਲ ਦੁਨੀਆਂ ਭਰ 'ਚ ਬਦਨਾਮੀ ਦੇ



ਡਰੋਂ ਕੇਂਦਰ ਸਰਕਾਰ ਨੇ ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਵਾਸਤੇ ਪੰਜਾਬ ਨੂੰ 669 ਕਰੋੜ ਰੁਪਏ ਜਾਰੀ ਕੀਤੇ ਸਨ। ਇਸ ਵਿਚੋਂ ਅੱਧਾ ਪੈਸਾ ਪਹਿਲੇ ਸਾਲ ਲਈ ਹੈ। ਸਰਕਾਰ ਨੇ 19 ਕਰੋੜ ਰੁਪਏ ਜਾਗਰੂਕਤਾ ਮੁਹਿੰਮ ਉਤੇ ਖਰਚ ਕਰਨ ਦਾ ਫੈਸਲਾ ਕੀਤਾ ਹੈ ਅਤੇ ਬਿਨਾਂ ਅੱਗ ਲਗਾਏ ਕਣਕ ਦੀ ਬਿਜਾਈ ਸਬੰਧੀ ਤਕਨੀਕ ਮੁਹੱਈਆ ਕਰਵਾਉਣ ਦਾ ਇਕ ਟੀਚਾ ਤੈਅ ਕੀਤਾ ਹੈ। ਇਸ ਤੋਂ ਇਲਾਵਾ ਅੱਗ ਲਗਾਉਣ ਵਾਲੇ ਕਿਸਾਨਾਂ ਨੂੰ ਜੁਰਮਾਨੇ ਅਤੇ ਕੇਸਾਂ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ।

ਕਿਸਾਨ ਜਥੇਬੰਦੀਆਂ ਇਸ ਸਾਰੇ ਝਗੜੇ ਦਾ ਇਲਾਜ ਕਿਸਾਨਾਂ ਨੂੰ ਝੋਨੇ 'ਤੇ 200 ਰੁਪਏ ਪ੍ਰਤੀ ਕੁਇੰਟਲ ਬੋਨਸ ਦੇਣ ਨਾਲ ਹੋ ਜਾਣ ਦੀ ਤਜਵੀਜ਼ ਪੇਸ਼ ਕਰ ਰਹੀਆਂ ਹਨ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 100 ਰੁਪਏ ਕੁਇੰਟਲ ਬੋਨਸ ਲਈ ਕੇਂਦਰ ਨੂੰ ਚਿੱਠੀ ਵੀ ਲਿਖੀ ਹੈ। ਇਸ ਨਾਲ ਕਿਸਾਨ ਅਤੇ ਸਰਕਾਰ ਵਾਧੂ ਖਰਚ ਅੱਧੋ ਅੱਧ ਕਰ ਸਕਦੀਆਂ ਹਨ।


## ਸਰਪੰਚੀ ਦੇ ਚਾਹਵਾਨਾਂ ਨੂੰ ਲੱਗੇਗਾ ਪਰਾਲੀ ਸਾੜਨ ਦਾ ਸੇਕ

**ਚੰਡੀਗੜ੍ਹ:** ਪੰਜਾਬ ਸਰਕਾਰ ਝੋਨੇ ਦੀ ਪਰਾਲੀ ਅਤੇ ਰਹਿੰਦ ਖੂੰਹਦ ਸਾੜਨ ਤੋਂ ਕਿਸਾਨਾਂ ਨੂੰ ਰੋਕਣ ਲਈ ਕਈ ਸਖਤ ਕਦਮ ਉਠਾ ਰਹੀ ਹੈ ਤੇ ਇਸ ਫੈਸਲੇ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਪਰਾਲੀ ਸਾੜਨ ਵਾਲੇ ਕਿਸਾਨਾਂ ਨੂੰ ਪੰਚਾਇਤੀ ਰਾਜ ਐਕਟ ਵਿਚ ਸੋਧ ਕਰਕੇ ਚੋਣ ਲੜਨ ਤੋਂ ਅਯੋਗ ਠਹਿਰਾਉਣ ਬਾਰੇ ਸੋਚ ਰਹੀ ਹੈ। ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਵੱਲੋਂ ਪੰਚਾਇਤੀ ਰਾਜ ਐਕਟ ਵਿਚ ਸੋਧ ਕਰ ਕੇ ਪਰਾਲੀ ਸਾੜਨ ਵਾਲਿਆਂ ਨੂੰ ਪੰਚਾਇਤੀ ਚੋਣਾਂ ਲੜਨ ਤੋਂ ਅਯੋਗ ਕਰਨ ਬਾਰੇ ਗੰਭੀਰਤਾ ਨਾਲ ਵਿਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਰਾਲੀ ਸਾੜਨ ਦੇ ਮਾੜੇ ਪ੍ਰਭਾਵਾਂ ਬਾਰੇ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਵਿਆਪਕ ਮੁਹਿੰਮ ਚਲਾਈ ਜਾ ਰਹੀ ਹੈ ਅਤੇ ਇਸ ਸਬੰਧੀ ਕਾਨੂੰਨੀ ਸਖਤੀ ਵੀ ਵਰਤੀ ਜਾ ਰਹੀ ਹੈ।

# ਜਲ੍ਹਿਆਂਵਾਲਾ ਬਾਗ ਦੀ 100ਵੀਂ ਵਰ੍ਹੇਗੰਢ ਲਈ ਮੋਦੀ ਦੀ ਕੰਜੂਸੀ ਤੋਂ ਪੰਜਾਬ ਸਰਕਾਰ ਖਫਾ

**ਚੰਡੀਗੜ੍ਹ:** ਪੰਜਾਬ ਦੇ ਸਭਿਆਚਾਰ, ਸੈਰ ਸਪਾਟਾ ਅਤੇ ਸਥਾਨਕ ਸਰਕਾਰਾਂ ਬਾਰੇ ਵਿਭਾਗਾਂ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਮੋਦੀ ਸਰਕਾਰ ਉਤੇ ਗੁਰੂ ਨਾਨਕ ਦੇਵ ਦੇ 550 ਸਾਲਾ ਜਨਮ ਦਿਨ ਅਤੇ ਜਲ੍ਹਿਆਂਵਾਲਾ ਬਾਗ ਦੀ 100ਵੀਂ ਵਰ੍ਹੇਗੰਢ ਦੇ ਮੁੱਦੇ ਉਤੇ ਅਪਨਾਏ ਨਾਂਹ-ਪੱਖੀ ਰਵੱਈਏ ਦੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਜਲ੍ਹਿਆਂਵਾਲਾ ਬਾਗ ਨੂੰ ਨਿੱਜੀ ਹੱਥਾਂ 'ਚ ਦੇਣ ਦਾ ਪ੍ਰਸਤਾਵ ਤਿਆਰ ਕੀਤਾ ਹੈ।

ਸ੍ਰੀ ਸਿੱਧੂ ਨੇ ਦੱਸਿਆ ਕਿ ਜਲ੍ਹਿਆਂਵਾਲਾ ਬਾਗ ਲਈ 8 ਕਰੋੜ ਰੁਪਏ ਜਾਰੀ ਕਰ ਦਿੱਤੇ ਗਏ ਹਨ ਪਰ ਹਾਲੇ ਤੱਕ ਰਾਸ਼ੀ ਖਰਚ ਕਰਨ ਦੀ ਮਨਜ਼ੂਰੀ ਨਹੀਂ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ 100ਵੀਂ ਵਰ੍ਹੇਗੰਢ ਲਈ ਛੇ ਮਹੀਨੇ ਰਹਿ ਗਏ ਹਨ ਅਤੇ ਕਦੋਂ ਪੈਸਾ ਖਰਚ ਹੋਵੇਗਾ ਜਦੋਂ ਕਿ ਟੈਂਡਰ ਪ੍ਰਕਿਰਿਆ ਨੂੰ ਵੀ ਸਮਾਂ ਲੱਗੇਗਾ। ਸ੍ਰੀ ਸਿੱਧੂ ਨੇ ਇਹ ਵੀ ਦੱਸਿਆ ਕਿ ਕੇਂਦਰ ਸਰਕਾਰ ਨੇ ਗੁਰੂ ਨਾਨਕ ਦੇਵ ਦੇ 550ਵੇਂ ਜਨਮ ਦਿਨ ਨੂੰ ਮਨਾਉਣ ਲਈ ਵਿੱਤੀ ਮਦਦ ਦੇਣ ਤੋਂ ਵੀ ਇਕ ਤਰ੍ਹਾਂ ਨਾਲ ਕਿਨਾਰਾ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਸਭਿਆਚਾਰ ਅਤੇ ਸੈਰ ਸਪਾਟਾ ਮੰਤਰਾਲੇ ਵੱਲੋਂ ਪੂਰੇ ਦੇਸ਼ ਲਈ ਮਹਿਜ਼ 35 ਕਰੋੜ ਰੁਪਏ ਰੱਖੇ ਗਏ ਹਨ ਜਦੋਂ ਕਿ ਰਾਜ ਸਰਕਾਰ ਨੇ 2100 ਕਰੋੜ ਰੁਪਏ ਮੰਗੇ ਸਨ। ਉਨ੍ਹਾਂ ਕਿਹਾ ਕਿ ਦੋਵੇਂ ਮੁੱਦਿਆਂ ਨੂੰ ਉਹ ਪੰਜਾਬ ਮੰਤਰੀ ਮੰਡਲ ਦੀ ਆਉਣ ਵਾਲੀ ਮੀਟਿੰਗ ਵਿੱਚ ਰੱਖਣਗੇ ਤਾਂ ਜੋ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਈ ਫੈਸਲਾ ਲੈ ਸਕਣ। ਕੇਂਦਰ ਸਰਕਾਰ ਦੇ ਰਵੱਈਏ ਨੂੰ ਅਤਿ ਨਿੰਦਣਯੋਗ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਦੇ ਜਨਮ ਦਿਨ ਨੂੰ ਮਨਾਉਣ ਸਬੰਧੀ ਪੂਰੀ ਦੁਨੀਆਂ ਦੇ ਨਾਨਕ ਨਾਮ ਲੇਵਾ ਲੋਕਾਂ ਵਿਚ ਉਤਸ਼ਾਹ ਹੈ ਤੇ ਕੇਂਦਰ ਸਰਕਾਰ ਇਸ ਦਿਨ ਨੂੰ ਅਣਗੌਲਿਆ ਕਰਨ ਦੇ ਯਤਨ ਕਰ ਰਹੀ ਹੈ। ਉਹ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਇਸ ਮਾਮਲੇ 'ਤੇ ਕੇਂਦਰ ਸਰਕਾਰ ਨਾਲ ਤੁਰਤ ਗੱਲਬਾਤ ਕਰਨ ਲਈ ਆਖਣਗੇ।




ਸ੍ਰੀ ਸਿੱਧੂ ਨੇ ਕੇਂਦਰ ਸਰਕਾਰ ਵੱਲੋਂ 2018-19 ਦੇ ਯਾਦਗਾਰੀ ਸਮਾਗਮਾਂ ਨੂੰ ਮਨਾਉਣ ਲਈ ਬਣਾਈ 'ਨੈਸ਼ਨਲ ਇੰਪਲੀਮੈਂਟੇਸ਼ਨ ਕਮੇਟੀ' ਦੀ 30 ਜੁਲਾਈ ਨੂੰ ਹੋਈ ਮੀਟਿੰਗ ਦੇ ਵੇਰਵੇ ਮੀਡੀਆ ਨੂੰ ਜਾਰੀ ਕਰਦਿਆਂ ਦੱਸਿਆ ਕਿ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਵੱਡੇ ਪੱਧਰ 'ਤੇ ਮਨਾਉਣ ਲਈ ਮੁੱਖ ਮੰਤਰੀ ਨੇ 2145.31 ਕਰੋੜ ਰੁਪਏ ਦਾ ਪੈਕੇਜ ਮੰਗਿਆ ਸੀ ਜਿਸ ਵਿਚ 1050 ਕਰੋੜ ਰੁਪਏ ਯਾਦਗਾਰੀ ਪ੍ਰੋਜੈਕਟਾਂ ਅਤੇ 1095.31 ਕਰੋੜ ਰੁਪਏ ਬੁਨਿਆਦੀ ਢਾਂਚਾ ਸਿਰਜਣ ਲਈ ਸ਼ਾਮਲ ਸਨ। ਉਨ੍ਹਾਂ ਕਿਹਾ ਕਿ ਮੀਟਿੰਗ ਦੇ ਵੇਰਵਿਆਂ ਵਿਚ ਇਹ ਦਰਜ ਹੈ ਕਿ ਭਾਰਤ ਸਰਕਾਰ ਨੇ ਯਾਦਗਾਰੀ ਸਮਾਗਮਾਂ ਲਈ ਕੁੱਲ ਰਾਸ਼ੀ ਸਿਰਫ 100 ਕਰੋੜ ਰੁਪਏ ਰੱਖੀ ਹੈ ਜਿਸ ਵਿਚੋਂ 65 ਕਰੋੜ ਰੁਪਏ ਖਰਚਣ ਦਾ ਪਤਾ ਲੱਗਿਆ ਹੈ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੈਕੇਜ ਦੇਣ ਤੋਂ ਮੁੱਕਰਨ ਦੇ ਬਾਵਜੂਦ ਪੰਜਾਬ ਸਰਕਾਰ ਗੁਰਪੁਰਬ ਨੂੰ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਏਗੀ।

## ਬਾਦਲ, ਤਰਲੋਚਨ ਸਿੰਘ ਤੇ ਸ਼ਵੇਤ ਮਲਿਕ ਜਲ੍ਹਿਆਂਵਾਲਾ ਬਾਗ ਟਰੱਸਟ ਦੇ ਟਰੱਸਟੀ ਨਿਯੁਕਤ

**ਅੰਮ੍ਰਿਤਸਰ:** ਇਤਿਹਾਸਕ ਜਲ੍ਹਿਆਂਵਾਲਾ ਬਾਗ ਟਰੱਸਟ ਦੇ ਚੇਅਰਮੈਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪ੍ਰਕਾਸ਼ ਸਿੰਘ ਬਾਦਲ, ਤਰਲੋਚਨ ਸਿੰਘ ਅਤੇ ਸ਼ਵੇਤ ਮਲਿਕ ਨੂੰ ਇਸ ਟਰੱਸਟ ਦੇ ਟਰੱਸਟੀ ਨਿਯੁਕਤ ਕੀਤਾ ਹੈ। ਰਾਜ ਸਭਾ ਮੈਂਬਰ, ਭਾਜਪਾ ਦੇ ਪੰਜਾਬ ਪ੍ਰਧਾਨ ਅਤੇ ਇਸ ਟਰੱਸਟ ਦੇ ਨਵੇਂ ਚੁਣੇ ਗਏ ਟਰੱਸਟੀ ਸ਼ਵੇਤ ਮਲਿਕ ਨੇ ਦੱਸਿਆ ਕਿ ਜਲ੍ਹਿਆਂਵਾਲਾ ਬਾਗ ਟਰੱਸਟ 'ਤੇ ਸ਼ੁਰੂ ਤੋਂ ਹੀ ਕਾਂਗਰਸ ਦਾ ਕਬਜ਼ਾ ਰਿਹਾ ਹੈ ਅਤੇ ਇਸ ਦੇ ਟਰੱਸਟੀ ਵੀ ਕਾਂਗਰਸ ਪਾਰਟੀ ਦੇ ਰਹੇ ਸਨ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਇਸ ਸਮੇਂ ਵਿਚ ਸ਼ਹੀਦਾਂ ਦੀ ਇਸ ਯਾਦਗਾਰ ਦਾ ਮੰਦਾ ਹਾਲ ਕਰ ਦਿੱਤਾ। ਉਨ੍ਹਾਂ ਨੇ ਆਪਣੇ ਅਖਤਿਆਰੀ ਫੰਡ ਵਿਚੋਂ ਪਹਿਲਾਂ ਹੀ 10 ਲੱਖ ਰੁਪਏ ਦੀ ਰਾਸ਼ੀ ਜਾਰੀ ਕਰ ਕੇ ਇਸ ਬਾਗ ਵਿਚ ਕੁਝ ਕਾਰਜ ਕਰਵਾਏ ਸਨ ਅਤੇ ਹੁਣ ਉਨ੍ਹਾਂ ਦਾ ਮੁੱਖ ਟੀਚਾ ਜਲ੍ਹਿਆਂਵਾਲਾ ਬਾਗ ਦੀ ਨੁਹਾਰ ਨੂੰ ਬਦਲਣਾ ਹੈ।

# ਭਗਵੰਤ ਮਾਨ ਨੇ ਚੁੱਕਿਆ 'ਆਪ' ਦੇ ਰੁੱਸੇ ਆਗੂਆਂ ਨੂੰ ਮਨਾਉਣ ਦਾ ਬੀੜਾ

**ਪਟਿਆਲਾ:** ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਹੈ ਕਿ ਬਰਗਾੜੀ ਮੋਰਚਾ ਅਕਾਲੀ ਦਲ ਅਤੇ ਕਾਂਗਰਸ ਲਈ ਚੁਣੌਤੀ ਬਣ ਕੇ ਸਾਹਮਣੇ ਆਇਆ ਹੈ। ਲੋਕਾਂ ਨੇ ਆਪ ਮੁਹਾਰੇ ਹੀ ਲੱਖਾਂ ਦੀ ਗਿਣਤੀ ਵਿਚ ਪੁੱਜ ਕੇ ਆਪਣੀ ਗੁਰੂ ਗ੍ਰੰਥ



ਸਾਹਿਬ ਪ੍ਰਤੀ ਸ਼ਰਧਾ ਦਿਖਾਈ ਹੈ। ਸ੍ਰੀ ਮਾਨ ਨੇ ਕਿਹਾ ਕਿ ਆਉਂਦੇ ਦਿਨਾਂ ਵਿਚ ਉਹ ਖੁਦ 'ਆਪ' ਦੇ ਰੁੱਸੇ ਆਗੂਆਂ ਨੂੰ ਮਨਾਉਣ ਜਾਣਗੇ। ਲੋਕ ਸਭਾ ਦੀਆਂ ਚੋਣਾਂ ਪਾਰਟੀ ਦੇ ਸਾਰੇ ਆਗੂ ਇਕੱਠੇ ਹੋ ਕੇ ਲੜਨਗੇ। ਸ੍ਰੀ ਮਾਨ ਨਾਲ ਇਸ ਵੇਲੇ ਪੰਜਾਬ ਵਿਧਾਨ ਸਭਾ ਦੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ, ਸੂਬਾ ਸਹਿ ਪ੍ਰਧਾਨ ਡਾ. ਬਲਬੀਰ ਸਿੰਘ ਅਤੇ ਸਰਬਜੀਤ ਕੌਰ ਮਾਣੂਕੇ ਵੀ ਸਨ।

ਸ੍ਰੀ ਮਾਨ ਕਿਹਾ ਕਿ ਬਰਗਾੜੀ ਦਾ ਮੋਰਚਾ ਪੰਜਾਬ ਦੀਆਂ ਹੁਣ ਤੱਕ ਰਾਜ ਕਰਦੀਆਂ ਰਹੀਆਂ ਅਕਾਲੀ ਦਲ ਤੇ ਕਾਂਗਰਸ ਪਾਰਟੀਆਂ ਲਈ ਵੱਡੀ ਚੁਣੌਤੀ ਹੈ। ਉਨ੍ਹਾਂ ਕਿਹਾ ਕਿ ਜੇ ਹੁਣ ਵੀ ਕੈਪਟਨ ਅਮਰਿੰਦਰ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੇ ਦੋਖੀਆਂ ਨੂੰ ਸਜ਼ਾ ਨਾ ਦਿਵਾਈ ਤਾਂ ਉਨ੍ਹਾਂ ਨੂੰ ਲੋਕਾਂ ਦੇ ਰੋਹ ਦਾ ਸਾਹਮਣਾ ਕਰਨਾ ਪਵੇਗਾ। ਪਟਿਆਲਾ ਰੈਲੀ ਦੌਰਾਨ ਬਿਕਰਮ ਸਿੰਘ ਮਜੀਠੀਆ ਵੱਲੋਂ ਬਰਗਾੜੀ ਮੋਰਚੇ ਦੇ ਇਕੱਠ ਨੂੰ ਇੰਦਰਾ ਗਾਂਧੀ ਦਾ ਪੰਥ ਕਹਿਣ ਦੇ ਪੁੱਛੇ ਸਵਾਲ 'ਤੇ ਸ੍ਰੀ ਮਾਨ ਨੇ ਕਿਹਾ ਕਿ ਸ੍ਰੀ ਮਜੀਠੀਆ ਦੱਸਣ ਕਿ ਉਹ ਕਿਹੜੇ ਪੰਥ ਦੇ ਹਨ, ਕੀ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਾਉਣ ਵਾਲੇ ਪੰਥ ਵਾਲੇ ਹਨ। ਉਨ੍ਹਾਂ ਕਿਹਾ ਕਿ ਬਰਗਾੜੀ ਮੋਰਚੇ ਵਿਚ ਪੰਜਾਬੀਆਂ ਦਾ ਇਕੱਠ ਦੇਖ ਅਕਾਲੀ ਦਲ ਵਾਲੇ ਬੌਂਦਲ ਗਏ ਹਨ ਤੇ ਅਵਾ-ਤਵਾ ਬੋਲ ਰਹੇ ਹਨ।

ਸ੍ਰੀ ਮਾਨ ਨੇ ਕਿਹਾ ਕਿ ਸੁੱਚਾ ਸਿੰਘ ਛੋਟੇਪੁਰ, ਡਾ. ਧਰਮਵੀਰ ਗਾਂਧੀ ਆਦਿ ਹੋਰ ਸਾਰੇ ਨਾਰਾਜ਼ ਆਗੂਆਂ ਨੂੰ ਮਨਾਉਣ ਲਈ ਉਹ ਖੁਦ ਜਾਣਗੇ ਜਦੋਂਕਿ ਸੁਖਪਾਲ ਸਿੰਘ ਖਹਿਰਾ ਬਾਰੇ ਉਨ੍ਹਾਂ ਕਿਹਾ ਕਿ ਉਹ ਤਾਂ ਸਾਡੇ ਹੀ ਹਨ, ਆਉਂਦੇ ਦਿਨਾਂ ਵਿਚ ਉਹ ਸੁਖਪਾਲ ਸਿੰਘ ਖਹਿਰਾ ਦੇ ਸਾਰੇ ਗੁੱਸੇ ਗਿਲੇ ਮਿਟਾ ਦੇਣਗੇ।

# ਸ਼੍ਰੋਮਣੀ ਕਮੇਟੀ ਵੱਲੋਂ ਪੰਥ 'ਚੋਂ ਛੇਕੇ ਜਥੇਦਾਰ ਨੂੰ ਭੇਜਿਆ ਸੱਦਾ-ਪੱਤਰ ਬਣਿਆ ਚਰਚਾ ਦਾ ਵਿਸ਼ਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਪਹਿਲੀ ਪਾਤਸ਼ਾਹੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਤ ਸਮਾਗਮਾਂ ਦੀਆਂ ਤਿਆਰੀਆਂ ਸਬੰਧੀ ਰੱਖੀ ਇਕੱਤਰਤਾ 'ਚ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਪੰਥ 'ਚੋਂ ਛੇਕੇ ਜਥੇਦਾਰ ਦਰਸ਼ਨ ਸਿੰਘ ਨੂੰ ਲਿਖਤੀ ਸੱਦਾ ਪੱਤਰ ਭੇਜੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਕਾਰਨ ਸ਼੍ਰੋਮਣੀ ਕਮੇਟੀ ਦੀ ਕਾਫੀ ਕਿਰਕਿਰੀ ਹੋ ਰਹੀ ਹੈ।

ਵੇਰਵਿਆਂ ਅਨੁਸਾਰ 550 ਸਾਲਾ ਸ਼ਤਾਬਦੀ ਸਮਾਗਮਾਂ ਲਈ ਵਿਚਾਰਾਂ ਕਿਰਨ ਹਿਤ ਸ਼੍ਰੋਮਣੀ ਕਮੇਟੀ ਵੱਲੋਂ 10 ਤੇ 11 ਅਕਤੂਬਰ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਪੰਥਕ ਆਗੂਆਂ ਦੀ ਇਕੱਤਰਤਾ ਬੁਲਾਈ ਗਈ ਸੀ, ਜਿਸ ਲਈ ਭਾਈ ਲੌਂਗੋਵਾਲ ਦੇ ਦਸਤਖਤਾਂ ਹੇਠ ਸਿੱਖ ਪੰਥ 'ਚੋਂ ਦਸੰਬਰ 2009 ਵਿਚ ਛੇਕੇ ਹੋਏ ਸ੍ਰੀ ਅਕਾਲ ਤਖਤ ਦੇ ਸਾਬਕਾ ਜਥੇਦਾਰ ਦਰਸ਼ਨ ਸਿੰਘ ਨੂੰ ਵੀ ਬੀਤੀ ਪਹਿਲੀ ਅਕਤੂਬਰ ਨੂੰ ਬਾਕਾਇਦਾ ਸੱਦਾ ਪੱਤਰ ਭੇਜਿਆ ਗਿਆ ਹੈ। ਭਾਵੇਂ ਸ਼੍ਰੋਮਣੀ ਕਮੇਟੀ ਵੱਲੋਂ ਇਸ ਨੂੰ ਕਲਰਕੀ ਗਲਤੀ ਮੰਨ ਕੇ ਪੱਲਾ ਝਾੜਿਆ ਜਾ ਰਿਹਾ ਹੈ ਪਰ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਕਿਸੇ ਸੰਸਥਾ ਜਾਂ ਸ਼ਖਸੀਅਤ ਨੂੰ ਪੱਤਰ ਭੇਜਣ ਤੋਂ ਪਹਿਲਾਂ ਉਸ ਦੀ ਘੋਖ ਕਰਨੀ ਸੀਨੀਅਰ ਅਧਿਕਾਰੀਆਂ ਦੀ ਜ਼ਿੰਮੇਵਾਰੀ ਬਣਦੀ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਤੇ ਬੁਲਾਰੇ ਦਿਲਜੀਤ ਸਿੰਘ ਬੇਦੀ ਨੇ ਕਿਹਾ ਕਿ ਇਹ ਕਲੈਰੀਕਲ ਗਲਤੀ ਸੀ।

# ਕੈਪਟਨ ਸਰਕਾਰ ਨੇ ਅਧਿਆਪਕਾਂ ਨੂੰ ਵਿਖਾਇਆ 'ਤਾਨਾਸ਼ਾਹੀ' ਰੂਪ

**ਪਟਿਆਲਾ:** ਪੰਜਾਬ ਸਰਕਾਰ ਨੇ ਅਧਿਆਪਕਾਂ ਦੀਆਂ ਤਨਖਾਹ ਵਧਾਉਣ ਦੀ ਬਜਾਏ ਹੁਣ ਮਿਲ ਰਹੀ ਤਨਖਾਹ ਦਾ ਚੌਥਾ ਹਿੱਸਾ ਦੇਣ ਦਾ ਐਲਾਨ ਕਰ ਦਿੱਤਾ ਹੈ। ਇਸ ਸਬੰਧੀ ਪੀੜਤ ਅਧਿਆਪਕਾਂ ਨੇ ਮੁੱਖ ਮੰਤਰੀ ਦੇ ਸ਼ਹਿਰ ਵਿਚ ਸਰਕਾਰ ਖਿਲਾਫ ਮੋਰਚਾ ਖੋਲ੍ਹਿਆ ਹੋਇਆ ਹੈ। ਪੰਜਾਬ ਸਰਕਾਰ ਪੰਜਾਬ ਦੇ ਨੌਂ ਹਜ਼ਾਰਾਂ ਦੇ ਕਰੀਬ ਅਧਿਆਪਕਾਂ ਦੀ ਤਨਖਾਹ ਵਿਚ 75 ਫੀਸਦੀ ਕਟੌਤੀ ਕਰ ਦਿੱਤੀ ਹੈ, ਜਿਸ ਦੇ ਬਾਅਦ 40 ਤੋਂ 50 ਹਜ਼ਾਰ ਤਨਖਾਹ ਲੈਣ ਵਾਲੇ ਅਧਿਆਪਕਾਂ ਦੀ ਤਨਖਾਹ ਸਿਰਫ 15 ਹਜ਼ਾਰ ਰੁਪਏ ਬਚ ਜਾਂਦੀ ਹੈ। ਇਸ ਦੇ ਵਿਰੋਧ ਵਿਚ ਅਧਿਆਪਕਾਂ ਨੇ 'ਸਾਂਝਾ ਅਧਿਆਪਕ ਮੋਰਚਾ' ਨਾਂ ਦੇ ਬੈਨਰ ਹੇਠ 26 ਜਥੇਬੰਦੀਆਂ ਆਪਣੀਆਂ ਮੰਗਾਂ ਨੂੰ ਲੈ ਕੇ ਮਰਨ ਵਰਤ ਬੈਠੇ ਗਈਆਂ ਹਨ।

ਅਧਿਆਪਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਆਪਣੀ ਆਮਦਨ ਦੇ ਹਿਸਾਬ ਨਾਲ ਖਰਚੇ ਤੈਅ ਕੀਤੇ ਹੁੰਦੇ ਹਨ। ਹਰ ਅਧਿਆਪਕ ਦੇ ਕਿਸੇ ਨਾ ਕਿਸੇ ਕਰਜ਼ੇ ਦੀ ਕਿਸ਼ਤ ਚੱਲਦੀ ਹੈ, ਪਰ ਸਰਕਾਰ ਦਾ ਤਨਖਾਹਾਂ ਵਧਾਉਣ ਦੀ ਬਜਾਏ ਮੌਜੂਦਾ ਤਨਖਾਹਾਂ ਵਿਚੋਂ ਵੀ 75 ਫੀਸਦੀ ਕਟੌਤੀ ਕਰ ਦੇਣ ਦੇ ਫੈਸਲੇ ਨੇ ਉਨ੍ਹਾਂ ਨੂੰ ਵੱਡਾ ਝਟਕਾ ਦਿੱਤਾ ਹੈ। ਇਸ ਦੌਰਾਨ ਸਿਰਫ ਅਧਿਆਪਕ ਹੀ ਨਹੀਂ, ਅਧਿਆਪਕ ਉਨ੍ਹਾਂ ਦੇ ਬੱਚਿਆਂ ਨੂੰ ਚੰਗੀ ਸਿੱਖਿਆ ਕਿਵੇਂ ਦੇ ਪਾਉਣਗੇ? ਉਧਰ, ਪੰਜਾਬ ਸਰਕਾਰ ਵੀ ਧਰਨੇ ਉਤੇ ਬੈਠੇ ਅਧਿਆਪਕਾਂ ਨਾਲ ਸਖਤੀ ਵਰਤ ਰਹੀ ਹੈ। ਸਰਕਾਰ ਨੇ 5 ਅਧਿਆਪਕਾਂ ਨੂੰ



ਸਕੂਲਾਂ ਵਿਚ ਪੜ੍ਹਦੇ ਬੱਚਿਆਂ ਦੇ ਮਾਪੇ ਵੀ ਅਧਿਆਪਕਾਂ ਨਾਲ ਇਸ ਲੜਾਈ ਵਿਚ ਕੁੱਦ ਪਏ ਹਨ। ਬੱਚਿਆਂ ਦੇ ਮਾਪਿਆਂ ਨੇ ਚਿੰਤਾ ਪ੍ਰਗਟਾਈ ਕਿ ਖੁਦ ਮਾਨਸਿਕ ਤੇ ਆਰਥਿਕ ਤੌਰ 'ਤੇ ਪਰੇਸ਼ਾਨ ਮੁਅੱਤਲ ਕਰ ਦਿੱਤਾ ਹੈ।

ਐਸ.ਐਸ.ਏ. ਤੇ ਰਮਸਾ ਤਹਿਤ ਭਰਤੀ ਹੋਏ 8,886 ਅਧਿਆਪਕਾਂ ਨੂੰ ਕੈਪਟਨ ਸਰਕਾਰ ਨੇ ਪੱਕਾ ਕਰਨ ਦਾ ਐਲਾਨ ਕਰ ਦਿੱਤਾ ਸੀ, ਪਰ ਤਨਖਾਹ ਵਿਚ ਕਟੌਤੀ ਤੇ ਪਰਖ ਕਾਲ ਵਿਚ ਵਾਧਾ ਕਰ ਦਿੱਤਾ ਸੀ। ਇਸ ਦੇ ਵਿਰੋਧ ਵਿਚ ਅਧਿਆਪਕ ਧਰਨੇ ਪ੍ਰਦਰਸ਼ਨ ਕਰ ਰਹੇ ਹਨ। ਹੁਣ ਸਿੱਖਿਆ ਮੰਤਰੀ ਓ.ਪੀ. ਸੋਨੀ ਨੇ ਯੂਨੀਅਨ ਦੇ ਨੇਤਾਵਾਂ ਨੂੰ ਚਿਤਾਵਨੀ ਦਿੰਦੇ ਕਿਹਾ ਹੈ ਕਿ ਉਹ ਸਕੂਲ ਸਮੇਂ 'ਤੇ ਧਰਨਾ ਦੇ ਕੇ ਬੱਚਿਆਂ ਦੀ ਪੜ੍ਹਾਈ ਖਰਾਬ ਨਾ ਕਰਨ। ਯੂਨੀਅਨ ਨੇਤਾ ਤੁਰਤ ਆਪਣੇ ਸਕੂਲਾਂ ਵਿਚ ਪਰਤ ਜਾਣ, ਨਹੀਂ ਤਾਂ ਕਾਨੂੰਨੀ ਕਾਰਵਾਈ ਲਈ ਤਿਆਰ ਰਹਿਣ। ਉਨ੍ਹਾਂ ਕਿਹਾ ਕਿ ਉਹ ਅਧਿਆਪਕ ਜੋ ਪਹਿਲਾਂ ਕੇਂਦਰ ਸਰਕਾਰ ਦੇ ਫੰਡਾਂ ਸਹਾਰੇ ਚੱਲਦੀਆਂ ਸੁਸਾਇਟੀਆਂ ਦੇ ਮੁਲਾਜ਼ਮ ਸਨ ਤੇ ਇਨ੍ਹਾਂ ਦੇ ਭਵਿੱਖ 'ਤੇ ਹਰ ਵੇਲੇ ਤਲਵਾਰ ਲਟਕਦੀ ਸੀ, ਉਨ੍ਹਾਂ ਨੂੰ ਪੱਕੇ ਕਰਨ ਦਾ ਫੈਸਲਾ ਵੀ ਇੰਨਾਂ ਨੇਤਾਵਾਂ ਨਾਲ ਤਿੰਨ ਮੀਟਿੰਗਾਂ ਕਰਨ ਉਪਰੰਤ ਹੀ ਲਿਆ ਗਿਆ ਹੈ।

ਮੰਤਰੀ ਨੇ ਦੋਸ਼ ਲਾਇਆ ਕਿ ਇਹ ਨੇਤਾ ਆਪਣੇ ਨਿੱਜੀ ਸੁਆਰਥਾਂ ਕਾਰਨ ਅਧਿਆਪਕ ਵਰਗ ਨੂੰ ਗੁੰਮਰਾਹ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਅਧਿਆਪਕ ਆਗੂ ਆਪਣੀ ਚੌਧਰ ਲਈ ਬੱਚਿਆਂ ਦੀ ਪੜ੍ਹਾਈ ਖਰਾਬ ਨਾ ਕਰਨ, ਜੇਕਰ ਜ਼ਿਆਦਾ ਲੀਡਰੀ ਦਾ ਸ਼ੌਕ ਹੈ ਤਾਂ ਨੌਕਰੀ ਛੱਡ ਕੇ ਸਿਆਸਤ ਵਿਚ ਆ ਜਾਣ। ਜ਼ਿਕਰਯੋਗ ਹੈ ਕਿ ਬੀਤੀ ਤਿੰਨ ਅਕਤੂਬਰ ਨੂੰ ਕੈਪਟਨ ਸਰਕਾਰ ਨੇ ਸਰਵ ਸਿੱਖਿਆ ਅਭਿਆਨ (ਐਸ.ਐਸ.ਏ.), ਰਾਸ਼ਟਰੀ ਮਾਧਿਅਮਿਕ ਸਿੱਖਿਆ ਅਭਿਆਨ (ਆਰ.ਐਮ.ਐਸ.ਏ.) ਸਮੇਤ ਆਦਰਸ਼ ਤੇ ਮਾਡਲ ਸਕੂਲਾਂ ਦੇ ਕੁੱਲ 8,886 ਅਧਿਆਪਕਾਂ ਨੂੰ ਉਕਾ-ਪੁੱਕਾ 15,000 ਰੁਪਏ ਪ੍ਰਤੀ ਮਹੀਨਾ ਮਿਹਨਤਾਨਾ ਅਤੇ ਤਿੰਨ ਸਾਲ ਸਫਲਤਾਪੂਰਵਕ ਸੇਵਾ ਕਰਨ ਹੋਣ ਤੋਂ ਬਾਅਦ ਇਨ੍ਹਾਂ ਦੀਆਂ ਸੇਵਾਵਾਂ ਨੂੰ ਨਿਯਮਤ ਕਰਨ ਦਾ ਫੈਸਲਾ ਕੀਤਾ ਸੀ। ਇਹ ਅਧਿਆਪਕ ਇਸ ਸਮੇਂ 42,800 ਰੁਪਏ ਪ੍ਰਤੀ ਮਹੀਨਾ ਤਨਖਾਹ ਲੈ ਰਹੇ ਹਨ।

## ਸਰਕਾਰੀ ਸਕੂਲਾਂ ਨੂੰ ਪ੍ਰਾਈਵੇਟ ਹੱਥਾਂ 'ਚ ਦੇਣ ਦੀ ਤਿਆਰੀ

**ਬਠਿੰਡਾ:** ਕੈਪਟਨ ਸਰਕਾਰ ਨੇ ਪ੍ਰਾਈਵੇਟ ਹੱਥਾਂ ਵਿਚ ਦੇਣ ਲਈ ਸਰਕਾਰੀ ਸਕੂਲਾਂ ਦੇ ਦਰਵਾਜ਼ੇ ਖੋਲ੍ਹਣੇ ਸ਼ੁਰੂ ਕਰ ਦਿੱਤੇ ਹਨ। ਪੰਜਾਬ ਵਜ਼ਾਰਤ ਨੇ ਪਿਛਲੇ ਸਮੇਂ ਦੌਰਾਨ ਫੈਸਲਾ ਲੈ ਲਿਆ ਸੀ ਕਿ ਸਰਕਾਰੀ ਸਕੂਲਾਂ ਵਿਚ ਬੁਨਿਆਦੀ ਢਾਂਚੇ ਦੇ ਸੁਧਾਰ ਲਈ ਕਾਰਪੋਰੇਟ ਘਰਾਣਿਆਂ, ਐਨ.ਜੀ.ਓ. ਅਤੇ ਹੋਰ ਟਰੱਸਟਾਂ ਦੀ ਮਦਦ ਲਈ ਜਾਵੇਗੀ। ਪ੍ਰਾਈਵੇਟ ਕੰਪਨੀਆਂ ਵੱਲੋਂ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ਤਹਿਤ ਇਨ੍ਹਾਂ ਸਕੂਲਾਂ ਵਿਚ ਪੈਸਾ ਲਾਇਆ ਜਾਵੇਗਾ। ਸਿੱਖਿਆ ਵਿਭਾਗ ਨੇ ਮੁਢਲੇ ਪੜਾਅ 'ਤੇ ਵੱਡੇ ਰੌਲੇ-ਰੱਪੇ ਦੇ ਡਰੋਂ ਹਰ ਜ਼ਿਲ੍ਹੇ 'ਚੋਂ ਚਾਰ ਸਰਕਾਰੀ ਸਕੂਲਾਂ ਦੀ ਸ਼ਨਾਖਤ ਕਰਨੀ ਸ਼ੁਰੂ ਕਰ ਦਿੱਤੀ ਹੈ, ਜਿਨ੍ਹਾਂ ਨੂੰ ਪ੍ਰਾਈਵੇਟ ਕੰਪਨੀ ਜਾਂ ਐਨ.ਜੀ.ਓ ਵੱਲੋਂ ਅਡਾਪਟ ਕੀਤਾ ਜਾਵੇਗਾ। ਡਾਇਰੈਕਟਰ ਜਨਰਲ (ਸਕੂਲ ਸਿੱਖਿਆ) ਨੇ ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ ਪੱਤਰ ਜਾਰੀ ਕਰ ਕੇ ਹਦਾਇਤ ਦਿੱਤੀ ਹੈ ਕਿ ਉਨ੍ਹਾਂ ਚਾਰ ਸਰਕਾਰੀ ਸਕੂਲਾਂ ਦੇ ਨਾਮ ਦੱਸੇ ਜਾਣ ਜਿਨ੍ਹਾਂ ਵਿਚ ਬੁਨਿਆਦੀ ਢਾਂਚੇ ਦਾ ਮੰਦਾ ਹਾਲ ਹੈ।

# ਕੇਰਲਾ ਨੇ ਲਾਗੂ ਕੀਤਾ ਅਨੰਦ ਮੈਰਿਜ ਐਕਟ

**ਨਵੀਂ ਦਿੱਲੀ:** ਅਨੰਦ ਮੈਰਿਜ ਐਕਟ ਕੇਰਲਾ ਵਿਚ ਵੀ ਲਾਗੂ ਹੋ ਗਿਆ ਹੈ ਅਤੇ ਹੁਣ ਉਸ ਰਾਜ ਵਿਚ ਰਹਿੰਦੇ ਸਿੱਖ ਇਸ ਕਾਨੂੰਨ ਅਧੀਨ ਵਿਆਹ ਦੀ ਰਜਿਸਟਰੇਸ਼ਨ ਕਰਵਾ ਸਕਣਗੇ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਕੇਰਲਾ ਸਰਕਾਰ ਦੇ ਕਾਨੂੰਨ ਵਿਭਾਗ ਦੇ ਸਕੱਤਰ ਨੇ ਜਾਣਕਾਰੀ ਦਿੱਤੀ ਹੈ ਕਿ ਰਾਜ ਵਿਚ ਇਹ ਐਕਟ ਲਾਗੂ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਹਰ ਮਾਲੀਆ ਜ਼ਿਲ੍ਹੇ ਵਿਚ ਪੰਚਾਇਤ ਦਾ ਡਿਪਟੀ ਡਾਇਰੈਕਟਰ ਜ਼ਿਲ੍ਹਾ ਰਜਿਸਟਰਾਰ (ਮੈਰਿਜ ਰਜਿਸਟਰਾਰ) ਹੋਵੇਗਾ ਜੋ ਆਪਣੇ ਅਧੀਨ ਖੇਤਰ ਵਿਚ ਐਕਟ ਤਹਿਤ ਸਿੱਖ ਵਿਆਹਾਂ ਦੀ ਰਜਿਸਟਰੇਸ਼ਨ ਕਰੇਗਾ।

ਉਨ੍ਹਾਂ ਦੱਸਿਆ ਕਿ ਸਿੱਖ ਹੁਣ ਅਨੰਦ ਮੈਰਿਜ ਐਕਟ ਤਹਿਤ ਵਿਆਹਾਂ ਦੀ ਰਜਿਸਟਰੇਸ਼ਨ ਕਰਵਾ ਸਕਣਗੇ ਅਤੇ ਉਨ੍ਹਾਂ ਨੂੰ ਹਿੰਦੂ ਮੈਰਿਜ ਐਕਟ ਦੀ ਥਾਂ ਅਨੰਦ ਮੈਰਿਜ ਐਕਟ ਤਹਿਤ ਰਜਿਸਟਰੇਸ਼ਨ ਸਰਟੀਫਿਕੇਟ ਪ੍ਰਾਪਤ ਹੋ ਸਕੇਗਾ। ਰਾਜ ਸਰਕਾਰ ਨੇ ਇਸ ਬਾਰੇ ਲੋੜੀਂਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ। ਉਨ੍ਹਾਂ ਦੱਸਿਆ ਕਿ ਮੈਰਿਜ ਰਜਿਸਟਰਾਰ ਦੇ ਦਾਇਰੇ ਤਹਿਤ ਵਿਆਹਾਂ ਦੀ ਰਜਿਸਟਰੇਸ਼ਨ ਉਥੇ ਹੀ ਕੀਤੀ ਜਾਵੇਗੀ ਜਿਥੇ ਅਨੰਦ ਕਾਰਜ ਹੋਇਆ ਹੋਵੇ। ਸ੍ਰੀ ਸਿਰਸਾ ਨੇ ਕਿਹਾ ਕਿ ਉਹ ਕੇਰਲਾ ਸਰਕਾਰ ਦੇ ਸ਼ੁਕਰਗੁਜ਼ਾਰ ਹਨ। ਇਹ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਸੁਪਨਾ ਸੀ ਕਿ ਇਹ ਐਕਟ ਦੇਸ਼ ਦੇ ਸਾਰੇ ਰਾਜਾਂ ਵਿਚ ਲਾਗੂ ਹੋਵੇ। ਉਨ੍ਹਾਂ ਕਿਹਾ ਕਿ ਇਹ ਐਕਟ ਹੁਣ ਦੇਸ਼ ਦੇ ਬਹੁਗਿਣਤੀ ਰਾਜਾਂ ਵਿਚ ਲਾਗੂ ਹੋ ਗਿਆ ਹੈ।

# ਸੂਬਾਈ ਚੋਣਾਂ ਬਾਰੇ ਸਰਵੇਖਣ ਨੇ ਉਡਾਈ ਭਾਜਪਾ ਦੀ ਨੀਂਦ

**ਨਵੀਂ ਦਿੱਲੀ:** ਦੋ ਚੋਣ ਸਰਵੇਖਣਾਂ 'ਚ ਭਵਿੱਖਬਾਣੀ ਕੀਤੀ ਗਈ ਹੈ ਕਿ ਰਾਜਸਥਾਨ 'ਚ ਕਾਂਗਰਸ ਸਰਕਾਰ ਬਣਾ ਸਕਦੀ ਹੈ। ਏ.ਬੀ.ਪੀ. ਨਿਊਜ਼-ਸੀਵੋਟਰ ਅਤੇ ਸੀ ਫੋਰ ਨੇ ਕਾਂਗਰਸ ਪਾਰਟੀ ਨੂੰ ਕਰੀਬ-ਕਰੀਬ 50 ਫੀਸਦੀ ਵੋਟ ਸ਼ੇਅਰ ਦਿੰਦਿਆਂ ਰਾਜਸਥਾਨ (200 ਸੀਟਾਂ) 'ਚ ਕ੍ਰਮਵਾਰ 142 ਅਤੇ 124-138 ਸੀਟਾਂ ਦਿੱਤੀਆਂ ਹਨ। ਏ.ਬੀ.ਪੀ. ਨਿਊਜ਼-ਸੀਵੋਟਰ ਨੇ ਭਾਜਪਾ ਨੂੰ ਰਾਜਸਥਾਨ ਨੂੰ 56 ਸੀਟਾਂ ਦਿੱਤੀਆਂ ਹਨ। ਮੁੱਖ ਮੰਤਰੀ ਅਹੁਦੇ ਲਈ ਸੂਬਾ ਪ੍ਰਧਾਨ ਸਚਿਨ ਪਾਇਲਟ ਨੂੰ ਭਾਜਪਾ ਦੀ ਵਸੁੰਧਰਾ ਰਾਜੇ ਨਾਲੋਂ ਵੱਧ ਤਰਜੀਹ ਦਿੱਤੀ ਗਈ ਹੈ।


ਸੀ-ਫੋਰ ਨੇ ਸਿਰਫ ਰਾਜਸਥਾਨ ਦਾ ਸਰਵੇਖਣ ਕੀਤਾ ਹੈ ਪਰ ਏ.ਬੀ.ਪੀ. ਨਿਊਜ਼-ਸੀਵੋਟਰ ਨੇ ਭਾਜਪਾ ਸ਼ਾਸਿਤ ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿਧਾਨ ਸਭਾਵਾਂ ਦਾ ਚੋਣ ਸਰਵੇਖਣ ਵੀ ਕੀਤਾ ਹੈ ਜਿਸ 'ਚ ਕਾਂਗਰਸ ਨੂੰ ਅੱਗੇ ਦਰਸਾਇਆ ਗਿਆ ਹੈ। ਜ਼ਿਕਰਯੋਗ ਹੈ ਕਿ ਭਾਜਪਾ ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ 'ਚ ਪਿਛਲੇ 15 ਸਾਲਾਂ ਤੋਂ ਸੱਤਾ ਵਿਚ ਹੈ। ਚੋਣਾਂ ਤੋਂ ਪਹਿਲਾਂ ਕਰਵਾਏ ਗਏ ਸਰਵੇਖਣ 'ਚ ਕਿਹਾ ਗਿਆ ਹੈ ਕਿ ਥੋੜ੍ਹੀਆਂ ਜਿਹੀਆਂ ਵੋਟਾਂ ਦੇ ਹੇਰ-ਫੇਰ ਨਾਲ ਦੋਵੇਂ ਮੁੱਖ ਪਾਰਟੀਆਂ 'ਚੋਂ ਕੋਈ ਵੀ ਅੱਗੇ ਨਿਕਲ ਸਕਦੀ ਹੈ ਕਿਉਂਕਿ ਦੋਵੇਂ ਪ੍ਰਮੁੱਖ ਪਾਰਟੀਆਂ ਦੇ ਵੋਟ ਸ਼ੇਅਰ ਵਿਚ ਮਾਮੂਲੀ ਫਰਕ ਦਿਖਾਇਆ ਗਿਆ ਹੈ। ਮੱਧ ਪ੍ਰਦੇਸ਼ ਦੀਆਂ 230 ਸੀਟਾਂ 'ਚੋਂ ਕਾਂਗਰਸ ਨੂੰ 122 ਸੀਟਾਂ ਉਤੇ ਅੱਗੇ ਦਿਖਾਇਆ ਗਿਆ ਹੈ ਜਦਕਿ ਛੱਤੀਸਗੜ੍ਹ (90) 'ਚ ਉਨ੍ਹਾਂ ਨੂੰ 47 ਸੀਟਾਂ ਮਿਲਣ ਦੀ ਸੰਭਾਵਨਾ ਜਤਾਈ ਗਈ ਹੈ।

ਭਾਜਪਾ ਨੂੰ ਦੋਵੇਂ ਸੂਬਿਆਂ 'ਚ ਕ੍ਰਮਵਾਰ 108 ਅਤੇ 40 ਸੀਟਾਂ ਉਤੇ ਸਿਮਟਦਿਆਂ ਦੱਸਿਆ ਗਿਆ ਹੈ। ਸੀ-ਫੋਰ ਸਰਵੇਖਣ 'ਚ ਮੁੱਖ ਮੰਤਰੀ ਅਹੁਦੇ ਦੇ ਦਾਅਵੇਦਾਰਾਂ 'ਚੋਂ ਪਾਇਲਟ, ਗਹਿਲੋਤ ਅਤੇ ਰਾਜੇ ਨੂੰ ਵੋਟਰਾਂ ਨੇ ਕ੍ਰਮਵਾਰ ਤਰਜੀਹ ਦਿੱਤੀ ਹੈ। ਸਰਵੇਖਣ 'ਚ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਅਤੇ ਛੱਤੀਸਗੜ੍ਹ ਦੇ ਰਮਨ ਸਿੰਘ ਵੋਟਰਾਂ ਦੀ ਪਸੰਦ ਦੱਸੇ ਗਏ ਹਨ। ਸੀ ਫੋਰ ਨੇ ਰਾਜਸਥਾਨ 'ਚ 5788 ਵੋਟਰਾਂ ਜਦਕਿ ਏ.ਬੀ.ਪੀ. ਨਿਊਜ਼-ਸੀਵੋਟਰ ਨੇ ਤਿੰਨ ਸੂਬਿਆਂ 'ਚ 26196 ਵੋਟਰਾਂ ਦੀ ਰਾਏ ਨਾਲ ਸਰਵੇਖਣ ਤਿਆਰ ਕੀਤਾ ਹੈ।

# ਮੁਕੇਸ਼ ਅੰਬਾਨੀ ਭਾਰਤੀ ਧਨਕੁਬੇਰਾਂ 'ਚੋਂ ਫਿਰ ਮੋਹਰੀ

**ਨਵੀਂ ਦਿੱਲੀ:** ਰਿਲਾਇੰਸ ਇੰਡਸਟਰੀਜ਼ ਦਾ ਚੇਅਰਮੈਨ ਮੁਕੇਸ਼ ਅੰਬਾਨੀ ਕੁੱਲ 47.3 ਅਰਬ ਅਮਰੀਕੀ ਡਾਲਰ ਦੀ ਸੰਪਤੀ ਨਾਲ ਲਗਾਤਾਰ ਗਿਆਰਵੇਂ ਸਾਲ ਭਾਰਤੀ ਧਨਕੁਬੇਰਾਂ 'ਚ ਮੋਹਰੀ ਹੈ। ਫੋਰਬਸ ਮੈਗਜ਼ੀਨ ਮੁਤਾਬਕ ਅੰਬਾਨੀ ਨੇ ਰਿਲਾਇੰਸ ਜੀਓ ਬਰਾਡਬੈਂਡ ਟੈਲੀਕਾਮ ਸੇਵਾ ਨੂੰ ਮਿਲੇ ਜ਼ਬਰਦਸਤ ਹੁੰਗਾਰੇ ਮਗਰੋਂ ਇਸ ਸਾਲ ਆਪਣੀ ਜਾਇਦਾਦ ਵਿਚ 9.3 ਅਰਬ ਅਮਰੀਕੀ ਡਾਲਰ ਦਾ ਇਜ਼ਾਫ਼ਾ ਕੀਤਾ ਹੈ।

ਫੋਰਬਸ ਇੰਡੀਆ ਵੱਲੋਂ ਸਾਲ 2018 ਦੇ ਅਮੀਰ ਭਾਰਤੀਆਂ ਦੀ ਜਾਰੀ ਸੂਚੀ ਵਿਚ ਅੰਬਾਨੀ ਤੋਂ ਬਾਅਦ ਦੂਜਾ ਨੰਬਰ ਅਜ਼ੀਮ ਪ੍ਰੇਮਜੀ ਦਾ ਹੈ, ਜਿਨ੍ਹਾਂ ਦੀ ਜਾਇਦਾਦ 2 ਅਰਬ ਅਮਰੀਕੀ ਡਾਲਰ ਦੇ ਵਾਧੇ ਨਾਲ 21 ਅਰਬ ਅਮਰੀਕੀ ਡਾਲਰ ਨੂੰ ਪੁੱਜ ਗਈ ਹੈ। ਇਸ ਸੂਚੀ ਵਿਚ ਆਰਸੇਲਰ ਮਿੱਤਲ ਚੇਅਰਮੈਨ ਤੇ ਸੀ.ਈ.ਓ. ਲਕਸ਼ਮੀ ਮਿੱਤਲ ਕੁੱਲ 18.3 ਅਰਬ ਦੇ ਅਸਾਸਿਆਂ ਨਾਲ ਤੀਜੀ ਥਾਵੇਂ ਹੈ। ਮਿੱਤਲ ਨੇ ਪਿਛਲੇ ਇਕ ਸਾਲ ਵਿਚ ਆਪਣੀ ਜਾਇਦਾਦ ਵਿਚ 1.8 ਅਰਬ ਡਾਲਰ ਦਾ ਵਾਧਾ ਕੀਤਾ ਹੈ। 18 ਅਰਬ ਡਾਲਰ ਤੋਂ 15.7 ਅਰਬ ਅਮਰੀਕੀ ਡਾਲਰ ਦੀ ਕਮਾਈ ਨਾਲ



ਕ੍ਰਮਵਾਰ ਹਿੰਦੂਜਾ ਭਰਾ ਤੇ ਪੈਲੋਨਜੀ ਮਿਸਤਰੀ ਚੌਥੇ ਤੇ ਪੰਜਵੇਂ ਸਥਾਨ ਉਤੇ ਕਾਬਜ਼ ਹਨ। ਸਿਖਰਲੇ ਦਸ ਧਨਕੁਬੇਰਾਂ 'ਚ ਥਾਂ ਬਣਾਉਣ ਵਾਲੇ ਹੋਰਨਾਂ ਕਾਰੋਬਾਰੀਆਂ ਵਿਚ ਸ਼ਿਵ ਨਾਦਰ (14.6 ਅਰਬ), ਗੋਦਰੇਜ ਪਰਿਵਾਰ (14 ਅਰਬ), ਦਿਲੀਪ ਸ਼ਾਂਘਵੀ (12.6 ਅਰਬ), ਕੁਮਾਰ ਬਿਰਲਾ (12.5 ਅਰਬ) ਤੇ ਗੌਤਮ ਅਡਾਨੀ (11.9 ਅਰਬ) ਸ਼ਾਮਲ ਹਨ।

ਫੋਰਬਸ ਏਸ਼ਿਆ ਦੇ ਇੰਡੀਆ ਐਡੀਟਰ ਨਾਜ਼ਨੀਨ ਕਰਮਾਲੀ ਨੇ ਕਿਹਾ, 'ਇਸ ਚੁਣੌਤੀ ਪੂਰਨ ਸਾਲ ਵਿਚ ਜਦੋਂ ਰੁਪਇਆ ਡਾਲਰ ਦੇ ਮੁਕਾਬਲੇ ਲਗਾਤਾਰ ਹੇਠਾਂ ਨੂੰ ਜਾ ਰਿਹਾ ਹੈ ਤਾਂ ਮੁਲਕ ਦੇ ਸਿਖਰਲੇ ਸੌ ਧਨਕੁਬੇਰ ਆਪਣੇ ਪੈਸੇ ਨੂੰ ਸਾਂਭ ਕੇ ਰੱਖਣ ਵਿਚ ਸਫਲ ਰਹੇ ਹਨ। ਇਹ ਨਹੀਂ ਨਵੇਂ ਅਰਬਪਤੀ ਲਗਾਤਾਰ ਟਕਸਾਲ 'ਚੋਂ ਨਿਕਲਦੇ ਰਹਿਣਗੇ, ਜੋ ਇਸ ਗੱਲ ਦਾ ਇਸ਼ਾਰਾ ਹੈ ਕਿ ਭਾਰਤੀ ਉਦਮੀਆਂ ਦੀ ਊਰਜਾ ਦਾ ਕੋਈ ਮੁਕਾਬਲਾ ਨਹੀਂ। ਬਾਇਓਟੈਕਨਾਲੋਜੀ ਪਾਇਨੀਅਰ ਕਿਰਨ ਮਜੂਮਦਾਰ ਸ਼ਾਅ ਸੂਚੀ ਵਿਚ ਸ਼ਾਮਲ ਉਨ੍ਹਾਂ ਚਾਰ ਮਹਿਲਾਵਾਂ 'ਚੋਂ ਇਕੱਲੀ ਹੈ, ਜਿਸ ਦੀ ਜਾਇਦਾਦ 66.7 ਫੀਸਦੀ ਦੇ ਵਾਧੇ ਨਾਲ 3.6 ਅਰਬ ਡਾਲਰ ਨੂੰ ਜਾ ਪੁੱਜੀ ਹੈ। ਮਜੂਮਦਾਰ ਹਾਲਾਂਕਿ ਸੂਚੀ ਵਿਚ 39ਵੇਂ ਸਥਾਨ ਉਤੇ ਹੈ।

# ਭਾਰਤ-ਰੂਸ ਵਿਚਾਲੇ ਐਸ-400 ਮਿਜ਼ਾਈਲ ਸਮਝੌਤਾ

**ਨਵੀਂ ਦਿੱਲੀ:** ਅਮਰੀਕਾ ਦੀਆਂ ਧਮਕੀਆਂ ਨੂੰ ਦਰਕਿਨਾਰ ਕਰਦਿਆਂ ਭਾਰਤ ਅਤੇ ਰੂਸ ਨੇ ਸਤਹਿ ਤੋਂ ਹਵਾ 'ਚ ਮਾਰ ਕਰਨ ਵਾਲੀ ਲੰਬੀ ਦੂਰੀ ਦੀ ਐਸ-400 ਟ੍ਰਾਇੰਫ ਮਿਜ਼ਾਈਲ



ਪ੍ਰਣਾਲੀ ਸਪਲਾਈ ਕਰਨ ਦੇ ਸਮਝੌਤੇ 'ਤੇ ਸਹੀ ਪਾ ਦਿੱਤੀ। ਇਸ ਮਿਜ਼ਾਈਲ ਪ੍ਰਣਾਲੀ ਨਾਲ ਭਾਰਤੀ ਹਵਾਈ ਸੈਨਾ ਦੀ ਰੱਖਿਆ ਸਮਰੱਥਾ ਵਿਚ ਹੋਰ ਵਾਧਾ ਹੋਵੇਗਾ। ਇਸ ਤੋਂ ਇਲਾਵਾ ਦੋਵੇਂ ਮੁਲਕਾਂ ਨੇ ਪੁਲਾੜ, ਰੇਲਵੇ, ਪਰਮਾਣੂ, ਖਾਦਾਂ, ਲਘੂ, ਛੋਟੇ ਅਤੇ ਦਰਮਿਆਨੇ ਉੱਦਮਾਂ 'ਚ ਸਹਿਯੋਗ ਸਮੇਤ 8 ਸਮਝੌਤਿਆਂ ਉਤੇ ਦਸਤਖਤ ਕੀਤੇ ਹਨ।

ਮਿਜ਼ਾਈਲ ਪ੍ਰਣਾਲੀ ਸਬੰਧੀ 5.4 ਅਰਬ ਡਾਲਰ (ਕਰੀਬ 40 ਹਜ਼ਾਰ ਕਰੋੜ ਰੁਪਏ) ਦਾ ਸੌਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦਰਮਿਆਨ 19ਵੇਂ ਭਾਰਤ-ਰੂਸ ਸਾਲਾਨਾ ਦੁਵੱਲੇ ਸਿਖਰ ਸੰਮੇਲਨ ਦੌਰਾਨ ਹੋਇਆ। ਦੋਹਾਂ ਆਗੂਆਂ ਨੇ ਮੀਡੀਆ ਸਾਹਮਣੇ ਇਸ ਸੌਦੇ ਦਾ ਕੋਈ ਜ਼ਿਕਰ ਨਹੀਂ ਕੀਤਾ ਕਿਉਂਕਿ ਅਮਰੀਕਾ ਵੱਲੋਂ ਭਾਰਤ 'ਤੇ ਦਬਾਅ ਬਣਾਇਆ ਜਾਂਦਾ ਰਿਹਾ ਹੈ ਕਿ ਉਹ ਮਿਜ਼ਾਈਲ ਪ੍ਰਣਾਲੀ ਸਬੰਧੀ ਰੂਸ ਨਾਲ ਕੋਈ ਸੌਦਾ ਨਾ ਕਰੇ। ਦੋਹਾਂ ਆਗੂਆਂ ਵਿਚਾਲੇ ਵਾਰਤਾ ਮਗਰੋਂ ਜਾਰੀ ਕੀਤੇ ਗਏ ਸਾਂਝੇ ਬਿਆਨ 'ਚ ਮਿਜ਼ਾਈਲ ਸੌਦਾ ਸਿਰੇ ਚੜ੍ਹਨ ਦੀ ਜਾਣਕਾਰੀ ਦਿੱਤੀ ਗਈ। ਸ੍ਰੀ ਮੋਦੀ ਨੇ ਕਿਹਾ ਕਿ ਭਾਰਤ-ਰੂਸ ਸਬੰਧ ਮਿਸਾਲੀ ਹਨ ਅਤੇ ਰਾਸ਼ਟਰਪਤੀ ਪੂਤਿਨ ਨੇ ਨਿੱਜੀ ਤੌਰ 'ਤੇ ਇਨ੍ਹਾਂ ਵਿਚ ਯੋਗਦਾਨ ਪਾਇਆ ਹੈ।

ਉਨ੍ਹਾਂ ਕਿਹਾ ਕਿ ਦੋਵੇਂ ਮੁਲਕਾਂ ਨੇ ਅਫਗਾਨਿਸਤਾਨ, ਭਾਰਤ-ਪੈਸੇਫਿਕ ਖਿੱਤੇ ਅਤੇ ਸ਼ੰਘਾਈ ਕੋਅਪ੍ਰੇਸ਼ਨ ਆਰਗੇਨਾਈਜ਼ੇਸ਼ਨ, ਬ੍ਰਿਕਸ, ਜੀ20, ਆਸੀਆਨ ਤੇ ਹੋਰ ਮੰਚਾਂ 'ਤੇ ਇਕੱਠਿਆਂ ਕੰਮ ਕਰਨ ਉਤੇ ਸਹਿਮਤੀ ਜਤਾਈ ਹੈ। ਇਸ ਤੋਂ ਇਲਾਵਾ ਅਤਿਵਾਦ ਨਾਲ ਲੜਨ 'ਚ ਵੀ ਸਹਿਯੋਗ ਦਾ ਵਾਅਦਾ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਵਾਰਤਾ ਨਾਲ ਭਾਰਤ ਅਤੇ ਰੂਸ ਦਰਮਿਆਨ ਰਣਨੀਤਕ ਭਾਈਵਾਲੀ ਨੂੰ ਨਵੀਂ ਸੇਧ ਮਿਲੇਗੀ ਅਤੇ ਦੁਵੱਲੇ ਸਹਿਯੋਗ ਦੇ ਨਾਲ ਦੁਨੀਆਂ 'ਚ ਸ਼ਾਂਤੀ ਤੇ ਸਥਿਰਤਾ ਕਾਇਮੀ ਵੱਲ ਯੋਗਦਾਨ ਪਾਇਆ ਜਾਵੇਗਾ। ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਕਿਹਾ ਕਿ ਭਾਰਤ ਹਮੇਸ਼ਾ ਰੂਸ ਨਾਲ ਸਬੰਧਾਂ ਨੂੰ ਤਰਜੀਹ ਦਿੰਦਾ ਰਿਹਾ ਹੈ ਜੋ ਭਾਰਤ ਦੀ ਵਿਕਾਸ ਗਾਥਾ ਦਾ ਹਿੱਸਾ ਰਿਹਾ ਹੈ।

### ਪਤਨੀ ਦੀ ਹੱਤਿਆ ਦੇ ਦੋਸ਼ੀ ਬਰਤਾਨਵੀ ਸੰਪਾਦਕ ਨੂੰ ਸਜ਼ਾ

**ਦੁਬਈ:** ਇਕ ਬਰਤਾਨਵੀ ਅਖ਼ਬਾਰ ਦੇ ਸਾਬਕਾ ਸੰਪਾਦਕ ਨੂੰ ਦੁਬਈ ਵਿਚ ਆਪਣੀ ਪਤਨੀ ਦੀ ਹੱਤਿਆ ਕਰਨ ਦੇ ਦੋਸ਼ ਵਿਚ 15 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਉਸ ਨੇ ਹਥੌੜੇ ਨਾਲ ਆਪਣੀ ਪਤਨੀ ਦੀ ਹੱਤਿਆ ਕੀਤੀ ਸੀ। ਫਰਾਂਸਿਜ਼ ਮੈਥਿਊ ਨੂੰ ਮਾਰਚ ਵਿਚ ਆਪਣੇ ਘਰ ਵਿਚ ਪਤਨੀ ਜੇਨ ਮੈਥਿਊ (30) ਦੀ ਹੱਤਿਆ ਕਰਨ ਦਾ ਦੋਸ਼ੀ ਪਾਇਆ ਗਿਆ ਸੀ ਅਤੇ ਉਸ ਨੂੰ 10 ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਸੀ। ਪਰ ਹੁਣ ਦੋਵੇਂ ਪੱਖਾਂ ਦੇ ਬਿਆਨ ਸੁਣਨ ਤੋਂ ਬਾਅਦ ਅਦਾਲਤ ਨੇ ਉਸ ਦੀ ਸਜ਼ਾ ਵਿਚ ਵਾਧਾ ਕਰ ਦਿੱਤਾ।

# ਬੱਬਰ ਖਾਲਸਾ ਨੂੰ ਅਮਰੀਕੀ ਹਿੱਤਾਂ ਲਈ ਖਤਰਨਾਕ ਐਲਾਨਿਆ

**ਵਾਸ਼ਿੰਗਟਨ:** ਅਮਰੀਕਾ ਨੇ ਵਿਦੇਸ਼ਾਂ ਵਿਚ ਸਰਗਰਮ ਜਥੇਬੰਦੀ ਬੱਬਰ ਖਾਲਸਾ ਨੂੰ ਅਮਰੀਕੀ ਹਿੱਤਾਂ ਲਈ ਖਤਰਨਾਕ ਐਲਾਨ ਦਿੱਤਾ ਹੈ। ਰਿਪੋਰਟ ਅਨੁਸਾਰ ਬੱਬਰ ਖਾਲਸਾ ਵੱਲੋਂ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਕਤਲ, ਬੰਬ ਧਮਾਕੇ ਤੇ ਹੋਰ ਅਜਿਹੀਆਂ ਗਤੀਵਿਧੀਆਂ ਕਰਨ ਕਾਰਨ ਅਮਰੀਕੀ ਹਿੱਤਾਂ ਨੂੰ ਖਤਰਾ ਹੈ।

ਟਰੰਪ ਪ੍ਰਸ਼ਾਸਨ ਵੱਲੋਂ ਐਲਾਨੀ ਨਵੀਂ ਕੌਮੀ ਨੀਤੀ ਜਿਸ ਵਿਚ ਅਤਿਵਾਦ ਨਾਲ ਨਜਿੱਠਣ ਸਬੰਧੀ ਜ਼ਿਕਰ ਹੈ, ਅਨੁਸਾਰ ਬੱਬਰ ਖਾਲਸਾ ਇੰਟਰਨੈਸ਼ਨਲ ਜਥੇਬੰਦੀ ਭਾਰਤ ਵਿਚ ਹਿੰਸਕ ਕਾਰਵਾਈਆਂ ਰਾਹੀਂ ਆਪਣਾ ਆਜ਼ਾਦ ਰਾਜ ਸਥਾਪਤ ਕਰਨ ਦੀ ਇੱਛੁਕ ਹੈ। ਇਹ ਭਾਰਤ ਅਤੇ ਹੋਰ ਥਾਵਾਂ ਉਤੇ ਵੱਡੇ ਅਤਿਵਾਦੀ ਹਮਲੇ ਕਰਨ ਲਈ ਜ਼ਿੰਮੇਵਾਰ ਹੈ, ਜਿਨ੍ਹਾਂ ਵਿਚ ਬੇਕਸੂਰ ਲੋਕਾਂ ਦੀਆਂ ਜਾਨਾਂ ਜਾ ਚੁੱਕੀਆਂ ਹਨ। ਟਰੰਪ ਪ੍ਰਸ਼ਾਸਨ ਦੀ ਕੌਮੀ ਨੀਤੀ ਵਿਚ ਬੱਬਰ ਖਾਲਸਾ ਇੰਟਰਨੈਸ਼ਨਲ ਦਾ ਸਿੱਧੇ ਤੌਰ ਉਤੇ ਨਾਂ ਆਉਣਾ ਇਸ ਕਰ ਕੇ ਅਹਿਮ ਹੈ, ਕਿਉਂਕਿ ਉਤਰੀ ਅਮਰੀਕਾ ਵਿਚ ਬੱਬਰ ਖਾਲਸਾ ਦਾ ਵੱਡਾ ਆਧਾਰ ਮੰਨਿਆ ਜਾਂਦਾ ਹੈ। ਅਮਰੀਕਾ, ਭਾਰਤ, ਕੈਨੇਡਾ ਸਮੇਤ ਹੋਰ ਕਈ ਦੇਸ਼ਾਂ ਵਿਚ ਬੱਬਰ ਖਾਲਸਾ ਇੰਟਰਨੈਸ਼ਨਲ 'ਤੇ ਪਹਿਲਾਂ ਹੀ ਪਾਬੰਦੀ ਹੈ। ਇਹ ਮੰਨਿਆ ਜਾਂਦਾ ਹੈ ਕਿ ਬੱਬਰ ਖਾਲਸਾ ਇੰਟਰਨੈਸ਼ਨਲ ਉਤੇ ਪਾਬੰਦੀ ਲਾਉਣ ਲਈ ਪਿਛਲੇ ਮਹੀਨਿਆਂ ਵਿਚ ਭਾਰਤ ਸਰਕਾਰ ਵੱਲੋਂ ਵੱਖਵਾਦੀ ਸਿੱਖਾਂ ਵੱਲੋਂ ਅਮਰੀਕਾ ਦੀ ਧਰਤੀ ਤੋਂ ਭਾਰਤ ਵਿਰੁੱਧ ਗਤੀਵਿਧੀਆਂ ਚਲਾਉਣ ਦਾ ਮੁੱਦਾ ਅਮਰੀਕਾ ਕੋਲ ਮੁੱਦਾ ਉਠਾਇਆ ਸੀ।

ਅਮਰੀਕਾ ਵੱਲੋਂ ਤਿਆਰ ਕੀਤੀ ਕੌਮੀ ਨੀਤੀ ਵਿੱਚ ਪ੍ਰਗਟਾਵਾ ਕੀਤਾ ਗਿਆ ਹੈ ਕਿ ਦੁਨੀਆਂ ਵਿਚ ਅਨੇਕਾਂ ਇਨਕਲਾਬੀ, ਕੌਮਵਾਦੀ, ਵੱਖਵਾਦੀ ਲਹਿਰਾਂ ਚੱਲ ਰਹੀਆਂ ਹਨ। ਇਨ੍ਹਾਂ ਦੇ ਵੱਲੋਂ ਕੀਤੀਆਂ ਜਾਂਦੀਆਂ ਅਤਿਵਾਦੀ ਗਤੀਵਿਧੀਆਂ ਤੇ ਸਮਾਜ ਵਿਚ ਦਹਿਸ਼ਤ ਫੈਲਾਉ ਗਤੀਵਿਧੀਆਂ ਕਾਰਨ ਆਮ ਤੌਰ 'ਤੇ ਅਮਰੀਕੀ ਹਿੱਤ ਪ੍ਰਭਾਵਿਤ ਹੁੰਦੇ ਹਨ। ਇਹ ਜਥੇਬੰਦੀਆਂ ਭਾਵੇਂ ਸਿੱਧੇ ਤੌਰ ਉਤੇ ਅਮਰੀਕੀ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਤੋਂ ਗੁਰੇਜ਼ ਕਰਦੀਆਂ ਹਨ ਪਰ ਇਨ੍ਹਾਂ ਵੱਲੋਂ ਕੀਤੀਆਂ ਜਾਂਦੀਆਂ ਅਤਿਵਾਦੀ ਗਤੀਵਿਧੀਆਂ ਕਾਰਨ ਅਮਰੀਕੀ ਹਿੱਤ ਦਾਅ 'ਤੇ ਲੱਗ ਜਾਂਦੇ ਹਨ। ਬੱਬਰ ਖਾਲਸਾ ਤੋਂ ਇਲਾਵਾ ਨੌਰਦਿਕ ਰਜ਼ਿਸਟੈਂਸ ਮੂਵਮੈਂਟ, ਨਿਊ ਨਾਜ਼ੀ ਐਕਸ਼ਨ ਗਰੁੱਪ ਵੀ ਉਨ੍ਹਾਂ ਜਥੇਬੰਦੀਆਂ ਵਿਚ ਸ਼ਾਮਲ ਹਨ, ਜਿਨ੍ਹਾਂ ਤੋਂ ਅਮਰੀਕੀ ਹਿੱਤਾਂ ਨੂੰ ਖਤਰਾ ਹੈ।

### ਪ੍ਰਿਥਵੀ-2 ਮਿਜ਼ਾਈਲ ਦੀ ਰਾਤ ਨੂੰ ਸਫਲ ਪਰਖ

**ਬਾਲਾਸੌਰ (ਉੜੀਸਾ):** ਦੇਸ਼ ਵਿਚ ਹੀ ਵਿਕਸਤ ਕੀਤੀ ਪਰਮਾਣੂ ਸਮਰੱਥਾ ਵਾਲੀ ਮਿਜ਼ਾਈਲ ਪ੍ਰਿਥਵੀ-2 ਨੂੰ ਰਾਤ ਨੂੰ ਦਾਗਣ ਦੀ ਸਫਲ ਪਰਖ ਕੀਤੀ। ਜ਼ਮੀਨ ਤੋਂ ਜ਼ਮੀਨ ਉਤੇ ਮਾਰ ਕਰਨ ਵਾਲੀ ਪ੍ਰਿਥਵੀ ਦੀ ਪਰਖ ਚਾਂਦੀਪੁਰ ਰੇਂਜ ਵਿਚੋਂ ਰਾਤ ਸਾਢੇ ਅੱਠ ਵਜੇ ਕੀਤੀ ਗਈ।

# ਉਤਪਾਦਨ-ਲਾਗਤ ਬਾਰੇ ਮੋਦੀ ਦੇ ਫਾਰਮੂਲੇ ਨੇ ਉਲਝਾਏ ਕਿਸਾਨ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਕਣਕ ਸਮੇਤ ਹਾੜ੍ਹੀ ਦੀਆਂ ਛੇ ਫਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ ਉਤਪਾਦਨ ਲਾਗਤ ਵਿਚ 50 ਫੀਸਦੀ ਤੋਂ ਵੱਧ ਮੁਨਾਫਾ ਜੋੜ ਕੇ ਦੇਣ ਦਾ ਦਾਅਵਾ ਹਕੀਕਤ ਦੇ ਨੇੜੇ ਨਜ਼ਰ ਨਹੀਂ ਆਉਂਦਾ। ਸਰਕਾਰ ਕਹਿੰਦੇ ਹਨ। ਕੇਂਦਰ ਸਰਕਾਰ ਨੇ ਏ-2 ਅਤੇ ਐਫ.ਐਲ. ਨੂੰ ਜੋੜ ਕੇ ਕਣਕ ਦੀ ਉਤਪਾਦਨ ਲਾਗਤ 866 ਰੁਪਏ ਪ੍ਰਤੀ ਕੁਇੰਟਲ ਕੱਢੀ ਹੈ। ਇਹ 2017-18 ਦੀ 817 ਰੁਪਏ ਦੇ ਮੁਕਾਬਲੇ ਸਿਰਫ 49 ਰੁਪਏ ਪ੍ਰਤੀ ਕੁਇੰਟਲ ਵੱਧ ਦਿਖਾਈ



ਨੇ ਡਾ. ਐਮ.ਐਸ. ਸਵਾਮੀਨਾਥਨ ਕਮਿਸ਼ਨ ਵੱਲੋਂ ਉਤਪਾਦਨ ਲਾਗਤ ਨਿਰਧਾਰਤ ਕਰਨ ਦਾ ਪੈਮਾਨਾ ਹੀ ਬਦਲ ਦਿੱਤਾ ਹੈ।

ਫਸਲਾਂ ਦੀ ਉਤਪਾਦਨ ਲਾਗਤ ਵਿਚ ਕਿਸਾਨ ਵੱਲੋਂ ਕੀਤੇ ਜਾਂਦੇ ਖਰਚੇ ਜਿਵੇਂ ਖਾਦ, ਡੀਜ਼ਲ, ਮਸ਼ੀਨਰੀ ਆਦਿ ਨੂੰ ਏ-2 ਲਾਗਤ ਕਿਹਾ ਜਾਂਦਾ ਹੈ। ਦੂਸਰੀ ਲਾਗਤ ਕਿਸਾਨ ਦੇ ਪਰਿਵਾਰ ਵੱਲੋਂ ਕੀਤੀ ਜਾਂਦੀ ਮਿਹਨਤ ਹੈ ਜਿਸ ਨੂੰ ਐਫ.ਐਲ. ਗਈ ਹੈ।

ਇਸ 'ਤੇ ਸਰਕਾਰ ਨੇ ਪੰਜਾਹ ਦੇ ਥਾਂ 112 ਫੀਸਦੀ ਤੋਂ ਵੀ ਵੱਧ ਭਾਅ 1840 ਰੁਪਏ ਪ੍ਰਤੀ ਕੁਇੰਟਲ ਦੇਣ ਦੀ ਦਰਿਆਦਿਲੀ ਦਿਖਾਉਣ ਦਾ ਐਲਾਨ ਕਰ ਦਿੱਤਾ ਹੈ। ਇਹ ਵਾਧਾ ਸਿਰਫ 6 ਫੀਸਦੀ ਹੈ। ਇਸ ਦੇ ਮੁਕਾਬਲੇ ਲੰਘੇ ਸਾਲ ਦੌਰਾਨ ਤੇਲ ਦੀ ਕੀਮਤੀ ਹੀ 27 ਫੀਸਦੀ ਵੱਧ ਗਈ ਹੈ। ਕਣਕ ਦੀ ਬਿਜਾਈ ਵੇਲੇ ਵਰਤੋਂ ਵਿਚ ਆਉਂਦੀ

### ਕਿਸਾਨ ਜਥੇਬੰਦੀਆਂ ਮੋਦੀ ਸਰਕਾਰ ਦੇ ਫੈਸਲੇ ਤੋਂ ਨਰਾਜ਼

ਕਿਸਾਨ ਜਥੇਬੰਦੀਆਂ ਮੋਦੀ ਸਰਕਾਰ ਦੇ ਫੈਸਲੇ ਤੋਂ ਕਾਫੀ ਨਰਾਜ਼ ਹਨ। ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਦਾ ਕਹਿਣਾ ਹੈ ਕਿ ਸਰਕਾਰ ਨੇ 62635 ਕਰੋੜ ਵੱਧ ਆਮਦਨ ਦੇ ਜੋੜ ਦਾ ਸ਼ੁਗਫ਼ਾ ਛੱਡ ਦਿੱਤਾ ਹੈ। ਸਰਕਾਰ ਵੱਲੋਂ 23 ਫਸਲਾਂ ਦੇ ਐਲਾਨੇ ਜਾਂਦੇ ਘੱਟੋ ਘੱਟ ਸਮਰਥਨ ਮੁੱਲ ਦੇ ਬਾਵਜੂਦ ਸਿਰਫ ਕਣਕ ਅਤੇ ਝੋਨੇ ਦੀ ਹੀ ਖਰੀਦ ਦੀ ਗਾਰੰਟੀ ਹੈ। ਬਾਕੀ ਫਸਲਾਂ ਦੇ ਸਮਰਥਨ ਮੁੱਲ ਦਾ ਕੋਈ ਮਤਲਬ ਹੀ ਨਹੀਂ ਜਦ ਕੋਈ ਖਰੀਦਦਾਰ ਨਾ ਹੋਵੇ। ਦੋਆਬੇ 'ਚ ਮੱਕੀ 1700 ਦੇ ਸਮਰਥਨ ਮੁੱਲ ਦੇ ਬਾਵਜੂਦ 800 ਰੁਪਏ ਕੁਇੰਟਲ ਤੱਕ ਵਿਕ ਰਹੀ ਹੈ। ਦੇਸ਼ ਵਿਚ ਬਾਜਰਾ, ਜਵਾਰ, ਰਾਗੀ ਸਮੇਤ ਸਾਉਣੀ ਦੀ ਹਰ ਫਸਲ 30 ਤੋਂ 60 ਫੀਸਦੀ ਤੱਕ ਘੱਟ ਰੇਟ 'ਤੇ ਵਿਕ ਰਹੀ ਹੈ।


ਡਾਈਮੋਨੀਆ ਖਾਦ ਦਾ ਰੇਟ 21,520 ਰੁਪਏ ਪ੍ਰਤੀ ਟਨ ਤੋਂ ਵੱਧ ਕੇ 26,800 ਰੁਪਏ ਹੋ ਗਿਆ ਹੈ। ਇਸ ਤੋਂ ਇਲਾਵਾ ਕੀਟਨਾਸ਼ਕਾਂ ਤੇ ਨਦੀਨਨਾਸ਼ਕਾਂ ਦੀਆਂ ਕੀਮਤਾਂ ਵਿਚ 35 ਤੋਂ 40 ਫੀਸਦੀ ਤੱਕ ਵਾਧਾ ਹੋਇਆ ਹੈ। ਦਿਲਚਸਪ ਤੱਥ ਇਹ ਹੈ ਕਿ ਸਾਉਣੀ ਦੀ ਮੁੱਖ ਫਸਲ ਝੋਨੇ ਦੀ ਪਿਛਲੇ ਸਾਲ ਦੀ ਉਤਪਾਦਨ ਲਾਗਤ 1166 ਤੋਂ 49 ਰੁਪਏ ਹੀ ਵਧਾ ਕੇ 1117 ਰੁਪਏ ਦਿਖਾਈ ਸੀ।

ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ ਦੇ ਮੈਂਬਰ ਸਕੱਤਰ ਡਾ. ਬਲਵਿੰਦਰ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਸਵਾਮੀਨਾਥਨ ਕਮਿਸ਼ਨ ਦੀ ਸਿਫਾਰਸ਼ ਖੇਤੀ ਕਰਨ ਲਈ ਵਰਤੀ ਜਾਣ ਵਾਲੀ ਜ਼ਮੀਨ ਦਾ ਠੇਕਾ ਅਤੇ ਕਿਸਾਨ ਵੱਲੋਂ ਕੀਤੇ ਗਏ ਪੂੰਜੀਗਤ ਖਰਚ ਦੇ ਵਿਆਜ ਨੂੰ ਉਤਪਾਦਨ ਲਾਗਤ ਵਿਚ ਜੋੜਨ ਦੀ ਹੈ, ਇਸ ਨੂੰ ਸੀ-2 ਕਿਹਾ ਜਾਂਦਾ ਹੈ। ਸਰਕਾਰ ਮੁਤਾਬਕ ਹੀ ਇਹ ਲਾਗਤ 473 ਰੁਪਏ ਬਣਦੀ ਹੈ। ਭਾਵ ਕੁੱਲ ਲਾਗਤ 1339 ਰੁਪਏ ਪ੍ਰਤੀ ਕੁਇੰਟਲ। ਇਸ ਵਿਚ ਪੰਜਾਹ ਫੀਸਦੀ ਮੁਨਾਫਾ ਜੋੜ ਕੇ ਕਣਕ ਦਾ ਭਾਅ 2009 ਕੁਇੰਟਲ ਰੁਪਏ ਹੋਣਾ ਸੀ, ਭਾਵ 169 ਰੁਪਏ ਕੁਇੰਟਲ ਵੱਧ ਬਣਦਾ ਹੈ।

ਸੂਤਰਾਂ ਅਨੁਸਾਰ ਪੰਜਾਬ ਸਰਕਾਰ ਨੇ ਪੰਜਾਬ ਦੀ ਲਾਗਤ ਦੇ ਲਿਹਾਜ ਨਾਲ ਕੇਂਦਰ ਤੋਂ ਕਣਕ ਦਾ ਸਮਰਥਨ ਮੁੱਲ 2452 ਰੁਪਏ ਕੁਇੰਟਲ ਦੇਣ ਦੀ ਮੰਗ ਕੀਤੀ ਸੀ। ਇਹ ਸੁਆਲ ਅਜੇ ਅਣਸੁਲਝਿਆ ਹੈ ਕਿ ਫਸਲੀ ਇਨਪੁਟ ਉਤੇ ਜੀ.ਐਸ.ਟੀ. ਲਾਗੂ ਹੋਣ ਤੋਂ ਬਾਅਦ ਅਤੇ ਡੀਜ਼ਲ ਪੈਟਰੋਲ ਦੀਆਂ ਕੀਮਤਾਂ ਅਸਮਾਨੀ ਚੜ੍ਹਨ ਦਾ ਕੀ ਅਸਰ ਪਿਆ ਹੈ?

# ਵਿਖਾਵੇ ਦੇ ਚੋਣ ਸਰਵੇਖਣਾਂ ਤੋਂ ਮੰਦਿਰ ਲਈ ਮਰਨ-ਵਰਤ ਤੱਕ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਬਹੁਤ ਦੇਰ ਪਹਿਲਾਂ ਇੱਕ ਵਿਅੰਗਕਾਰ ਨੇ ਕਿਹਾ ਸੀ ਕਿ ਭਾਰਤ ਦੀ ਖਾਸ ਗੱਲ ਹੀ ਇਹ ਹੈ ਕਿ ਇਥੇ ਜੋ ਹੁੰਦਾ ਹੈ, ਉਹ ਦਿਸਦਾ ਨਹੀਂ ਤੇ ਜੋ ਦਿਸਦਾ ਹੈ, ਉਹ ਅਸਲ 'ਚ ਹੁੰਦਾ ਜਾਂ ਹੋਇਆ ਨਹੀਂ ਹੁੰਦਾ। ਕਈ ਲੋਕ ਇਸ ਗੁੱਝੇ ਵਿਅੰਗ ਨੂੰ ਸਮਝ ਨਹੀਂ ਸਨ ਸਕੇ ਅਤੇ ਕਈ ਦਿਨ ਇਸ ਦੀ ਬਹਿਸ ਚੱਲਦੀ ਰਹੀ ਸੀ। ਆਖਰ ਇੱਕ ਦਿਨ ਵਿਸ਼ੇਸ਼ ਪ੍ਰੋਗਰਾਮ ਸਰਕਾਰੀ ਟੈਲੀਵਿਜ਼ਨ ਦੂਰਦਰਸ਼ਨ 'ਤੇ ਹੋਇਆ ਤਾਂ ਇੱਕ ਜਣੇ ਨੇ ਉਸ ਵਿਅੰਗਕਾਰ ਨੂੰ ਉਸ ਵਿਅੰਗ ਵਿਚ ਲੁਕੀ ਅਸਲੀਅਤ ਪੁੱਛ ਲਈ। ਵਿਅੰਗਕਾਰ ਨੇ ਹੱਸ ਕੇ ਕਿਹਾ ਸੀ ਕਿ ਤੁਸੀਂ ਕਬੀਰ ਜੀ ਨੂੰ ਨਹੀਂ ਸਮਝ ਸਕੇ ਤਾਂ ਮੈਨੂੰ ਵੀ ਨਹੀਂ ਸਮਝ ਸਕੋਗੇ, ਮੈਂ ਛੋਟਾ ਬੰਦਾ, ਜੋ ਨਹੀਂ ਸਮਝਾ ਸਕਦਾ, ਉਹ ਸਮਝਾਉਣ ਦਾ ਯਤਨ ਕਬੀਰ ਜੀ ਛੇ ਸੌ ਸਾਲ ਪਹਿਲਾਂ ਕਰਦੇ ਰਹੇ ਸਨ। ਉਸ ਨੇ ਕਿਹਾ ਕਿ ਕਬੀਰ ਜੀ ਨੇ ਕਿਹਾ ਸੀ ਕਿ 'ਰੰਗੀ ਕੋ ਨਾਰੰਗੀ ਕਹੇ ਬਨੇ ਦੂਧ ਕੋ ਖੋਇਆ॥ ਚਲਤੀ ਕੋ ਗਾੜੀ ਕਹੇ ਦੇਖ ਕਬੀਰਾ ਰੋਇਆ॥' ਤਾਂ ਇਸ ਦਾ ਭਾਵ ਸੀ ਕਿ ਰੰਗਦਾਰ ਫਲ ਨੂੰ ਨਾਰੰਗੀ, ਯਾਨਿ ਰੰਗਹੀਣ, ਕਿਹਾ ਜਾ ਰਿਹਾ ਹੈ, ਰਿੱਝ ਕੇ ਵਧੀਆ ਬਣੇ ਦੁੱਧ ਨੂੰ ਖੋਇਆ (ਗਵਾਚ ਗਿਆ) ਕਿਹਾ ਜਾਂਦਾ ਹੈ ਅਤੇ ਕਿਸੇ ਚੱਲਦੀ ਹੋਈ ਚੀਜ਼ ਨੂੰ ਗੱਡੀ (ਜ਼ਮੀਨ ਵਿਚ ਗੱਡੀ ਹੋਈ) ਕਿਹਾ ਜਾਂਦਾ ਹੈ। ਇਹ ਭਾਰਤ ਦੀ ਪੁਰਾਣੀ ਰੀਤ ਹੈ।

ਵਿਅੰਗਕਾਰ ਨੂੰ ਨਵਾਂ ਸਵਾਲ ਪੇਸ਼ ਹੋ ਗਿਆ ਕਿ ਇਹ ਅੱਜ ਦੇ ਯੁੱਗ ਨਾਲ ਕਿਵੇਂ ਮੇਲ ਕੇ ਵੇਖਿਆ ਜਾ ਸਕਦਾ ਹੈ ਤਾਂ ਉਸ ਨੇ ਕਿਹਾ ਸੀ ਕਿ ਤਾਜ਼ਾ ਗੱਲ ਨਹੀਂ ਦੱਸ ਸਕਦਾ, ਮੌਕੇ ਦੀ ਸਰਕਾਰ ਨਾਰਾਜ਼ ਹੋ ਜਾਵੇਗੀ, ਪਰ ਪੁਰਾਣੀ ਮਿਸਾਲ ਹੈ ਕਿ ਇੰਦਰਾ ਗਾਂਧੀ ਨੇ 'ਗਰੀਬੀ ਹਟਾਓ' ਦਾ ਨਾਅਰਾ ਦਿੱਤਾ ਤੇ ਗਰੀਬੀ ਹੋਰ ਵਧਾ ਕੇ ਮੇਰੇ ਕਹਿਣ ਤੋਂ ਪਹਿਲਾਂ ਮੇਰੀ ਗੱਲ ਨੂੰ ਸੱਚੀ ਸਾਬਤ ਕਰ ਦਿੱਤਾ ਸੀ।

ਉਹ ਵਿਅੰਗਕਾਰ ਇਸ ਵਕਤ ਏਡਾ ਵਿਅੰਗ ਕਰਨ ਵਾਲੀ ਸਥਿਤੀ ਵਿਚ ਨਹੀਂ, ਬਜ਼ੁਰਗੀ ਹੰਢਾ ਰਿਹਾ ਹੈ, ਪਰ ਜੇ ਕਾਇਮ ਵੀ ਹੁੰਦਾ ਤਾਂ ਸ਼ਾਇਦ ਇਸ ਵਕਤ ਦੀ ਸਰਕਾਰ ਬਾਰੇ ਏਦੂੰ ਵੱਡੀ ਕੋਈ ਨਵੀਂ ਗੱਲ ਨਾ ਕਹਿ ਸਕਦਾ। ਸੱਚਾਈ ਇਹ ਹੈ ਕਿ ਇਸ ਵਕਤ ਵੀ ਜਦੋਂ ਭਾਰਤ ਦੀਆਂ ਆਮ ਚੋਣਾਂ ਸਿਰ 'ਤੇ ਹਨ, ਉਦੋਂ ਜੋ ਕੁਝ ਹੁੰਦਾ ਹੈ, ਉਹ ਲੁਕਾਇਆ ਜਾ ਰਿਹਾ ਹੈ ਤੇ ਜੋ ਹੁੰਦਾ ਨਹੀਂ ਤੇ ਸ਼ਾਇਦ ਹੋਣ ਵਾਲਾ ਵੀ ਨਹੀਂ, ਉਹ ਵਿਖਾਇਆ ਜਾ ਰਿਹਾ ਹੈ।

ਅਸੀਂ ਪਿਛਲੇ ਦੋ ਸਾਲਾਂ ਤੋਂ ਵੱਧ ਸਮੇਂ ਤੋਂ ਇਹ ਵੇਖਦੇ ਅਤੇ ਸੁਣਦੇ ਆਏ ਹਾਂ, ਹਾਲੇ ਵੀ ਕਦੇ-ਕਦੇ ਸੁਣ ਲੈਂਦੇ ਹਾਂ ਕਿ ਕਿਸੇ ਥਾਂ ਭੜਕੀ ਹੋਈ ਭੀੜ ਨੇ ਗਊ ਹੱਤਿਆ ਦੇ ਸ਼ੱਕ ਵਿਚ ਕੁਝ ਲੋਕਾਂ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਹੈ। ਇੱਕ ਵਾਰੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਅਜਿਹਾ ਕੰਮ ਗੁੰਡਾ ਗੈਂਗ ਕਰਦੇ ਹਨ ਤੇ ਫਿਰ ਕੁਝ ਪੁਲਿਸ ਕਾਰਵਾਈ ਵੀ ਹੋਈ ਸੀ, ਪਰ ਬਾਅਦ ਵਿਚ ਇਹ ਪਤਾ ਲੱਗਾ ਕਿ ਕਾਰਵਾਈ ਕੁਝ ਚੋਣਵੇਂ ਕੇਸਾਂ ਵਿਚ ਸਿਰਫ ਉਥੇ ਹੋਈ, ਜਿੱਥੇ ਅਜਿਹਾ ਕੰਮ ਕਰਨ ਵਾਲੇ ਬੰਦੇ ਉਸ ਖਾਸ ਧਿਰ ਨਾਲ ਜੁੜੇ ਹੋਏ ਨਹੀਂ ਸਨ, ਜਿਸ ਦੇ ਇਸ਼ਾਰੇ 'ਤੇ ਇਹ ਕੁਝ ਗਿਣ-ਮਿਥ ਕੇ ਕਰਵਾਇਆ ਜਾਂਦਾ ਸੀ। ਆਪਣੇ ਆਪ ਗਊ-ਭਗਤ ਬਣ ਤੁਰੇ ਚਾਰ ਗੈਂਗਾਂ 'ਤੇ ਕਾਰਵਾਈ ਕਰ ਕੇ ਆਪਣੇ ਵਿਧਾਇਕਾਂ ਤੇ ਪਾਰਲੀਮੈਂਟ ਮੈਂਬਰਾਂ ਦੇ ਥਾਪੜੇ ਵਾਲਿਆਂ ਦਾ ਵਾਲ ਵੀ ਵਿੰਗਾ ਨਹੀਂ ਸੀ ਹੋਣ ਦਿੱਤਾ।

ਅੱਜ ਕੱਲ੍ਹ ਭਾਰਤ ਦੇ ਕਈ ਮੀਡੀਆ ਚੈਨਲਾਂ 'ਤੇ ਅਗੇਤੇ ਚੋਣ ਸਰਵੇਖਣ ਪੇਸ਼ ਕੀਤੇ ਜਾ ਰਹੇ ਹਨ। ਜਿਸ ਬੰਦੇ ਨੇ ਇਨ੍ਹਾਂ ਨੂੰ ਜ਼ਰਾ ਕੁ ਗਹੁ ਨਾਲ ਵੇਖਿਆ ਹੋਵੇ, ਉਹ ਇਸ ਗੱਲ ਕਰ ਕੇ ਹੈਰਾਨ ਹੋ ਸਕਦਾ ਹੈ ਕਿ ਜੋ ਚੈਨਲ ਪਿਛਲੇ ਮਹੀਨੇ ਤੱਕ ਇਹ ਕਹਿੰਦੇ ਸਨ ਕਿ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿਚ ਕਾਂਗਰਸ ਨੇ ਜਿੱਤਣਾ ਹੈ, ਉਹ ਇਸ ਮਹੀਨੇ ਦੇ ਚੜ੍ਹਦੇ ਸਾਰ ਕਾਂਗਰਸ ਨੂੰ ਹਰਾ ਕੇ ਭਾਜਪਾ ਨੂੰ ਜਿਤਾਉਣ ਦੇ ਸਰਵੇ ਵਿਖਾਈ ਜਾਂਦੇ ਹਨ। ਸਾਨੂੰ ਦਿੱਲੀ ਵਾਲੀਆਂ ਚੋਣਾਂ ਦਾ ਤਜਰਬਾ ਹੈ। ਉਥੇ ਵਿਧਾਨ ਸਭਾ ਚੋਣਾਂ ਵਿਚ ਇਹੋ ਖੇਡ ਖੇਡੀ ਗਈ ਸੀ। ਵੋਟਾਂ ਪੈਣ ਤੋਂ ਇੱਕ ਦਿਨ ਪਹਿਲਾਂ ਤੱਕ ਸਾਰੇ ਚੈਨਲ ਭਾਜਪਾ ਤੇ ਆਮ ਆਦਮੀ ਪਾਰਟੀ ਦੀ ਗਹਿਗੱਚ ਲੜਾਈ ਦੱਸ ਕੇ ਉਨੀ-ਇੱਕੀ ਦਾ ਫਰਕ ਦੱਸਦੇ ਤੇ ਬਹੁਤੇ ਭਾਜਪਾ ਨੂੰ ਵੱਧ ਸੀਟਾਂ ਦਿੰਦੇ ਸਨ। ਇੱਕ ਚੈਨਲ ਨੇ ਆਮ ਆਦਮੀ ਪਾਰਟੀ ਨੂੰ ਸਿਰਫ ਇੱਕੀ ਸੀਟਾਂ ਦਿੱਤੀਆਂ ਸਨ। ਅਗਲੇ ਦਿਨ ਜਦੋਂ ਵੋਟਾਂ ਪੈਣ ਦਾ ਕੰਮ ਹੋ ਗਿਆ, ਇਨ੍ਹਾਂ ਚੈਨਲਾਂ ਨੇ ਆਮ ਆਦਮੀ ਪਾਰਟੀ ਨੂੰ ਭਾਜਪਾ ਤੋਂ ਅੱਗੇ ਮੰਨਿਆ ਤੇ ਜਿਸ ਚੈਨਲ ਨੇ ਇੱਕ ਦਿਨ ਪਹਿਲਾਂ ਉਸ ਨੂੰ ਸਿਰਫ ਇੱਕੀ ਸੀਟਾਂ ਦਿੱਤੀਆਂ ਸਨ, ਉਸ ਇਕੱਲੇ ਚੈਨਲ ਨੇ ਕਿਹਾ ਸੀ ਕਿ ਭਾਜਪਾ ਬਹੁਤ ਪਿੱਛੇ ਹੈ ਤੇ ਆਮ ਆਦਮੀ ਪਾਰਟੀ ਦੀਆਂ ਸੀਟਾਂ ਪੰਜਾਹ ਤੋਂ ਵਧ ਕੇ ਪਚਵੰਜਾ ਵੀ ਹੋ ਸਕਦੀਆਂ ਹਨ। ਸਾਡੇ ਵਰਗੇ ਲੋਕਾਂ ਨੂੰ ਵੀ ਇਹ ਗੱਪ ਜਾਪਦੀ ਸੀ। ਜਦੋਂ ਨਤੀਜਾ ਆਇਆ ਤਾਂ ਆਮ ਆਦਮੀ ਪਾਰਟੀ 67 ਸੀਟਾਂ ਲੈ ਗਈ। ਜਿਸ ਚੈਨਲ ਨੇ ਇੱਕ ਦਿਨ ਪਹਿਲਾਂ ਉਸ ਨੂੰ ਇੱਕੀ ਸੀਟਾਂ ਦਿੱਤੀਆਂ ਸਨ, ਵੋਟਾਂ ਪੈਂਦੇ ਸਾਰ ਉਹ ਉਸ ਨੂੰ ਪੰਜਾਹ-ਪਚਵੰਜਾ ਦੇਣ ਲਈ ਤਿਆਰ ਨਹੀਂ ਸੀ ਹੋਇਆ, ਉਸ ਨੂੰ ਪਹਿਲਾਂ ਵੀ ਸਥਿਤੀ ਦਾ ਪਤਾ ਸੀ, ਪਰ ਉਦੋਂ ਉਹ ਚੋਣ ਪ੍ਰਚਾਰ ਦਾ ਹਿੱਸਾ ਬਣ ਕੇ ਬੋਲਦਾ ਪਿਆ ਸੀ। ਇਹ ਕੰਮ ਇਸ ਵੇਲੇ ਤਿੰਨ ਰਾਜਾਂ ਦੀਆਂ ਚੋਣਾਂ ਵਾਸਤੇ ਵੀ ਹੁੰਦਾ ਹੋ ਸਕਦਾ ਹੈ।

ਦੂਸਰੀ ਗੱਲ, ਪਿਛਲੇ ਹਫਤੇ ਉਤਰ ਪ੍ਰਦੇਸ਼ ਵਿਚ ਐਪਲ ਕੰਪਨੀ ਦੇ ਮੈਨੇਜਰ ਨੂੰ ਦੋ ਪੁਲਿਸ ਮੁਲਾਜ਼ਮਾਂ ਨੇ ਮਾਰ ਦਿੱਤਾ ਤੇ ਇਸ ਨੂੰ ਪੁਲਿਸ ਮੁਕਾਬਲਾ ਬਣਾਉਣ ਦਾ ਯਤਨ ਕੀਤਾ ਗਿਆ। ਇਹ ਖੇਡ ਚੱਲ ਨਹੀਂ ਸਕੀ ਤਾਂ ਨਵਾਂ ਦਾਅ ਖੇਡਿਆ ਜਾ ਰਿਹਾ ਹੈ ਕਿ ਫਸੇ ਹੋਏ ਪੁਲਿਸ ਵਾਲੇ ਨੂੰ ਹੀਰੋ ਬਣਾ ਕੇ ਸਾਰੇ ਰਾਜ ਦੀ ਪੁਲਿਸ ਨੇ ਉਸ ਨਾਲ ਹਮਾਇਤ ਲਈ ਇੱਕ ਦਿਨ ਬਾਹਾਂ 'ਤੇ ਕਾਲੀਆਂ ਪੱਟੀਆਂ ਬੰਨ ਕੇ ਡਿਊਟੀ ਕੀਤੀ ਹੈ। ਕਿਸੇ ਡਿਸਿਪਲਿਨ ਵਾਲੀ ਫੋਰਸ ਵਿਚ ਇਹ ਇੱਕ ਤਰ੍ਹਾਂ ਦੀ ਬਾਗੀ ਕਾਰਵਾਈ ਹੁੰਦੀ ਹੈ ਤੇ ਇਸ ਕਾਰਨ ਨੌਕਰੀ ਤੋਂ ਕੱਢਣ ਤੱਕ ਦੇ ਹੁਕਮ ਜਾਰੀ ਕੀਤੇ ਜਾ ਸਕਦੇ ਹਨ, ਪਰ ਕੀਤੇ ਨਹੀਂ ਗਏ ਤੇ ਕਰਨੇ ਵੀ ਕਿਸੇ ਨਹੀਂ।

ਇਹੋ ਨਹੀਂ, ਕੇਸ ਵਿਚ ਫਸੇ ਹੋਏ ਉਸ ਸਿਪਾਹੀ ਨਾਲ ਹਮਾਇਤ ਵਜੋਂ ਉਸ ਦੀ ਪਤਨੀ ਦਾ ਬੈਂਕ ਖਾਤਾ ਨੰਬਰ ਦੇ ਕੇ ਲੋਕਾਂ ਨੂੰ ਫੰਡ ਭੇਜਣ ਦੀ ਅਪੀਲ ਕੀਤੀ ਗਈ ਅਤੇ ਚੋਖਾ ਫੰਡ ਇਸ ਖਾਤੇ ਵਿਚ ਆ ਵੀ ਗਿਆ ਹੈ। ਇਸ ਪਿੱਛੇ ਇੱਕ ਖੇਡ ਹੋਰ ਦੱਸੀ ਜਾਂਦੀ ਹੈ। ਜਦੋਂ ਤੋਂ ਯੋਗੀ ਆਦਿਤਿਆਨਾਥ ਦੀ ਭਾਜਪਾ ਵਾਲੀ ਸਰਕਾਰ ਬਣੀ ਹੈ, ਉਸ ਦੇ ਪਹਿਲੇ ਇੱਕ ਸਾਲ ਵਿਚ ਬਾਰਾਂ ਸੌ ਤੋਂ ਵੱਧ ਪੁਲਿਸ ਮੁਕਾਬਲੇ ਹੋ ਜਾਣ ਦੀ ਚਰਚਾ ਆਮ ਸੁਣੀ ਜਾਣ ਲੱਗੀ ਸੀ। ਇੱਕ ਸਾਲ ਵਿਚ ਬਾਰਾਂ ਸੌ ਦਾ ਮਤਲਬ ਰੋਜ਼ ਦੇ ਤਿੰਨ-ਚਾਰ ਮੁਕਾਬਲੇ ਹੁੰਦੇ ਹਨ। ਉਸ ਰਾਜ ਵਿਚ ਜਾਣ ਵਾਲੇ ਲੋਕ ਦੱਸਦੇ ਹਨ ਕਿ ਅੱਜ ਕੱਲ੍ਹ ਰਾਤ ਵੇਲੇ ਆਮ ਲੋਕ ਸੜਕਾਂ 'ਤੇ ਨਹੀਂ ਨਿਕਲਦੇ ਕਿ ਕਿਸੇ ਦਾ ਮੁਕਾਬਲਾ ਬਣਦਾ ਪਿਆ ਹੋਇਆ ਤਾਂ ਇਸ ਨੂੰ ਅਸਲੀ ਦੱਸਣ ਲਈ ਕਰਾਸ ਫਾਇਰਿੰਗ ਦੇ ਬਹਾਨੇ ਸਾਡੀ ਜਾਨ ਹੀ ਨਾ ਲੈ ਲਈ ਜਾਵੇ। ਇੱਕ ਵੱਡੇ ਟੀ. ਵੀ. ਚੈਨਲ ਨੇ ਅਜਿਹੇ ਮੁਕਾਬਲੇ ਬਣਾਉਣ ਵਾਲੇ ਪੁਲਿਸ ਅਫਸਰਾਂ ਦੀ ਗੱਲਬਾਤ ਦਾ ਸਟਿੰਗ ਅਪਰੇਸ਼ਨ ਵਾਲਾ ਰਿਕਾਰਡ ਪੇਸ਼ ਕੀਤਾ ਸੀ, ਜੋ ਹਰ ਕਿਸਮ ਦੇ ਮੁਕਾਬਲੇ ਦਾ ਰੇਟ ਵੀ ਦੱਸਦੇ ਹਨ।

ਮੁੱਖ ਮੰਤਰੀ ਦਾ ਬਿਆਨ ਆਇਆ ਸੀ ਕਿ ਕੁਝ ਲੋਕਾਂ ਨੂੰ ਸਿਰਫ ਪੁਲਿਸ ਮੁਕਾਬਲੇ ਦਿੱਸਦੇ ਹਨ, ਇਸ ਰਾਜ ਵਿਚ ਸ਼ਾਂਤੀ ਕਾਇਮ ਹੋਈ ਨਹੀਂ ਦਿੱਸਦੀ। ਜਿੱਦਾਂ ਦੀ ਸ਼ਾਂਤੀ ਕਬਰਾਂ ਵਿਚ ਹੁੰਦੀ ਹੈ, ਲਗਭਗ ਉਦਾਂ ਦੀ ਸ਼ਾਂਤੀ ਕਿਸੇ ਥਾਂ ਦਿੱਸ ਪਵੇ ਤਾਂ ਸਮਝਣਾ ਪੈਂਦਾ ਹੈ ਕਿ ਜੋ ਹੋ ਰਿਹਾ ਹੈ, ਉਹ ਮੁੱਖ ਮੰਤਰੀ ਨੇ ਨਹੀਂ ਮੰਨਣਾ ਤੇ ਜੋ ਮੁੱਖ ਮੰਤਰੀ ਦੱਸਦਾ ਹੈ, ਉਹ ਅਸਲ ਵਿਚ ਹੁੰਦਾ ਨਹੀਂ ਹੋਣਾ।


ਆਖਰੀ ਗੱਲ, ਇਸ ਹਫਤੇ ਅਯੁੱਧਿਆ ਅੰਦੋਲਨ ਨਾਲ ਜੁੜੇ ਹੋਏ ਇੱਕ ਮਹੰਤ ਨੇ ਮਰਨ ਵਰਤ ਰੱਖ ਲਿਆ ਤੇ ਕਿਹਾ ਹੈ ਕਿ ਮੈਂ ਓਨੀ ਦੇਰ ਮਰਨ ਵਰਤ ਨਹੀਂ ਛੱਡਾਂਗਾ, ਜਦੋਂ ਤੱਕ ਨਰਿੰਦਰ ਮੋਦੀ ਇਥੇ ਰਾਮ ਲੀਲਾ ਦੇ ਦਰਸ਼ਨ ਕਰਨ ਨਹੀਂ ਆਉਂਦੇ ਤੇ ਰਾਮ ਮੰਦਿਰ ਬਣਾਉਣ ਦਾ ਐਲਾਨ ਨਹੀਂ ਕਰਦੇ। ਨਰਿੰਦਰ ਮੋਦੀ ਨੂੰ ਨਾ ਅਯੁੱਧਿਆ ਜਾਣ ਦੀ ਝਿਜਕ ਹੈ ਤੇ ਨਾ ਰਾਮ ਮੰਦਿਰ ਬਣਾਉਣ ਦੀ, ਪਰ ਕਿਸੇ ਖਾਸ ਤਰ੍ਹਾਂ ਦੀ ਯੋਜਨਾਬੰਦੀ ਤੋਂ ਬਿਨਾ ਉਹ ਉਥੇ ਚਲੇ ਜਾਣ ਤਾਂ ਅਸਲੀ ਗੱਲ ਨਹੀਂ ਬਣਨੀ। ਗੱਲ ਰਾਮ ਮੰਦਿਰ ਬਣਾਉਣ ਦੀ ਓਨੀ ਨਹੀਂ, ਜਿੰਨੀ ਇਹ ਹੈ ਕਿ ਰਾਮ ਮੰਦਿਰ ਬਹਾਨੇ ਵੋਟਾਂ ਲੈਣੀਆਂ ਹਨ। ਇਸ ਲਈ ਇਹ ਢੰਗ ਵਰਤਿਆ ਜਾ ਸਕਦਾ ਹੈ ਕਿ ਇੱਕ ਮਹੰਤ ਨੂੰ ਜਜ਼ਬਾਤੀ ਕਰ ਕੇ ਉਸ ਤੋਂ ਮਰਨ ਵਰਤ ਦਾ ਐਲਾਨ ਕਰਵਾ ਦਿੱਤਾ ਜਾਵੇ। ਫਿਰ ਸਾਰੇ ਦੇਸ਼ ਵਿਚ ਇਸ ਗੱਲ ਦਾ ਪ੍ਰਚਾਰ ਕੀਤਾ ਜਾਵੇ ਤੇ ਜਦੋਂ ਮੰਦਿਰ ਦਾ ਮੁੱਦਾ ਸੌ ਮੁੱਦਿਆਂ ਦਾ ਮੁੱਦਾ ਬਣਿਆ ਜਾਪਣ ਲੱਗ ਜਾਵੇ ਤੇ ਮਹਿੰਗਾਈ, ਗਰੀਬੀ, ਨੋਟਬੰਦੀ, ਬੇਰੁਜ਼ਗਾਰੀ ਸਾਰੇ ਮੁੱਦੇ ਪਿੱਛੇ ਧੱਕ ਦੇਵੇ ਤਾਂ ਪ੍ਰਧਾਨ ਮੰਤਰੀ ਮੋਦੀ ਅਯੁੱਧਿਆ ਜਾ ਕੇ ਉਹ ਐਲਾਨ ਕਰ ਦੇਣਗੇ, ਜਿਸ ਦੀ ਮੰਗ ਉਠਾਈ ਗਈ ਹੈ ਤੇ ਇੱਕ ਮਹੰਤ ਦਾ ਮਰਨ ਵਰਤ ਰਖਵਾਇਆ ਹੈ।

ਅਸਲ ਵਿਚ ਮਹੰਤ ਦਾ ਮਰਨ ਵਰਤ ਚੋਣ-ਯੱਗ ਦਾ ਹਵਨ ਹੈ, ਵਿਖਾਵਾ ਮੰਦਿਰ ਉਸਾਰੀ ਕਰਨ ਦੀ ਮੰਗ ਦਾ ਕੀਤਾ ਗਿਆ ਹੈ। ਇਹ ਹਕੀਕਤ ਹੁੰਦੀ ਤਾਂ ਚਾਰ ਸਾਲ ਪਹਿਲਾਂ ਇਹੋ ਕੰਮ ਹੋ ਸਕਦਾ ਸੀ। ਇਥੇ ਏਦਾਂ ਹੀ ਹੁੰਦਾ ਹੈ। ਆਖਰ ਇਹ ਉਹ ਭਾਰਤ ਹੈ, ਜਿੱਥੇ ਜੋ ਕੁਝ ਹੁੰਦਾ ਹੈ, ਉਹ ਦਿਸਦਾ ਨਹੀਂ ਤੇ ਜੋ ਦਿਸਦਾ ਹੈ, ਉਹ ਹੁੰਦਾ ਹੀ ਨਹੀਂ। ਫਿਰ ਵੀ ਹੱਦੋਂ ਵੱਧ ਗੁੱਝੇ ਹਰ ਦਾਅ ਦੇ ਦੌਰ ਵਿਚ ਜੋ ਖੇਡ ਇਸ ਵਾਰੀ ਖੇਡੀ ਜਾ ਰਹੀ ਹੈ, ਉਹ ਕਿਸੇ ਵੀ ਪਿਛਲੇ ਦੌਰ ਤੋਂ ਵੱਧ ਭੁਚਲਾਊ ਹੋ ਸਕਦੀ ਹੈ, ਕਿਉਂਕਿ ਨੋਟਬੰਦੀ ਵਾਂਗ ਇਸ ਦੀ ਅਸਲੀਅਤ ਵੀ ਸਿਰਫ ਇੱਕ ਵਿਅਕਤੀ ਜਾਂ ਇੱਕ ਖਾਸ ਗਰੁਪ ਤੱਕ ਸੀਮਤ ਹੈ, ਸ਼ਾਇਦ ਨਾਲ ਤੁਰੀ ਫਿਰਦੀ ਟੀਮ ਨੂੰ ਵੀ ਪਤਾ ਨਹੀਂ।

# ਅਜੋਕੇ ਸਿੱਖ ਸਮਾਜ ਵਿਚ ਅਸਹਿਣਸ਼ੀਲਤਾ

ਪੰਥਕ ਮੁੱਦੇ

ਖਾਲਸੇ ਦੀ ਸਿਰਜਣਾ ਭੂਮੀ ਅਨੰਦਪੁਰ ਸਾਹਿਬ ਵਿਚ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਵੱਲੋਂ ਨਿਰਮਿਤ ਤਖਤ ਸ੍ਰੀ ਕੇਸਗੜ੍ਹ ਸਾਹਿਬ ਨੇੜੇ ਵਾਪਰੀ ਇਕ ਮੰਦਭਾਗੀ ਘਟਨਾ ਬਾਰੇ ਅਖਬਾਰਾਂ ਵਿਚ ਪੜ੍ਹ ਕੇ ਮੇਰੇ ਖਿਆਲਾਂ ਦੀ ਲੜੀ ਸਿੱਖ ਕਿਰਦਾਰ ਦੇ ਗੁਰ-ਸੰਕਲਪ ਵੱਲ ਤੁਰ ਪਈ। ਦੋ ਦਿਨ ਪਹਿਲਾਂ ਸੁਰਜੀਤ ਗੱਗ ਨਾਂ ਦੇ ਇਕ ਕਵੀ ਦੀ ਤਖਤ ਦੇ ਨੇੜੇ ਕੁਝ ਜਨੂੰਨੀ ਸਿੱਖ ਹੁਲੜਬਾਜ਼ਾਂ ਨੇ ਬੁਰੀ ਤਰ੍ਹਾਂ ਕੁੱਟ ਮਾਰ ਕੀਤੀ, ਜਿਸ ਕਾਰਨ ਉਸ ਨੂੰ ਗੰਭੀਰ ਸੱਟਾਂ ਲੱਗੀਆਂ। ਉਸ ਦਾ ਕਸੂਰ ਇਹ ਸੀ ਕਿ ਚਿਰ ਪਹਿਲਾਂ ਲਿਖੀ ਇਕ ਕਵਿਤਾ ਵਿਚ ਉਸ ਨੇ ਸਿੱਖ ਸਮਾਜ ਨੂੰ ਸ਼ੀਸ਼ੇ ਵਿਚ ਉਸ ਦਾ ਕਰੂਪ ਅਕਸ ਦਿਖਾਉਣ ਦੀ ਜੁਰਅਤ ਕੀਤੀ ਸੀ ਕਿ ਕਿਵੇਂ ਸਿੱਖਾਂ ਨੇ ਗੁਰੂ ਨਾਨਕ ਦੀ ਸਿੱਖਿਆ ਨੂੰ ਤਿਲਾਂਜਲੀ ਦੇ ਦਿੱਤੀ ਹੈ ਅਤੇ ਪਾਤਸ਼ਾਹ ਨੇ 'ਨਾਨਕੁ ਤਿਨ ਕੈ ਸੰਗਿ ਸਾਥਿ' ਦੀ ਲਾਜ ਪਾਲਦਿਆਂ ਗੁਰਬਤ ਮਾਰੇ ਦਬੇ-ਕੁਚਲੇ ਲੋਕਾਂ ਨਾਲ ਆਪਣੀ ਸਾਂਝ ਬਣਾ ਅਤੇ ਵਧਾ ਲਈ ਹੈ। ਕਵੀ ਦੇ ਸੂਖਮ-ਸੰਕੇਤ ਭਰੇ, ਪਰ ਸਿੱਧੇ ਸਾਦੇ ਅਤੇ ਖੁੰਢੇ ਬੋਲ ਗੱਲੀਂ ਬਾਤੀਂ ਸਿੱਖ ਕਹਾਉਣ ਵਾਲਿਆਂ ਨੂੰ ਸਾਣ ਚੜ੍ਹੇ ਨਸ਼ਤਰ ਵਾਂਗ ਵੱਜੇ। ਇਨ੍ਹਾਂ ਲੋਕਾਂ ਨੇ ਕਵੀ ਉਤੇ ਗੁਰੂ ਨਾਨਕ ਦੀ ਬੇਅਦਬੀ ਕਰਨ ਦਾ ਇਲਜ਼ਾਮ ਲਾਉਣ ਵਿਚ ਰਤਾ ਦੇਰ ਨਾ ਲਾਈ ਅਤੇ ਉਸ ਦੀ ਬੇਕਿਰਕ ਕੁਟ ਮਾਰ ਕੀਤੀ।



ਪ੍ਰੋ. ਹਰਪਾਲ ਸਿੰਘ*
ਫੋਨ: 91-94171-32373

ਇਸ ਘਟਨਾ ਤੋਂ 'ਸਿੱਖ ਕੌਣ ਹੈ?' ਅਤੇ 'ਸਿੱਖੀ ਕੀ ਹੈ?' ਦਾ ਸਵਾਲ ਮੇਰੇ ਮਨ ਵਿਚ ਦੁਬਾਰਾ ਉਠਿਆ। ਵੇਖਿਆ ਕਿ ਸੰਜਮ ਅਤੇ ਸਹਿਣਸ਼ੀਲਤਾ, ਦਲੇਰੀ ਅਤੇ ਨਿਰਭੈਤਾ, ਦਇਆ ਅਤੇ ਕਰੁਣਾ-ਭਾਵ ਸਭ ਕੁਝ ਇਨ੍ਹਾਂ ਦੋ ਸ਼ਬਦਾਂ ਵਿਚ ਹੀ ਨਿਹਿਤ ਹੈ।

ਕੁਝ ਅਰਸਾ ਪਹਿਲਾਂ ਜਦੋਂ ਮੈਂ ਪ੍ਰੋ. ਅਵਤਾਰ ਸਿੰਘ ਨਾਲ ਦਿੱਲੀ ਯੂਨੀਵਰਸਿਟੀ ਦੇ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਸਮਾਜ ਸ਼ਾਸਤਰ ਦੇ ਪ੍ਰੋਫੈਸਰ ਜੇ. ਪੀ. ਐਸ. ਉਬਰਾਏ ਨੂੰ ਮਿਲਣ ਗਿਆ ਤਾਂ ਪੰਜਾਬ ਅਤੇ ਸਿੱਖਾਂ ਦੀ ਗੱਲ ਚੱਲਣ 'ਤੇ ਉਨ੍ਹਾਂ ਕਿਹਾ ਸੀ, 'ਸੇਵਾ ਅਤੇ ਭਗਤੀ' ਤੋਂ ਸਿਵਾ ਸਿੱਖੀ ਹੋਰ ਹੈ ਕੀ! ਇਨ੍ਹਾਂ ਬੋਲਾਂ ਨੇ ਮੈਨੂੰ ਗੁਰੂਆਂ ਦੇ ਜੀਵਨ-ਕਾਲ ਅਤੇ ਮਗਰਲੇ ਸਿੱਖ ਇਤਿਹਾਸ ਦੇ ਪ੍ਰਕਰਣ ਵਿਚ ਸਿੱਖ ਕਿਰਦਾਰ ਬਾਰੇ ਸੋਚਣ ਲਾ ਦਿੱਤਾ।

ਗੁਰੂ ਸਾਹਿਬ ਦੇ ਪੈਰੋਕਾਰਾਂ ਵਿਚ ਹਰ ਮੁਕਾਮ 'ਤੇ ਕੁਝ ਕਾਹਲੇ, ਬੇਸਬਰੇ, ਸਵਾਰਥੀ ਅਤੇ ਹਿੰਸਕ ਬਿਰਤੀ ਵਾਲੇ ਸਿੱਖ ਹੁੰਦੇ ਸਨ, ਜਿਨ੍ਹਾਂ ਨੂੰ ਗੁਰੂ ਸਾਹਿਬਾਨ ਨੇ ਸਮਝਦਾਰੀ, ਤਰੱਦਦ ਅਤੇ ਸੂਖਸ਼ੀ ਅਲੌਕਿਕ ਜਲੌਅ ਨਾਲ ਉਪੱਦਰੀ ਕੰਮਾਂ ਤੋਂ ਵਰਜਿਆ ਅਤੇ ਰੋਕੀ ਰੱਖਿਆ। ਅਜਿਹਾ ਉਨ੍ਹਾਂ ਛਿਣਾਂ ਵਿਚ ਹੁੰਦਾ ਸੀ, ਜਦੋਂ ਸਿੱਖ ਗੁਰੂ ਸ਼ਬਦ ਦੇ ਕੁੰਡੇ ਅਤੇ ਅੰਕੁਸ਼ ਤੋਂ ਵਿਚਲ ਜਾਂਦੇ ਅਤੇ ਗੁਰ-ਸਿੱਖਿਆ ਤੋਂ ਨਾਫਰਮਾਨ ਹੋ ਜਾਂਦੇ ਸਨ, ਪਰ ਹਰ ਵਾਰੀ ਗੁਰੂ ਸਾਹਿਬ ਨਾ ਸਿਰਫ ਅਜਿਹੇ ਸਿੱਖਾਂ ਨੂੰ ਸਿੱਖੀ ਦਾਇਰੇ ਵਿਚ ਮੋੜ ਲਿਜਾਂਦੇ ਸਨ ਸਗੋਂ ਉਨ੍ਹਾਂ ਨੂੰ ਆਪਣੀ ਖੁੱਲ੍ਹਦਿਲੀ ਅਤੇ ਬਖਸ਼ਿਸ਼ਾਂ ਨਾਲ ਵੀ ਨਿਵਾਜਦੇ ਸਨ।

ਛੰਦ-ਕਵਿਤਾ ਵਿਚ ਸਿੱਖ ਇਤਿਹਾਸ ਨੂੰ ਕਲਮਬੰਦ ਕਰਨ ਵਾਲੇ ਗਿਆਨੀ ਗਿਆਨ ਸਿੰਘ ਨੇ ਇਸ ਕਾਵਿ-ਉਕਤੀ ਵਿਚ ਇਸ ਗੱਲ ਨੂੰ ਮਾਕੂਲ ਤਰੀਕੇ ਨਾਲ ਇਉਂ ਬਿਆਨਿਆ ਹੈ:

ਧੰਨ ਗੁਰੂ ਕੇ ਸਿੱਖ ਅਕਲ ਕੇ ਪੱਕੇ ਬੈਰੀ।
ਧੰਨ ਗੁਰੂ ਸਮਰੱਥ ਜਿਨਿ ਵਸ ਕੀਨੇ ਜਹਿਰੀ।
ਧੰਨ ਗੁਰੂ ਕੇ ਸਿੱਖ ਅਕਲ ਕੇ ਨਿਕਟ ਨਾ ਜਾਇ ਹੈਂ।
ਧੰਨ ਗੁਰੂ ਸਮਰੱਥ ਪਕੜ ਇਨਿ ਤਖਤ ਬਹਾਇ ਹੈਂ।

ਇਸੇ ਤਰ੍ਹਾਂ ਦਾ ਗੂਹੜ ਭਾਵ ਉਸ ਘਟਨਾ ਦਾ ਸਮਝਣਾ ਚਾਹੀਦਾ, ਜੋ ਮਹਾਂਕਵੀ ਸੰਤੋਖ ਸਿੰਘ ਨੇ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਸਾਡੇ ਦ੍ਰਿਸ਼ਟੀਗੋਚਰ ਕੀਤੀ ਹੈ। ਲਿਖਦੇ ਹਨ, ਆਏ ਦਿਨ ਮੁਗਲਾਂ ਅਤੇ ਪਠਾਣਾਂ ਹੱਥੋਂ ਸਿੱਖ ਬੀਬੀਆਂ ਦੀ ਬੇਪੱਤੀ ਅਤੇ ਅਜ਼ਮਤ-ਹਾਨੀ ਤੋਂ ਪ੍ਰੇਸ਼ਾਨ ਅਤੀ ਰੋਹ ਵਿਚ ਆਏ ਕੁਝ ਸਿੱਖਾਂ ਨੇ ਦਸਮ ਪਾਤਸ਼ਾਹ ਤੋਂ ਇਜਾਜ਼ਤ ਮੰਗੀ ਕਿ ਜੇ ਕੋਈ ਮੁਸਲਮਾਨ ਔਰਤ ਉਨ੍ਹਾਂ ਦੇ ਅੜਿੱਕੇ ਆ ਜਾਵੇ ਤਾਂ ਉਨ੍ਹਾਂ ਨੂੰ ਵੀ ਉਸੇ ਤਰ੍ਹਾਂ ਜਿਸਮੀ ਸ਼ੋਸ਼ਣ ਕਰਨ ਦੀ ਖੁੱਲ੍ਹ ਦਿੱਤੀ ਜਾਵੇ।

ਜਵਾਬ ਵਿਚ ਦਸਮ ਪਿਤਾ ਨੇ ਦ੍ਰਿੜ ਅਤੇ ਗੰਭੀਰ ਸੁਰ ਵਿਚ ਇਨ੍ਹਾਂ ਕਾਹਲੇ, ਬੇਸਬਰੇ ਅਤੇ ਹਿੰਸਕ ਬਿਰਤੀ ਉਤੇ ਉਤਾਰੂ ਸਿੱਖਾਂ ਨੂੰ ਤਾੜਨਾ ਕਰਦਿਆਂ ਕਿਹਾ ਸੀ, "ਮੈਂ ਪੰਥ ਨੂੰ ਉਚੇਰਾ ਲੈ ਕੇ ਜਾਣਾ ਹੈ, ਅਧੋਗਤੀ ਵਿਚ ਗਰਕ ਨਹੀਂ ਹੋਣ ਦੇਣਾ।"

ਸਿੱਖਾਂ ਦੇ ਕਿਰਦਾਰ ਉਤੇ ਗੁਰ-ਸਿਧਾਂਤ ਦਾ ਇਹ ਪਹਿਰਾ ਕਈ ਚਿਰ ਕਾਇਮ ਰਿਹਾ। ਚੇਤੇ ਰਹੇ, ਬੇਜੋੜ ਵਾਕਿਆ-ਨਵੀਸ ਕਾਜ਼ੀ ਨੂਰ ਮੁਹੰਮਦ ਜਦੋਂ ਅਹਿਮਦ ਸ਼ਾਹ ਅਬਦਾਲੀ ਦੇ ਹਿੰਦੁਸਤਾਨ ਉਤੇ ਸੱਤਵੇਂ ਹਮਲੇ ਸਮੇਂ ਉਸ ਦਾ ਹਮਰਕਾਬ ਬਣ ਕੇ ਆਇਆ ਤਾਂ ਉਸ ਨੇ ਮੈਦਾਨ-ਏ-ਜੰਗ ਵਿਚ ਵੀ ਸਿੱਖਾਂ ਦਾ ਕਰਾਰ ਅਤੇ ਸੂਰਤ ਬਰਕਰਾਰ ਰਹਿਣ ਦਾ ਸ਼ਾਨਦਾਰ ਕਿੱਸਾ 'ਜੰਗਨਾਮਾ' ਲਿਖਿਆ। ਇਸ ਤੋਂ ਪਹਿਲੋਂ ਭਾਈ ਘਨੱਈਆ ਜੀ ਆਪਣੀ ਸੇਵਾ-ਭਗਤੀ ਰਾਹੀਂ ਸਿੱਖੀ ਦੇ ਸਮਦ੍ਰਿਸ਼ਟ ਨਜ਼ਰੀਏ ਨੂੰ ਸਾਕਾਰ ਕਰ ਚੁਕੇ ਸਨ।

ਨੈਸ਼ਨਲ ਪ੍ਰੋਫੈਸਰ ਆਫ ਸਿੱਖਇਜ਼ਮ ਸਰਦਾਰ ਕਪੂਰ ਸਿੰਘ, ਆਈ. ਸੀ. ਐਸ. ਸਿੱਖਾਂ ਨੂੰ ਖਬਰਦਾਰ ਕਰਦਿਆਂ ਲਿਖਦੇ ਹਨ ਕਿ ਜਦੋਂ ਕੋਈ ਸਿੱਖ ਗੁਰੂ ਸਿਧਾਂਤਾਂ ਤੋਂ ਬੇਮੁਖ ਹੋ ਕੇ ਸਿੱਖੀ ਦੇ ਦਾਇਰੇ ਵਿਚੋਂ ਬਾਹਰ ਹੋ ਜਾਂਦਾ ਹੈ ਤਾਂ ਕੋਈ ਵੀ ਘਿਨਾਉਣਾ, ਹਿੰਸਕ ਅਤੇ ਗਿਲਾਨੀ ਭਰਪੂਰ ਕੰਮ ਉਸ ਦੀ ਮਨਮੁਖ ਬਿਰਤੀ ਤੋਂ ਦੂਰ ਨਹੀਂ ਹੁੰਦਾ। ਉਹ ਔਰਤਾਂ ਨੂੰ ਧੱਕੇ ਨਾਲ ਚੁੱਕ ਲਿਜਾਣ ਵਾਲਾ, ਸ਼ਾਹਰਾਹਾਂ ਦਾ ਡਾਕੂ, ਬਲਾਤਕਾਰੀ, ਭਾੜੇ ਦਾ ਕਾਤਲ ਅਤੇ ਚੋਰ ਉਚੱਕੇ ਵਾਲਾ ਕੋਈ ਵੀ ਕੁਕਰਮ ਸਹਿਜੇ ਹੀ ਕਰ ਸਕਦਾ ਹੈ।

ਮੁਲਕ ਦੀ ਵੰਡ ਤੋਂ ਲੈ ਕੇ ਅੱਜ ਤੱਕ ਸੱਤਰ ਸਾਲਾਂ ਦੇ ਇਤਿਹਾਸ ਵਿਚ ਸਿੱਖਾਂ ਦੇ ਅਜਿਹੇ ਅਣਮਨੁੱਖੀ ਵਤੀਰੇ ਦੇ ਅਨੇਕਾਂ ਪ੍ਰਮਾਣ ਮਿਲ ਜਾਂਦੇ ਹਨ। ਹੱਥੋ ਪਾਈ, ਧੱਕਾ ਮੁੱਕੀ, ਹੁਲੜਬਾਜ਼ੀ, ਸੀਨਾਜ਼ੋਰੀ ਅਤੇ ਮਾਰ-ਧਾੜ ਪਿੰਡ ਪੱਧਰ ਤੋਂ ਲੈ ਕੇ ਅਸੈਂਬਲੀ ਤੱਕ ਦੀਆਂ ਚੋਣਾਂ ਤੋਂ ਇਲਾਵਾ ਗੁਰਦੁਆਰਾ ਪ੍ਰਬੰਧ ਦੀ ਚੌਧਰ ਹਾਸਲ ਕਰਨ ਤੱਕ ਆਮ ਦੇਖੀ ਜਾ ਸਕਦੀ ਹੈ। ਜਿਹੜੇ ਗੀਤਾਂ ਨੂੰ ਸੁਣ ਕੇ ਸਿੱਖ ਜਵਾਨੀ ਹੁਲਾਰੇ ਅਤੇ ਜੋਸ਼ ਵਿਚ ਆਉਂਦੀ ਹੈ, ਉਨ੍ਹਾਂ ਵਿਚ ਜ਼ਮੀਨ-ਜਾਇਦਾਦ, ਮਹਿੰਗੀਆਂ ਗੱਡੀਆਂ ਦਾ ਵਿਖਾਵਾ, ਸ਼ਰਾਬੀ ਅਤੇ ਵੈਲੀ ਹੋਣ ਦਾ ਮਾਣ, ਔਰਤ ਦੇ ਜਿਸਮ ਨੂੰ ਪਾੜ-ਪਾੜ ਦੇਖਦੀਆਂ ਲਲਚਾਈਆਂ ਅੱਖਾਂ ਅਤੇ ਲੁੱਟ-ਮਾਰ ਦੀ ਹਿੰਸਕ ਬਿਰਤੀ ਪ੍ਰਮੁੱਖ ਹੈ। ਸਿੱਖ ਧਰਮ ਦੇ ਇਖਲਾਕੀ ਅਸੂਲਾਂ ਤੋਂ ਗਿਰਾਵਟ ਇਸ ਹੱਦ ਤੱਕ ਪਹੁੰਚ ਗਈ ਹੈ ਕਿ ਇਸ ਨੂੰ ਯਾਦ ਕਰਾਉਣ ਵਾਲਿਆਂ ਨੂੰ ਵੀ ਅਜਿਹੇ ਲੋਕਾਂ ਦੀ ਹਿੰਸਾ ਅਤੇ ਹੈਵਾਨੀਅਤ ਦਾ ਸ਼ਿਕਾਰ ਬਣਨਾ ਪੈਂਦਾ ਹੈ। ਇਸ ਨੀਚ ਮਾਨਵੀ ਬਿਰਤੀ ਅਤੇ ਇਸ ਦੇ ਕਾਰਨਾਂ ਤੋਂ ਅਸੀਂ ਅੱਜ ਵੀ ਬੇਖਬਰ ਹਾਂ ਅਤੇ ਇਸ ਦਾ ਕੋਈ ਇਲਾਜ, ਕੋਈ ਉਪਾਓ ਕਰਨ ਦਾ ਖਿਆਲ ਕਦੇ ਸਾਡੀ ਸੋਚ ਵਿਚੋਂ ਨਹੀਂ ਲੰਘਦਾ।

ਅਕਸਰ ਕਿਸੇ ਦੇ ਕਿਰਦਾਰ ਨੂੰ ਵੇਖ ਕੇ ਬਾਕੀ ਲੋਕ ਉਸ ਦੇ ਧਰਮ, ਮਨੌਤਾਂ ਅਤੇ ਕੌਮੀਅਤ ਬਾਰੇ ਵਿਚਾਰ ਬਣਾਉਂਦੇ ਹਨ। ਇਹ ਕੋਈ ਅਨੋਖੀ ਗੱਲ ਨਹੀਂ ਹੈ। 18ਵੀਂ ਸਦੀ ਦੇ ਵਿਚਕਾਰਲੇ ਦਹਾਕਿਆਂ ਵਿਚ ਜਦੋਂ ਸਿੱਖ ਗੁਰੂ ਸਿਧਾਂਤਾਂ ਦੇ ਸੱਜਰੇ ਤੇਜ ਵਿਚ ਪ੍ਰਚੰਡ ਹੋ ਕੇ ਮੁਗਲਾਂ-ਪਠਾਣਾਂ ਵਿਰੁਧ ਜ਼ਿੰਦਗੀ-ਮੌਤ ਦੇ ਘੋਰ ਸੰਘਰਸ਼ ਵਿਚੋਂ ਲੰਘ ਰਹੇ ਸਨ ਤਾਂ ਸਿੱਖ ਕਿਰਦਾਰ ਦੀ ਹਾਮੀ ਭਰਦਾ ਇਹ ਲੋਕ-ਅਖਾਣ ਪ੍ਰਚਲਿਤ ਹੋ ਗਿਆ ਸੀ,

ਆਏ ਨੀ ਨਿਹੰਗ
ਬੂਹਾ ਖੋਲ੍ਹ ਦੇ ਨਿਸੰਗ।

ਪਰ ਹੁਣ ਹੌਲੀ ਹੌਲੀ ਅਸੀਂ ਖੋਟ ਇਕੱਤਰ ਕਰ ਕੇ ਇਸ ਮੁਕਾਮ 'ਤੇ ਪਹੁੰਚ ਗਏ ਹਾਂ ਕਿ ਹੁਣ ਗੁਰਦੁਆਰਿਆਂ ਤੋਂ ਲੈ ਕੇ ਵਿਆਹ ਸ਼ਾਦੀਆਂ ਤੱਕ ਸਾਡੇ ਹਿੰਸਾਤਮਕ ਵਿਹਾਰ ਦਾ ਪ੍ਰਦਰਸ਼ਨ ਹੋ ਰਿਹਾ ਹੈ। ਜੋ ਲੋਕ ਅੱਜ ਸਿੱਖਾਂ ਨੂੰ ਵਿਚਰਦਿਆਂ ਵੇਖ ਕੇ ਸਿੱਖ ਧਰਮ ਬਾਰੇ ਰਾਏ ਬਣਾਉਂਦੇ ਹਨ, ਉਨ੍ਹਾਂ ਅੰਦਰ ਇਸ ਮਹਾਨ ਧਰਮ ਨੂੰ ਅਪਨਾਉਣ ਜਾਂ ਇਸ ਬਾਰੇ ਉਤਮ ਵਿਚਾਰ ਰੱਖਣ ਅਤੇ ਪ੍ਰਚਾਰਨ ਦੀ ਚੇਸ਼ਟਾ ਉਕਾ ਹੀ ਖਤਮ ਹੋ ਗਈ ਹੈ।

ਹੈਰਾਨੀ ਦੀ ਗੱਲ ਨਹੀਂ ਕਿ ਅਰਨੋਲਡ ਟੌਇਨਬੀ ਅਤੇ ਪ੍ਰੋ. ਪੂਰਨ ਸਿੰਘ ਨੇ ਸਿੱਖ ਧਰਮ ਦੀ ਖਾਸੀਅਤ ਬਾਰੇ ਜੋ ਵਿਚਾਰ ਪ੍ਰਗਟਾਏ ਸਨ, ਉਸ ਤਰਜ਼ ਉਤੇ ਸਿੱਖ ਧਰਮ ਬਾਰੇ ਲਿਟਰੇਚਰ ਸ਼ਾਇਦ ਇਸੇ ਕਰਕੇ ਹੁਣ ਬਹੁਤ ਘੱਟ ਲਿਖਿਆ ਜਾ ਰਿਹਾ ਹੈ। ਅਨੂਠਾਪਣ (Uniqueness) ਦੂਜਿਆਂ ਨੂੰ ਆਕਰਸ਼ਿਤ ਕਰਦਾ ਹੈ। ਜਦੋਂ ਇਸ ਦੀ ਘਾਟ ਜਾਂ ਅਨਹੋਂਦ ਹੋ ਜਾਵੇ ਤਾਂ ਦੂਜਿਆਂ ਦੀ ਦਿਲਚਸਪੀ ਤੁਹਾਡੇ ਵਿਚ ਘਟ ਜਾਂਦੀ ਹੈ। ਸਿੱਖ ਧਰਮ ਦੀ ਵਿਚਿੱਤਰ ਆਭਾ ਥੱਲੇ ਕਿਧਰੇ ਦਬ ਗਈ ਹੈ। ਜਾਪਦਾ ਹੈ ਕਿ ਹੁਣ ਤਾਂ 'ਖਾਲਸਾ ਏਡ' ਵਰਗੀਆਂ ਸੰਸਥਾਵਾਂ ਰਾਹੀਂ ਲੰਗਰ ਛਕਾ ਕੇ ਅਤੇ ਦਵਾਈਆਂ-ਕੱਪੜੇ ਵੰਡ ਕੇ ਸਿੱਖ ਧਰਮ ਦੀ ਸਾਖ ਅਤੇ ਅਕਸ ਬਚਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਕਿਹੜੀਆਂ ਸਿਖਰਾਂ ਤੋਂ ਅਸੀਂ ਕਿਥੇ ਆਣ ਡਿੱਗੇ ਹਾਂ, ਇਹ ਵੱਡੀ ਸੋਚਣ ਵਾਲੀ ਗੱਲ ਹੈ।

*3430, ਸੈਕਟਰ 27-ਡੀ, ਚੰਡੀਗੜ੍ਹ, ਇੰਡੀਆ।

ਪੰਜਾਬ ਟਾਈਮਜ਼

*ਸਨਿਚਰਵਾਰ, 13 ਅਕਤੂਬਰ 2018*

# ਪੰਜਾਬ ਦਾ ਸਿਆਸੀ ਪਿੜ

ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਦੀਆਂ ਰੈਲੀਆਂ ਅਤੇ ਬਰਗਾੜੀ ਵਾਲੇ ਮਾਰਚ ਨੇ ਇਕ ਵਾਰ ਫਿਰ ਸਾਫ ਕਰ ਦਿੱਤਾ ਕਿ ਪੰਜਾਬ ਦੇ ਲੋਕ ਕੀ ਚਾਹੁੰਦੇ ਹਨ। ਰੈਲੀ ਅਤੇ ਮਾਰਚ-ਦੋਵੇਂ ਇਕੋ ਦਿਨ, ਭਾਵ 7 ਅਕਤੂਬਰ ਨੂੰ ਹੋਏ। ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੇ ਆਗੂਆਂ ਵਲੋਂ ਆਪੋ-ਆਪਣੀਆਂ ਰੈਲੀਆਂ ਬਾਰੇ ਵੱਡੇ-ਵੱਡੇ ਦਾਅਵੇ ਕੀਤੇ ਜਾ ਰਹੇ ਹਨ ਅਤੇ ਜਚਾਇਆ ਜਾ ਰਿਹਾ ਹੈ ਕਿ ਇਹ ਰੈਲੀਆਂ ਪੂਰੀ ਤਰ੍ਹਾਂ ਕਾਮਯਾਬ ਰਹੀਆਂ ਹਨ ਪਰ ਬਰਗਾੜੀ ਮਾਰਚ ਵਿਚ ਇੰਨੇ ਕੁ ਲੋਕ ਜੁੜ ਗਏ ਕਿ ਕਿਸੇ ਨੂੰ ਦਾਅਵੇ ਕਰਨ ਦੀ ਲੋੜ ਹੀ ਨਹੀਂ ਪਈ। ਇਸ ਮਾਰਚ ਵਿਚ ਸ਼ਾਮਿਲ ਹੋਣ ਦਾ ਐਲਾਨ ਆਮ ਆਦਮੀ ਪਾਰਟੀ ਤੋਂ ਬਾਗੀ ਹੋਏ ਸੁਖਪਾਲ ਖਹਿਰਾ ਧੜੇ ਨੇ ਪਹਿਲਾਂ ਹੀ ਕਰ ਦਿੱਤਾ ਸੀ ਅਤੇ ਬਾਅਦ ਵਿਚ ਆਮ ਆਦਮੀ ਪਾਰਟੀ ਨੇ ਵੀ ਹਰੀ ਝੰਡੀ ਦੇ ਦਿੱਤੀ। ਇਸ ਲਈ ਇਸ ਮਾਰਚ ਵਿਚ ਆਪ-ਮੁਹਾਰੇ ਲੋਕ ਪਹੁੰਚੇ ਅਤੇ ਠਾਠਾਂ ਮਾਰਦੇ ਇਕੱਠ ਨੇ ਦਰਸਾ ਦਿੱਤਾ ਕਿ ਲੋਕ ਕਿਸ ਤਰ੍ਹਾਂ ਦੀ ਸਿਆਸਤ ਚਾਹੁੰਦੇ ਹਨ।

ਅਸਲ ਵਿਚ, ਸੂਬੇ ਦੀਆਂ ਦੋਵੇਂ ਮੁੱਖ ਪਾਰਟੀਆਂ- ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਵੱਖ-ਵੱਖ ਕਾਰਨਾਂ ਕਰਕੇ ਕਸੂਤੀਆਂ ਫਸੀਆਂ ਹੋਈਆਂ ਹਨ। ਬੇਅਦਬੀ ਅਤੇ ਹੋਰ ਮੁੱਦਿਆਂ ਕਾਰਨ ਅਕਾਲੀ ਦਲ ਦੇ ਪੈਰ ਨਹੀਂ ਲੱਗ ਰਹੇ; ਹੁਣ ਤਾਂ ਸਗੋਂ ਪਾਰਟੀ ਅੰਦਰੋਂ ਬਾਦਲ ਪਰਿਵਾਰ, ਖਾਸ ਕਰਕੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਖਿਲਾਫ ਬਗਾਵਤੀ ਸੁਰਾਂ ਵੀ ਉਠ ਖੜ੍ਹੀਆਂ ਹਨ। ਕਾਂਗਰਸ ਦੀ ਨਾਲਾਇਕੀ ਬੇਅਦਬੀ ਦੇ ਦੋਸ਼ੀਆਂ ਖਿਲਾਫ ਕਾਰਵਾਈ ਨਾ ਕਰਨ ਕਰਕੇ ਜੱਗ ਜਾਹਰ ਹੋ ਰਹੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਉਤੇ ਲਗਾਤਾਰ ਦੋਸ਼ ਲੱਗ ਰਹੇ ਹਨ ਕਿ ਉਹ ਆਪਣੇ ਸਿਆਸੀ ਸ਼ਰੀਕਾਂ (ਬਾਦਲਾਂ) ਨੂੰ ਬਚਾਉਣ ਲਈ ਪੂਰਾ ਟਿੱਲ ਲਾ ਰਹੇ ਹਨ। ਕਨਸੋਆਂ ਇਹ ਹਨ ਕਿ ਕੈਪਟਨ ਅਮਰਿੰਦਰ ਸਿੰਘ, ਐਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਦੇ ਸ਼ਿਕੰਜੇ ਵਿਚ ਆਏ ਹੋਏ ਹਨ। ਉਨ੍ਹਾਂ ਦੇ ਪੁੱਤਰ ਦੀ ਕੰਪਨੀ ਦੇ ਲੈਣ-ਦੇਣ ਦਾ ਮਾਮਲਾ ਇਸ ਵਕਤ ਡਾਇਰੈਕਟੋਰੇਟ ਦੇ ਵਿਚਾਰ ਅਧੀਨ ਹੈ। ਇਸ ਮਾਮਲੇ ਦੀ ਪੁਣਛਾਣ ਭਾਵੇਂ ਕਈ ਸਾਲਾਂ ਤੋਂ ਚੱਲ ਰਹੀ ਹੈ ਪਰ ਫਿਲਹਾਲ ਇਹ ਮਾਮਲਾ ਠੱਪ ਹੈ। ਜਾਣਕਾਰਾਂ ਦਾ ਆਖਣਾ ਹੈ ਕਿ ਐਨਫੋਰਸਮੈਂਟ ਡਾਇਰੈਕਟੋਰੇਟ ਸਿੱਧਾ ਕੇਂਦਰੀ ਵਿਤ ਮੰਤਰੀ ਅਰੁਣ ਜੇਤਲੀ ਦੇ ਅਧੀਨ ਹੈ ਅਤੇ ਜਿਸ ਦਿਨ ਬਾਦਲਾਂ ਖਿਲਾਫ ਕੋਈ ਕਾਰਵਾਈ ਅਰੰਭ ਹੋਈ, ਉਦੋਂ ਹੀ ਐਨਫੋਰਸਮੈਂਟ ਡਾਇਰੈਕਟੋਰੇਟ ਨੇ ਕੇਸ ਦੁਬਾਰਾ ਕੱਢ ਲੈਣਾ ਹੈ। ਇਸੇ ਕਰਕੇ ਮੁੱਖ ਮੰਤਰੀ ਕਮੇਟੀਆਂ-ਦਰ-ਕਮੇਟੀਆਂ ਅਤੇ ਕਮਿਸ਼ਨ-ਦਰ-ਕਮਿਸ਼ਨ ਬਣਾ ਕੇ ਅਜਿਹੇ ਮਾਮਲੇ ਟਾਲ ਰਹੇ ਹਨ।

ਬਰਗਾੜੀ ਮਾਰਚ ਵਿਚ ਹੋਏ ਲੋਕਾਂ ਦੇ ਇਕੱਠ ਦੇ ਹੁਣ ਸਿਆਸੀ ਅਰਥ ਵੀ ਕੱਢੇ ਜਾ ਰਹੇ ਹਨ ਅਤੇ ਇਕ ਵਾਰ ਫਿਰ ਪੰਜਾਬ ਅੰਦਰ ਤੀਜੇ ਮੋਰਚੇ ਦੀ ਗੱਲ ਚੱਲ ਪਈ ਹੈ। ਇਸ ਨੇ ਬਿਨਾ ਸ਼ੱਕ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੇ ਲੀਡਰਾਂ ਦੀ ਨੀਂਦ ਉਡਾ ਦਿੱਤੀ ਹੈ। ਬਰਗਾੜੀ ਮਾਰਚ ਵਿਚ ਸ਼ਾਮਿਲ ਧਿਰਾਂ ਵਲੋਂ ਕੋਈ ਨਵਾਂ ਸਿਆਸੀ ਮੰਚ ਖੜ੍ਹਾ ਕਰਨ ਦੀਆਂ ਕਿਆਸਅਰਾਈਆਂ ਵੀ ਚੱਲ ਨਿਕਲੀਆਂ ਹਨ। ਪੰਜਾਬ ਵਿਚ ਇਕ ਧਿਰ ਅਜਿਹੀ ਵੀ ਹੈ, ਜੋ ਬਰਗਾੜੀ ਮਾਰਚ ਵਿਚੋਂ ਤੱਤੀ ਸਿਆਸਤ ਲਈ ਰਾਹ ਖੁੱਲ੍ਹਦਾ ਦੇਖ ਰਹੀ ਹੈ। ਇਸ ਬਾਰੇ ਕੈਪਟਨ ਅਮਰਿੰਦਰ ਸਿੰਘ ਦੋਹਰੀ ਨੀਤੀ 'ਤੇ ਚੱਲ ਰਹੇ ਹਨ। ਇਕ ਪਾਸੇ ਤਾਂ ਉਹ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਮਿਲ ਕੇ ਸੂਬੇ ਵਿਚ ਅਮਨ-ਸ਼ਾਂਤੀ ਲਈ ਖੜ੍ਹੇ ਹੋ ਰਹੇ ਖਤਰੇ ਦੀਆਂ ਗੱਲਾਂ ਕਰ ਰਹੇ ਹਨ; ਦੂਜੇ ਪਾਸੇ ਬੇਅਦਬੀ ਵਾਲੇ ਮਾਮਲਿਆਂ ਵਿਚ ਦੋਸ਼ੀ ਉਤੇ ਸ਼ਿਕੰਜਾ ਨਾ ਕੱਸ ਕੇ ਸਿਆਸੀ ਮਾਹੌਲ ਨੂੰ ਹੋਰ ਉਲਝਾ ਰਹੇ ਹਨ। ਉਂਜ, ਇਨ੍ਹਾਂ ਸਾਰੀਆਂ ਸਿਆਸੀ ਸਰਗਰਮੀਆਂ ਨੂੰ ਅਗਲੇ ਸਾਲ ਭਾਰਤ ਵਿਚ ਹੋ ਰਹੀਆਂ ਲੋਕ ਸਭਾ ਚੋਣਾਂ ਨਾਲ ਜੋੜ ਕੇ ਵੀ ਦੇਖਿਆ ਜਾਣ ਲੱਗਾ ਹੈ। ਪੰਜਾਬ ਵਿਚ ਤੀਜੇ ਮੋਰਚੇ ਦਾ ਕੋਈ ਮੂੰਹ-ਮੱਥਾ ਬਣਦਾ ਹੈ ਜਾਂ ਨਹੀਂ, ਇਹ ਕਹਿਣਾ ਤਾਂ ਫਿਲਹਾਲ ਮੁਸ਼ਕਿਲ ਹੈ ਪਰ ਪਹਿਲਾਂ ਆਮ ਆਦਮੀ ਪਾਰਟੀ ਦੇ ਰੂਪ ਵਿਚ ਉਭਰੇ ਤੀਜੇ ਮੋਰਚੇ ਦੀ ਕਾਰਗੁਜ਼ਾਰੀ, ਇਸ ਅੰਦਰ ਹੋਈ ਟੁੱਟ-ਭੱਜ ਅਤੇ ਇਸ ਦੇ ਆਗੂਆਂ ਵਿਚਕਾਰ ਮੱਚੀ ਆਪੋਧਾਪ ਤੋਂ ਭਵਿਖ ਦੇ ਨਕਸ਼ ਅਜੇ ਪੂਰੀ ਤਰ੍ਹਾਂ ਸਪਸ਼ਟ ਨਹੀਂ ਹੋ ਰਹੇ। ਅਸਲ ਵਿਚ ਇਹੀ ਤੀਜੇ ਮੋਰਚੇ ਦੀ ਤ੍ਰਾਸਦੀ ਰਹੀ ਹੈ। ਸੂਬੇ ਦੇ ਲੋਕ ਵਾਰ-ਵਾਰ ਮੁੱਖ ਪਾਰਟੀਆਂ ਨੂੰ ਪਛਾੜਨ ਲਈ ਅਹੁਲਦੇ ਰਹੇ ਹਨ ਪਰ ਤੀਜੇ ਮੋਰਚੇ ਦੀ ਲੀਡਰਸ਼ਿਪ ਦਾ ਬੱਝਵਾਂ ਉਭਾਰ ਨਾ ਹੋਣ ਕਾਰਨ ਹਾਲਾਤ ਵਿਚ ਕਿਸੇ ਖਾਸ ਤਬਦੀਲੀ ਲਈ ਰਾਹ ਨਹੀਂ ਖੁੱਲ੍ਹ ਰਿਹਾ। ਇਸੇ ਕਰਕੇ ਵਾਰ-ਵਾਰ ਉਠਦੀ ਲਹਿਰ ਕੁਝ ਕੁ ਦਿਨਾਂ ਦਾ ਗੁਬਾਰ ਬਣ ਕੇ ਰਹਿ ਜਾਂਦੀ ਹੈ।

ਉਂਜ, ਇਸ ਸਮੁੱਚੇ ਤਾਣੇ-ਬਾਣੇ ਦਾ ਨੁਕਸਾਨ ਇਹ ਹੁੰਦਾ ਹੈ ਕਿ ਹਰ ਵਾਰ ਵਾਂਗ ਪੰਜਾਬ ਦੇ ਅਸਲ ਮਸਲੇ ਪਿਛਾਂਹ ਚਲੇ ਜਾਂਦੇ ਹਨ। ਹੁਣ ਵੀ ਨਸ਼ਿਆਂ ਦੀ ਮਾਰ, ਕਿਸਾਨਾਂ ਦੀਆਂ ਖੁਦਕੁਸ਼ੀਆਂ, ਸਿਹਤ ਤੇ ਸਿੱਖਿਆ ਦੇ ਮੰਦੜੇ ਹਾਲ ਭੁਲਾ ਦਿੱਤੇ ਗਏ ਹਨ। ਅੱਜ ਦੀ ਤਰੀਕ ਵਿਚ ਸਭ ਤੋਂ ਵੱਡਾ ਮਸਲਾ ਕੈਪਟਨ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਦਾ ਬਣਦਾ ਹੈ, ਪਰ ਇਸ ਬਾਰੇ ਕਿਤਿਓਂ ਕੋਈ ਹਿਲਜੁਲ ਨਹੀਂ ਹੋ ਰਹੀ। ਜਾਪ ਇੰਜ ਰਿਹਾ ਹੈ ਜਿਵੇਂ ਪੰਜਾਬ ਦੇ ਮਸਲੇ ਕਿਸੇ ਵੀ ਧਿਰ ਦੇ ਏਜੰਡੇ ਉਤੇ ਹੀ ਨਾ ਹੋਣ। ਉਧਰ, ਕੇਂਦਰ ਵਿਚ ਸੱਤਾ ਚਲਾ ਰਹੀ ਧਿਰ ਪੰਜਾਬ ਬਾਰੇ ਘਾਤ ਲਾ ਕੇ ਬੈਠੀ ਹੋਈ ਹੈ। ਇਸ ਧਿਰ ਨੂੰ ਆਪਣੀ ਸਿਆਸੀ ਭਾਈਵਾਲ ਪਾਰਟੀ- ਸ਼੍ਰੋਮਣੀ ਅਕਾਲੀ ਦਲ ਦੇ ਸੰਕਟ ਵਿਚੋਂ ਵੀ ਆਪਣੀ ਸਿਆਸਤ ਲਈ ਰਾਹ ਮੋਕਲਾ ਹੁੰਦਾ ਦਿਸ ਰਿਹਾ ਹੈ। ਪਿਛਲੇ ਸਮੇਂ ਦੌਰਾਨ ਇਹ ਧਿਰ ਅਜਿਹੀਆਂ ਕੋਸ਼ਿਸ਼ਾਂ ਕਰਦੀ ਵੀ ਰਹੀ ਹੈ। ਕੁਲ ਮਿਲਾ ਕੇ ਪੰਜਾਬ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ ਅਤੇ ਹੁਣ ਸਾਰਾ ਮਸਲਾ ਪੰਜਾਬ ਦੀ ਸਿਆਸੀ ਲੀਡਰਸ਼ਿਪ ਉਤੇ ਆਣ ਟਿਕਿਆ ਹੈ। ਪਿਛਲੇ ਸਮੇਂ ਦੌਰਾਨ ਇਹ ਜਾਹਰ ਹੋਇਆ ਹੈ ਕਿ ਲੋਕਾਂ ਦੀ ਲਾਮਬੰਦੀ ਦਾ ਆਧਾਰ ਆਮ ਮਸਲੇ ਬਣੇ ਹਨ। ਇਉਂ ਪਾਰਟੀਆਂ ਦੀ ਸਿਆਸਤ ਫਿਲਹਾਲ ਪਿਛਾਂਹ ਚਲੀ ਗਈ ਹੈ। ਹੁਣ ਜਿਸ ਵੀ ਦੂਰ-ਅੰਦੇਸ਼ ਲੀਡਰ ਜਾਂ ਧਿਰ ਨੇ ਪਹਿਲ ਕਰ ਲਈ, ਉਸ ਮੁਤਾਬਕ ਕੋਈ ਸਿਆਸੀ ਪਿੜ ਬੱਝ ਸਕਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਚੜ੍ਹਨ ਸੁੱਚੀਆਂ ਪ੍ਰਭਾਤਾਂ

ਬਰਗਾੜੀ ਨੇ ਮਾਰੀਆਂ ਹਾਕਾਂ, ਪੁੱਜੀਆਂ ਲੋਕਾਂ ਦੇ ਦਰਬਾਰ।  
ਠਾਠਾਂ ਮਾਰ ਮੁਲਖ ਜੋ ਤੁਰਿਆ, 'ਕੇਰਾਂ ਹਿੱਲ ਗਈ ਸਰਕਾਰ।  
ਸਮੇਂ ਸਮੇਂ ਦੇ ਹੋਣ ਸੁਨੇਹੇ, ਵਕਤ ਵਕਤ ਦੀਆਂ ਬਾਤਾਂ।  
ਰਾਤ ਹਨੇਰੀ ਮੁੱਕ ਮੁੱਕ ਜਾਵੇ, ਚੜ੍ਹਨ ਸੁੱਚੀਆਂ ਪ੍ਰਭਾਤਾਂ।  
ਸੁੱਖ ਲੋੜੀਏ ਇਹ ਪ੍ਰਭਾਤਾਂ, ਇਉਂ ਇਕਸੁਰ ਹੀ ਜਾਵਣ।  
ਜਿਉਂ ਸਾਹਾਂ ਦੀ ਕੰਘੀ ਚੱਲਦੀ, ਇਉਂ ਇਹ ਜੁੜਦੀਆਂ ਜਾਵਣ।

# ਪੰਜਾਬ, ਪੰਜਾਬੀ ਅਤੇ ਖੇਤਰੀ ਕੌਮਪ੍ਰਸਤੀ

ਪਹਿਲੀ ਨਵੰਬਰ 2018 ਨੂੰ ਪੰਜਾਬੀ ਸੂਬੇ ਦੀ ਸਥਾਪਨਾ ਦੀ 52ਵੀਂ ਵਰ੍ਹੇਗੰਢ ਹੈ, ਪਰ ਇਸ ਵਰ੍ਹੇਗੰਢ ਨੂੰ ਲੈ ਕੇ ਪੰਜਾਬ ਸਰਕਾਰ ਅਤੇ ਇਥੋਂ ਤੱਕ ਕਿ ਆਮ ਲੋਕਾਂ 'ਚ ਵੀ ਕੋਈ ਉਤਸ਼ਾਹ ਦੇਖਣ ਨੂੰ ਨਹੀਂ ਮਿਲ ਰਿਹਾ। ਹਾਂ, ਕੁਝ ਰਾਜਨੀਤਕ ਸੰਗਠਨ ਅਤੇ ਬੁੱਧੀਜੀਵੀ ਜ਼ਰੂਰ ਆਪੋ-ਆਪਣੇ ਢੰਗ ਨਾਲ ਇਹ ਦਿਨ ਮਨਾਉਣ ਦੀਆਂ ਤਿਆਰੀਆਂ ਕਰ ਰਹੇ ਹਨ। ਅਜਿਹਾ ਸਿਰਫ ਇਸ ਵਾਰ ਹੀ ਨਹੀਂ ਹੋਇਆ, ਪਿਛਲੇ ਲੰਮੇ ਸਮੇਂ ਤੋਂ ਹੀ ਪੰਜਾਬ ਦੀਆਂ ਸਰਕਾਰਾਂ ਅਤੇ ਰਾਜ ਦੇ ਵੱਡੇ ਸਿਆਸੀ ਦਲਾਂ ਦਾ ਇਸ ਇਤਿਹਾਸਕ ਵਰ੍ਹੇਗੰਢ ਪ੍ਰਤੀ ਵਤੀਰਾ ਇਹੋ ਜਿਹਾ ਹੀ ਹੈ।

ਹੋਰ ਤਾਂ ਹੋਰ ਸ਼੍ਰੋਮਣੀ ਅਕਾਲੀ ਦਲ, ਜਿਸ ਦੀ ਅਗਵਾਈ ਵਿਚ ਪੰਜਾਬ ਦੇ ਲੋਕਾਂ ਨੇ ਲੰਮਾ ਤੇ ਕਠਿਨ ਸੰਘਰਸ਼ ਲੜ ਕੇ, ਜੇਲ੍ਹਾਂ ਭੁਗਤ ਕੇ ਅਤੇ ਸ਼ਹੀਦੀਆਂ ਪ੍ਰਾਪਤ ਕਰਕੇ ਪੰਜਾਬੀ ਸੂਬੇ ਦੀ ਸਥਾਪਨਾ ਕਰਵਾਈ ਸੀ, ਉਹ ਵੀ ਸੱਤਾ ਵਿਚ

ਸਤਨਾਮ ਸਿੰਘ ਮਾਣਕ

ਰਹਿੰਦਿਆਂ ਅਤੇ ਸੱਤਾ ਤੋਂ ਬਾਹਰ ਰਹਿੰਦਿਆਂ ਵਧੇਰੇ ਕਰਕੇ ਇਸ ਵਰ੍ਹੇਗੰਢ ਪ੍ਰਤੀ ਅਵੇਸਲਾ ਹੀ ਰਹਿੰਦਾ ਹੈ। ਜਿੰਨੇ ਉਤਸ਼ਾਹ ਨਾਲ ਪੰਜਾਬ ਦੀਆਂ ਸਰਕਾਰਾਂ, ਪੰਜਾਬ ਦੇ ਬੁੱਧੀਜੀਵੀਆਂ ਅਤੇ ਪੰਜਾਬ ਦੇ ਜਾਗ੍ਰਿਤ ਲੋਕਾਂ ਨੂੰ ਇਹ ਦਿਨ ਮਨਾਉਣਾ ਚਾਹੀਦਾ ਹੈ, ਉਹ ਅਕਸਰ ਮਨਾਇਆ ਨਹੀਂ ਜਾਂਦਾ। ਇਸ ਦੇ ਕਈ ਕਾਰਨ ਗਿਣਾਏ ਜਾਂਦੇ ਹਨ। ਕਾਂਗਰਸ ਪਾਰਟੀ ਦੇ ਆਗੂਆਂ ਵਲੋਂ ਇਹ ਦੋਸ਼ ਲਾਏ ਜਾਂਦੇ ਹਨ ਕਿ ਅਕਾਲੀ ਦਲ ਨੇ ਪੰਜਾਬੀ ਸੂਬੇ ਦੇ ਆਧਾਰ 'ਤੇ ਪੰਜਾਬ ਦੀ ਵੰਡ ਕਰਵਾ ਕੇ ਪੰਜਾਬ ਨੂੰ ਛੋਟਾ ਕਰਵਾ ਦਿੱਤਾ ਹੈ। ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਰਹਿ ਗਏ ਹਨ ਅਤੇ ਇਥੋਂ ਤੱਕ ਕਿ ਰਾਜ ਦੀ ਰਾਜਧਾਨੀ ਚੰਡੀਗੜ੍ਹ ਵੀ ਪੰਜਾਬ ਨੂੰ ਨਹੀਂ ਮਿਲ ਸਕੀ। ਦਰਿਆਈ ਪਾਣੀਆਂ ਦੇ ਮਾਮਲੇ 'ਚ ਵੀ ਪੰਜਾਬ ਦਾ ਗੁਆਂਢੀ ਰਾਜਾਂ ਨਾਲ ਝਗੜਾ ਪਿਆ ਹੋਇਆ ਹੈ। ਇਸ ਕਰਕੇ ਪੰਜਾਬੀ ਸੂਬੇ ਦੀ ਵਰ੍ਹੇਗੰਢ ਮਨਾਉਣ ਵਾਲੀ ਕੋਈ ਗੱਲ ਨਹੀਂ ਹੈ। ਇਹ ਗੱਲ ਸਾਬਤ ਕਰਦੀ ਹੈ ਕਿ ਰਾਜ ਦੀ ਕਾਂਗਰਸ ਪਾਰਟੀ ਨੂੰ ਪੰਜਾਬੀਆਂ ਦੀ ਵੱਖਰੀ ਕੌਮੀ ਪਛਾਣ ਬਾਰੇ ਨਾ ਕੋਈ ਜਾਣਕਾਰੀ ਹੈ ਅਤੇ ਨਾ ਹੀ ਇਸ ਨਾਲ ਕੋਈ ਲਗਾਓ ਹੈ।

ਜਿਥੋਂ ਤੱਕ ਸ਼੍ਰੋਮਣੀ ਅਕਾਲੀ ਦਲ ਦਾ ਸਬੰਧ ਹੈ, ਭਾਵੇਂ ਉਸ ਨੇ ਪੰਜਾਬੀ ਬੋਲੀ ਦੇ ਆਧਾਰ 'ਤੇ ਪੰਜਾਬੀ ਸੂਬਾ ਬਣਾਉਣ ਲਈ ਸੰਘਰਸ਼ ਲੜਿਆ ਸੀ ਅਤੇ ਇਹ ਮੰਗ ਮੰਨਵਾਉਣ ਵਿਚ ਉਹ ਸਫਲ ਵੀ ਹੋਇਆ, ਭਾਵੇਂ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਸਰਕਾਰ ਨੇ ਪੁਨਰ ਗਠਨ ਸਮੇਂ ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ ਅਤੇ ਰਾਜ ਦੀ ਰਾਜਧਾਨੀ ਚੰਡੀਗੜ੍ਹ ਪੰਜਾਬ ਤੋਂ ਬਾਹਰ ਰਹਿਣ ਦਿੱਤੇ ਅਤੇ ਦਰਿਆਈ ਪਾਣੀਆਂ ਸਬੰਧੀ ਵੀ ਪੰਜਾਬ ਨੂੰ ਇਨਸਾਫ ਨਹੀਂ ਸੀ ਦਿੱਤਾ ਗਿਆ, ਪਰ ਇਸ ਕਾਣੀ ਵੰਡ ਲਈ ਵਧੇਰੇ ਜ਼ਿੰਮੇਵਾਰ ਉਸ ਸਮੇਂ ਦੀ ਇੰਦਰਾ ਗਾਂਧੀ ਸਰਕਾਰ ਸੀ। ਪਰ ਪੁਨਰਗਠਨ ਦੇ ਸਾਰੇ ਅਮਲ ਦੀ ਸਾਵਧਾਨੀ ਨਾਲ ਨਜ਼ਰਸਾਨੀ ਨਾ ਕਰਨ ਲਈ ਅਕਾਲੀ ਦਲ ਵੀ ਆਪਣੀ ਜ਼ਿੰਮੇਵਾਰੀ ਤੋਂ ਨਹੀਂ ਬਚ ਸਕਦਾ। ਪਿਛੋਂ ਵੀ ਸ਼੍ਰੋਮਣੀ ਅਕਾਲੀ ਦਲ ਸਮੇਂ-ਸਮੇਂ ਅੰਦੋਲਨ ਕਰਕੇ ਪੰਜਾਬੀ ਸੂਬੇ ਨੂੰ ਸੰਪੂਰਨ ਕਰਾਉਣ ਲਈ ਆਪਣੀਆਂ ਮੰਗਾਂ ਜ਼ਰੂਰ ਉਠਾਉਂਦਾ ਰਿਹਾ ਹੈ। ਫਿਰ ਵੀ ਇਸ ਗੱਲ ਦੀ ਸਮਝ ਨਹੀਂ ਆ ਰਹੀ ਕਿ ਅਕਾਲੀ ਦਲ ਨੂੰ ਪੰਜਾਬੀ ਸੂਬੇ ਦੀ ਵਰ੍ਹੇਗੰਢ ਮਹੱਤਵਪੂਰਨ ਘਟਨਾ ਕਿਉਂ ਨਹੀਂ ਲਗਦੀ ਅਤੇ ਉਹ ਆਪਣੀ ਇਸ ਪ੍ਰਾਪਤੀ ਨੂੰ ਵੱਡੀ ਪ੍ਰਾਪਤੀ ਕਿਉਂ ਨਹੀਂ ਮੰਨਦਾ?

ਇਸ ਦਾ ਅਹਿਮ ਕਾਰਨ ਇਹ ਹੋ ਸਕਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸ਼ੁਰੂ ਵਿਚ ਸਿੱਖ ਆਬਾਦੀ ਦੇ ਆਧਾਰ 'ਤੇ ਪੰਜਾਬ ਦਾ ਪੁਨਰਗਠਨ ਕਰਵਾਉਣਾ ਚਾਹੁੰਦੇ ਸਨ ਅਤੇ ਅਕਾਲੀ ਆਗੂ ਮਾਸਟਰ ਤਾਰਾ ਸਿੰਘ ਤੱਕ ਪੰਜਾਬੀ ਸੂਬੇ ਪ੍ਰਤੀ ਅਕਾਲੀ ਲੀਡਰਸ਼ਿਪ ਦੀ ਪਹੁੰਚ ਅਜਿਹੀ ਹੀ ਰਹੀ ਸੀ। ਉਸ ਸਮੇਂ ਦੀ ਅਕਾਲੀ ਆਗੂ ਪੰਡਤ ਜਵਾਹਰ ਲਾਲ ਨਹਿਰੂ ਵਲੋਂ ਸਿੱਖਾਂ ਨਾਲ ਕੀਤੇ ਗਏ ਇਸ ਵਾਅਦੇ ਕਿ ਉਤਰੀ ਭਾਰਤ ਵਿਚ ਸਿੱਖਾਂ ਨੂੰ ਅਜਿਹਾ ਖੁਦਮੁਖਤਾਰ ਖਿੱਤਾ ਦਿੱਤਾ ਜਾਏਗਾ, ਜਿਥੇ ਉਹ ਵੀ ਆਜ਼ਾਦੀ ਦਾ ਨਿੱਘ ਮਾਣ ਸਕਣ, ਨੂੰ ਆਧਾਰ ਬਣਾ ਕੇ ਪੰਜਾਬ ਦਾ ਸਿੱਖ ਆਬਾਦੀ ਦੇ ਆਧਾਰ 'ਤੇ ਪੁਨਰਗਠਨ ਕਰਵਾਉਣ ਲਈ ਜੱਦੋ-ਜਹਿਦ ਕਰ ਰਹੇ ਸਨ ਪਰ ਜਦੋਂ ਕੇਂਦਰ ਸਰਕਾਰ ਇਸ ਸਬੰਧੀ ਕੋਈ ਵੀ ਗੱਲ ਮੰਨਣ ਲਈ ਤਿਆਰ ਨਾ ਹੋਈ ਅਤੇ ਦੂਜੇ ਪਾਸੇ ਇਸੇ ਸਮੇਂ ਦੌਰਾਨ ਦੇਸ਼ ਦੇ ਹੋਰ ਹਿੱਸਿਆਂ ਵਿਚ ਵੱਖ-ਵੱਖ ਰਾਜਾਂ ਦੀਆਂ ਖੇਤਰੀ ਬੋਲੀਆਂ ਦੇ ਆਧਾਰ 'ਤੇ ਲੋਕਾਂ ਨੇ ਸੰਘਰਸ਼ ਕਰਕੇ ਆਪੋ-ਆਪਣੇ ਸੂਬਿਆਂ ਦਾ ਪੁਨਰ ਗਠਨ ਕਰਵਾ ਲਿਆ ਅਤੇ ਕਈ ਨਵੇਂ ਸੂਬੇ ਹੋਂਦ ਵਿਚ ਆ ਗਏ ਤਾਂ ਸੰਤ ਫ਼ਤਿਹ ਸਿੰਘ ਦੇ, ਅਕਾਲੀ ਦਲ ਦੀ ਕਮਾਨ ਸੰਭਾਲਣ ਸਮੇਂ ਤੱਕ ਅਕਾਲੀ ਦਲ ਨੂੰ ਵੀ ਇਸ ਗੱਲ ਦੀ ਸਮਝ ਪੈ ਗਈ ਕਿ ਪੰਜਾਬੀ ਬੋਲੀ ਦੇ ਆਧਾਰ 'ਤੇ ਸੂਬੇ ਦੇ ਪੁਨਰਗਠਨ ਦੀ ਜੇਕਰ ਮੰਗ ਉਠਾਈ ਜਾਵੇ ਤਾਂ ਇਸ ਨੂੰ ਸਫਲਤਾ ਮਿਲਣ ਦੀਆਂ ਵਧੇਰੇ ਸੰਭਾਵਨਾਵਾਂ ਹਨ। ਇਸ ਦੇ ਨਾਲ ਹੀ ਪੰਜਾਬ ਦੇ ਖੱਬੇ ਪੱਖੀ ਦਲਾਂ ਅਤੇ ਬਹੁਤ ਸਾਰੇ ਉਦਾਰ ਹਿੰਦੂ ਆਗੂਆਂ ਨੇ ਵੀ ਅਕਾਲੀ ਆਗੂਆਂ ਨੂੰ ਇਹੀ ਗੱਲ ਸਮਝਾਈ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬੀ ਬੋਲੀ ਦੇ ਆਧਾਰ 'ਤੇ ਰਾਜ ਦੇ ਪੁਨਰਗਠਨ ਲਈ ਨਵੇਂ ਸਿਰੇ ਤੋਂ ਜੱਦੋ-ਜਹਿਦ ਸ਼ੁਰੂ ਕਰ ਦਿੱਤੀ ਅਤੇ ਇਸ ਕਾਰਨ ਉਸ ਨੂੰ ਸਫਲਤਾ ਵੀ ਮਿਲ ਗਈ, ਭਾਵੇਂ ਇਹ ਸਫਲਤਾ ਲੰਮੇ ਸੰਘਰਸ਼ ਤੋਂ ਬਾਅਦ ਹੀ ਮਿਲੀ।

ਸ਼੍ਰੋਮਣੀ ਅਕਾਲੀ ਦਲ ਨੂੰ ਵੀ ਇਸ ਗੱਲ ਦੀ ਪੂਰੀ ਸਮਝ ਨਹੀਂ ਸੀ ਕਿ ਦੇਸ਼ ਦੀ ਵੰਡ ਤੋਂ ਪਹਿਲਾਂ ਅਤੇ ਬਾਅਦ ਵੀ ਸਾਰੇ ਭਾਰਤੀ ਖਿੱਤੇ ਵਿਚ ਵੱਖ-ਵੱਖ ਕੌਮੀਅਤਾਂ ਵਸਦੀਆਂ ਆ ਰਹੀਆਂ ਹਨ, ਜਿਨ੍ਹਾਂ ਦੇ ਆਪੋ-ਆਪਣੇ ਭੂਗੋਲਿਕ ਖਿੱਤੇ ਹਨ। ਉਨ੍ਹਾਂ ਦਾ ਆਪੋ-ਆਪਣਾ ਇਤਿਹਾਸ ਹੈ। ਉਨ੍ਹਾਂ ਦਾ ਆਪੋ-ਆਪਣਾ ਆਰਥਿਕ ਤੇ ਸਮਾਜਿਕ ਜੀਵਨ ਹੈ। ਉਨ੍ਹਾਂ ਦੀਆਂ ਆਪੋ-ਆਪਣੀਆਂ ਜ਼ਬਾਨਾਂ ਹਨ ਅਤੇ ਸਭਿਆਚਾਰ ਹੈ। ਉਨ੍ਹਾਂ ਦੇ ਆਪੋ-ਆਪਣੇ ਖਾਣੇ, ਪਹਿਰਾਵੇ ਅਤੇ ਗਾਣੇ ਹਨ। ਉਨ੍ਹਾਂ ਦੇ ਆਪੋ-ਆਪਣੇ ਧਰਮ ਹੋ ਸਕਦੇ ਹਨ ਪਰ ਉਨ੍ਹਾਂ ਦੀਆਂ ਬੋਲੀਆਂ ਦੇ ਆਧਾਰ 'ਤੇ ਉਨ੍ਹਾਂ ਦੀਆਂ ਸਾਂਝੀਆਂ ਖੇਤਰੀ ਪਛਾਣਾਂ ਵੀ ਹਨ। ਇਸ ਖਿੱਤੇ ਦੀਆਂ ਇਹ ਸਾਰੀਆਂ ਹਕੀਕਤਾਂ ਇਸ ਗੱਲ ਦੀ ਮੰਗ ਕਰਦੀਆਂ ਸਨ ਕਿ ਆਜ਼ਾਦੀ ਤੋਂ ਬਾਅਦ ਭਾਰਤ ਵਿਚ ਵੀ ਅਤੇ ਪਾਕਿਸਤਾਨ ਵਿਚ ਵੀ ਲੋਕਾਂ ਦੀਆਂ ਖੇਤਰੀ ਬੋਲੀਆਂ ਦੇ ਆਧਾਰ 'ਤੇ ਰਾਜਾਂ ਦਾ ਪੁਨਰਗਠਨ ਹੁੰਦਾ ਅਤੇ ਸਿੱਖਿਆ, ਪ੍ਰਸ਼ਾਸਨ ਅਤੇ ਨਿਆਂ ਲੋਕਾਂ ਦੀਆਂ ਜ਼ਬਾਨਾਂ ਵਿਚ ਉਨ੍ਹਾਂ ਨੂੰ ਮੁਹੱਈਆ ਕੀਤਾ ਜਾਂਦਾ ਅਤੇ ਸਮੁੱਚੇ ਤੌਰ 'ਤੇ ਪਾਕਿਸਤਾਨ ਅਤੇ ਭਾਰਤ ਦੋਵਾਂ ਨੂੰ ਬਿਹਤਰ ਢੰਗ ਨਾਲ ਚਲਾਉਣ ਲਈ ਦੋਵਾਂ ਦੇਸ਼ਾਂ ਵਿਚ ਜਮਹੂਰੀ, ਧਰਮ-ਨਿਰਪੱਖ ਅਤੇ ਸੰਘੀ ਪ੍ਰਸ਼ਾਸਨਿਕ ਪ੍ਰਣਾਲੀਆਂ ਸਥਾਪਿਤ ਕੀਤੀਆਂ ਜਾਂਦੀਆਂ। ਇਸ ਨਾਲ ਪਾਕਿਸਤਾਨ ਅਤੇ ਭਾਰਤ ਨੂੰ ਵੀ ਬਿਹਤਰ ਢੰਗ ਨਾਲ ਚਲਾਇਆ ਜਾ ਸਕਦਾ ਸੀ ਅਤੇ ਲੋਕ ਆਪੋ-ਆਪਣੇ ਖਿੱਤਿਆਂ ਵਿਚ ਆਪੋ-ਆਪਣੇ ਸਭਿਆਚਾਰਾਂ ਅਤੇ ਬੋਲੀਆਂ ਦਾ ਅਨੰਦ ਮਾਣਦੇ ਹੋਏ ਤਰੱਕੀ ਕਰ ਸਕਦੇ ਸਨ। ਪਰ ਕਿਉਂਕਿ ਭਾਰਤੀ ਖਿੱਤੇ ਦੀ ਵੰਡ ਆਜ਼ਾਦੀ ਸਮੇਂ ਧਰਮ ਦੇ ਆਧਾਰ 'ਤੇ ਕੀਤੀ ਗਈ ਸੀ, ਇਸ ਕਰਕੇ ਪੂਰੇ ਭਾਰਤੀ ਖਿੱਤੇ ਵਿਚ ਕੌਮੀਅਤਾਂ ਦੇ ਸਵਾਲ ਉਲਝ ਗਏ। ਪਾਕਿਸਤਾਨ ਵਿਚ ਉਥੋਂ ਦੀਆਂ ਸਰਕਾਰਾਂ ਨੇ ਲੋਕਾਂ ਦੀਆਂ ਖੇਤਰੀ ਪਛਾਣਾਂ ਨੂੰ ਉਭਰਨ ਨਾ ਦਿੱਤਾ। ਉਨ੍ਹਾਂ 'ਤੇ ਇਸਲਾਮ ਦੀ ਚਾਦਰ ਪਾਈ ਰੱਖੀ ਅਤੇ ਅੱਜ ਵੀ ਪਾਕਿਸਤਾਨ ਦੀਆਂ ਵੱਖ-ਵੱਖ ਕੌਮੀਅਤਾਂ ਸਿੰਧੀ, ਬਲੋਚੀ, ਪਖਤੂਨ ਤੇ ਪੰਜਾਬੀ ਆਪੋ-ਆਪਣੀ ਕੌਮੀ ਪਛਾਣ ਲਈ ਅਤੇ ਆਪਣੇ-ਆਪਣੇ ਭਾਸ਼ਾਈ ਅਤੇ ਸਭਿਆਚਾਰਕ ਹੱਕਾਂ ਲਈ ਸੰਘਰਸ਼ ਲੜ ਰਹੀਆਂ ਹਨ।

ਦੂਜੇ ਪਾਸੇ ਭਾਰਤ ਵਿਚ ਵੀ ਕਾਂਗਰਸ ਨੇ ਭਾਵੇਂ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਲੋਕਾਂ ਨਾਲ ਖੇਤਰੀ ਬੋਲੀਆਂ ਦੇ ਆਧਾਰ 'ਤੇ ਦੇਸ਼ ਦੇ ਪੁਨਰਗਠਨ ਦਾ ਵਾਅਦਾ ਕੀਤਾ ਸੀ ਪਰ ਆਜ਼ਾਦੀ ਤੋਂ ਬਾਅਦ ਸ਼ਾਇਦ ਦੇਸ਼ ਦੀ ਵੰਡ ਹੋਣ ਕਾਰਨ ਉਸ ਨੇ ਲੋਕਾਂ ਦੀਆਂ ਖੇਤਰੀ ਪਛਾਣਾਂ ਨੂੰ ਉਭਰਨ ਦੇ ਅਵਸਰ ਨਾ ਦਿੱਤੇ। ਇਸੇ ਕਾਰਨ ਭਾਰਤ ਵਿਚ ਆਪਣੀਆਂ ਖੇਤਰੀ ਬੋਲੀਆਂ ਦੇ ਆਧਾਰ 'ਤੇ ਦੇਸ਼ ਦੇ ਲੋਕਾਂ ਨੂੰ ਆਪਣੇ ਰਾਜਾਂ ਦਾ ਪੁਨਰਗਠਨ ਕਰਵਾਉਣ ਲਈ ਸੰਘਰਸ਼ ਲੜਨੇ ਪਏ। ਸਾਡੇ ਕਹਿਣ ਦਾ ਸਪੱਸ਼ਟ ਮੰਤਵ ਇਹ ਹੈ ਕਿ ਭਾਰਤ ਅਤੇ ਪਾਕਿਸਤਾਨ ਦੋਵਾਂ ਦੇਸ਼ਾਂ ਵਿਚ ਕੌਮੀਅਤਾਂ ਦੇ ਸਵਾਲ ਨੂੰ ਠੀਕ ਤਰ੍ਹਾਂ ਸਮਝ ਕੇ ਹੱਲ ਨਹੀਂ ਕੀਤਾ ਗਿਆ ਤੇ ਇਸੇ ਕਰਕੇ ਦੋਵਾਂ ਦੇਸ਼ਾਂ ਵਿਚ ਅਜੇ ਵੀ ਲੋਕਾਂ ਨੂੰ ਇਸ ਮਕਸਦ ਲਈ ਆਪਣੇ ਸੰਘਰਸ਼ ਲੜਨੇ ਪੈ ਰਹੇ ਹਨ। ਅਜੋਕੇ ਸਮੇਂ ਵਿਚ ਭਾਜਪਾ ਤੇ ਰਾਸ਼ਟਰੀ ਸੋਇਮ ਸੇਵਕ ਸੰਘ ਲੋਕਾਂ ਦੀਆਂ ਖੇਤਰੀ ਪਛਾਣਾਂ ਖੋਹ ਕੇ ਇਨ੍ਹਾਂ 'ਤੇ ਹਿੰਦੂਤਵ ਦੀ ਚਾਦਰ ਪਾਉਣ ਲਈ ਤਤਪਰ ਹੈ।

ਭਾਰਤੀ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਨੂੰ ਅਜੇ ਤੱਕ ਵੀ ਇਸ ਗੱਲ ਦਾ ਅਹਿਸਾਸ ਨਹੀਂ ਹੈ ਕਿ ਪੰਜਾਬੀਆਂ ਦੀ ਵੱਖਰੀ ਕੌਮੀ ਪਛਾਣ ਹੈ ਅਤੇ ਪੰਜਾਬ ਪੰਜਾਬੀ ਕੌਮੀਅਤ ਦੀ ਜਨਮ ਅਤੇ ਕਰਮ ਭੂਮੀ ਹੈ, ਭਾਵੇਂ ਬਹੁਤ ਸਾਰੇ ਪੰਜਾਬੀ ਅੱਜ ਹੋਰ ਦੇਸ਼ਾਂ ਵਿਚ ਵੀ ਵਸ ਚੁੱਕੇ ਹਨ। ਜੇਕਰ ਰਾਜ ਦੀਆਂ ਸਿਆਸੀ ਪਾਰਟੀਆਂ ਨੂੰ ਇਸ ਗੱਲ ਦੀ ਸਮਝ ਹੁੰਦੀ ਜਾਂ ਇਸ ਗੱਲ ਦਾ ਅਹਿਸਾਸ ਹੁੰਦਾ ਕਿ ਪੰਜਾਬੀ ਵੱਖਰੀ ਕੌਮੀ ਪਛਾਣ ਰੱਖਦੇ ਹਨ ਅਤੇ ਉਨ੍ਹਾਂ ਦੀ ਜ਼ਿੰਮੇਵਾਰੀ ਪੰਜਾਬੀ ਕੌਮੀਅਤ ਨੂੰ ਉਨ੍ਹਾਂ ਦੀ ਜ਼ਬਾਨ ਵਿਚ ਬਿਹਤਰ ਸਿੱਖਿਆ, ਪ੍ਰਸ਼ਾਸਨ ਅਤੇ ਨਿਆਂ ਦੇਣ ਦੀ ਹੈ। ਪੰਜਾਬ ਦੀ ਸਰਬ ਪੱਖੀ ਤਰੱਕੀ ਕਰਵਾਉਣ ਦੀ ਹੈ ਤਾਂ ਹੋ ਸਕਦਾ ਸੀ ਕਿ ਪੰਜਾਬੀ ਸੂਬੇ ਦੀ ਸਥਾਪਨਾ ਦੇ ਸੰਘਰਸ਼ ਵਿਚ ਬਹੁਤੀਆਂ ਸਿਆਸੀ ਪਾਰਟੀਆਂ ਅਤੇ ਲੋਕਾਂ ਦੇ ਕਈ ਭਾਈਚਾਰੇ ਉਦਾਸੀਨ ਨਾ ਰਹਿੰਦੇ ਤੇ ਇਹ ਵੀ ਸੰਭਵ ਸੀ ਕਿ ਜੇਕਰ ਸਾਰੇ ਪੰਜਾਬੀਆਂ ਵਲੋਂ ਰਲ ਕੇ ਪੰਜਾਬੀ ਸੂਬੇ ਦੀ ਲੜਾਈ ਲੜੀ ਜਾਂਦੀ ਤਾਂ ਨਾ ਹੀ ਪੰਜਾਬੀ ਸੂਬਾ ਛੋਟਾ ਹੁੰਦਾ ਅਤੇ ਨਾ ਹੀ ਇਹ ਆਪਣੀ ਰਾਜਧਾਨੀ ਤੋਂ ਵਾਂਝਾ ਹੁੰਦਾ।

ਇਹ ਸਭ ਕੁਝ ਹੁਣ ਇਤਿਹਾਸ ਦਾ ਹਿੱਸਾ ਹੈ। ਇਸ ਸਮੇਂ ਦੀ ਲੋੜ ਇਹ ਹੈ ਕਿ ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਅਤੇ ਪੰਜਾਬ ਦੇ ਸਾਰੇ ਵਰਗਾਂ ਦੇ ਲੋਕ ਇਸ ਗੱਲ ਨੂੰ ਸ਼ਿੱਦਤ ਨਾਲ ਮਹਿਸੂਸ ਕਰਨ ਕਿ ਸਮੂਹ ਪੰਜਾਬੀ ਆਪਣੀ ਬੋਲੀ, ਖਿੱਤੇ, ਸਭਿਆਚਾਰ ਅਤੇ ਇਤਿਹਾਸ ਦੇ ਆਧਾਰ 'ਤੇ ਵੱਖਰੀ ਕੌਮੀ ਪਛਾਣ ਰੱਖਦੇ ਹਨ ਅਤੇ ਉਨ੍ਹਾਂ ਨੇ ਰਲ-ਮਿਲ ਕੇ ਇਥੇ ਰਹਿਣਾ ਹੈ ਅਤੇ ਇਸ ਸੂਬੇ ਨੂੰ ਦੂਜੇ ਸੂਬਿਆਂ ਦੇ ਮੁਕਾਬਲੇ ਹਰ ਖੇਤਰ ਵਿਚ ਅੱਗੇ ਲੈ ਕੇ ਜਾਣਾ ਹੈ। ਇਸ ਮਕਸਦ ਲਈ ਸਾਨੂੰ ਆਪਣੀ ਜਨਮ ਭੂਮੀ ਪੰਜਾਬ ਨਾਲ ਅਤੇ ਪੰਜਾਬ ਵਿਚ ਰਹਿੰਦੇ ਆਪਣੇ ਹੋਰ ਪੰਜਾਬੀ ਭਰਾਵਾਂ ਨਾਲ ਮਜ਼ਬੂਤ ਅਤੇ ਜਜ਼ਬਾਤੀ ਸਾਂਝ ਬਣਾਉਣ ਦੀ ਜ਼ਰੂਰਤ ਹੈ। ਜਿਸ ਤਰ੍ਹਾਂ ਦੱਖਣੀ ਸੂਬਿਆਂ ਵਿਚ ਸਾਡੇ ਹੋਰ ਭਾਰਤੀ ਭਰਾਵਾਂ ਨੇ ਬਣਾਈ ਹੋਈ ਹੈ। ਸਾਡੇ ਅੰਦਰ ਪੰਜਾਬੀ ਹੋਣ ਦਾ ਗੌਰਵ ਹੋਣਾ ਚਾਹੀਦਾ ਹੈ।

ਜੇਕਰ ਅਸੀਂ ਸਮੂਹ ਪੰਜਾਬੀ ਆਪਣੇ ਅੰਦਰ ਇਸ ਤਰ੍ਹਾਂ ਦੀ ਕੌਮੀ ਚੇਤਨਾ ਪੈਦਾ ਕਰਨ ਦੇ ਸਮਰੱਥ ਹੋਵਾਂਗੇ ਤਾਂ ਪੰਜਾਬ ਨਾਲ ਕੇਂਦਰ ਸਰਕਾਰ ਵਲੋਂ ਵੱਖ-ਵੱਖ ਖੇਤਰਾਂ ਵਿਚ ਕੀਤੀਆਂ ਜਾ ਰਹੀਆਂ ਧੱਕੇਸ਼ਾਹੀਆਂ ਦਾ ਅਸੀਂ ਡਟ ਕੇ ਮੁਕਾਬਲਾ ਕਰ ਸਕਾਂਗੇ। ਚਾਹੇ ਮਸਲਾ ਚੰਡੀਗੜ੍ਹ ਅਤੇ ਹੋਰ ਪੰਜਾਬੀ ਬੋਲਦੇ ਇਲਾਕਿਆਂ ਦਾ ਹੋਵੇ, ਚਾਹੇ ਪੰਜਾਬੀ ਬੋਲੀ ਨੂੰ ਉਸ ਦਾ ਬਣਦਾ ਸਥਾਨ ਦਿਵਾਉਣ ਦਾ ਹੋਵੇ ਅਤੇ ਚਾਹੇ ਦਰਿਆਈ ਪਾਣੀਆਂ ਸਬੰਧੀ ਇਨਸਾਫ ਹਾਸਲ ਕਰਨ ਦਾ ਹੋਵੇ। ਜੇਕਰ ਸਮੂਹ ਪੰਜਾਬੀ ਇਕੱਠੇ ਹੋ ਕੇ ਆਵਾਜ਼ ਉਠਾਉਣਗੇ ਤਾਂ ਇਹ ਮਸਲੇ ਹੱਲ ਕਰਨ ਲਈ ਸਮੇਂ ਦੀਆਂ ਕੇਂਦਰੀ ਸਰਕਾਰਾਂ ਨੂੰ ਮਜਬੂਰ ਕੀਤਾ ਜਾ ਸਕਦਾ ਹੈ। ਪੰਜਾਬੀ ਸੂਬੇ ਦੇ ਗਠਨ ਵਿਚ ਭਾਵੇਂ ਬਹੁਤ ਸਾਰੀਆਂ ਤਰੁੱਟੀਆਂ ਰਹੀਆਂ ਹਨ ਪਰ ਇਹ ਵੱਡੀ ਪ੍ਰਾਪਤੀ ਹੈ। ਪਹਿਲੀ ਨਵੰਬਰ 1966 ਨੂੰ ਪੰਜਾਬੀ ਬੋਲੀ ਦੇ ਆਧਾਰ 'ਤੇ ਪੰਜਾਬ ਦਾ ਪੁਨਰਗਠਨ ਹੋਇਆ ਸੀ। ਭਾਰਤ ਦੀਆਂ ਹੋਰ ਬੋਲੀਆਂ ਦੀ ਤਰ੍ਹਾਂ ਪੰਜਾਬੀ ਬੋਲੀ ਨੂੰ ਇਹ ਮਾਣ ਮਿਲਿਆ ਸੀ। ਪੰਜਾਬੀ ਬੋਲੀ ਸਾਡੇ ਸਾਰੇ ਪੰਜਾਬੀਆਂ ਦੀ ਹੈ ਤੇ ਇਹ ਪ੍ਰਾਪਤੀ ਵੀ ਸਾਡੀ ਸਾਰੇ ਪੰਜਾਬੀਆਂ ਦੀ ਹੀ ਹੈ।

ਇਸ ਲਈ ਇਸ ਦਿਨ ਨੂੰ ਹਰ ਸਾਲ ਪੂਰੇ ਉਤਸ਼ਾਹ ਨਾਲ ਮਨਾਇਆ ਜਾਣਾ ਚਾਹੀਦਾ ਹੈ। ਪੰਜਾਬੀ ਸੂਬੇ ਲਈ ਕੁਰਬਾਨੀਆਂ ਦੇਣ ਵਾਲੇ ਮਰਜੀਵੜਿਆਂ ਨੂੰ ਯਾਦ ਕਰਨਾ ਚਾਹੀਦਾ ਹੈ। ਪੰਜਾਬੀ ਸੂਬੇ ਦੇ ਗਠਨ ਤੋਂ ਬਾਅਦ ਅਸੀਂ ਕੀ ਪ੍ਰਾਪਤੀਆਂ ਕੀਤੀਆਂ ਹਨ ਅਤੇ ਸਾਡੀਆਂ ਕੀ ਅਸਫਲਤਾਵਾਂ ਰਹੀਆਂ ਹਨ? ਸਾਡੇ ਇਸ ਸਮੇਂ ਦੇ ਸਰੋਕਾਰ ਕੀ ਹਨ? ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਬਿਹਤਰ ਭਵਿਖ ਲਈ ਸਾਨੂੰ ਕੀ ਕਰਨ ਦੀ ਲੋੜ ਹੈ? ਪੰਜਾਬੀ ਜ਼ਬਾਨ, ਪੰਜਾਬੀ ਸਭਿਆਚਾਰ, ਪੰਜਾਬੀ ਸਾਹਿਤ ਅਤੇ ਪੰਜਾਬੀ ਪੱਤਰਕਾਰੀ ਅਤੇ ਪੰਜਾਬੀ ਗੀਤ-ਸੰਗੀਤ ਦੇ ਹੋਰ ਵਿਕਾਸ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ? ਇਨ੍ਹਾਂ ਸਾਰੇ ਸਵਾਲਾਂ ਬਾਰੇ ਸਾਨੂੰ ਹਰ ਸਾਲ ਪੰਜਾਬੀ ਸੂਬੇ ਦੀ ਵਰ੍ਹੇਗੰਢ 'ਤੇ ਸਿਰ ਜੋੜ ਕੇ ਸ਼ਿੱਦਤ ਨਾਲ ਸੋਚਣਾ ਚਾਹੀਦਾ ਹੈ ਅਤੇ ਭਵਿਖ ਲਈ ਨਿਸ਼ਾਨੇ ਤੈਅ ਕਰਨੇ ਚਾਹੀਦੇ ਹਨ। ਇਸ ਤਰ੍ਹਾਂ ਹੀ ਅਸੀਂ ਪੰਜਾਬ 'ਚ ਆਪਣੇ ਬਿਹਤਰ ਭਵਿਖ ਦੀ ਸਿਰਜਣਾ ਕਰ ਸਕਾਂਗੇ ਅਤੇ ਪੰਜਾਬ ਅਤੇ ਪੰਜਾਬੀਅਤ ਦੇ ਗੌਰਵ ਨੂੰ ਬੁਲੰਦੀਆਂ 'ਤੇ ਲਿਜਾ ਸਕਾਂਗੇ।

# ਅਸਲ ਮਸਲੇ ਤੋਂ ਬੇਮੁਖ ਹੈ ਮੋਦੀ ਦਾ ਸਵੱਛਤਾ ਮਿਸ਼ਨ

ਦੋ ਅਕਤੂਬਰ ਨੂੰ ਦਿੱਲੀ ਵਿਚ ਚਾਰ ਰੋਜ਼ਾ 'ਮਹਾਤਮਾ ਗਾਂਧੀ ਕੌਮਾਂਤਰੀ ਸਫਾਈ ਕਨਵੈਨਸ਼ਨ' ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਸਵੱਛ ਭਾਰਤ ਮਿਸ਼ਨ' ਦੇ ਨਵੇਂ ਰੂਪ 'ਸਵੱਛਤਾ ਹੀ ਸੇਵਾ' ਨੂੰ ਮਹਾਤਮਾ ਗਾਂਧੀ ਨਾਲ ਜੋੜ ਕੇ ਖੂਬ ਪ੍ਰਚਾਰਿਆ ਅਤੇ ਇਸ ਨੂੰ ਸੰਸਾਰ ਦੀ ਸਭ ਤੋਂ ਵੱਡੀ ਲੋਕ ਲਹਿਰ ਐਲਾਨਿਆ। ਦਰਅਸਲ, 'ਸਵੱਛ ਭਾਰਤ ਮਿਸ਼ਨ' ਯੂ.ਪੀ.ਏ. ਸਰਕਾਰ ਦੇ 'ਨਿਰਮਲ ਭਾਰਤ ਮਿਸ਼ਨ' ਦਾ ਹੀ ਬਦਲਿਆ ਰੂਪ ਹੈ ਅਤੇ ਇਹ ਪਖਾਨੇ ਬਣਾ ਕੇ

**ਬੂਟਾ ਸਿੰਘ**
ਫੋਨ: 91-94634-74342

ਦੇਣ ਦੇ ਪ੍ਰਚਾਰ ਸਟੰਟ ਤੋਂ ਬਿਨਾਂ ਕੁਝ ਨਹੀਂ। ਇਹ ਦਿਲਫਰੇਬ ਗਲੀਚਾ ਹੈ ਜਿਸ ਨੂੰ ਸਮਾਜ ਦੀ ਘਿਨਾਉਣੀ ਹਕੀਕਤ ਅਤੇ ਅਸਲ ਮਸਲੇ ਨੂੰ ਲੁਕੋਣ ਲਈ ਵਰਤਿਆ ਜਾ ਰਿਹਾ ਹੈ।

ਸੰਮੇਲਨ ਵਿਚ ਵੱਖ ਵੱਖ ਮੁਲਕਾਂ ਦੇ ਮੰਤਰੀ ਤੇ ਹੋਰ ਕੌਮਾਂਤਰੀ ਨੁਮਾਇੰਦੇ ਸ਼ਾਮਲ ਹੋਏ। ਪ੍ਰਧਾਨ ਮੰਤਰੀ ਨੇ 'ਚਾਰ ਪੀ' ਭਾਵ ਸਿਆਸੀ ਲੀਡਰਸ਼ਿਪ, ਪਬਲਿਕ ਫੰਡਿੰਗ, ਪਾਰਟਨਰਸ਼ਿਪ ਅਤੇ ਲੋਕਾਂ ਦੀ ਹਿੱਸੇਦਾਰੀ ਨੂੰ ਅਹਿਮ ਦੱਸਿਆ। 'ਸਵੱਛ ਭਾਰਤ' ਇਨਾਮ ਵੰਡੇ ਗਏ ਅਤੇ ਦਾਅਵਾ ਕੀਤਾ ਗਿਆ ਕਿ ਭਾਜਪਾ ਦੇ ਚਾਰ ਸਾਲਾ ਰਾਜ ਦੌਰਾਨ ਮੁਲਕ ਦੇ ਪੰਜ ਲੱਖ ਪਿੰਡਾਂ ਵੱਲੋਂ 'ਸਵੱਛ ਮਿਸ਼ਨ' ਤੋਂ ਪ੍ਰੇਰਤ ਹੋ ਕੇ ਖੁੱਲ੍ਹੇ ਵਿਚ ਪਖਾਨਾ ਕਰਨ ਦਾ ਦਸਤੂਰ ਖਤਮ ਕਰ ਦੇਣ ਨਾਲ ਪਿੰਡਾਂ ਦੀ ਸਫਾਈ ਦਾ 94 ਫੀਸਦੀ ਟੀਚਾ ਪੂਰਾ ਕਰ ਲਿਆ ਗਿਆ ਹੈ। ਇਨ੍ਹਾਂ ਦਾਅਵਿਆਂ ਦੀ ਚੀਰ-ਫਾੜ ਇਸ ਲੇਖ ਦਾ ਵਿਸ਼ਾ ਨਹੀਂ ਲੇਕਿਨ ਇਹ ਸਪਸ਼ਟ ਹੈ ਕਿ ਇਨਾਮ ਹਾਸਲ ਕਰਨ ਵਾਲਿਆਂ ਵਿਚ ਅਸਲ ਹੱਕਦਾਰ ਨਹੀਂ ਸਨ। ਭਿਆਨਕ ਹਾਲਾਤ ਵਿਚ ਜੀਅ ਰਹੇ ਅਤੇ ਆਪਣੀਆਂ ਜਾਨਾਂ ਜੋਖਮ ਵਿਚ ਪਾਉਣ ਵਾਲੇ ਲੋਕ ਜੋ ਸਦੀਆਂ ਤੋਂ ਇਸ ਕੰਮ ਲਈ ਸਰਾਪੇ ਹੋਏ ਹਨ, ਉਹ ਇਸ ਸੰਮੇਲਨ 'ਚੋਂ ਮਨਫੀ ਸਨ। ਇਹ ਸਾਡੇ ਸਮਾਜ ਦੇ ਉਹ ਹਾਸ਼ੀਆਗ੍ਰਸਤ ਹਿੱਸੇ ਹਨ ਜਿਨ੍ਹਾਂ ਬਾਰੇ ਪ੍ਰਧਾਨ ਮੰਤਰੀ ਨੇ ਆਪਣੀ ਪੁਸਤਕ 'ਕਰਮਯੋਗ' ਵਿਚ ਨਵੀਂ ਖੋਜ ਕੀਤੀ ਸੀ ਕਿ ਉਨ੍ਹਾਂ ਦਾ ਕਿੱਤਾ 'ਰੂਹਾਨੀ ਅਨੁਭਵ' ਹੈ, ਮਹਿਜ਼ ਰੋਜ਼ੀ ਦਾ ਜੁਗਾੜ ਨਹੀਂ! ਅਜਿਹੀ ਮਾਨਸਿਕਤਾ ਦੇ ਹੁੰਦਿਆਂ ਕੇਂਦਰੀ ਸੱਤਾ ਦੇ ਐਨ ਨੱਕ ਹੇਠ ਦੋ ਹਫਤੇ ਪਹਿਲਾਂ ਹੀ ਵਾਪਰੇ ਭਿਆਨਕ ਹਾਦਸੇ ਨਾਲ ਸਬੰਧਤ ਦਿਲ-ਕੰਬਾਊ ਤਸਵੀਰ ਨੂੰ ਹੁਕਮਰਾਨਾਂ ਵੱਲੋਂ ਚੇਤਿਆਂ ਵਿਚੋਂ ਵਿਸਾਰ ਦੇਣਾ ਸੁਭਾਵਿਕ ਹੈ ਜਿਸ ਵਿਚ ਬੱਚਾ ਸੀਵਰ ਸਾਫ ਕਰਦਿਆਂ ਮਾਰੇ ਗਏ ਪਿਤਾ ਦੀ ਲਾਸ਼ ਕੋਲ ਖੜ੍ਹਾ ਵਿਰਲਾਪ ਕਰ ਰਿਹਾ ਸੀ। ਪੂਰੇ ਮੁਲਕ ਵਿਚ ਸੀਵਰ ਅਤੇ ਸੈਪਟਿਕ ਟੈਂਕ ਮੌਤ ਦੇ ਖੂਹ ਬਣੇ ਹੋਏ ਹਨ ਅਤੇ ਜਿਹੜੇ ਸਫਾਈ ਕਾਮੇ ਇਸ ਤਰ੍ਹਾਂ ਦੀ ਮੌਤ ਦੇ ਮੂੰਹੋਂ ਬਚ ਜਾਂਦੇ ਹਨ, ਉਹ ਭਿਆਨਕ ਬਿਮਾਰੀਆਂ ਨਾਲ ਮਰਨ ਲਈ ਸਰਾਪੇ ਜਾਂਦੇ ਹਨ।

ਮੁਲਕ ਦੇ ਕਿਸੇ ਨਾ ਕਿਸੇ ਹਿੱਸੇ ਤੋਂ ਆਏ ਦਿਨ ਸੀਵਰ ਅਤੇ ਸੈਪਟਿਕ ਟੈਂਕਾਂ ਵਿਚ ਦਮ ਘੁੱਟਣ ਨਾਲ ਮੌਤ ਦੀਆਂ ਖਬਰਾਂ ਆਉਂਦੀਆਂ ਰਹਿੰਦੀਆਂ ਹਨ। ਸਤੰਬਰ ਦੇ ਇਕ ਹਫਤੇ ਵਿਚ ਹੀ ਉਪਰੋਥਲੀ ਗਿਆਰਾਂ ਮੌਤਾਂ ਹੋਈਆਂ। 9 ਸਤੰਬਰ ਨੂੰ ਦਿੱਲੀ ਦੇ ਅਮੀਰ ਰਿਹਾਇਸ਼ੀ ਇਲਾਕੇ ਡੀ.ਐਲ.ਐਫ. ਕੈਪੀਟਲ ਗਰੀਨ ਦੇ ਸੀਵਰ ਟਰੀਟਮੈਂਟ ਪਲਾਂਟ ਦੀ ਸਫਾਈ ਕਰਦਿਆਂ ਪੰਜ ਕਾਮੇ ਮਾਰੇ ਗਏ। ਇਸ ਤੋਂ ਪਹਿਲਾਂ ਜੁਲਾਈ ਮਹੀਨੇ ਗਾਜ਼ੀਆਬਾਦ ਵਿਚ ਤਿੰਨ ਕਾਮੇ ਇੱਕ ਹੀ ਸੀਵਰ ਵਿਚ ਦਮ ਤੋੜ ਗਏ ਸਨ। ਪਿਛਲੇ ਸਾਲ 7 ਅਗਸਤ ਨੂੰ ਲਾਜਪਤ ਨਗਰ ਵਿਚ ਸੀਵਰ ਸਾਫ ਕਰਦਿਆਂ ਦਿੱਲੀ ਜਲ ਬੋਰਡ ਦੇ ਤਿੰਨ ਸਫਾਈ ਕਾਮੇ ਅਤੇ 12 ਅਗਸਤ ਨੂੰ ਪੂਰਬੀ ਦਿੱਲੀ ਵਿਚ ਦੋ ਨੌਜਵਾਨ ਭਰਾ ਇਸੇ ਤਰ੍ਹਾਂ ਮਾਰੇ ਗਏ ਸਨ। ਪੰਜਾਬ ਦੇ ਸ਼ਹਿਰਾਂ ਵਿਚ ਵੀ ਅਜਿਹੇ ਭਿਆਨਕ ਕਾਂਡ ਸਾਹਮਣੇ ਆ ਚੁੱਕੇ ਹਨ। ਕੇਂਦਰੀ ਨਿਆਂ ਮੰਤਰਾਲੇ ਦੀ ਰਿਪੋਰਟ ਅਨੁਸਾਰ 2017 ਵਿਚ ਅਜਿਹੀਆਂ 323 ਮੌਤਾਂ ਦਰਜ ਹੋਈਆਂ। ਕੌਮੀ ਸਫਾਈ ਕਰਮਚਾਰੀ ਕਮਿਸ਼ਨ ਅਨੁਸਾਰ, 2017 ਤੋਂ ਹਰ ਪੰਜ ਦਿਨ ਵਿਚ ਔਸਤ ਇਕ ਕਾਮਾ ਸੀਵਰ ਅਤੇ ਸੈਪਟਿਕ ਟੈਂਕ ਦੀ ਸਫਾਈ ਕਰਦਿਆਂ ਮਰ ਰਿਹਾ ਹੈ।

ਢੱਕਣ ਬੰਦ ਸੀਵਰ ਅਤੇ ਸੈਪਟਿਕ ਟੈਂਕ ਦੀ ਜ਼ਹਿਰੀਲੀ ਗੈਸ, ਕਈ ਵਾਰ ਸਾਵਧਾਨੀ ਪੱਖੋਂ ਮਾਮੂਲੀ ਜਿਹੀ ਅਣਗਹਿਲੀ ਨਾਲ ਢੱਕਣ ਖੋਲ੍ਹਦੇ ਸਾਰ ਹੀ ਸਫਾਈ ਕਾਮੇ ਦੀ ਜਾਨ ਲੈ ਲੈਂਦੀ ਹੈ ਅਤੇ ਕਈ ਵਾਰ ਸੀਵਰ ਜਾਂ ਸੈਪਟਿਕ ਟੈਂਕ ਵਿਚ ਵੜਨ 'ਤੇ ਦਮ ਘੁਟਣ ਨਾਲ ਮੌਤ ਹੋ ਜਾਂਦੀ ਹੈ। ਬਹੁਤ ਸਾਰੇ ਹੋਰ ਸਫਾਈ ਕਾਮੇ ਲਗਾਤਾਰ ਗੰਦਗੀ ਵਿਚ ਕੰਮ ਕਰਨ ਨਾਲ ਟੀਬੀ, ਦਮਾ ਵਰਗੀਆਂ ਬਿਮਾਰੀਆਂ ਨਾਲ ਤਿਲ ਤਿਲ ਮਰਦੇ ਹਨ। 'ਇੰਡੀਅਨ ਐਕਸਪ੍ਰੈਸ' ਦੀ ਰਿਪੋਰਟ ਅਨੁਸਾਰ ਪਿਛਲੇ ਪੰਜ ਸਾਲਾਂ ਵਿਚ ਦਿੱਲੀ ਅੰਦਰ 2403 ਸਫਾਈ ਕਾਮੇ ਸੇਵਾ ਮੁਕਤੀ ਤੋਂ ਪਹਿਲਾਂ ਹੀ ਇਸ ਜਹਾਨ ਤੋਂ ਤੁਰ ਗਏ। ਹਰ ਮਹੀਨੇ ਔਸਤ 40 ਕਾਮੇ ਅਜਿਹੀ ਬੇਵਕਤੀ ਮੌਤ ਮਰਦੇ ਹਨ।

ਇਹ ਰੋਜ਼ੀ-ਰੋਟੀ ਕਮਾਉਣ ਦਾ ਆਮ ਰੁਜ਼ਗਾਰ ਨਹੀਂ, ਜਿਵੇਂ ਹੋਰ ਲੋਕਾਂ ਨੂੰ ਲੱਗ ਸਕਦਾ ਹੈ। ਇਸ ਨਾਲ ਖਾਸ ਤਰ੍ਹਾਂ ਦਾ ਸਮਾਜੀ ਕਲੰਕ ਜੁੜਿਆ ਹੋਇਆ ਹੈ। ਮੈਲਾ ਢੋਣ ਦੀ ਪ੍ਰਥਾ ਇਸ ਮੁਲਕ ਵਿਚ ਗੈਰਕਾਨੂੰਨੀ ਕਰਾਰ ਦਿੱਤੀ ਜਾ ਚੁੱਕੀ ਹੈ। ਫਿਰ ਵੀ, ਲੱਖਾਂ ਲੋਕ ਦੂਜਿਆਂ ਦਾ ਮੈਲਾ ਹੱਥਾਂ ਨਾਲ ਚੁੱਕ ਕੇ ਦੋ ਡੰਗ ਦੀ ਰੋਟੀ ਕਮਾਉਣ ਲਈ ਮਜਬੂਰ ਹਨ। ਇਹ ਰੋਜ਼ਗਾਰ ਨਹੀਂ ਬਲਕਿ ਸਮਾਜ ਦੇ ਬਾਕੀ ਹਿੱਸੇ ਦਾ ਬੇਵਸ ਹਿੱਸੇ ਉਪਰ ਥੋਪਿਆ ਜ਼ੁਲਮ ਹੈ। ਇਸ ਨੂੰ ਗ਼ੈਰਕਾਨੂੰਨੀ ਕਰਾਰ ਦਿੱਤੇ ਜਾਣ ਦੇ ਬਾਵਜੂਦ ਸਰਕਾਰਾਂ ਇਸ ਦੀ ਇਜਾਜ਼ਤ ਦਿੰਦੀਆਂ ਹਨ ਅਤੇ ਸਭ ਤੋਂ ਖਤਰਨਾਕ ਪੱਖ ਇਹ ਹੈ ਕਿ ਇਸ ਨਾਲ ਜਾਤ ਜੁੜੀ ਹੋਣ ਕਾਰਨ ਇਸ ਨੂੰ ਸਮਾਜਿਕ ਪ੍ਰਵਾਨਗੀ ਹਾਸਲ ਹੈ।

ਮੈਲਾ ਢੋਣ ਵਜੋਂ ਰੋਜ਼ਗਾਰ ਦੀ ਮਨਾਹੀ ਅਤੇ ਮੁੜ-ਵਸੇਬਾ ਐਕਟ-2013 ਤਹਿਤ, ਮੈਲਾ ਚੁੱਕਣ ਦੀ ਪ੍ਰਥਾ ਗ਼ੈਰਕਾਨੂੰਨੀ ਅਤੇ ਸਜ਼ਾਯੋਗ ਜੁਰਮ ਹੈ। ਫਿਰ ਵੀ ਮੈਲਾ ਢੋਣ ਦਾ ਦਸਤੂਰ ਛੇ ਰੂਪਾਂ ਵਿਚ ਮੁਲਕ ਵਿਚ ਪ੍ਰਚਲਿਤ ਹੈ। ਪੁਰਾਣੀ ਤਰਜ਼ ਦੇ ਖੁਸ਼ਕ ਪਖਾਨੇ ਇਕ ਹੱਦ ਤਕ ਅਜੇ ਵੀ ਹਨ ਅਤੇ ਇਹ 98 ਫੀਸਦੀ ਦਲਿਤ ਔਰਤਾਂ ਕੋਲੋਂ ਹੀ ਸਾਫ ਕਰਾਏ ਜਾਂਦੇ ਹਨ।

ਅੰਤਰ-ਮੰਤਰਾਲੇ ਟਾਸਕ ਫੋਰਸ ਦੀ ਰਿਪੋਰਟ ਨੇ 2018 ਵਿਚ ਇਸ ਤਰ੍ਹਾਂ ਮੈਲਾ ਢੋਣ ਵਾਲਿਆਂ ਦੀ ਗਿਣਤੀ 53236 ਦੱਸੀ ਹੈ। ਦੂਜਾ, ਸੈਪਟਿਕ ਟੈਂਕ ਭਰਨ ਬਾਅਦ ਦਲਿਤ ਕਿਰਤੀ ਇਨ੍ਹਾਂ ਅੰਦਰ ਉਤਰ ਕੇ ਹੱਥ ਨਾਲ ਸਫਾਈ ਕਰਦੇ ਹਨ। ਤੀਜਾ, ਸੀਵਰ ਅਤੇ ਨਾਲਿਆਂ ਦੀ ਸਫਾਈ ਵੀ ਕਾਮਿਆਂ ਨੂੰ 20-30 ਫੁੱਟ ਡੂੰਘੇ ਮੈਨਹੋਲ ਦੇ ਅੰਦਰ ਉਤਰ ਕੇ ਅਤੇ ਸੜਿਆਂਦ ਅੰਦਰ ਡੁੱਬ ਕੇ ਹੱਥਾਂ ਨਾਲ ਕਰਨੀ ਪੈਂਦੀ ਹੈ। ਇਹ ਕੰਮ ਸਰਕਾਰੀ ਵਿਭਾਗ ਜਾਂ ਉਨ੍ਹਾਂ ਵੱਲੋਂ ਨਿਯੁਕਤ ਠੇਕੇਦਾਰ ਕਰਵਾਉਂਦੇ ਹਨ। ਚੌਥਾ, ਰੇਲਵੇ ਸਟੇਸ਼ਨਾਂ ਦੀਆਂ ਪਟੜੀਆਂ ਦੀ ਸਫਾਈ ਦਾ ਮਸਲਾ ਹੈ। ਇਹ ਮੈਲਾ ਵੀ ਕਿਸੇ ਤਕਨੀਕੀ ਹੱਲ ਦੀ ਅਣਹੋਂਦ 'ਚ ਦਲਿਤਾਂ ਨੂੰ ਆਪਣੇ ਹੱਥਾਂ ਨਾਲ ਹੀ ਚੁੱਕਣਾ ਤੇ ਢੋਣਾ ਪੈਂਦਾ ਹੈ। ਪੰਜਵਾਂ, ਖੁੱਲ੍ਹੇ ਵਿਚ ਪਖਾਨੇ ਵਾਲੀਆਂ ਥਾਵਾਂ ਦੀ ਸਫਾਈ ਦਾ ਮਸਲਾ ਹੈ। ਅੱਜ ਵੀ ਪਿੰਡਾਂ-ਕਸਬਿਆਂ ਵਿਚ ਅਜਿਹੀਆਂ ਥਾਵਾਂ ਨੂੰ ਪੰਚਾਇਤਾਂ ਜਾਂ ਨਿਗਮ ਵਲੋਂ ਸਫਾਈ ਕਾਮਿਆਂ ਤੋਂ ਸਾਫ ਕਰਵਾਇਆ ਜਾਂਦਾ ਹੈ। ਛੇਵਾਂ ਰੂਪ ਹੈ ਸੀਵਰ ਅਤੇ ਸੈਪਟਿਕ ਟੈਂਕ ਦੀ ਅਣਹੋਂਦ ਵਾਲੇ ਪਖਾਨੇ। ਇਨ੍ਹਾਂ ਦਾ ਮੈਲਾ ਸਿੱਧਾ ਨਾਲੀਆਂ ਵਿਚ ਪਾਇਆ ਜਾਂਦਾ ਹੈ ਜੋ ਦਲਿਤਾਂ ਨੂੰ ਸਾਫ ਕਰਨਾ ਪੈਂਦਾ ਹੈ।

ਇਨ੍ਹਾਂ ਛੇ ਰੂਪਾਂ ਵਿਚੋਂ ਕੇਵਲ ਸੀਵਰ ਅਤੇ ਸੈਪਟਿਕ ਟੈਂਕ ਦੀ ਸਫਾਈ ਕਰਦੇ ਕਾਮਿਆਂ ਦੀਆਂ ਜਾਨਾਂ ਦਾ ਜੋਖਮ ਹੀ ਆਮ ਤੌਰ 'ਤੇ ਚਰਚਾ ਵਿਚ ਆਉਂਦਾ ਹੈ, ਜਦਕਿ ਮਸਲਾ ਬਹੁਤ ਵਿਆਪਕ ਹੈ। ਇਕ ਗ਼ੈਰਸਰਕਾਰੀ ਅਧਿਐਨ ਅਨੁਸਾਰ ਹਰ ਸਾਲ ਤਕਰੀਬਨ 600 ਸਫਾਈ ਕਾਮੇ ਇਸ ਤਰ੍ਹਾਂ ਮਾਰੇ ਜਾਂਦੇ ਹਨ। ਅੰਕੜਿਆਂ ਦਾ ਹਾਲ ਇਹ ਹੈ ਕਿ 2017 ਵਿਚ ਕੇਵਲ ਛੇ ਸੂਬਾ ਸਰਕਾਰਾਂ ਨੇ ਹੀ ਅਜਿਹੀਆਂ 268 ਮੌਤਾਂ ਦੀ ਜਾਣਕਾਰੀ ਕੇਂਦਰ ਨੂੰ ਭੇਜੀ। ਇਨ੍ਹਾਂ ਮਰਨ ਵਾਲਿਆਂ ਵਿਚ ਜ਼ਿਆਦਾਤਰ ਨੌਜਵਾਨ ਹੁੰਦੇ ਹਨ। ਇਉਂਮ ਰਨ ਵਾਲਾ ਇਕੱਲਾ ਨਹੀਂ ਹੁੰਦਾ, 2-3 ਜਣੇ ਇਕੱਠੇ ਮਾਰੇ ਜਾਂਦੇ ਹਨ। ਕੋਈ ਇਕ ਜਣਾ ਟੈਂਕ ਜਾਂ ਡੂੰਘੇ ਸੀਵਰ ਵਿਚ ਬੇਹੋਸ਼ ਹੋ ਜਾਂਦਾ ਹੈ। ਦੂਜੇ, ਉਸ ਨੂੰ ਬਚਾਉਣ ਲਈ ਆਪਣੀ ਜਾਨ ਦਾ ਜੋਖਮ ਜਾਣਦੇ ਹੋਏ ਵੀ ਮੌਤ ਦੇ ਖੂਹ ਵਿਚ ਕੁੱਦਣ ਲਈ ਮਜਬੂਰ ਹੁੰਦੇ ਹਨ। ਕਾਇਦੇ ਅਨੁਸਾਰ ਸੀਵਰ ਸਾਫ ਕਰਨ ਲਈ ਮੈਨਹੋਲ ਵਿਚ ਉਤਰਨ ਦੀ ਮਨਾਹੀ ਹੈ। ਐਮਰਜੈਂਸੀ ਹਾਲਤ ਵਿਚ 25 ਕਿਸਮ ਦੇ ਸੁਰੱਖਿਆ ਉਪਾਅ ਯਕੀਨੀ ਬਣਾਉਣੇ ਲਾਜ਼ਮੀ ਹਨ। ਅਕਸਰ ਹੀ ਇਹ ਕੰਮ ਕਿਰਤ ਕਾਨੂੰਨਾਂ ਨੂੰ ਟਿੱਚ ਸਮਝਣ ਵਾਲੇ ਠੇਕੇਦਾਰ ਕਰਵਾਉਂਦੇ ਹਨ ਜੋ ਮੁਨਾਫੇ ਦੇ ਲਾਲਚ ਵਿਚ ਹਾਸਲ ਮਸ਼ੀਨਾਂ ਅਤੇ ਜ਼ਰੂਰੀ ਸੁਰੱਖਿਆ ਉਪਾਵਾਂ ਨੂੰ ਇਸਤੇਮਾਲ ਨਾ ਕਰਕੇ ਖਰਚਾ ਬਚਾਉਣ ਲਈ ਗ਼ਰੀਬ ਦਲਿਤਾਂ ਨੂੰ ਮੌਤ ਦੇ ਮੂੰਹ ਧੱਕ ਦਿੰਦੇ ਹਨ। ਦਿੱਲੀ ਦੇ ਡੀ.ਐਲ.ਐਫ. ਕੰਪਲੈਕਸ ਵਿਚ ਅਜਿਹਾ ਹੀ ਵਾਪਰਿਆ। ਅਜਿਹੇ ਜੁਰਮ ਬਦਲੇ ਮੁਆਵਜ਼ੇ ਦੀ ਮਾਮੂਲੀ ਰਕਮ ਤੋਂ ਬਿਨਾਂ ਗੁਨਾਹਗਾਰਾਂ ਨੂੰ ਕੋਈ ਖਾਸ ਕੀਮਤ ਨਹੀਂ ਤਾਰਨੀ ਪੈਂਦੀ। ਸੁਪਰੀਮ ਕੋਰਟ ਦੇ ਆਦੇਸ਼ ਅਨੁਸਾਰ, ਅਜਿਹੀ ਮੌਤ ਹੋਣ 'ਤੇ 10 ਲੱਖ ਰੁਪਏ ਮੁਆਵਜ਼ਾ ਦੇਣਾ ਜ਼ਰੂਰੀ ਹੈ, ਲੇਕਿਨ ਬਾਰਸੂਖ ਮੁਜਰਿਮ ਕੁਝ ਹਜ਼ਾਰ ਰੁਪਏ ਦੇ ਕੇ ਹੀ ਮਾਮਲਾ ਰਫਾ-ਦਫਾ ਕਰਵਾ ਲੈਂਦੇ ਹਨ। 'ਰਾਸ਼ਟਰੀ ਗਰਿਮਾ ਅਭਿਆਨ' ਨੇ ਆਪਣੇ ਹਾਲੀਆ ਸੈਂਪਲ ਸਰਵੇਖਣ ਵਿਚ ਖੁਲਾਸਾ ਕੀਤਾ ਹੈ ਕਿ 1992 ਤੋਂ ਲੈ ਕੇ ਅਜਿਹੇ ਕੇਵਲ 35 ਫੀਸਦੀ ਮਾਮਲਿਆਂ ਵਿਚ ਐਫਆਈਆਰ ਦਰਜ ਕੀਤੀ ਗਈ ਅਤੇ ਕੋਈ ਵੀ ਮੁਕੱਦਮਾ ਨਹੀਂ ਚੱਲਿਆ। ਕੇਵਲ 31 ਫੀਸਦੀ ਪਰਿਵਾਰਾਂ ਨੂੰ ਹੀ ਨਗਦ ਮੁਆਵਜ਼ਾ ਮਿਲਿਆ। ਕਾਨੂੰਨੀ ਵਿਵਸਥਾ ਅਨੁਸਾਰ ਮੁੜ-ਵਸੇਬੇ ਜਾਂ ਬਦਲਵੇਂ ਰੁਜ਼ਗਾਰ ਦਾ ਹੱਕ ਕਿਸੇ ਨੂੰ ਵੀ ਨਹੀਂ ਮਿਲਿਆ।



***ਇਕ ਗ਼ੈਰਸਰਕਾਰੀ ਅਧਿਐਨ ਅਨੁਸਾਰ ਹਰ ਸਾਲ ਤਕਰੀਬਨ 600 ਸਫਾਈ ਕਾਮੇ ਇਸ ਤਰ੍ਹਾਂ ਮਾਰੇ ਜਾਂਦੇ ਹਨ। ਅੰਕੜਿਆਂ ਦਾ ਹਾਲ ਇਹ ਹੈ ਕਿ 2017 ਵਿਚ ਕੇਵਲ ਛੇ ਸੂਬਾ ਸਰਕਾਰਾਂ ਨੇ ਹੀ ਅਜਿਹੀਆਂ 268 ਮੌਤਾਂ ਦੀ ਜਾਣਕਾਰੀ ਕੇਂਦਰ ਨੂੰ ਭੇਜੀ। ਇਨ੍ਹਾਂ ਮਰਨ ਵਾਲਿਆਂ ਵਿਚ ਜ਼ਿਆਦਾਤਰ ਨੌਜਵਾਨ ਹੁੰਦੇ ਹਨ। ਇਉਂਮ ਰਨ ਵਾਲਾ ਇਕੱਲਾ ਨਹੀਂ ਹੁੰਦਾ, 2-3 ਜਣੇ ਇਕੱਠੇ ਮਾਰੇ ਜਾਂਦੇ ਹਨ।***

ਇਸ ਕੰਮ ਦੇ ਜੋਖਮ ਤੋਂ ਜਾਣੂ ਦਲਿਤਾਂ ਦੀ ਅਜਿਹੀ ਕੀ ਮਜਬੂਰੀ ਹੈ ਕਿ ਲਗਾਤਾਰ ਮੌਤਾਂ ਬਾਰੇ ਜਾਣਦੇ ਹੋਣ ਦੇ ਬਾਵਜੂਦ ਉਹ ਮੌਤ ਦੇ ਖੂਹਾਂ ਵਿਚ ਉਤਰਨ ਤੋਂ ਨਾਂਹ ਨਹੀਂ ਕਰਦੇ। ਅਸਲ ਵਿਚ ਸਿਲਸਿਲੇਵਾਰ ਸੂਖਮ ਢਾਂਚਾ ਕੰਮ ਕਰਦਾ ਹੈ ਜਿਸ ਹੇਠ ਦਲਿਤ ਦਰੜੇ ਜਾਣ ਲਈ ਮਜਬੂਰ ਹਨ। ਜਾਤਪਾਤੀ ਪ੍ਰਬੰਧ ਵਾਲੇ ਸਮਾਜੀ ਢਾਂਚੇ ਅੰਦਰ ਬਦਲਵੇਂ ਰੁਜ਼ਗਾਰ ਅਤੇ ਸਮਾਜੀ ਸੁਰੱਖਿਆ ਦੀ ਅਣਹੋਂਦ ਉਨ੍ਹਾਂ ਦਾ ਇਸੇ ਘਿਨਾਉਣੇ ਕੰਮ ਨਾਲ ਸਿਰ-ਨਰੜ ਕਰੀ ਰੱਖਦੀ ਹੈ। ਕੋਈ ਵੀ ਉਚ ਜਾਤੀ ਵਾਲਾ ਸੈਪਟਿਕ ਟੈਂਕ ਜਾਂ ਗੰਦੇ ਨਾਲੇ ਵਿਚ ਉਤਰ ਕੇ ਜਾਂ ਰੇਲਵੇ ਸਟੇਸ਼ਨਾਂ ਉਪਰ ਮੈਲੇ ਦੀ ਸਫਾਈ ਨਹੀਂ ਕਰਦਾ। ਜਾਤਪਾਤੀ ਪ੍ਰਬੰਧ ਨੇ ਇਹ ਕੰਮ ਖਾਸ ਜਾਤ ਦੇ ਦਲਿਤਾਂ ਦੇ ਜ਼ਿੰਮੇ ਲਾਇਆ ਹੋਇਆ ਹੈ। ਇਥੇ ਉਨ੍ਹਾਂ ਦੀ ਜਾਨ ਦਾ ਮੁੱਲ ਵੀ ਉਨ੍ਹਾਂ ਦੀ ਜਾਤ ਦਾ ਦਰਜਾ ਹੀ ਤੈਅ ਕਰਦਾ ਹੈ। ਵਿਆਪਕ ਬੇਰੁਜ਼ਗਾਰੀ ਦੇ ਆਲਮ ਵਿਚ ਕੁਝ ਘੰਟਿਆਂ ਦੇ ਕੰਮ ਬਦਲੇ ਪੂਰੀ ਦਿਹਾੜੀ ਦੀ ਪੇਸ਼ਕਸ਼ ਬੇਰੁਜ਼ਗਾਰ ਦਲਿਤ ਸਵੀਕਾਰ ਕਰ ਲੈਂਦੇ ਹਨ। ਇਸ ਕੰਮ ਨੂੰ ਛੱਡਣ ਵਾਲੇ ਨੂੰ ਹੋਰ ਕਿੱਤਿਆਂ ਵਿਚ ਥੋੜ੍ਹੇ ਕੀਤਿਆਂ ਸਮਾਜੀ ਪ੍ਰਵਾਨਗੀ ਨਹੀਂ ਮਿਲਦੀ। ਮਦਰਾਸ ਹਾਈਕੋਰਟ ਦੇ ਇਕ ਜੱਜ ਨੇ 10 ਜਨਵਰੀ 2018 ਨੂੰ ਲੋਕ ਹਿਤ ਪਟੀਸ਼ਨ ਦੀ ਸੁਣਵਾਈ ਕਰਦਿਆਂ ਮੈਲਾ ਚੁੱਕਣ ਤੋਂ ਨਾਂਹ ਕਰਨ ਵਾਲੇ ਦਲਿਤ ਜੋੜੇ ਨੂੰ ਹੀ 25000 ਰੁਪਏ ਜੁਰਮਾਨਾ ਲਾ ਦਿੱਤਾ ਸੀ। ਇਸ ਦਸਤੂਰ ਦੇ ਖਾਤਮੇ ਅਤੇ ਮੁੜ-ਵਸੇਬੇ ਲਈ ਰੱਖੇ ਜਾਂਦੇ ਕਰੋੜਾਂ ਰੁਪਏ ਦੇ ਫੰਡ ਸ਼ਾਇਦ ਹੀ ਕਿਸੇ ਹੱਕਦਾਰ ਨੂੰ ਮਿਲਦੇ ਹਨ, ਭ੍ਰਿਸ਼ਟ ਢਾਂਚਾ ਖੁਦ ਹੀ ਡਕਾਰ ਜਾਂਦਾ ਹੈ।

ਇਹ ਮੌਤਾਂ ਨਹੀਂ, ਬਲਕਿ ਸੰਸਥਾਈ ਹੱਤਿਆਵਾਂ ਹਨ। ਡਿਜੀਟਲ ਇੰਡੀਆ ਅਤੇ ਬੁਲੇਟ ਟਰੇਨ ਦੇ ਪ੍ਰਾਜੈਕਟਾਂ ਲਈ ਅਰਬਾਂ ਰੁਪਏ ਦੇ ਬੱਜਟ ਮੁਹੱਈਆ ਕਰਾਉਣ ਅਤੇ ਮੰਗਲ ਗ੍ਰਹਿ 'ਤੇ ਪਹੁੰਚਣ ਅਤੇ ਤਕਨੀਕੀ ਤਰੱਕੀ ਦੇ ਦਾਅਵੇ ਕਰਨ ਵਾਲੇ ਹੁਕਮਰਾਨਾਂ ਦੀ ਅਜਿਹੀ ਤਕਨੀਕ ਦੇ ਵਿਕਾਸ ਜਾਂ ਅਜਿਹਾ ਸਾਜ਼ੋ-ਸਮਾਨ ਮੁਹੱਈਆ ਕਰਵਾਉਣ ਵਿਚ ਕੋਈ ਰੁਚੀ ਨਹੀਂ ਜਿਸ ਨਾਲ ਸਫਾਈ ਲਈ ਇਨਸਾਨਾਂ ਨੂੰ ਮੌਤ ਦੇ ਖੂਹਾਂ ਵਿਚ ਨਾ ਉਤਰਨਾ ਪਵੇ। ਲਿਹਾਜ਼ਾ ਉਹ ਸਭ ਸਰਕਾਰੀ ਅਤੇ ਗ਼ੈਰ-ਸਰਕਾਰੀ ਸੰਸਥਾਵਾਂ ਇਨ੍ਹਾਂ ਹੱਤਿਆਵਾਂ ਲਈ ਜਵਾਬਦੇਹ ਹਨ ਜਿਨ੍ਹਾਂ ਦੀ ਜ਼ਿੰਮੇਵਾਰੀ ਸਫਾਈ ਵਿਵਸਥਾ ਬਣਾਈ ਰੱਖਣ ਦੀ ਹੈ। ਨਾਲ ਹੀ ਇਹ ਕੇਵਲ ਮਨੁੱਖੀ ਜ਼ਿੰਦਗੀ ਦਾ ਸਵਾਲ ਹੀ ਨਹੀਂ, ਮਨੁੱਖੀ ਸਵੈਮਾਣ ਦਾ ਸਵਾਲ ਵੀ ਹੈ। ਇਸ ਨੂੰ ਸੱਤਾਧਾਰੀਆਂ ਦੀ ਡੰਗੀ ਸਿਆਸਤ 'ਤੇ ਛੱਡਣ ਤੇ ਇਨ੍ਹਾਂ ਮੌਤਾਂ ਪ੍ਰਤੀ ਤਮਾਸ਼ਬੀਨ ਬਣੇ ਰਹਿਣ ਦੀ ਥਾਂ ਸੁਹਿਰਦ ਲੋਕਾਂ ਨੂੰ ਇਸ ਦੀ ਬੁਨਿਆਦ ਨੂੰ ਖਤਮ ਕਰਨ ਲਈ ਉਪਰਾਲੇ ਕਰਨ ਦੀ ਲੋੜ ਹੈ।

# ਪੰਜਾਬ ਵਿਚ ਰੈਲੀਆਂ ਦੀ ਸਿਆਸਤ

ਪੰਜਾਬ ਵਿਚ ਐਤਵਾਰ ਨੂੰ ਤਿੰਨ ਥਾਈਂ ਕਾਨੂੰਨ ਵਿਵਸਥਾ ਕਾਇਮ ਰੱਖਣ ਲਈ ਛੇ ਤੋਂ ਦਸ ਹਜ਼ਾਰ ਤਕ ਪੁਲਿਸ ਮੁਲਾਜ਼ਮ ਤਾਇਨਾਤ ਕੀਤੇ ਗਏ; ਹਜ਼ਾਰਾਂ ਬੱਸਾਂ ਵਿਚ ਮਹਿੰਗੇ ਭਾਅ ਦਾ ਡੀਜ਼ਲ ਫੂਕ ਦਿੱਤਾ ਗਿਆ; ਸਮੁੱਚੇ ਮੀਡੀਆ ਦਾ ਧਿਆਨ ਦੂਜੇ ਪਾਸੇ ਲਾ ਦਿੱਤਾ ਗਿਆ ਅਤੇ ਲੋਕਾਂ ਦਾ ਧਿਆਨ ਉਸ ਬਹਿਸ ਵਿਚ ਉਲਝਾ ਦਿੱਤਾ

**ਕੁਲਜੀਤ ਬੈਂਸ**

ਗਿਆ ਜਿਸ ਨੂੰ ਸੁਣ ਸੁਣ ਕੇ ਹੁਣ ਉਨ੍ਹਾਂ ਦੇ ਕੰਨ ਪੱਕ ਚੁੱਕੇ ਹਨ। ਲੋਕਾਂ ਦੇ ਇਸ ਤੋਂ ਅੱਕ ਜਾਣ ਦਾ ਕਾਰਨ ਵਾਰ ਵਾਰ ਉਹੀ ਮਸਲਾ ਉਠਾਉਣਾ ਨਹੀਂ ਸਗੋਂ ਇਸ ਬਾਬਤ ਦਿਖਾਈ ਜਾ ਰਹੀ ਗ਼ੈਰ ਸੰਜੀਦਗੀ ਹੈ।

ਜੇ ਲੋਕਾਂ ਤਕ ਰਾਬਤੇ ਲਈ ਬਹੁਤ ਹੇਠਲੇ ਪੱਧਰ 'ਤੇ ਡਿੱਗ ਕੇ ਧਰਮ ਅਤੇ ਸਿਆਸਤ ਨੂੰ ਰਲਗੱਡ ਕੀਤਾ ਜਾ ਸਕਦਾ ਹੈ ਤਾਂ ਪਿਛਲੇ ਸਾਲਾਂ ਦੌਰਾਨ ਸਾਰੀਆਂ ਮੁੱਖ ਸਿਆਸੀ ਧਿਰਾਂ ਲਾਮਬੰਦੀ ਲਈ ਬਹੁਤ ਹੇਠਾਂ ਤੱਕ ਡਿੱਗੀਆਂ ਹਨ। ਤਿੰਨ ਸਾਲ ਪਹਿਲਾਂ ਬੇਅਦਬੀ ਦੀਆਂ ਘਟਨਾਵਾਂ ਅਤੇ ਗੋਲੀਬਾਰੀ ਵਿਚ ਦੋ ਸਿੱਖ ਵਿਖਾਵਾਕਾਰੀਆਂ ਦੀ ਮੌਤ ਦੇ ਸਿਲਸਿਲੇ ਵਿਚ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਨੇ ਵੱਡੇ ਜਲਸੇ ਕੀਤੇ। ਇਸ ਮਸਲੇ 'ਤੇ ਸੂਬਾ ਪਹਿਲਾਂ ਹੀ ਬਲਦੀ ਦੇ ਬੂਥੇ ਪਿਆ ਹੋਇਆ ਹੈ। ਤਿੰਨ ਸਾਲ ਪਹਿਲਾਂ ਕੀ ਵਾਪਰਿਆ, ਇਹ ਸ਼ਾਇਦ ਕਮਿਸ਼ਨਾਂ ਨਾਲੋਂ ਜ਼ਿਆਦਾ ਲੋਕ ਵੱਧ ਜਾਣਦੇ ਹਨ। ਲੋਕਾਂ ਦੀਆਂ ਮੰਗਾਂ ਐਨ ਸਪਸ਼ਟ ਹਨ ਅਤੇ ਸਿਆਸੀ ਪਾਰਟੀਆਂ ਵੀ ਵਿਧਾਨ ਸਭਾ ਸਮੇਤ ਹਰ ਮੁਹੱਈਆ ਮੰਚ ਉਤੇ ਆਪੋ-ਆਪਣਾ ਪੈਂਤੜਾ ਜ਼ਾਹਿਰ ਕਰ ਚੁੱਕੀਆਂ ਹਨ।

ਇਸ ਸੂਰਤ ਵਿਚ ਇੰਨੀ ਵੱਡੀ ਪੱਧਰ ਉਤੇ ਲੋਕਾਂ ਦੇ ਵਸੀਲੇ ਉਜਾੜਨ ਅਤੇ ਭੜਕਾਊ ਤਕਰੀਰਾਂ ਕਰਨ ਦਾ ਕੀ ਮਕਸਦ ਹੋ ਸਕਦਾ ਹੈ? ਇਹ ਝੂਠ-ਫਰੇਬ ਅਤੇ ਮੌਕਾਪ੍ਰਸਤੀ ਦੀ ਸਿਆਸਤ ਤੋਂ ਵੱਧ ਹੋਰ ਕੁੱਝ ਵੀ ਨਹੀਂ। ਸ਼੍ਰੋਮਣੀ ਅਕਾਲੀ ਦਲ ਵਲੋਂ ਕੀਤਾ ਜਾ ਰਿਹਾ ਸ਼ਕਤੀ ਵਿਖਾਵਾ ਬਾਦਲਾਂ ਦੀ ਆਪਣੀ ਵਿਰਾਸਤ ਨੂੰ ਬਚਾਉਣ ਅਤੇ ਸੰਭਾਵੀ ਤੌਰ 'ਤੇ ਪਰਿਵਾਰ ਦੀ ਸਰਦਾਰੀ ਕਾਇਮ ਰੱਖਣ ਦੀ ਕੋਸ਼ਿਸ਼ ਵਜੋਂ ਸਮਝਿਆ ਜਾ ਸਕਦਾ ਹੈ। 'ਆਪ' ਅਤੇ ਇਸ ਦੇ ਹੋਰ ਧੜੇ, ਕੋਈ ਵੀ ਮਸਲਾ ਉਭਾਰ ਕੇ (ਜਿਸ ਤੋਂ ਲੋਕ ਬਹੁਤ ਔਖੇ ਹੋਣ) ਲੋਕਾਂ ਵਿਚ ਆਪਣਾ ਆਧਾਰ ਮੁੜ ਕਾਇਮ ਕਰਨ ਲਈ ਕੁਝ ਵੀ ਕਰਨ ਲਈ ਤਿਆਰ ਹਨ।

ਇਸ ਮੁਕਾਮ 'ਤੇ ਕਾਂਗਰਸ ਸੂਬੇ ਦੀ ਸਿਆਸਤ ਵਿਚ ਆਪਣੀ ਸਰਦਾਰੀ ਦਿਖਾਉਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਇਹੀ ਗੱਲ ਸਮਝੋਂ ਬਾਹਰ ਹੈ। ਇਹ ਸੂਬੇ ਦੀ ਸੱਤਾਧਾਰੀ ਪਾਰਟੀ ਹੈ। ਜੇ ਇਸ ਨੂੰ ਭਾਸਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੋਸ਼ੀ ਹੈ, ਤਾਂ ਇਸ ਕੋਲ ਸੱਤਾ ਹੈ ਅਤੇ ਇਸ ਦਾ ਫਰਜ਼ ਬਣਦਾ ਹੈ ਕਿ ਦਲ ਖਿਲਾਫ ਕਾਰਵਾਈ ਕਰੇ। ਜੇ ਕਾਰਵਾਈ ਯੋਗ ਕੋਈ ਸਬੂਤ ਨਹੀਂ ਹੈ ਤਾਂ ਚੁੱਪ ਰਹੇ ਅਤੇ ਸਾਰਾ ਧਿਆਨ ਸਰਕਾਰ ਚਲਾਉਣ 'ਤੇ ਲਾਵੇ। ਰੈਲੀ ਵਿਚ ਅਕਾਲੀਆਂ ਦੇ ਦਸ ਸਾਲਾਂ ਦੇ ਰਾਜ ਦੌਰਾਨ ਕੀਤੇ ਮਾੜੇ ਕੰਮਾਂ ਦੇ ਭੇਤ ਨਸ਼ਰ ਕਰਨ ਦੀਆਂ ਟਾਹਰਾਂ ਮਾਰਨ ਦੇ ਦਾਅਵੇ ਨਿਰਾ ਮਖੌਲ ਹੀ ਹਨ। ਕਾਂਗਰਸ ਕੋਲ ਇਸ ਤੋਂ ਸਿਵਾ ਹੋਰ ਕੋਈ ਚਾਰਾ ਹੀ ਨਹੀਂ ਕਿ ਉਹ ਆਪਣੀ ਸਰਕਾਰ ਨੂੰ ਕਾਰਵਾਈ ਲਈ ਕਹੇ।

ਸਰਕਾਰ ਵਲੋਂ ਕੋਈ ਕਾਰਵਾਈ ਨਾ ਕਰਨ ਦੀ ਨਾਲਾਇਕੀ ਕਾਰਨ ਆਮ ਲੋਕ ਆਪਣਾ ਰੋਹ ਜ਼ਾਹਿਰ ਕਰਨ ਲਈ ਕੋਟਕਪੂਰਾ ਤੋਂ ਬਰਗਾੜੀ ਤੱਕ ਮਾਰਚ ਲਈ ਇਕੱਠੇ ਹੋ ਗਏ। ਉਂਜ ਇਉਂ ਸੂਬੇ ਨੂੰ ਸੂਲੀ ਟੰਗ ਕੇ ਸਿਆਸੀ ਪਾਰਟੀਆਂ ਹਾਸਲ ਕੀ ਕਰ ਰਹੀਆਂ ਹਨ। ਵਿਖਾਵਾਕਾਰੀਆਂ ਅਤੇ ਅਕਾਲੀ ਦਲ ਦੇ ਆਗੂਆਂ ਤੇ ਕਾਰਕੁਨਾਂ ਵਿਚਕਾਰ ਝੜਪਾਂ ਹੋ ਰਹੀਆਂ ਹਨ। ਇਨ੍ਹਾਂ ਵਿਚੋਂ ਕੋਈ ਵੀ ਹੱਥੋਂ ਨਿਕਲ ਸਕਦਾ ਹੈ ਤੇ ਸ਼ਰਾਰਤੀ ਹਿੰਸਾ ਭੜਕਾਈ ਤੇ ਅਗਾਂਹ ਹੋਰ ਚੁਆਤੀ ਲਾਈ ਜਾ ਸਕਦੀ ਹੈ। ਇਸ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ।

ਸਿਆਸੀ ਤੌਰ 'ਤੇ ਵੀ ਕਾਂਗਰਸ ਗ਼ਲਤ ਨਿਸ਼ਾਨਾ ਲਾ ਰਹੀ ਹੈ। ਹੁਣ ਜਦੋਂ ਸੂਬੇ ਉਤੇ ਤਕਰੀਬਨ ਇਸ ਦੀ ਸਰਦਾਰੀ ਹੈ, ਇਸ ਨੇ ਤੱਤੇ ਸਿੱਖਾਂ ਦੀ ਲੀਡਰਸ਼ਿਪ ਵਿਚਲੇ ਕੁੱਝ ਤੱਤਾਂ ਨੂੰ ਮੌਕਾ ਮੁਹੱਈਆ ਕਰਵਾਇਆ ਅਤੇ ਜਿਨ੍ਹਾਂ ਲੋਕਾਂ ਨੂੰ ਸਿੱਖ ਪਹਿਲਾਂ ਹੀ ਰੱਦ ਕਰ ਚੁੱਕੇ ਸਨ, ਉਹ ਉਭਰ ਕੇ ਸਾਹਮਣੇ ਆ ਗਏ। ਇਸ ਦੇ ਐਨ ਉਲਟ, ਮੁੱਖ ਮੰਤਰੀ ਦਿੱਲੀ ਜਾ ਕੇ ਕੇਂਦਰੀ ਗ੍ਰਹਿ ਮੰਤਰੀ ਨੂੰ ਵਾਰ ਵਾਰ ਅਪੀਲਾਂ ਕਰ ਰਹੇ ਹਨ ਕਿ ਵਿਦੇਸ਼ਾਂ ਵਿਚ ਵੱਸਦੇ ਦਹਿਸ਼ਤਪਸੰਦ ਕਾਰਕੁਨਾਂ ਉਤੇ ਨਿਗਰਾਨੀ ਰੱਖੀ ਜਾਵੇ ਜਿਹੜੇ ਸੂਬੇ ਵਿਚ ਅਮਨ ਭੰਗ ਕਰਨਾ ਚਾਹੁੰਦੇ ਹਨ।

ਸ਼ਨਿੱਚਰਵਾਰ ਨੂੰ ਕੈਪਟਨ ਅਮਰਿੰਦਰ ਸਿੰਘ ਇਹ ਦਾਅਵਾ ਠੋਕ ਦਿੱਤਾ ਕਿ ਪਾਕਿਸਤਾਨ ਅਤੇ ਚੀਨ ਉਤਰ ਦੇ ਨੌਜਵਾਨਾਂ ਨੂੰ ਨਸ਼ਿਆਂ ਦੇ ਜਾਲ ਵਿਚ ਫਸਾ ਕੇ ਭਾਰਤੀ ਫ਼ੌਜ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦੇ ਹਨ (ਫ਼ੌਜ ਵਿਚ ਭਰਤੀ ਲਈ ਉਤਰੀ ਸੂਬੇ ਬਹੁਤ ਅਹਿਮ ਹਨ)। ਜੇ ਉਹ ਅਜਿਹੇ ਦਾਅਵਿਆਂ ਨੂੰ ਸੱਚੀਂ ਹੀ ਗੰਭੀਰਤਾ ਨਾਲ ਲੈਣ ਦੀ ਉਮੀਦ ਰੱਖਦੇ ਹਨ ਤਾਂ ਉਨ੍ਹਾਂ ਨੂੰ ਇਸ ਅਹਿਮ ਮਸਲੇ ਵੱਲ ਸੰਜੀਦਗੀ ਦਿਖਾਉਣੀ ਪੈਣੀ ਹੈ।

ਸਰਕਾਰ (ਅਤੇ ਅਕਾਲੀ ਦਲ) ਨੇ ਹਾਲ ਹੀ ਵਿਚ ਚੰਡੀਗੜ੍ਹ ਦੇ ਕੁੱਝ ਪੁਲਿਸ ਅਫਸਰਾਂ ਨੂੰ ਕੌਮੀ ਕੇਂਦਰ ਸ਼ਾਸ਼ਿਤ ਕਾਡਰ ਨਾਲ ਰਲਾਉਣ ਦੀ ਕਾਰਵਾਈ ਦੀ ਮੁਖਾਲਫ਼ਤ ਕੀਤੀ ਹੈ। ਇਸ ਬਾਰੇ ਦਾਅਵਾ ਕੀਤਾ ਗਿਆ ਹੈ ਕਿ ਅਜਿਹੀ ਕੋਈ ਵੀ ਕਾਰਵਾਈ ਚੰਡੀਗੜ੍ਹ 'ਤੇ ਪੰਜਾਬ ਦਾ ਦਾਅਵਾ ਪੇਤਲਾ ਕਰਨ ਵਾਲੀ ਹੋਵੇਗੀ। ਇਹ ਦਾਅਵਾ ਭਾਵੇਂ ਸੂਬੇ ਦੇ ਹਿਤ ਵਿਚ ਭਾਸਦਾ ਹੈ ਪਰ ਚੰਗੇ ਰਾਜ ਪ੍ਰਬੰਧ ਤੋਂ ਬਗੈਰ ਅਜਿਹਾ ਖੋਤਰੀ ਦਾਅਵਾ ਸਿਰਫ ਜ਼ਮੀਨੀ ਕਬਜ਼ੇ ਤੱਕ ਹੀ ਸੀਮਤ ਹੋ ਸਕਦਾ ਹੈ। ਆਓ ਅਜਿਹਾ ਪੰਜਾਬ ਸਿਰਜੀਏ ਜਿਥੇ ਆਉਣ ਦਾ ਕੋਈ ਮਕਸਦ ਹੋਵੇ; ਇਹ ਕਿਤੇ ਅਜਿਹੀ ਥਾਂ ਨਾ ਬਣ ਜਾਵੇ ਜਿਥੇ ਪੁਲਿਸ ਮੁਲਾਜ਼ਮ ਸਿਆਸੀ ਜਮੂਰਿਆਂ ਨੂੰ ਤਾਂ ਸੁਰੱਖਿਆ ਦੇਣ ਪਰ ਲੁਟੇਰੇ ਸ਼ਰੇਆਮ ਵਿਚਰਨ।

# ਅਕਾਲੀਆਂ ਦਾ ਸਿਆਸੀ ਸੰਕਟ

ਪੰਜਾਬ ਦਾ ਸਿਆਸੀ ਤਾਪਮਾਨ ਇੰਨਾ ਗਰਮਾਇਆ ਹੋਇਆ ਹੈ ਕਿ ਸੰਭਾਵਿਤ ਨਤੀਜਿਆਂ ਦਾ ਡਰ ਚੁਫੇਰੇ ਫੈਲਿਆ ਲੱਗਣ ਲੱਗ ਪਿਆ ਹੈ। 7 ਅਤੇ 14 ਅਕਤੂਬਰ ਦੀਆਂ ਸਿਆਸੀ ਰੈਲੀਆਂ ਨੂੰ ਲੈ ਕੇ ਨਤੀਜੇ ਕੁਝ ਵੀ ਨਿਕਲਣ, ਪੰਜਾਬ ਲਈ ਸਿਆਸਤਦਾਨਾਂ ਦੇ ਪੈਰੋਂ ਪੈਦਾ ਹੋ ਗਏ ਸਵਾਲਾਂ ਨੇ ਲੱਗਦਾ ਹੈ, ਉਵੇਂ ਹੀ ਬਣੇ ਰਹਿਣਾ ਹੈ। ਆਮ ਪੰਜਾਬੀ ਬੰਦੇ ਦੇ ਅੰਦਰ ਬਾਣੀ ਦੀ ਬੇਅਦਬੀ ਨੂੰ ਲੈ ਕੇ ਪੈਦਾ ਹੋ ਗਏ ਸਵਾਲਾਂ ਦਾ ਰੋਹੜ ਰੁਕਦਾ ਨਜ਼ਰ ਨਹੀਂ ਆਉਂਦਾ। ਸਵਾਲਾਂ ਦੀਆਂ ਸੂਚੀਆਂ ਅੰਗੜਾਈਆਂ ਦੀ ਸਿਆਸੀ ਖਿੱਚ-ਧੂਹ ਬਾਰੇ ਕਦਮ ਰੋਕ ਕੇ ਸੋਚਣ ਵੱਲ ਕਿਸੇ ਦਾ ਧਿਆਨ ਹੀ ਨਹੀਂ ਹੈ। ਕੌਣ ਦੱਸੇ ਕਿ ਜਜ਼ਬਾਤੀ ਵਹਿਣ ਨੂੰ ਚੇਤਨਾ ਦੇ ਬੰਨ੍ਹ ਮਾਰਨ ਦੀ ਲੋੜ ਨੂੰ ਅਣਦੇਖਿਆ ਨਹੀਂ ਕੀਤਾ ਜਾ ਸਕਦਾ। ਅਜਿਹੇ ਕੋਮਲ ਪਹਿਲੂਆਂ ਦੀ ਸਿਆਸਤ ਜਿਸ ਤਰ੍ਹਾਂ ਸਿਆਸਤਦਾਨ ਆਪਣੀ ਮਰਜ਼ੀ ਮੁਤਾਬਕ ਕਰਦੇ ਆ ਰਹੇ ਹਨ, ਉਸੇ ਦੇ



ਪ੍ਰੋ. ਬਲਕਾਰ ਸਿੰਘ
ਫੋਨ: +91-93163-01328

ਨਤੀਜੇ ਪੰਜਾਬ ਜਿਸ ਤਰ੍ਹਾਂ ਪਹਿਲਾਂ ਭੁਗਤ ਚੁਕਾ ਹੈ, ਉਸ ਨੂੰ ਧਿਆਨ ਰੱਖ ਕੇ ਸਿਆਸਤਦਾਨਾਂ ਨੂੰ ਫੂਕ ਫੂਕ ਕੇ ਕਦਮ ਚੁੱਕਣੇ ਚਾਹੀਦੇ ਹਨ। ਇਸ ਵੇਲੇ ਸਿਆਸਤਦਾਨ, ਸਿਆਸੀ ਸਮਰਥਕ ਅਤੇ ਆਮ ਪੰਜਾਬੀ ਬੰਦੇ ਦੀਆਂ ਕੋਟੀਆਂ ਪੈਦਾ ਹੋ ਗਈਆਂ ਹਨ।

ਸਿਆਸਤਦਾਨਾਂ ਦੀਆਂ ਕੀਤੀਆਂ ਦਾ ਖਮਿਆਜ਼ਾ ਸਿਆਸੀ ਸਮਰਥਕ ਭੁਗਤਣ ਤਾਂ ਸਮਝਣਾ ਸੌਖਾ ਹੈ, ਪਰ ਇਨ੍ਹਾਂ ਦੋਹਾਂ ਦੀਆਂ ਕੀਤੀਆਂ ਦਾ ਖਮਿਆਜ਼ਾ ਜਦੋਂ ਆਮ ਪੰਜਾਬੀ ਬੰਦੇ ਨੂੰ ਭੁਗਤਣਾ ਪੈਂਦਾ ਹੈ ਤਾਂ ਸਿਆਸੀ ਦੁਖਾਂਤ ਪੈਦਾ ਹੋ ਜਾਂਦਾ ਹੈ। ਸਿਆਸਤਦਾਨ ਤਾਂ ਇਕ ਦੂਜੇ ਨੂੰ ਇਹ ਦੱਸਣ ਵਿਚ ਉਲਝੇ ਹੋਏ ਹਨ ਕਿ ਜੋ ਕੁਝ ਸਿਆਸਤਦਾਨਾਂ ਦੇ ਹੱਕ ਵਿਚ ਨਹੀਂ ਭੁਗਤਦਾ, ਉਹ ਜ਼ਿੰਦਗੀ ਦਾ ਹਿੱਸਾ ਹੀ ਨਹੀਂ ਹੈ। ਆਮ ਜ਼ਿੰਦਗੀ ਦੇ ਮਸਲਿਆਂ ਨੂੰ ਜਿਸ ਤਰ੍ਹਾਂ ਸਿਆਸਤ ਦਾ ਹਿੱਸਾ ਹੋਣਾ ਚਾਹੀਦਾ ਹੈ, ਉਹ ਇਸ ਕਰਕੇ ਨਹੀਂ ਹੋ ਰਿਹਾ ਕਿਉਂਕਿ ਠਿੱਬੀ ਲਾਉਣ ਦੀ ਸਿਆਸਤ ਨੇ ਆਪਣੇ ਦੋਹੀਂ ਹੱਥੀਂ ਬੁੱਧੂ ਬਣਾਉਣ ਅਤੇ ਵੱਢੀਖੋਰੀ ਦੇ ਕੁਤਕੇ ਫੜ੍ਹੇ ਹੋਏ ਹਨ ਅਤੇ ਜਿਥੇ ਜਿਸ ਦੀ ਲੋੜ ਪੈਂਦੀ ਹੈ, ਬੇਕਿਰਕੀ ਨਾਲ ਵਰਤੀ ਜਾ ਰਹੇ ਹਨ। ਇਸ ਨਾਲ ਪੰਜਾਬ ਦਾ ਸਿਆਸੀ ਮਾਹੌਲ ਨੱਕੋ ਨੱਕ ਭਰਿਆ ਪਿਆ ਹੈ। ਇਸ ਦੇ ਬਾਵਜੂਦ ਨਵੇਂ ਸਿਰਿਉਂ ਸਿਆਸੀ ਥਾਂ ਬਣਾਉਣ ਦੇ ਉਲਾਰ ਇੱਛੁਕ ਇਸ ਤਰ੍ਹਾਂ ਤਰਲੋਮੱਛੀ ਹੋਏ ਪਏ ਹਨ, ਜਿਵੇਂ ਉਨ੍ਹਾਂ ਨੇ ਸੋਚਣਾ ਹੈ ਅਤੇ ਬਸ ਹੋ ਜਾਣਾ ਹੈ। ਇਸ ਨਾਲ ਕਹਿਣਾ ਚਾਹ ਰਿਹਾ ਹਾਂ ਕਿ ਇਹ ਸੋਚੇ ਜਾਣ ਦੀ ਲੋੜ ਹੈ ਕਿ ਪੰਜਾਬ ਨੂੰ ਜੜ੍ਹਹੀਣ ਪੰਜਾਬ ਹੁੰਦੇ ਜਾਣ ਤੋਂ ਕਿਵੇਂ ਰੋਕਿਆ ਜਾ ਸਕਦਾ ਹੈ? ਸਿਆਸਤ ਕਰਕੇ ਤਾਂ ਇਹ ਸਥਿਤੀ ਪੈਦਾ ਹੋਈ ਹੈ ਅਤੇ ਸਿਆਸਤ ਰਾਹੀਂ ਇਸ ਤੋਂ ਕਿਵੇਂ ਬਚਿਆ ਜਾ ਸਕਦਾ ਹੈ?

ਸੁਪਨਿਆਂ ਦੇ ਮਹੱਤਵ ਦੀ ਕਦਰ ਕਰਦਿਆਂ ਵੀ ਇਹ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਇੱਛਾਵਾਂ ਦੇ ਘੋੜਿਆਂ 'ਤੇ ਚੜ੍ਹ ਕੇ ਮੰਜ਼ਿਲਾਂ ਨਹੀਂ ਮਾਰੀਆਂ ਜਾ ਸਕਦੀਆਂ। ਪੰਜਾਬ ਦੀ ਸਿਆਸਤ ਦੇ ਕੇਂਦਰ ਵਿਚ ਪਿਛਲੇ ਤਿੰਨ ਸਾਲਾਂ ਤੋਂ ਬਾਣੀ ਦੀ ਬੇਅਦਬੀ ਦਾ ਮਸਲਾ ਟਿਕਿਆ ਹੋਇਆ ਹੈ ਅਤੇ ਇਹੀ ਇਸ ਵੇਲੇ ਬਰਗਾੜੀ ਦਾ ਮੋਰਚਾ ਹੋ ਗਿਆ ਹੈ। ਪੰਜਾਬ ਦੀਆਂ ਸਾਰੀਆਂ ਸਿਆਸੀ ਧਿਰਾਂ ਦਾ ਧਿਆਨ ਬਰਗਾੜੀ ਵੱਲ ਹੈ ਅਤੇ ਇਸੇ ਨੂੰ ਇਕ ਦੂਜੇ ਦੇ ਖਿਲਾਫ ਵਰਤਣ ਦੀ ਸਿਆਸਤ ਹੋ ਰਹੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਮਸਲਾ ਬਾਦਲਕਿਆਂ ਦੇ ਪੈਰੋਂ ਪੈਦਾ ਹੋਇਆ ਸੀ ਅਤੇ ਇਸ ਮਸਲੇ ਨੂੰ ਸੁਲਝਾਉਣ ਤੋਂ ਬਾਦਲਕੇ ਲਗਾਤਾਰ ਟਲਦੇ ਰਹੇ ਹਨ। ਜਿਸ ਪ੍ਰਚੰਡਤਾ 'ਤੇ ਇਹ ਮਸਲਾ ਆਪਣੇ ਸ਼ੁਰੂਆਤੀ ਦੌਰ ਵਿਚ ਪਹੁੰਚ ਗਿਆ ਸੀ, ਉਸ ਨਾਲੋਂ ਲਗਾਤਾਰ ਹੇਠਾਂ ਇਸ ਕਰਕੇ ਆਈ ਗਿਆ ਹੈ ਕਿ ਇਸ ਮਸਲੇ ਨੂੰ ਮੁਹਿੰਮ ਬਣਾ ਸਕਣ ਵਾਲੀ ਪੰਥ ਪ੍ਰਵਾਨਤ ਅਗਵਾਈ ਪੈਦਾ ਨਹੀਂ ਹੋ ਸਕੀ।

ਇਸ ਪਾਸੇ ਸਰਬੱਤ ਖਾਲਸਾ ਰਾਹੀਂ ਕੀਤੀ ਗਈ ਕੋਸ਼ਿਸ਼ ਸਿਆਸਤ ਦਾ ਸ਼ਿਕਾਰ ਹੋ ਚੁਕੀ ਹੈ ਅਤੇ ਇਹੀ ਇਸ ਵੇਲੇ ਸਰਬੱਤ ਖਾਲਸਾ ਦਾ ਹਾਸਲ ਤਿੰਨ ਜਥੇਦਾਰਾਂ ਦੀ ਅਗਵਾਈ ਵਿਚ ਇਕ ਵਾਰ ਫਿਰ ਸਥਿਤੀ ਉਥੇ ਪਹੁੰਚ ਗਈ ਹੈ, ਜਿਥੇ ਆਪਣੇ ਸ਼ੁਰੂਆਤੀ ਦੌਰ ਵਿਚ ਸੀ। ਇਸ ਵੇਲੇ ਵੀ ਇਸ ਦਾ ਕੋਈ ਲੀਡਰ ਨਹੀਂ ਹੈ, ਪਰ ਇਸ ਵੇਲੇ ਦੀ ਪ੍ਰਾਪਤੀ ਇਹ ਹੈ ਕਿ ਬਰਗਾੜੀ ਦੀ ਅਗਵਾਈ ਸਿੱਖ ਜਜ਼ਬਾ ਕਰ ਰਿਹਾ ਹੈ। ਇਸ ਵਿਚ ਸ਼ਾਮਲ ਹੋਣ ਵਾਲੇ ਕਿਸੇ ਵੀ ਰੰਗ ਦੇ ਸਿਆਸਤਦਾਨ ਨੂੰ ਸਿੱਖ ਜਜ਼ਬੇ ਰਾਹੀਂ ਹੀ ਹਿੱਸੇਦਾਰ ਹੋਣਾ ਪੈ ਰਿਹਾ ਹੈ। ਜਿਸ ਤਰ੍ਹਾਂ ਦੀ ਸ਼ਮੂਲੀਅਤ ਉਥੇ ਦਿਨੋ ਦਿਨ ਵੱਧ ਰਹੀ ਹੈ ਅਤੇ ਜਿਸ ਸੇਵਾ ਭਾਵਨਾ ਨਾਲ ਆਏ ਗਏ ਨੂੰ ਸੰਭਾਲਿਆ ਜਾ ਰਿਹਾ ਹੈ, ਉਸ ਨਾਲ ਬਰਗਾੜੀ ਮੋਰਚਾ ਸਿੱਖ ਮੋਰਚਾ ਹੁੰਦਾ ਜਾ ਰਿਹਾ ਹੈ। ਇਸ ਨੂੰ ਯੋਜਨਾਬੱਧ ਢੰਗ ਨਾਲ ਲੋੜੀਂਦੀ ਸੇਧ ਵਿਚ ਚਲਾਉਣ ਵੱਲ ਕਿਸੇ ਦਾ ਧਿਆਨ ਨਹੀਂ ਹੈ। ਇਉਂ ਲੱਗਦਾ ਹੈ ਕਿ ਇਹ ਕਿਸੇ ਵੇਲੇ ਵੀ ਪੰਥਕ ਉਬਾਲ ਦਾ ਰੂਪ ਧਾਰਨ ਕਰ ਸਕਦਾ ਹੈ।

ਇਸ ਹਾਲਤ 'ਚ ਇਹ ਸਰਕਾਰ ਲਈ ਸੰਕਟ ਹੋ ਸਕਦਾ ਹੈ। ਜਿਸ ਮਾਤਰਾ 'ਚ ਇਹ ਸੰਕਟ ਬਣੇਗਾ, ਉਸ ਮਾਤਰਾ ਵਿਚ ਇਸ ਦਾ ਲਾਭ ਪੰਥਕ ਸਿਆਸਤ ਨੂੰ ਹੋਵੇਗਾ ਤੇ ਕੀਮਤ ਸਿੱਖਾਂ ਦੇ ਕੋਮਲ ਜਜ਼ਬਿਆਂ ਨੂੰ ਚੁਕਾਉਣੀ ਪਵੇਗੀ। ਇੱਥੋਂ ਹੀ ਸ਼ੁਰੂ ਹੋਇਆ ਸੀ, ਬੇਅਦਬੀ ਕਾਂਡ ਅਤੇ ਇਥੇ ਹੀ ਬਰਗਾੜੀ ਮੋਰਚਾ ਇਸ ਵੇਲੇ ਟਿਕ ਗਿਆ ਹੈ।

**ਸੁਪਨਿਆਂ ਦੇ ਮਹੱਤਵ ਦੀ ਕਦਰ ਕਰਦਿਆਂ ਵੀ ਇਹ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਇੱਛਾਵਾਂ ਦੇ ਘੋੜਿਆਂ 'ਤੇ ਚੜ੍ਹ ਕੇ ਮੰਜ਼ਿਲਾਂ ਨਹੀਂ ਮਾਰੀਆਂ ਜਾ ਸਕਦੀਆਂ। ਪੰਜਾਬ ਦੀ ਸਿਆਸਤ ਦੇ ਕੇਂਦਰ ਵਿਚ ਪਿਛਲੇ ਤਿੰਨ ਸਾਲਾਂ ਤੋਂ ਬਾਣੀ ਦੀ ਬੇਅਦਬੀ ਦਾ ਮਸਲਾ ਟਿਕਿਆ ਹੋਇਆ ਹੈ ਅਤੇ ਇਹੀ ਇਸ ਵੇਲੇ ਬਰਗਾੜੀ ਦਾ ਮੋਰਚਾ ਹੋ ਗਿਆ ਹੈ। ਪੰਜਾਬ ਦੀਆਂ ਸਾਰੀਆਂ ਸਿਆਸੀ ਧਿਰਾਂ ਦਾ ਧਿਆਨ ਬਰਗਾੜੀ ਵੱਲ ਹੈ ਅਤੇ ਇਸੇ ਨੂੰ ਇਕ ਦੂਜੇ ਦੇ ਖਿਲਾਫ ਵਰਤਣ ਦੀ ਸਿਆਸਤ ਹੋ ਰਹੀ ਹੈ।**

ਇਸ ਵਿਸਥਾਰ ਵਿਚ ਜਾਣ ਦੀ ਗੁੰਜਾਇਸ਼ ਨਹੀਂ ਹੈ ਕਿ ਅਕਾਲੀਅਤ ਅਤੇ ਅਕਾਲੀ ਲੀਡਰਸ਼ਿਪ ਇਕ ਦੂਜੇ ਨਾਲ ਕਿਵੇਂ ਨਿਭਦੀ ਰਹੀ ਹੈ, ਪਰ ਇਸ ਵਿਚ ਕੋਈ ਰੌਲਾ ਨਹੀਂ ਹੈ ਕਿ ਬੇਅਦਬੀ ਮਾਮਲਾ ਅਕਾਲੀਆਂ ਦੇ ਪੈਰੋਂ ਨਹੀਂ, ਅਕਾਲੀ ਲੀਡਰਸ਼ਿਪ ਦੇ ਪੈਰੋਂ ਪੈਦਾ ਹੋਇਆ ਸੀ। ਉਸ ਵੇਲੇ ਸੁਖਬੀਰ ਸਿੰਘ ਬਾਦਲ ਨੂੰ 'ਅਕਾਲੀ ਮਸੀਹੇ' ਵਾਂਗ ਉਭਾਰਿਆ ਜਾ ਰਿਹਾ ਸੀ। ਸੰਤ ਸਮਾਜ ਨੂੰ ਨਾਲ ਮੰਨ ਲੈਣ ਪਿੱਛੋਂ ਸੌਦਾ ਸਾਧ ਰਾਹੀਂ ਮਾਲਵੇ ਦੇ ਵੋਟ ਬੈਂਕ ਨੂੰ ਕਾਬੂ ਕਰਨ ਦਾ ਭਰਮ ਪੈਦਾ ਹੋ ਗਿਆ ਸੀ। ਅਕਾਲੀ ਦਲ ਪੰਜਾਬੀ ਪਾਰਟੀ ਤਾਂ ਪਹਿਲਾਂ ਹੀ ਬਣ ਚੁਕਾ ਸੀ। ਨੌਜਵਾਨਾਂ ਦੀ ਰੋੜੀ-ਭੋੜੀ ਹੇਠ ਨੌਜਵਾਨ ਅਕਾਲੀਆਂ ਵਜੋਂ ਬੇਲਗਾਮ ਹੋਈ ਫਿਰਦੀ ਸੀ। ਇਸੇ ਵਹਿਣ ਵਿਚ ਸਿੱਖ ਦੋਖੀਆਂ ਨੇ ਸਿੱਖਾਂ ਦਾ ਗੁਰੂ ਚੋਰੀ ਕਰਨ ਦਾ ਭਰਮ ਪਾਲ ਲਿਆ ਸੀ ਅਤੇ ਇਹੀ ਬੇਅਦਬੀ ਕਾਂਡ ਵਜੋਂ ਸਾਹਮਣੇ ਆਉਣ ਲੱਗ ਪਿਆ ਸੀ। ਇਸੇ ਨੂੰ ਦਬਾਉਣ ਦੀਆਂ ਵਧੀਕੀਆਂ ਸਮੱਸਿਆਵਾਂ ਬਣਦੀਆਂ ਗਈਆਂ ਸਨ। ਵਾਧਾ ਇਹ ਕਿ ਨਾ ਉਸ ਵੇਲੇ ਦੀਆਂ ਤਫਤੀਸ਼ੀ ਏਜੰਸੀਆਂ ਵੱਲ ਧਿਆਨ ਦਿੱਤਾ ਗਿਆ ਸੀ ਅਤੇ ਨਾ ਹੀ ਜਸਟਿਸ ਜੋਰਾ ਸਿੰਘ ਕਮਿਸ਼ਨ ਦੀ ਰਿਪੋਰਟ 'ਤੇ ਕਾਰਵਾਈ ਕੀਤੀ ਗਈ ਸੀ। ਜਿਵੇਂ ਜਿਵੇਂ ਦੋਸ਼ੀ ਬਚਦੇ ਗਏ, ਤਿਵੇਂ ਤਿਵੇਂ ਅਕਾਲੀ ਲੀਡਰਸ਼ਿਪ ਫਸਦੀ ਗਈ ਸੀ।

ਪ੍ਰਬੰਧਕੀ ਏਜੰਸੀਆਂ ਅਤੇ ਕਾਨੂੰਨੀ ਪ੍ਰਕ੍ਰਿਆ ਨੂੰ ਲੋੜੀਂਦੀ ਸੇਧ ਵਿਚ ਲੈ ਕੇ ਜਾਣ ਦੀ ਸਿਆਸੀ ਇੱਛਾ ਦੀ ਘਾਟ ਨੇ ਆਮ ਸਿੱਖਾਂ ਦੀ ਮਾਨਸਿਕਤਾ ਨੂੰ ਜਿਸ ਤਰ੍ਹਾਂ ਜ਼ਖ਼ਮੀ ਕਰ ਦਿੱਤਾ ਸੀ, ਉਹੀ ਇਸ ਵੇਲੇ ਅਕਾਲੀ ਸਿਆਸਤ ਦਾ ਸੰਕਟ ਹੋ ਗਿਆ ਹੈ। ਕੈਪਟਨ ਸਰਕਾਰ ਨੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਰਾਹੀਂ ਇਸ ਵਿਚੋਂ ਨਿਕਲਣ ਦੀ ਜੋ ਕੋਸ਼ਿਸ਼ ਕਰ ਲਈ ਹੈ, ਉਸ ਨਾਲ ਬੇਅਦਬੀ ਮਾਮਲਾ ਬਾਦਲਕਿਆਂ ਦੇ ਪੱਕੇ ਤੌਰ 'ਤੇ ਗਲ ਪੈ ਗਿਆ ਹੈ। ਕੈਪਟਨ ਸਰਕਾਰ ਕਿਉਂਕਿ ਅਕਾਲੀ ਸਰਕਾਰ ਦੀ ਨਿਰੰਤਰਤਾ ਵਿਚ ਹੈ, ਇਸ ਲਈ ਬੇਅਦਬੀ ਕਾਂਡ ਤੋਂ ਪੂਰੀ ਤਰ੍ਹਾਂ ਇਸ ਕਰਕੇ ਮੁਕਤ ਨਹੀਂ ਹੋਇਆ ਜਾ ਸਕਦਾ ਕਿਉਂਕਿ ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਕਟਹਿਰੇ ਵਿਚ ਲਿਆਉਣ ਦਾ ਅਮਲ ਅਜੇ ਪੂਰਾ ਨਹੀਂ ਹੋਇਆ। ਇਸ ਹਾਲਤ ਵਿਚ ਸਿਆਸਤਦਾਨ ਵੀ ਮਹਿਸੂਸ ਕਰਨ ਲੱਗ ਪਏ ਹਨ ਕਿ ਬੇਅਦਬੀ ਮਾਮਲੇ ਵਿਚ ਧਿਰ ਹੋਣ ਤੋਂ ਬਚਣ ਵਿਚ ਹੀ ਬਚਾਉ ਹੈ। ਇਸ ਦੀ ਸ਼ੁਰੂਆਤ ਸ. ਸੁਖਦੇਵ ਸਿੰਘ ਢੀਂਡਸਾ ਨੇ ਹਲੀਮ ਸੁਰ ਵਿਚ ਕਰ ਦਿੱਤੀ ਹੈ।

ਸਿਆਸਤ ਵਿਚ ਕਹਿਣ ਨਾਲੋਂ ਵੱਧ ਅਣਕਹਿਆ ਅਹਿਮ ਹੁੰਦਾ ਹੈ। ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਦੀ ਸੁਖਬੀਰ ਸ਼ੈਲੀ ਵੱਲ ਇਸ਼ਾਰਾ ਟਕਸਾਲੀ ਆਗੂਆਂ-ਸੇਖਵਾਂ, ਬ੍ਰਹਮਪੁਰਾ ਅਤੇ ਰਤਨ ਸਿੰਘ ਅਜਨਾਲਾ ਨੇ ਪ੍ਰੈਸ ਕਾਨਫਰੰਸ ਕਰਕੇ ਕਰ ਦਿੱਤਾ ਹੈ। ਬੇਅਦਬੀ ਕਾਂਡ ਨੂੰ ਲੈ ਕੇ ਬਾਦਲਕੇ ਜਿਸ ਤਰ੍ਹਾਂ ਸਿਆਸੀ ਸੰਕਟ ਵਿਚ ਘਿਰ ਗਏ ਹਨ, ਇਸ ਵਿਚੋਂ ਨਿਕਲਣ ਦੀਆਂ ਕੋਸ਼ਿਸ਼ਾਂ ਅਕਾਲੀ ਸਮਰਥਕਾਂ ਨੂੰ ਚੁੱਪ ਕਰਾ ਵੀ ਲੈਣ ਤਾਂ ਵੀ ਆਮ ਸਿੱਖ ਆਸਥਾ ਵਿਚ ਸੁਖਬੀਰ ਨੂੰ ਟਿਕਾ ਸਕਣਾ ਸੌਖਾ ਨਹੀਂ ਹੋਵੇਗਾ।

ਪਹਿਲਾਂ ਹੀ ਬਾਦਲਕਿਆਂ ਨੇ ਆਪਣੇ ਪੰਥਕ ਅਕਸ ਨੂੰ ਸੰਭਾਲਣ ਦੀ ਕਦੇ ਲੋੜ ਹੀ ਨਹੀਂ ਸਮਝੀ ਅਤੇ ਪੰਥਕ ਪੁਲਾਂ ਹੇਠੋਂ ਜਿਸ ਤਰ੍ਹਾਂ ਬਹੁਤ ਕੁਝ ਵਹਿ ਗਿਆ ਹੈ, ਉਸ ਨੂੰ ਸੰਭਾਲਣਾ ਸੌਖਾ ਨਹੀਂ ਹੈ। ਸਿਆਸੀ ਇੱਕਠਾਂ ਨੂੰ ਪੰਥਕ ਇੱਕਠ ਸਮਝਣ ਦੀ ਸਿਆਸਤ ਦਾ ਸਮਾਂ ਗੁਜ਼ਰ ਚੁਕਾ ਹੈ। ਅਕਾਲੀ ਦਲ ਅਤੇ ਬਾਦਲੀ ਸਿਆਸਤ ਇਸ ਵੇਲੇ ਇਕ ਦੂਜੇ ਦੇ ਟਕਰਾਉ ਵਿਚ ਆਉਂਦੀ ਜਾ ਰਹੀ ਹੈ। ਇਸ ਹਾਲਤ ਵਿਚ ਜ਼ਰੂਰੀ ਨਹੀਂ ਕਿ ਜੋ ਅਕਾਲੀ ਦਲ ਨਾਲ ਹੈ, ਉਹ ਬਾਦਲਕਿਆਂ ਦੇ ਵੀ ਨਾਲ ਹੋਵੇ।

ਬਾਦਲਕਿਆਂ ਨੂੰ ਖਿੰਡੇ ਹੋਏ ਵਿਰੋਧੀ ਸਦਾ ਰਾਸ ਆਉਂਦੇ ਰਹੇ ਹਨ। ਇਸ ਵੇਲੇ ਬਾਦਲੀ ਸਿਆਸਤ ਅਤੇ ਪੰਥਕ ਮਾਨਸਿਕਤਾ ਆਹਮੋ-ਸਾਹਮਣੇ ਹੋ ਗਈਆਂ ਹਨ। ਇਸ ਹਾਲਤ ਵਿਚ ਅਕਾਲੀ ਦਲ ਦੇ ਬਦਲ ਦੀ ਥਾਂ ਅਕਾਲੀ ਦਲ ਨੂੰ ਬਾਦਲਕਿਆਂ ਤੋਂ ਬਚਾਏ ਜਾਣ ਦੀ ਵੰਗਾਰ ਪੈਦਾ ਹੋ ਗਈ ਹੈ। ਇਹ ਬੇਸ਼ੱਕ ਸੌਖਾ ਨਹੀਂ ਹੈ, ਪਰ ਇਸ ਵਿਚ ਜੋ ਸੌਖਾ ਨਹੀਂ ਹੈ, ਉਹੀ ਤਾਂ ਸਿੱਖ ਸੰਘਰਸ਼ ਹੁੰਦਾ ਜਾ ਰਿਹਾ ਹੈ। ਸਿੱਖੀ ਵਿਚ ਬੰਦੇ ਨੂੰ ਸੰਸਥਾ ਦਾ ਬਦਲ ਹੋ ਜਾਣ ਦੀ ਆਗਿਆ ਨਹੀਂ ਹੈ। ਇਸ ਸੰਕਟ ਦੀ ਘੜੀ ਜਿਸ ਤਰ੍ਹਾਂ ਅਕਾਲ ਤਖਤ ਸਾਹਿਬ ਦੇ ਮੌਜੂਦਾ ਜਥੇਦਾਰ ਨੂੰ ਅਕਾਲ ਤਖਤ ਵਾਂਗ ਸੁਰੱਖਿਅਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਬਾਦਲਕੇ ਕੰਧ 'ਤੇ ਲਿਖਿਆ ਪੜ੍ਹਨ ਦੀ ਥਾਂ, ਸਿਆਸੀ ਪਰਦੇ ਵਿਚ ਸਭ ਕੁਝ ਲੁਕਾ ਲੈਣਾ ਚਾਹੁੰਦੇ ਹਨ।

ਅਸਲ ਧਰਮ ਸੰਕਟ ਅਕਾਲੀ ਵਰਕਰਾਂ ਵਾਸਤੇ ਪੈਦਾ ਹੋ ਗਿਆ ਹੈ, ਕਿਉਂਕਿ ਉਹ ਅਕਾਲੀ ਦਲ ਅਤੇ ਅਕਾਲੀ ਲੀਡਰਸ਼ਿਪ ਵਿਚਕਾਰ ਫਰਕ ਕਰਨ ਵਾਸਤੇ ਨਾ ਹੀ ਸੁਜੱਗ ਹਨ ਅਤੇ ਨਾ ਹੀ ਸੁਤੰਤਰ ਹਨ। ਸੰਕਟ, ਉਨ੍ਹਾਂ ਗੁਰੂਕਿਆਂ ਵਾਸਤੇ ਵੀ ਹੈ, ਜੋ ਅਕਾਲੀ ਦਲ ਦੀ ਲੀਡਰਸ਼ਿਪ ਦੇ ਨਾਲ ਨਹੀਂ ਹਨ, ਪਰ ਅਕਾਲੀ ਦਲ ਵਰਗੀ ਵਿਰਾਸਤੀ ਸੰਸਥਾ ਨੂੰ ਢਹਿੰਦਾ ਵੀ ਨਹੀਂ ਵੇਖਣਾ ਚਾਹੁੰਦੇ। ਬਰਗਾੜੀ ਨਾਲ ਜੁੜੇ ਹੋਇਆਂ ਨੂੰ ਕਿਵੇਂ ਸਮਝਾਈਏ ਕਿ ਬੇਅਦਬੀ ਮਾਮਲਾ ਨਾ ਹੀ ਮਹਿਜ ਸਿਆਸੀ ਮਾਮਲਾ ਹੈ ਅਤੇ ਨਾ ਹੀ ਮਹਿਜ ਕਾਨੂੰਨੀ ਮਾਮਲਾ ਹੈ। ਇਹ ਮਾਮਲਾ ਸਿੱਖ ਮਾਨਸਿਕਤਾ ਨਾਲ ਜੁੜਿਆ ਹੋਇਆ ਹੈ ਅਤੇ ਇਸ ਦਾ ਹੱਲ ਸਿੱਖ ਮਾਨਸਿਕਤਾ ਨੂੰ ਨਾਲ ਲੈ ਕੇ ਹੀ ਕੀਤਾ ਜਾ ਸਕਦਾ ਹੈ। ਇਹ ਗੱਲ ਸਭ ਤੋਂ ਪਹਿਲਾਂ ਅਕਾਲੀ ਵਰਕਰਾਂ ਨੂੰ ਸਮਝਣੀ ਚਾਹੀਦੀ ਹੈ ਅਤੇ ਅਕਾਲੀ ਸਿਆਸਤ ਵਿਚ ਪੈਦਾ ਹੋ ਰਹੀ ਘੁਟਣ ਤੋਂ ਮੁਕਤ ਹੋ ਕੇ ਸੋਚਣਾ ਚਾਹੀਦਾ ਹੈ ਕਿ ਅਕਾਲੀ ਦਲ ਵਾਸਤੇ ਅਕਾਲੀ ਦਲ ਦੇ ਹਾਣ ਦੀ ਲੀਡਰਸ਼ਿਪ ਦਾ ਰਾਹ ਪੱਧਰਾ ਕਿਵੇਂ ਕੀਤਾ ਜਾਵੇ?

# ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀਆਂ ਸਿਫਾਰਸ਼ਾਂ 'ਤੇ ਕਾਰਵਾਈ ਲਈ ਰੋਕ

**ਚੰਡੀਗੜ੍ਹ:** ਪੰਜਾਬ ਹਰਿਆਣਾ ਹਾਈ ਕੋਰਟ ਨੇ ਫਾਜ਼ਿਲਕਾ ਦੇ ਤਤਕਾਲੀ ਐਸ.ਐਸ.ਪੀ. ਬਿਕਰਮਜੀਤ ਸਿੰਘ ਅਤੇ ਇਕ ਹੋਰ ਪੁਲਿਸ ਅਧਿਕਾਰੀ ਪ੍ਰਦੀਪ ਸਿੰਘ ਨੂੰ ਰਾਹਤ ਦਿੰਦਿਆਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀਆਂ ਸਿਫਾਰਸ਼ਾਂ 'ਤੇ ਕਾਰਵਾਈ ਖਿਲਾਫ਼ ਰੋਕ ਲਗਾ ਦਿੱਤੀ ਹੈ। ਬੇਅਦਬੀ ਕਾਂਡ ਦੀ ਜਾਂਚ ਲਈ ਬਿਠਾਏ ਗਏ ਜਸਟਿਸ ਰਣਜੀਤ ਸਿੰਘ ਕਮਿਸ਼ਨ ਵੱਲੋਂ ਦੋ ਸਾਬਕਾ ਐਸ.ਐਸ.ਪੀ. ਅਤੇ ਸਾਬਕਾ ਐਸ.ਐਚ.ਓ. ਖਿਲਾਫ਼ ਸਿਫਾਰਸ਼ ਮਗਰੋਂ ਹਾਈ ਕੋਰਟ ਨੇ ਉਨ੍ਹਾਂ ਨੂੰ ਪਹਿਲਾਂ ਹੀ ਰਾਹਤ ਦੇ ਦਿੱਤੀ ਸੀ।

ਜਸਟਿਸ ਰਾਕੇਸ਼ ਕੁਮਾਰ ਜੈਨ ਨੇ ਪੰਜਾਬ ਸਰਕਾਰ ਨੂੰ ਵੀ ਨੋਟਿਸ ਜਾਰੀ ਕੀਤਾ ਹੈ। ਇਨ੍ਹਾਂ ਦੋ ਪਟੀਸ਼ਨਾਂ ਦੇ ਨਾਲ ਹੀ ਸਾਬਕਾ ਐਸ.ਐਸ.ਪੀ. ਚਰਨਜੀਤ ਸਿੰਘ ਅਤੇ ਰਘਬੀਰ ਸਿੰਘ ਸੰਧੂ ਤੇ ਬਾਜਾਖਾਨਾ ਪੁਲਿਸ ਸਟੇਸ਼ਨ ਦੇ ਤਤਕਾਲੀ ਐਸ.ਐਚ.ਓ. ਅਮਰਜੀਤ ਸਿੰਘ ਵੱਲੋਂ ਪਹਿਲਾਂ ਤੋਂ ਦਾਖਲ ਪਟੀਸ਼ਨਾਂ ਉਤੇ ਇਕੱਠਿਆਂ 11 ਅਕਤੂਬਰ ਨੂੰ ਸੁਣਵਾਈ ਹੋਵੇਗੀ।

ਪੰਜਾਬ ਸਰਕਾਰ ਵੱਲੋਂ ਅੰਤਰਿਮ ਹੁਕਮਾਂ ਤੋਂ ਰੋਕ ਹਟਾਏ ਜਾਣ ਦੀ ਅਰਜ਼ੀ 'ਤੇ ਵੀ ਉਸੇ ਦਿਨ ਹੀ ਸੁਣਵਾਈ ਕੀਤੀ ਜਾਵੇਗੀ। ਸੁਣਵਾਈ ਲਈ ਜਦੋਂ ਪਟੀਸ਼ਨਾਂ ਆਈਆਂ ਤਾਂ ਸੀਨੀਅਰ ਵਕੀਲ ਅਕਸ਼ੇ ਭਾਨ ਅਤੇ ਸੰਤ ਪਾਲ ਸਿੰਘ ਸਿੱਧੂ ਨੇ ਦਾਅਵਾ ਕੀਤਾ ਕਿ ਬਿਕਰਮਜੀਤ ਸਿੰਘ ਨੂੰ ਜਾਂਚ ਕਮਿਸ਼ਨ ਐਕਟ ਦੀ ਧਾਰਾ 8-ਬੀ ਤਹਿਤ ਨੋਟਿਸ ਜਾਰੀ ਕੀਤਾ ਗਿਆ ਸੀ। ਇਸ ਤੋਂ ਸਪੱਸ਼ਟ ਹੈ ਕਿ ਵਿਅਕਤੀ ਨੂੰ ਕਮਿਸ਼ਨ ਮੂਹਰੇ ਲਾਜ਼ਮੀ ਪੇਸ਼ ਹੋ ਕੇ ਆਪਣੇ ਬਚਾਅ 'ਚ ਸਬੂਤ ਦੇਣ ਦਾ ਪੂਰਾ ਮੌਕਾ ਦਿੱਤਾ ਜਾਵੇ।



ਦੋਹਾਂ ਨੇ ਕਿਹਾ ਕਿ ਇਹ ਨੋਟਿਸ ਮਹਿਜ਼ ਰਸਮੀ ਸੀ ਅਤੇ ਗਵਾਹਾਂ ਖਿਲਾਫ਼ ਮਿਲੇ ਸਬੂਤ ਉਸ ਨੂੰ ਦਿੱਤੇ ਜਾਣੇ ਸਨ। ਪ੍ਰਦੀਪ ਸਿੰਘ ਦੇ ਵਕੀਲ ਗੌਰਵ ਚੋਪੜਾ ਨੇ ਕਿਹਾ ਕਿ ਜਸਟਿਸ ਜ਼ੋਰਾ ਸਿੰਘ ਦੀ ਅਗਵਾਈ ਹੇਠ ਬਣੇ ਪਹਿਲੇ ਕਮਿਸ਼ਨ ਦਾ ਬਦਲ ਦੂਜਾ ਕਮਿਸ਼ਨ ਨਹੀਂ ਹੋ ਸਕਦਾ। ਪਿਛਲੀ ਸੁਣਵਾਈ ਦੌਰਾਨ ਪੰਜਾਬ ਦੇ ਐਡਵੋਕੇਟ ਜਨਰਲ ਅਤੁਲ ਨੰਦਾ ਨੇ ਅੰਤਰਿਮ ਹੁਕਮਾਂ ਤੋਂ ਰੋਕ ਹਟਾਉਣ ਦੀ ਮੰਗ ਕਰਦਿਆਂ ਕਿਹਾ ਸੀ ਕਿ ਇਸ ਨਾਲ ਮਾਮਲੇ 'ਚ ਖੜੋਤ ਆ ਗਈ ਹੈ। ਆਪਣੇ ਜਵਾਬ ਵਿਚ ਸਰਕਾਰ ਨੇ ਦਾਅਵਾ ਕੀਤਾ ਸੀ ਕਿ ਅੰਤਰਿਮ ਰਾਹਤ ਕਰ ਕੇ ਅੱਗੇ ਜਾਂਚ ਦੇ ਗੰਭੀਰ ਸਿੱਟੇ ਨਿਕਲ ਸਕਦੇ ਹਨ। ਸਰਕਾਰ ਨੇ ਰਾਏ ਦਿੱਤੀ ਸੀ ਕਿ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਨੂੰ ਸਵੀਕਾਰਿਆ ਨਹੀਂ ਜਾ ਸਕਦਾ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਦਾ ਘੇਰਾ ਵੱਡਾ ਸੀ ਅਤੇ ਇਸ 'ਚ ਭਗਵਦ ਗੀਤਾ ਅਤੇ ਪਵਿੱਤਰ ਕੁਰਾਨ ਸ਼ਰੀਫ ਦੀਆਂ ਬੇਅਦਬੀਆਂ ਦੇ ਮਾਮਲੇ ਵੀ ਸ਼ਾਮਲ ਕੀਤੇ ਗਏ ਸਨ। ਅਦਾਲਤ 'ਚ ਇਹ ਵੀ ਕਿਹਾ ਗਿਆ ਕਿ ਚਰਨਜੀਤ ਸਿੰਘ ਅਤੇ ਅਮਰਜੀਤ ਸਿੰਘ ਨੂੰ ਧਾਰਾ 8ਬੀ ਤਹਿਤ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਦੱਸਿਆ ਗਿਆ ਸੀ ਅਤੇ ਚਰਨਜੀਤ ਸਿੰਘ ਨੇ ਬਿਆਨ 'ਤੇ ਦਸਤਖਤ ਵੀ ਕੀਤੇ ਸਨ। ਇਸ ਮਗਰੋਂ ਉਸ ਨੂੰ ਜਵਾਬ ਦਾਖਲ ਕਰਨ ਦਾ ਇਕ ਹੋਰ ਮੌਕਾ ਵੀ ਦਿੱਤਾ ਗਿਆ।

# ਅਕਾਲ ਤਖਤ ਦੇ ਜਥੇਦਾਰ ਨੇ ਮੁੜ ਵਧਾਈਆਂ ਸਰਗਰਮੀਆਂ

**ਗੁਰਦਾਸਪੁਰ:** ਸ੍ਰੀ ਅਕਾਲ ਤਖਤ ਸਾਹਿਬ ਦੇ ਸਭ ਤੋਂ ਵਿਵਾਦਤ ਜਥੇਦਾਰ ਗਿਆਨੀ ਗੁਰਬਚਨ ਸਿੰਘ ਹੌਲੀ-ਹੌਲੀ ਆਪਣੀਆਂ ਗਤੀਵਿਧੀਆਂ ਵਧਾ ਰਹੇ ਹਨ। ਗਿਆਨੀ ਗੁਰਬਚਨ ਸਿੰਘ ਨੇ ਦਾਅਵਾ ਕੀਤਾ ਹੈ ਕਿ ਤਿੰਨਾਂ ਤਖਤਾਂ ਦੇ ਜਥੇਦਾਰ ਉਨ੍ਹਾਂ ਦੇ ਨਾਲ ਹਨ ਤੇ ਬਾਈਕਾਟ ਵਾਲੀ ਗੱਲ ਮਨਘੜਤ ਹੈ। ਉਨ੍ਹਾਂ ਕਰਤਾਰਪੁਰ ਸਾਹਿਬ ਲਾਂਘੇ ਬਾਰੇ ਪਾਕਿਸਤਾਨ ਸਰਕਾਰ ਵੱਲੋਂ ਹਾਂ ਪੱਖੀ ਰਵੱਈਆ ਦਿਖਾਉਣ ਤੋਂ ਬਾਅਦ ਭਾਰਤ ਸਰਕਾਰ ਨੂੰ ਵੀ ਕਦਮ ਪੁੱਟਣ ਦੀ ਅਪੀਲ ਕੀਤੀ।

ਗਿਆਨੀ ਗੁਰਬਚਨ ਸਿੰਘ ਡੇਰਾ ਬਾਬਾ ਨਾਨਕ ਪਹੁੰਚੇ ਸਨ। ਇਥੇ ਉਨ੍ਹਾਂ ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਅਰਦਾਸ ਕੀਤੀ ਤੇ ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਲਾਂਘਾ ਖੋਲ੍ਹਣ ਲਈ ਲੋੜੀਂਦੇ ਕਦਮ ਚੁੱਕਣ ਦੀ ਅਪੀਲ ਵੀ ਕੀਤੀ। ਇਸ ਮੌਕੇ ਉਨ੍ਹਾਂ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਕਿਹਾ ਕਿ ਮੀਡੀਆ ਵਿਚ ਪੰਜਾਬ ਵਿਚਲੇ



ਤਿੰਨੇ ਤਖਤਾਂ ਦੇ ਜਥੇਦਾਰਾਂ ਵੱਲੋਂ ਉਨ੍ਹਾਂ ਦਾ ਬਾਈਕਾਟ ਕੀਤੇ ਜਾਣ ਦੀਆਂ ਖਬਰਾਂ ਸਹੀ ਨਹੀਂ ਤੇ ਸਿੰਘ ਸਾਹਿਬਾਨ ਉਨ੍ਹਾਂ ਦੇ ਨਾਲ ਹੀ ਹਨ।

ਜ਼ਿਕਰਯੋਗ ਹੈ ਕਿ ਮੀਡੀਆ ਵਿਚ ਖਬਰਾਂ ਆਈਆਂ ਸਨ ਕਿ ਤਿੰਨ ਜਥੇਦਾਰਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀਆਂ ਮੀਟਿੰਗਾਂ ਵਿਚ ਹਿੱਸਾ ਨਾ ਲੈਣ ਦਾ ਫੈਸਲਾ ਕੀਤਾ ਹੈ। ਇਸ ਤੋਂ ਬਾਅਦ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਵੀ ਗਿਆਨੀ ਗੁਰਬਚਨ ਸਿੰਘ ਨੂੰ ਸੇਵਾ ਮੁਕਤ ਹੋ ਜਾਣ ਦੀ ਅਪੀਲ ਕੀਤੀ ਸੀ। ਇਸ 'ਤੇ ਗਿਆਨੀ ਗੁਰਬਚਨ ਸਿੰਘ ਨੇ ਖੁਦ ਨੂੰ ਜਥੇਦਾਰਾਂ ਦਾ ਸਾਥ ਹਾਸਲ ਹੋਣ ਦਾ ਦਾਅਵਾ ਕੀਤਾ।

## ਇੰਟਰਪੋਲ ਦੇ ਮੁਖੀ ਮੇਂਗ ਵੱਲੋਂ ਅਸਤੀਫਾ

**ਲਿਓਨ:** ਅੰਤਰਰਾਸ਼ਟਰੀ ਪੁਲਿਸ ਸੰਗਠਨ ਇੰਟਰਪੋਲ ਨੇ ਐਲਾਨ ਕੀਤਾ ਕਿ ਉਨ੍ਹਾਂ ਨੂੰ ਆਪਣੇ ਚੀਨੀ ਮੁਖੀ ਮੇਂਗ ਹਾਂਗਵੇਈ ਦਾ ਅਸਤੀਫਾ ਮਿਲਿਆ ਹੈ, ਜੋ 25 ਸਤੰਬਰ ਤੋਂ ਲਾਪਤਾ ਸੀ। ਇਸ ਤੋਂ ਪਹਿਲਾਂ ਚੀਨ ਨੇ ਕਿਹਾ ਸੀ ਕਿ ਉਹ ਜਾਂਚ ਦੇ ਅਧੀਨ ਹਨ। ਇੰਟਰਪੋਲ ਨੇ ਆਪਣੇ ਬਿਆਨ 'ਚ ਕਿਹਾ ਕਿ ਮੇਂਗ ਨੇ ਤੁਰਤ ਪ੍ਰਭਾਵ ਤੋਂ ਅਸਤੀਫਾ ਦੇ ਦਿੱਤਾ ਹੈ ਅਤੇ ਦੱਖਣੀ ਕੋਰੀਆ ਦੇ ਸੀਨੀਅਰ ਉਪ ਪ੍ਰਧਾਨ ਕਿਮ ਜਾਗ ਯੋਂਗ ਨੂੰ ਕਾਰਜਕਾਰੀ ਪ੍ਰਧਾਨ ਲਗਾਇਆ ਗਿਆ ਹੈ।

# ਨਿਊ ਯਾਰਕ ਵਿਚ ਪੰਜਾਬੀ ਸਾਹਿਤ ਅਕਾਦਮੀ ਦੀ ਬੈਠਕ

**ਨਿਊ ਯਾਰਕ:** ਨਿਊ ਯਾਰਕ ਪੰਜਾਬੀ ਸਾਹਿਤ ਅਕਾਦਮੀ ਦੀ ਬੈਠਕ ਮਾਸਟਰ ਰੇਸ਼ਮ ਸਿੰਘ ਡੁਮੇਲੀ ਦੇ ਘਰ ਹੋਈ, ਜਿਸ ਵਿਚ ਕਹਾਣੀ, ਗਜ਼ਲ, ਕਵਿਤਾ ਅਤੇ ਹੋਰ ਸਾਹਿਤਕ ਵੰਨਗੀਆਂ ਦੇ ਦੌਰ ਚਲੇ। ਬੈਠਕ ਦਾ ਸੰਚਾਲਨ ਮਨਮੋਹਨ ਪੂਨੀ ਨੇ ਕੀਤਾ।



ਪਹਿਲੇ ਦੌਰ ਵਿਚ ਸਾਹਿਤਕ ਵਿਸ਼ੇ ਉਤੇ ਕੁਝ ਵਿਚਾਰਾਂ ਹੋਈਆਂ, ਜਿਸ ਵਿਚ ਜਨਾਬ ਤਰਲੋਕ ਨੇ ਕਿਹਾ ਕਿ ਕੋਈ ਵੀ ਰਚਨਾ ਅਗਰ ਦਿਲ ਦੀ ਡੂੰਘਾਈ ਵਿਚੋਂ ਨਹੀਂ ਨਿਕਲਦੀ ਤਾਂ ਉਹ ਕੁਝ ਵੀ ਨਹੀਂ ਹੈ, ਸਿਰਫ ਅੱਖਰਾਂ ਦਾ ਜੋੜ ਹੀ ਹੈ। ਕਿਸੇ ਵੀ ਕਵਿਤਾ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ। ਪਤਾ ਨਹੀਂ, ਕਵੀ ਕਿਸ ਅਵਸਥਾ ਵਿਚ ਪੁੱਜ ਕੇ ਕਾਵਿ ਰਚਨਾ ਕਰਦਾ ਹੈ।

ਕਵਿਤਾ ਦੇ ਦੌਰ ਦੀ ਸ਼ੁਰੂਆਤ ਤਰਨੇਮ ਸਿੰਘ ਘੁੰਮਣ ਤੋਂ ਹੋਈ ਜਿਨ੍ਹਾਂ ਨੇ ਜੰਗਲ ਦੀ ਅੱਗ ਬਾਰੇ ਕਵਿਤਾ ਪੜ੍ਹੀ, ਜਿਸ ਵਿਚ ਉਨ੍ਹਾਂ ਕੁਦਰਤ ਦੀਆਂ ਰਮਜ਼ਾਂ ਬਾਰੇ ਗੱਲ ਕਰਦਿਆਂ ਕਿਹਾ ਕਿ ਜੋ ਵਾਪਰਦਾ ਹੈ, ਸਭ ਕੁਦਰਤ ਦੀ ਰਜ਼ਾ ਹੈ। ਬੰਦਾ ਤਾਂ ਬਸ ਮੂਕ ਦਰਸ਼ਕ ਹੀ ਹੈ। ਉਨ੍ਹਾਂ ਤੋਂ ਬਾਅਦ ਮੋਹਨ ਭੰਵਰਾ ਨੇ ਦੋ ਕਵਿਤਾਵਾਂ ਪੜ੍ਹੀਆਂ, ਜਿਨ੍ਹਾਂ ਦਾ ਮੂਲ ਤੱਤ ਇਹ ਸੀ ਕਿ ਧਾਰਮਿਕ ਅਦਾਰੇ ਬੰਦੇ ਨੂੰ ਪਾਣੀ ਦਾ ਬੁਲਬੁਲਾ ਕਹਿ ਕਹਿ ਕੇ 84 ਲੱਖ ਜੂਨਾਂ ਦੇ ਚੱਕਰ ਵਿਚ ਪਾਈ ਜਾਂਦੇ ਹਨ, ਬੰਦਾ ਆਪਣੀ ਹਿੰਮਤ ਅਤੇ ਮਿਹਨਤ ਨਾਲ ਹੀ ਪਰਮਾਤਮਾ ਦੀ ਰਹਿਮਤ ਦਾ ਪਾਤਰ ਬਣਦਾ ਹੈ। ਇਸ ਤੋਂ ਬਾਅਦ ਤਰਲੋਕ ਨੇ ਦੋ ਕਵਿਤਾਵਾਂ ਪੜ੍ਹੀਆਂ। ਪਹਿਲੀ ਵਿਚ ਉਨ੍ਹਾਂ ਅਤੀਤ ਦਾ ਵਿਖਿਆਨ ਕੀਤਾ, ਇਹ ਕਵਿਤਾ ਸਭ ਨੂੰ ਕਈ ਵਰ੍ਹੇ ਪਿਛਾਂਹ ਲੈ ਗਈ। ਦੂਸਰੀ ਕਵਿਤਾ ਵਿਚ ਸੁੰਦਰਤਾ ਦਾ ਬਿਆਨ ਸੀ ਕਿ ਖਿੜਿਆ ਸੁੰਦਰ ਫੁੱਲ ਵੀ ਕਵਿਤਾ ਹੁੰਦਾ ਹੈ।

ਅਗਲੇ ਗੇੜ ਵਿਚ ਇੰਦਰਜੀਤ ਮਲਿਕ ਨੇ ਆਪਣਾ ਕਲਾਮ ਉਰਦੂ ਵਿਚ ਪੇਸ਼ ਕੀਤਾ। ਜਸਵੀਰ ਸਿੰਘ ਡੁਮੇਲੀ ਨੇ ਪੰਜਾਬ ਵਿਚ ਹਰ ਪੱਖ ਤੋਂ ਵਾਪਰ ਰਹੀ ਤ੍ਰਾਸਦੀ ਬਾਰੇ ਖੋਲ੍ਹ ਕੇ ਬਿਆਨ ਕੀਤਾ ਕਿ ਪੰਜਾਬ ਦੇ ਹਾਲਾਤ ਇਸ ਕਦਰ ਕਿਉਂ ਵਿਗੜੇ ਹਨ। ਉਨ੍ਹਾਂ ਲੋਕਾਂ ਨੂੰ ਚਿੰਤਨ ਰਹਿਤ ਦੱਸ ਕੇ ਸਰਕਾਰਾਂ ਨੂੰ ਵੀ ਜ਼ਿੰਮੇਵਾਰ ਕਰਾਰ ਦਿੱਤਾ।

ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ ਨਿਊ ਯਾਰਕ ਦੇ ਮੁੱਖ ਸੰਚਾਲਕ ਮਨਮੋਹਨ ਪੂਨੀ ਨੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਅਤੇ ਉਨ੍ਹਾਂ ਦੀ ਕੌਮ ਨੂੰ ਬਹੁਮੁੱਲੀ ਦੇਣ ਤੇ ਉਸ ਦੇ ਜੀਵਨ ਦੇ ਮੁਢਲੇ ਨੁਕਤਿਆਂ ਬਾਰੇ ਗੱਲ ਕੀਤੀ। ਉਨ੍ਹਾਂ ਫਰਾਂਸ ਦੀ ਕ੍ਰਾਂਤੀ ਬਾਰੇ ਕਵਿਤਾ ਪੜ੍ਹੀ ਕਿ ਕਿਵੇਂ ਫੌਜੀ ਜਵਾਨ ਬਰਫ ਵਿਚ ਦਬਿਆ ਹੋਇਆ ਵੀ ਹਥਲਾ ਪਰਚਮ ਲੈ ਕੇ ਅਗਾਂਹ ਵਧਣ ਦੀ ਕੋਸ਼ਿਸ਼ ਕਰਦਾ ਹੈ, ਇਵੇਂ ਹੀ ਸਾਨੂੰ ਜੀਵਨ ਦੇ ਹਰ ਖੇਤਰ ਵਿਚ ਅਗਾਂਹ ਵਧਦੇ ਰਹਿਣਾ ਚਾਹੀਦਾ ਹੈ। ਨਿਊ ਯਾਰਕ ਦੇ ਪ੍ਰੌੜ ਗਜ਼ਲਗੋ ਹਰਜਿੰਦਰ ਜਿੰਦ ਨੇ ਬੜੀ ਭਾਵਪੂਰਨ ਗਜ਼ਲ ਪੜ੍ਹੀ: ਅੱਜ ਕੱਲ੍ਹ ਬਹੁਤਾ ਡਰ ਨਹੀਂ ਲਗਦਾ ਹੱਥ ਦਿਆਂ ਹਥਿਆਰਾਂ ਤੋਂ, ਬਹੁਤਾ ਮਾਰੂ ਹੁੰਦਾ ਜੋ ਸੋਚ 'ਚ ਖੰਜਰ ਹੁੰਦਾ ਹੈ।

ਬਲਬੀਰ ਡੁਮੇਲੀ ਨੇ ਕੁਝ ਦੋਹੇ ਅਤੇ ਇਕ ਕਵਿਤਾ ਸੁਣਾਈ ਕਿ ਦੁਨੀਆਂ ਦੇ ਕਿਸੇ ਵੀ ਕੋਨੇ ਵੱਲ ਤੱਕੋ, ਹਰ ਪਾਸੇ ਨਫਰਤ ਤੇ ਸੁਆਰਥ ਹੀ ਪ੍ਰਧਾਨ ਹੈ। ਇਸ ਕਰਕੇ ਅੱਜ ਰਿਸ਼ਤੇ ਬਿਨਾ ਲਹੂ ਡੋਲ੍ਹੇ ਤਾਰ-ਤਾਰ ਹੋ ਰਹੇ ਹਨ। ਇਸ ਤੋਂ ਬਾਅਦ ਉਂਕਾਰ ਡੁਮੇਲੀ ਨੇ ਕਵਿਤਾ ਦਾ ਪਾਠ ਕੀਤਾ ਜਿਸ ਵਿਚ ਦੱਸਿਆ ਕਿ ਕਿਵੇਂ ਅਮੀਰ ਵਰਗ ਗਰੀਬ ਤੇ ਕਾਮੇ ਵਰਗ ਦਾ ਸ਼ੋਸ਼ਣ ਕਰ ਰਿਹਾ ਹੈ। ਇਕਬਾਲ ਸਿੰਘ ਬੋਦਲਾ ਨੇ ਪੰਜਾਬ ਵਿਚ ਭਰੂਣ ਹਤਿਆ ਬਾਰੇ ਦਰਦਨਾਕ ਕਵਿਤਾ ਪੜ੍ਹੀ, ਜਿਸ ਨੂੰ ਸੁਣ ਕੇ ਹਰ ਇਕ ਦੀਆਂ ਅੱਖਾਂ ਨਮ ਹੋ ਗਈਆਂ।

ਜਸਵਿੰਦਰ ਸਿੰਘ ਡੁਮੇਲੀ ਨੇ ਪਤੀ-ਪਤਨੀ ਵਿਚਕਾਰ ਖੱਟੇ ਤੇ ਮਿੱਠੇ ਰਿਸ਼ਤਿਆਂ ਦੀ ਗੱਲ ਹਾਸ-ਵਿਅੰਗ ਵਿਚ ਲਪੇਟ ਕੇ ਕੀਤੀ। ਰੇਸ਼ਮ ਸਿੰਘ ਡੁਮੇਲੀ ਨੇ ਅਨੁਵਾਦ ਕੀਤੀ ਚੀਨੀ ਕਹਾਣੀ ਪੜ੍ਹੀ, ਜੋ ਹਰ ਇਕ ਦੇ ਅਤੀਤ ਨਾਲ ਜੁੜੀ ਹੋਈ ਜਾਪੀ। ਅਖੀਰ ਵਿਚ ਰੀਟਾ ਕੋਹਲੀ ਨੇ ਉਰਦੂ ਗਜ਼ਲ ਅਤੇ ਸ਼ਿਵ ਕੁਮਾਰ ਦਾ ਗੀਤ 'ਪੀੜਾਂ ਦਾ ਪਰਾਗਾ' ਗਾ ਕੇ ਮਹਿਫਿਲ ਦਾ ਰੰਗ ਬੰਨ੍ਹਿਆ। ਜੀਤ ਚੰਦਨ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਨਾਲ ਹੀ ਉਨ੍ਹਾਂ ਭਗਤ ਸਿੰਘ ਅਤੇ ਹੋਰ ਪੰਜਾਬੀਆਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਸਿੱਖਾਂ ਦਾ ਇਤਿਹਾਸ ਕਿਵੇਂ ਕੁਰਬਾਨੀਆਂ ਦਾ ਭਰਿਆ ਹੋਇਆ ਹੈ। ਮੀਟਿੰਗ ਵਿਚ ਬਲਬੀਰ ਸਿੰਘ ਰਾਣਾ, ਧਰਮਪਾਲ ਸਿੰਘ ਤੇ ਕਮਲ ਮਦਨ ਨੇ ਵੀ ਹਿੱਸਾ ਲਿਆ।

ਅਖੀਰ ਵਿਚ ਸਾਂਝੇ ਤੌਰ 'ਤੇ ਇਹ ਗੱਲ ਪ੍ਰਵਾਨ ਕੀਤੀ ਗਈ ਕਿ ਅਗਰ ਨਿਊ ਯਾਰਕ ਦੀਆਂ ਸਾਰੀਆਂ ਸਾਹਿਤ ਸਭਾਵਾਂ ਇਕ ਮੰਚ 'ਤੇ ਆ ਜਾਣ ਤਾਂ ਕਿੰਨਾ ਚੰਗਾ ਹੋਵੇ, ਇਉਂ ਇਕ ਧਾਰਾ ਬਣ ਕੇ ਮਾਂ-ਬੋਲੀ ਪੰਜਾਬੀ ਨੂੰ ਕੁੱਝ ਵੱਡਾ ਦਿੱਤਾ ਜਾ ਸਕਦਾ ਹੈ। ਚਾਹ-ਪਾਣੀ ਅਤੇ ਖਾਣੇ ਦਾ ਸਾਰਾ ਪ੍ਰਬੰਧ ਰੇਸ਼ਮ ਡੁਮੇਲੀ ਨੇ ਕੀਤਾ। ਰਾਜਵਿੰਦਰ ਕੌਰ ਰਾਜ ਨੇ ਆਏ ਸੱਜਣਾਂ ਅਤੇ ਕਵੀਆਂ ਨੂੰ ਜੀ ਆਇਆਂ ਕਿਹਾ ਅਤੇ ਧੰਨਵਾਦ ਕੀਤਾ।

## ਭਾਰਤ ਨੇ 7 ਰੋਹਿੰਗਿਆ ਪਰਵਾਸੀ ਮਿਆਂਮਾਰ ਵਾਪਸ ਭੇਜੇ

**ਨਵੀਂ ਦਿੱਲੀ:** ਭਾਰਤ ਵੱਲੋਂ ਪਹਿਲੀ ਵਾਰ ਅਸਾਮ 'ਚ ਗੈਰ-ਕਾਨੂੰਨੀ ਢੰਗ ਨਾਲ ਦਾਖਲ ਹੋਣ ਵਾਲੇ 7 ਰੋਹਿੰਗਿਆ ਪਰਵਾਸੀਆਂ ਨੂੰ ਮਿਆਂਮਾਰ ਵਾਪਸ ਭੇਜ ਦਿੱਤਾ ਗਿਆ ਹੈ। ਪੁਲਿਸ ਵੱਲੋਂ ਜੁਲਾਈ 2012 'ਚ ਇਨ੍ਹਾਂ ਨੂੰ ਵਿਦੇਸ਼ੀ ਕਾਨੂੰਨ ਦੀ ਉਲੰਘਣਾ ਕਰਨ ਦੇ ਦੋਸ਼ ਵਿਚ ਹਿਰਾਸਤ 'ਚ ਲਿਆ ਗਿਆ ਸੀ ਅਤੇ ਇਹ ਲੋਕ ਉਸ ਸਮੇਂ ਤੋਂ ਅਸਾਮ ਦੇ ਸਿਲਚਰ ਜ਼ਿਲ੍ਹੇ ਦੀ ਚਾਚੜ ਕੇਂਦਰੀ ਜੇਲ੍ਹ 'ਚ ਬੰਦ ਸਨ। ਅਸਾਮ ਦੇ ਐਡੀਸ਼ਨਲ ਡੀ.ਜੀ.ਪੀ. (ਬਾਰਡਰ) ਭਾਸਕਰ ਜੇ. ਮਹੰਤਾ ਨੇ ਦੱਸਿਆ ਕਿ ਮਨੀਪੁਰ ਦੀ ਮੋਰੇਹ ਸਰਹੱਦੀ ਚੌਂਕੀ ਤੋਂ 7 ਰੋਹਿੰਗਿਆ ਪਰਵਾਸੀਆਂ ਨੂੰ ਮਿਆਂਮਾਰ ਅਧਿਕਾਰੀਆਂ ਹਵਾਲੇ ਕੀਤਾ ਗਿਆ ਹੈ।

## ਨੀਰਵ ਮੋਦੀ ਦੀ ਧੋਖਾਧੜੀ ਨੇ ਕੈਨੇਡਾ 'ਚ ਤੁੜਵਾਈ ਮੰਗਣੀ

**ਓਟਾਵਾ:** ਪੀ.ਐਨ.ਬੀ. ਤੋਂ 13 ਹਜ਼ਾਰ ਕਰੋੜ ਰੁਪਏ ਦਾ ਘਪਲਾ ਸਾਹਮਣੇ ਆਉਣ ਤੋਂ ਬਾਅਦ ਵੀ ਹੀਰਾ ਵਪਾਰੀ ਨੀਰਵ ਮੋਦੀ ਦੀ ਧੋਖਾਧੜੀ ਜਾਰੀ ਹੈ। ਅਖਬਾਰ ਦੱਖਣੀ ਚਾਈਨਾ ਮਾਰਨਿੰਗ ਪੋਸਟ ਦੀ ਖਬਰ ਵਿਚ ਇਹ ਦਾਅਵਾ ਕੀਤਾ ਗਿਆ ਹੈ। ਨੀਰਵ ਮੋਦੀ 'ਤੇ ਇਲਜ਼ਾਮ ਹੈ ਕਿ ਉਸ ਨੇ ਇਸੇ ਸਾਲ ਅਪਰੈਲ ਵਿਚ ਕੈਨੇਡੀਅਨ ਨਾਗਰਿਕ ਨਾਲ ਵੀ ਘਪਲਾ ਕੀਤਾ ਹੈ। ਕੈਨੇਡਾ ਦੇ ਪੌਲ ਅਲਫੌਂਸੋ ਨੇ ਨੀਰਵ ਮੋਦੀ ਖਿਲਾਫ ਕੈਲੀਫੋਰਨੀਆ ਦੀ ਅਦਾਲਤ ਵਿਚ ਮਾਮਲਾ ਦਰਜ ਕਰਵਾਇਆ ਹੈ ਜਿਸ ਦੀ ਸੁਣਵਾਈ ਅਗਲੇ ਸਾਲ ਜਨਵਰੀ ਵਿਚ ਹੋਏਗੀ।

ਜਾਣਕਾਰੀ ਮੁਤਾਬਕ ਅਲਫੌਂਸੋ ਨੂੰ ਨੀਰਵ ਮੋਦੀ ਨੇ 2 ਲੱਖ ਡਾਲਰ ਯਾਨੀ 1.47 ਕਰੋੜ ਰੁਪਏ ਵਿਚ ਨਕਲੀ ਹੀਰੇ ਦੀਆਂ ਦੋ ਮੁੰਦਰੀਆਂ ਵੇਚ ਦਿੱਤੀਆਂ। ਉਸ ਨੇ ਇਹ ਮੁੰਦਰੀਆਂ ਆਪਣੇ ਮੰਗਣੇ ਲਈ ਖਰੀਦੀਆਂ ਸਨ। ਜਦੋਂ ਉਸ ਦੀ ਪ੍ਰੇਮਿਕਾ ਨੂੰ ਪਤਾ ਲੱਗਾ ਕਿ ਮੁੰਦਰੀਆਂ ਨਕਲੀ ਹੀਰੇ ਦੀਆਂ ਸਨ ਤਾਂ ਉਸ ਨੇ ਕੁੜਮਾਈ ਤੋੜ ਦਿੱਤੀ। ਇਸੇ ਸਾਲ ਅਗਸਤ ਵਿਚ, ਅਲਫੌਂਸੋ ਦੀ ਮੰਗੇਤਰ ਨੇ ਮੰਗਣੀ ਬਾਅਦ ਬਾਜ਼ਾਰ ਤੋਂ ਜਦੋਂ ਮੁੰਦਰੀਆਂ ਦੀ ਜਾਂਚ ਕਰਾਈ ਤਾਂ ਉਸ ਨੂੰ ਪਤਾ ਲੱਗਾ ਕਿ ਹੀਰੇ ਜਾਅਲੀ ਹਨ। ਇਸ ਤੋਂ ਬਾਅਦ ਅਲਫੌਂਸੋ ਨੂੰ ਨੀਰਵ ਮੋਦੀ ਦੇ ਪੀ.ਐਨ.ਬੀ. ਘਪਲੇ



ਬਾਰੇ ਪਤਾ ਲੱਗਾ। ਅਲਫੌਂਸੋ ਮੁਤਾਬਕ ਉਸ ਦੀ ਮੰਗੇਤਰ ਨੇ ਉਸ ਨੂੰ ਕਿਹਾ ਕਿ ਉਹ ਇੰਨਾ ਚਲਾਕ ਆਦਮੀ ਹੈ, ਫਿਰ ਵੀ ਉਸ ਨੇ ਬਿਨਾਂ ਹੀਰੇ ਦੀ ਪਰਖ ਕੀਤੇ ਮੋਦੀ ਨੂੰ ਦੋ ਲੱਖ ਡਾਲਰ ਦੇ ਦਿੱਤੇ। ਇਸ ਲਈ ਉਹ ਮੂਰਖ ਬੰਦੇ ਨਾਲ ਨਹੀਂ ਰਹਿ ਸਕਦੀ।

# ਗਾਇਕ ਤੋਂ ਨਾਇਕ ਬਣਿਆ ਹਰਜੀਤ ਹਰਮਨ

**ਗੱਲ ਬਾਤ**



ਸੁਰਜੀਤ ਜੱਸਲ
ਫੋਨ: 91-98146-07737

ਪੰਜਾਬੀ ਗਾਇਕਾਂ ਦਾ ਫਿਲਮੀ ਪਰਦੇ 'ਤੇ ਆਉਣਾ ਆਮ ਜਿਹੀ ਗੱਲ ਹੈ। ਅਨੇਕਾਂ ਗਾਇਕ ਹਨ, ਜਿਨ੍ਹਾਂ ਨੂੰ ਗਾਇਕੀ ਤੋਂ ਬਾਅਦ ਫਿਲਮਾਂ ਵਿਚ ਰੱਜਵਾਂ ਪਿਆਰ ਮਿਲਿਆ। ਦਿਲਜੀਤ ਦੁਸਾਂਝ, ਗਿੱਪੀ ਗਰੇਵਾਲ, ਜੱਸੀ ਗਿੱਲ ਵਰਗੇ ਗਾਇਕਾਂ ਨੇ ਤਾਂ ਪੰਜਾਬੀ ਦੇ ਨਾਲ ਬਾਲੀਵੁੱਡ ਫਿਲਮਾਂ ਵਿਚ ਵੀ ਆਪਣੀ ਕਲਾ ਦੇ ਝੰਡੇ ਗੱਡੇ ਹਨ। ਪੰਜਾਬੀ ਗਾਇਕੀ ਵਿਚ ਸੱਭਿਆਚਾਰਕ ਤੇ ਮਿਆਰੀ ਗੀਤਾਂ



*ਹਰਜੀਤ ਹਰਮਨ*

ਨਾਲ ਮਟਕਣੀ ਤੋਰ ਤੁਰਨ ਵਾਲੇ ਪੰਜਾਬੀਆਂ ਦੇ ਹਰਮਨ ਪਿਆਰੇ ਗਾਇਕ ਹਰਜੀਤ ਹਰਮਨ ਦਾ ਬਤੌਰ ਨਾਇਕ ਬਣ ਕੇ ਪੰਜਾਬੀ ਪਰਦੇ 'ਤੇ ਆਉਣਾ ਪੰਜਾਬੀ ਸਿਨਮੇ ਲਈ ਸ਼ੁਭ ਸਗਨ ਹੈ।

ਨਾਭਾ (ਪਟਿਆਲਾ) ਨੇੜਲੇ ਪਿੰਡ ਦੋਦਾ ਦਾ ਜੰਮਪਲ ਹਰਜੀਤ ਆਪਣੀ ਪਹਿਲੀ ਹੀ ਐਲਬਮ 'ਜੰਜੀਰੀ' ਨਾਲ ਸੰਗੀਤ ਖੇਤਰ ਵਿਚ ਹਰਮਨ ਪਿਆਰਾ ਹੋ ਗਿਆ ਸੀ। ਮਿਆਰੀ ਤੇ ਸੱਭਿਆਚਾਰਕ ਗੀਤਾਂ ਦਾ ਪੱਲਾ ਫੜ੍ਹ ਕੇ ਤੁਰਨ ਵਾਲੇ ਹਰਜੀਤ ਨੇ ਫੋਕੀ ਸ਼ੁਹਰਤ ਲਈ ਕਦੇ ਵੀ ਗਲਤ ਰਾਹ ਨਹੀਂ ਚੁਣਿਆ। ਇਹ ਉਸ ਦੀ ਖੁਸ਼ਕਿਸਮਤੀ ਰਹੀ ਕਿ ਉਸ ਨੂੰ ਚੰਗੀ, ਸਾਰਥਕ ਸੋਚ ਵਾਲੀ ਟੀਮ ਮਿਲੀ, ਜਿਸ ਨੇ ਬੜੀ ਸ਼ੁੱਧਤਾ ਨਾਲ ਆਪਣੀਆਂ ਪਾਏਦਾਰ ਕਲਮਾਂ, ਮਨਮੋਹਕ ਸੰਗੀਤਕ ਧੁਨਾਂ ਤੇ ਮਿਆਰੀ ਫਿਲਮਾਂਕਣ ਨਾਲ ਹਰਜੀਤ ਦੇ ਹਰਮਨ ਪਿਆਰਾ ਬਣਨ ਵਿਚ ਵਡਮੁੱਲਾ ਯੋਗਦਾਨ ਪਾਇਆ। 'ਜੰਜੀਰੀ' ਪਿਛੋਂ 'ਤੇਰੇ ਪੈਣ ਭੁਲੇਖੇ', 'ਮੁਟਿਆਰੇ,' 'ਪੰਜੇਬਾਂ', 'ਹੂਰ' ਅਤੇ ਧਾਰਮਿਕ 'ਸ਼ਾਨ-ਏ-ਕੌਮ', 'ਸਿੰਘ ਸੂਰਮੇ' ਆਦਿ ਸੰਗੀਤ ਐਲਬਮਾਂ ਨਾਲ ਕਦਮ-ਦਰ-ਕਦਮ ਸਫਲਤਾ ਦੀਆਂ ਪੈੜਾਂ ਪਾਉਂਦਾ ਗਿਆ।

ਨੌਜਵਾਨ ਦਿਲਾਂ ਦਾ ਚਹੇਤਾ ਹਰਜੀਤ ਹਰਮਨ ਹੁਣ ਪੰਜਾਬੀ ਫਿਲਮ 'ਕੁੜਮਾਈਆਂ' ਨਾਲ ਬਤੌਰ ਨਾਇਕ ਪੰਜਾਬੀ ਫਿਲਮਾਂ ਦਾ ਹਿੱਸਾ ਬਣ ਗਿਆ ਹੈ। ਪੰਜਾਬੀ ਫਿਲਮਾਂ ਵਿਚ ਬਤੌਰ ਅਦਾਕਾਰ ਇੱਕ ਵੱਖਰੀ ਪਛਾਣ ਰੱਖਣ ਵਾਲੇ ਗੁਰਮੀਤ ਸਾਜਨ ਨੇ ਵਿਨਰਜ਼ ਫਿਲਮ ਪ੍ਰੋਡਕਸ਼ਨ ਦੇ ਬੈਨਰ ਹੇਠ ਆਪਣੇ ਸਹਿਯੋਗੀ ਗੁਰਮੇਲ ਬਰਾੜ ਨਾਲ ਨਿਰਮਾਤਾ ਬਣ ਕੇ ਫਿਲਮ 'ਕੁੜਮਾਈਆਂ' ਦਾ ਨਿਰਮਾਣ ਕੀਤਾ ਹੈ। ਪੇਸ਼ ਹਨ, ਹਰਜੀਤ ਹਰਮਨ ਨਾਲ ਕੀਤੀ ਇੱਕ ਵਿਸ਼ੇਸ਼ ਗੱਲਬਾਤ ਦੇ ਕੁਝ ਅੰਸ਼:

**ਫਿਲਮਾਂ ਵੱਲ ਆਉਣ ਦਾ ਖਿਆਲ ਕਦੋਂ ਆਇਆ?**

-ਖਿਆਲ ਤਾਂ ਮਨ ਵਿਚ ਚਿਰਾਂ ਤੋਂ ਹੀ ਸੀ ਪਰ ਮੈਂ ਪਹਿਲਾਂ ਗਾਇਕੀ ਵਿਚ ਪੱਕੇ ਪੈਰੀਂ ਹੋਣਾ ਚਾਹੁੰਦਾ ਸਾਂ। ਫਿਰ ਗੀਤਾਂ ਦੇ ਵੀਡੀਓ 'ਚ ਅਦਾਕਾਰੀ ਕਰਦਿਆਂ ਵੇਖ ਮੇਰੀ ਟੀਮ ਅਤੇ ਪ੍ਰਸ਼ੰਸਕਾਂ ਨੇ ਫਿਲਮਾਂ ਵੱਲ ਆਉਣ ਲਈ ਉਤਸ਼ਾਹਿਤ ਕੀਤਾ।

**ਬਤੌਰ ਨਾਇਕ 'ਕੁੜਮਾਈਆਂ' ਤੁਹਾਡੀ ਪਹਿਲੀ ਫਿਲਮ ਹੈ?**

-ਹੀਰੋ ਵਜੋਂ ਇਹ ਮੇਰੀ ਪਹਿਲੀ ਫਿਲਮ ਹੈ, ਜਿਸ ਵਿਚ ਦਰਸ਼ਕ ਮੈਨੂੰ ਅਦਾਕਾਰਾ ਜਪੁਜੀ ਖਹਿਰਾ ਨਾਲ ਰੁਮਾਂਟਿਕ ਕਿਰਦਾਰਾਂ ਵਿਚ ਵੇਖਣਗੇ। ਵੈਸੇ ਕੁਝ ਸਾਲ ਪਹਿਲਾਂ ਮੈਂ ਬੱਬੂ ਮਾਨ ਨਾਲ 'ਦੇਸੀ ਰੋਮੀਓ' ਇੱਕ ਸਹਿਯੋਗੀ ਕਲਾਕਾਰ ਵਜੋਂ ਕੀਤੀ ਸੀ, ਜਿਸ ਨੂੰ ਦਰਸ਼ਕਾਂ ਨੇ ਬਹੁਤ ਪਿਆਰ ਦਿੱਤਾ।

**ਫਿਲਮ 'ਕੁੜਮਾਈਆਂ' ਬਾਰੇ ਕੀ ਕਹੋਗੇ?**

-'ਕੁੜਮਾਈਆਂ' ਨਾਮਵਰ ਅਦਾਕਾਰ ਗੁਰਮੀਤ ਸਾਜਨ ਤੇ ਮਨਜੀਤ ਟੋਨੀ ਵਲੋਂ ਨਿਰਦੇਸ਼ਤ ਕੀਤੀ ਇੱਕ ਬਹੁਤ ਹੀ ਖੂਬਸੂਰਤ ਵਿਸ਼ੇ ਦੀ ਫਿਲਮ ਹੈ ਜੋ ਵੀਹ-ਪੱਚੀ ਸਾਲ ਪਹਿਲਾਂ ਦੇ ਪਿੰਡਾਂ ਦੇ ਮਾਹੌਲ, ਕਲਚਰ ਨਾਲ ਸਬੰਧਤ ਹੈ। ਜਪੁਜੀ ਖਹਿਰਾ ਨਾਲ ਮੇਰੀ ਰੁਮਾਂਟਿਕ ਜੋੜੀ ਨੂੰ ਦਰਸ਼ਕਾਂ ਨੇ ਬਹੁਤ ਪਸੰਦ ਕੀਤਾ। ਫਿਲਮ ਵਿਚ ਕਾਮੇਡੀ ਦੇ ਨਾਲ ਨਾਲ ਪਰਿਵਾਰਕ ਰਿਸ਼ਤਿਆਂ ਦੀ ਮਹਿਕ, ਦੋ ਦਿਲਾਂ ਵਿਚਲੇ ਪਿਆਰ ਦੀ ਖਿੱਚ, ਵਿਆਹ ਦੀਆਂ ਰਸਮਾਂ ਦੀ ਤਾਜ਼ਗੀ ਅਤੇ ਪੁਰਾਤਨ ਸੰਗੀਤ ਦੇ ਮਾਹੌਲ ਨੂੰ ਵਿਖਾਇਆ ਗਿਆ ਹੈ।

**'ਦੇਸੀ ਰੋਮਿਓ' ਤੋਂ ਬਾਅਦ ਪੰਜਾਬੀ ਫਿਲਮਾਂ ਤੋਂ ਦੂਰੀ ਬਣਾਉਣ ਦਾ ਕੋਈ ਕਾਰਨ?**

-ਬੱਬੂ ਮਾਨ ਮੇਰਾ ਭਰਾਵਾਂ ਵਰਗਾ ਮਿੱਤਰ ਹੈ। ਇਸੇ ਮਿੱਤਰਤਾ ਕਰਕੇ 'ਦੇਸੀ ਰੋਮੀਓ' ਫਿਲਮ ਦਾ ਹਿੱਸਾ ਬਣਿਆ। ਬਤੌਰ ਨਾਇਕ ਫਿਲਮ ਕਰਨ ਲਈ ਮੈਨੂੰ ਆਪਣੇ ਗੀਤਾਂ ਵਾਂਗ ਅੱਜ ਦੇ ਮੁਕਾਬਲੇ ਇੱਕ ਵਧੀਆ ਵਿਸ਼ੇ ਅਤੇ ਕਿਰਦਾਰ ਦੀ ਲੋੜ ਸੀ। ਜਦ ਮੈਨੂੰ ਗੁਰਮੀਤ ਸਾਜਨ ਨੇ ਫਿਲਮ 'ਕੁੜਮਾਈਆਂ' ਦੀ ਸਕ੍ਰਿਪਟ ਅਤੇ ਮੇਰੇ ਕਿਰਦਾਰ ਬਾਰੇ ਦੱਸਿਆ ਤਾਂ ਮੈਨੂੰ ਬਹੁਤ ਪਸੰਦ ਆਇਆ। ਮੈਂ ਫਿਲਮ ਲਈ ਝੱਟ ਹਾਂ ਕਰ ਦਿੱਤੀ।

**'ਮੋਗਾ ਟੂ ਮੈਲਬੌਰਨ' ਦੇ ਅਧੂਰੇ ਸਫਰ ਬਾਰੇ ਕੀ ਕਹੋਗੇ?**

-ਇਸ ਬਾਰੇ ਜ਼ਿਆਦਾ ਤਾਂ 'ਮੋਗਾ ਟੂ ਮੈਲਬੌਰਨ' ਦੀ ਪ੍ਰੋਡਕਸ਼ਨ ਟੀਮ ਹੀ ਦੱਸ ਸਕਦੀ ਹੈ। ਉਂਜ ਉਮੀਦ ਹੈ ਕਿ ਜਲਦੀ ਜਹਾਜ ਲੈਂਡ ਕਰ ਜਾਵੇਗਾ।

**ਪ੍ਰਸ਼ੰਸਕਾਂ-ਦਰਸ਼ਕਾਂ ਨੂੰ ਕੀ ਕਹੋਗੇ?**

-ਮੈਂ ਆਪਣੇ ਪ੍ਰਸ਼ੰਸਕਾਂ ਦਾ ਸਦਾ ਰਿਣੀ ਹਾਂ, ਜਿਨ੍ਹਾਂ ਮੇਰੇ ਗੀਤਾਂ ਨੂੰ ਦਿਲੋਂ ਪਿਆਰ ਦਿੱਤਾ।

## ਜਪੁਜੀ ਖਹਿਰਾ

ਮਿਸ ਵਰਲਡ ਪੰਜਾਬਣ ਦਾ ਖਿਤਾਬ ਜਿੱਤਣ ਵਾਲੀ ਆਸਟਰੇਲੀਅਨ ਪੰਜਾਬਣ ਮੁਟਿਆਰ ਜਪੁਜੀ ਖਹਿਰਾ ਨਿਰਦੇਸ਼ਕ ਮਨਮੋਹਨ ਸਿੰਘ ਦੀ ਫਿਲਮ 'ਮਿੱਟੀ 'ਵਾਜ਼ਾਂ ਮਾਰਦੀ' ਵਿਚ ਗਾਇਕ ਹਰਭਜਨ ਮਾਨ ਦੀ ਨਾਇਕਾ ਬਣ ਕੇ ਪੰਜਾਬੀ ਫਿਲਮਾਂ ਵੱਲ ਆਈ। ਇਸ ਪਹਿਲੀ ਹੀ ਫਿਲਮ ਨਾਲ ਦਰਸ਼ਕਾਂ ਦੇ ਦਿਲਾਂ 'ਤੇ ਰਾਜ ਕਰਨ ਵਾਲੀ ਹੁਸਨ ਦੀ ਇਸ ਮਲਿਕਾ ਅਦਾਕਾਰਾ ਨੂੰ 'ਧਰਤੀ', 'ਸਿੰਘ ਵਰਸਿਜ਼ ਕੌਰ', 'ਫੇਰ ਮਾਮਲਾ ਗੜਬੜ ਗੜਬੜ', 'ਇਸ਼ਕ ਬਰਾਂਡੀ' ਵਰਗੀਆਂ ਫਿਲਮਾਂ ਵਿਚ ਕੰਮ ਕਰਨ ਦਾ ਮੌਕਾ ਮਿਲਿਆ। ਰੌਸ਼ਨ ਪ੍ਰਿੰਸ ਨਾਲ 'ਫੇਰ ਮਾਮਲਾ ਗੜਬੜ ਗੜਬੜ' ਨਾਲ ਜਪੁਜੀ ਦੀ ਕਲਾ ਦਾ ਜਾਦੂ ਦਰਸ਼ਕਾਂ ਦੇ ਸਿਰ ਚੜ੍ਹ ਬੋਲਿਆ।

ਜਪੁਜੀ ਖਹਿਰਾ ਦੀ ਖੁਸ਼ਕਿਸਮਤੀ ਹੈ ਕਿ ਪੰਜਾਬੀ ਪਰਦੇ 'ਤੇ ਉਸ ਦੀ ਗਾਇਕ ਅਦਾਕਾਰ ਨਾਲ ਬਣੀ ਫਿਲਮੀ ਜੋੜੀ ਵਧੇਰੇ ਪ੍ਰਵਾਨ ਚੜ੍ਹੀ।



ਜ਼ਿਕਰਯੋਗ ਹੈ ਕਿ ਹਰਭਜਨ ਮਾਨ, ਰੌਸ਼ਨ ਪ੍ਰਿੰਸ ਤੋਂ ਬਾਅਦ ਜਪੁਜੀ ਖਹਿਰਾ ਦੀ ਜੋੜੀ ਗਾਇਕ ਹਰਜੀਤ ਹਰਮਨ ਨਾਲ ਫਿਲਮ 'ਕੁੜਮਾਈਆਂ' ਵਿਚ ਬਣੀ ਹੈ।

ਫਿਲਮ 'ਕੁੜਮਾਈਆਂ' ਵਿਚ ਜਪੁਜੀ ਦਾ ਕਿਰਦਾਰ ਨਿਰੋਲ ਪੰਜਾਬੀ ਪਹਿਰਾਵੇ ਵਿਚ, ਇੱਕ ਸਾਧਾਰਣ ਦਿੱਖ ਵਾਲੀ ਪੇਂਡੂ ਪੰਜਾਬਣ ਕੁੜੀ ਦਾ ਹੈ, ਜੋ ਨੇੜਲੇ ਪਿੰਡ ਦੇ ਇੱਕ ਛੈਲ-ਛਬੀਲੇ ਗੱਭਰੂ ਜੀਤ ਨਾਲ ਪਿਆਰ ਕਰਦੀ ਹੈ। ਕੁਝ ਪਰਿਵਾਰਕ ਉਲਝਣਾਂ ਕਰਕੇ ਉਨ੍ਹਾਂ ਦਾ ਪਿਆਰ ਕੁਝ ਗਲਤ ਫਹਿਮੀਆਂ ਦਾ ਸ਼ਿਕਾਰ ਹੋ ਜਾਂਦਾ ਹੈ।

ਪੰਜਾਬੀ ਸਿਨਮੇ ਤੋਂ ਦੂਰ ਰਹਿਣ ਬਾਰੇ ਜਪੁਜੀ ਖਹਿਰਾ ਨੇ ਕਿਹਾ ਕਿ ਉਹ ਜ਼ਿਆਦਾਤਰ ਆਸਟਰੇਲੀਆ ਹੀ ਰਹਿੰਦੀ ਹੈ, ਸਿਰਫ ਫਿਲਮ ਦੀ ਸੂਟਿੰਗ ਵੇਲੇ ਪੰਜਾਬ ਆਉਂਦੀ ਹੈ। ਫਿਲਮਾਂ ਦੀ ਗਿਣਤੀ ਵਧਾਉਣ ਨਾਲੋਂ ਉਹ ਚੰਗੇ ਵਿਸ਼ੇ ਅਤੇ ਫਿਲਮ ਵਿਚ ਆਪਣੇ ਕਿਰਦਾਰ ਨੂੰ ਵਧੇਰੇ ਤਰਜੀਹ ਦਿੰਦੀ ਹੈ।

# ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ, ਓਹਾਇਓ ਦੇ 8ਵੇਂ ਖੇਡ ਮੇਲੇ 'ਚ ਲੱਗੀਆਂ ਰੌਣਕਾਂ

**ਵੈਸਟ ਚੈਸਟਰ, ਓਹਾਇਓ (ਬਿਊਰੋ):** ਸਥਾਨਕ ਖੇਡ ਤੇ ਸਭਿਆਚਾਰਕ ਸੰਸਥਾ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ, ਓਹਾਇਓ ਵਲੋਂ ਕਰਵਾਏ ਗਏ ਅੱਠਵੇਂ ਸਾਲਾਨਾ ਖੇਡ ਮੇਲੇ ਵਿਚ ਅਮਰੀਕਾ ਦੀ ਕਬੱਡੀ ਟੀਮ ਬਾਜ਼ੀ ਮਾਰ ਗਈ ਤੇ ਜੇਤੂ ਟਰਾਫੀ ਦੀ ਹੱਕਦਾਰ ਬਣੀ।



ਇਥੇ ਵਾਇਸ ਆਫ ਅਮੈਰਿਕਾ ਪਾਰਕ ਵਿਚ ਪਿਛਲੇ ਦਿਨੀਂ ਕਰਵਾਏ ਗਏ ਇਸ ਮੇਲੇ ਵਿਚ ਪਹਿਲੇ ਥਾਂ ਰਹੀ ਅਮਰੀਕਾ ਦੀ ਟੀਮ ਅਤੇ ਦੂਜੇ ਥਾਂ ਰਹੀ ਇੰਡੀਆ ਦੀ ਟੀਮ ਨੂੰ 13-13 ਹਜ਼ਾਰ ਡਾਲਰ ਦੇ ਇਨਾਮ ਦਿੱਤੇ ਗਏ, ਜਦਕਿ ਤੀਜੇ ਥਾਂ ਰਹੀ ਕੈਨੇਡਾ ਦੀ ਟੀਮ ਨੂੰ 12 ਹਜ਼ਾਰ ਡਾਲਰ ਅਤੇ ਚੌਥੇ ਥਾਂ ਰਹੀ ਮਿਡਵੈਸਟ ਦੀ ਟੀਮ ਨੂੰ 11 ਹਜ਼ਾਰ ਡਾਲਰ ਦਾ ਇਨਾਮ ਦਿੱਤਾ ਗਿਆ।



ਗੁਰੂ ਮਹਾਰਾਜ ਦੇ ਚਰਨਾਂ 'ਚ ਅਰਦਾਸ ਉਪਰੰਤ ਖੇਡ ਮੇਲੇ ਦੀ ਸ਼ੁਰੂਆਤ ਸ਼ੌਕਰ ਦੇ ਮੈਚ ਨਾਲ ਹੋਈ। ਦੇਖਦਿਆਂ ਹੀ ਦੇਖਦਿਆਂ ਮੈਦਾਨ ਦਰਸ਼ਕਾਂ ਨਾਲ ਭਰ ਗਿਆ। ਖੇਡ ਮੈਦਾਨ ਨੂੰ ਰੰਗ-ਬਰੰਗੇ ਝੰਡਿਆਂ ਨਾਲ ਸਜਾਇਆ ਗਿਆ ਸੀ। ਕਾਫੀ ਵੱਡੀ ਸਟੇਜ 'ਤੇ ਟਰਾਫੀਆਂ ਸਜਾਈਆਂ ਹੋਈਆਂ ਸਨ। ਪ੍ਰਬੰਧਕ ਦਰਸ਼ਕਾਂ ਅਤੇ ਆਏ ਮਹਿਮਾਨਾਂ ਦਾ ਖਿੜੇ ਮੱਥੇ ਸਵਾਗਤ ਕਰ ਰਹੇ ਸਨ।

ਕਬੱਡੀ ਦੇ ਮੈਚ ਬਹੁਤ ਹੀ ਫਸਵੇਂ ਰਹੇ। ਜੋਸ਼ ਵਿਚ ਆਏ ਦਰਸ਼ਕਾਂ ਨੇ ਸੌ ਸੌ ਦੇ ਨੋਟਾਂ ਦੀ ਝੜੀ ਲਾਈ ਰੱਖੀ। ਕਬੱਡੀ ਦੀ ਕਮੈਂਟਰੀ ਮੱਖਣ ਅਲੀ ਅਤੇ ਸੁਰਜੀਤ ਕਕਰਾਲੀ ਨੇ ਆਪੋ ਆਪਣੇ ਅੰਦਾਜ਼ ਵਿਚ ਕਰਕੇ ਖੇਡ ਦਾ ਮਜ਼ਾ ਦੂਣਾ-ਤੀਣਾ ਕਰੀ ਰੱਖਿਆ।

ਇਸ ਵਾਰ ਕੁੜੀਆਂ ਦੀ ਕਬੱਡੀ ਖਾਸ ਖਿੱਚ ਦਾ ਕੇਂਦਰ ਰਹੀ। ਅਮਰੀਕਾ ਅਤੇ ਮੈਕਸੀਕੋ ਦੀਆਂ ਕੁੜੀਆਂ ਵਿਚਾਲੇ ਕਬੱਡੀ ਮੈਚ ਸੀ ਤਾਂ ਭਾਵੇਂ ਸ਼ੋਅ ਮੈਚ ਹੀ ਸੀ, ਪਰ ਦਰਸ਼ਕ ਕੁੜੀਆਂ ਦੀ ਕਬੱਡੀ ਬੜੀ ਦਿਲਚਸਪੀ ਨਾਲ ਦੇਖ ਰਹੇ ਸਨ। ਇਸ ਵਿਚ ਮੈਕਸੀਕੋ ਦੀ ਟੀਮ ਜੇਤੂ ਰਹੀ। ਦੋਹਾਂ ਟੀਮਾਂ ਨੂੰ ਮਾਣ ਸਤਿਕਾਰ ਵਜੋਂ 2-2 ਹਜ਼ਾਰ ਡਾਲਰ ਦਿੱਤੇ ਗਏ।



ਵਾਲੀਬਾਲ ਦੇ ਮੁਕਾਬਲੇ ਵੀ ਬੜੇ ਫਸਵੇਂ ਰਹੇ। ਵਾਲੀਬਾਲ ਦਾ ਪਹਿਲਾ 3100 ਡਾਲਰ ਦਾ ਇਨਾਮ ਵਿੰਡਸਰ, ਕੈਨੇਡਾ ਦੀ ਟੀਮ ਨੇ ਜਿੱਤਿਆ, ਜਦਕਿ 2100 ਡਾਲਰ ਦਾ ਦੂਜਾ ਇਨਾਮ ਟੋਰਾਂਟੋ, ਕੈਨੇਡਾ ਦੀ ਟੀਮ ਦੇ ਹਿੱਸੇ ਆਇਆ। ਸ਼ੂਟ ਵਾਲੀਬਾਲ ਮੁਕਾਬਲੇ ਵਿਚ ਇੰਡੀਆਨਾ ਨੇ 1100 ਡਾਲਰ ਦਾ ਪਹਿਲਾ ਇਨਾਮ ਜਿੱਤਿਆ ਜਦਕਿ ਦੂਜੇ ਥਾਂ ਰਹੀ ਡੇਅਟਨ ਦੀ ਟੀਮ ਨੂੰ 500 ਡਾਲਰ ਦਾ ਇਨਾਮ ਮਿਲਿਆ।

ਇੰਡੀਆਨਾ ਅਤੇ ਡੇਅਟਨ ਵਿਚਾਲੇ ਹੋਏ ਸ਼ੌਕਰ ਦੇ ਫਾਈਨਲ ਮੁਕਾਬਲੇ ਵਿਚ ਇੰਡੀਆਨਾ ਦੀ ਟੀਮ ਜੇਤੂ ਰਹੀ। ਅੱਵਲ ਆਉਣ ਵਾਲੀ ਟੀਮ ਨੂੰ 2100 ਡਾਲਰ ਅਤੇ ਦੂਜੇ ਥਾਂ ਰਹੀ ਡੇਅਟਨ ਦੀ ਟੀਮ ਨੂੰ 1500 ਡਾਲਰ ਦਾ ਇਨਾਮ ਦਿੱਤਾ ਗਿਆ।

ਖੇਡਾਂ ਦੇ ਮੈਚ ਖਤਮ ਹੋਣ ਉਪਰੰਤ ਗੀਤ-ਸੰਗੀਤ ਦਾ ਦੌਰ ਚੱਲਿਆ। ਨਾਮੀ ਗਾਇਕ ਸਿੱਧੂ ਮੂਸੇਵਾਲਾ ਤੋਂ ਇਲਾਵਾ ਗਾਇਕ ਹਰਿੰਦਰ ਹਰਵੀ ਤੇ ਨਿੰਮਾ ਡੱਲੇਵਾਲਾ ਨੇ ਆਪਣੇ ਉਮਦਾ ਗੀਤ ਸੁਣਾ ਕੇ ਮੇਲੀਆਂ ਦਾ ਭਰਪੂਰ ਮਨੋਰੰਜਨ ਕੀਤਾ। ਜਿਉਂ ਹੀ ਸਿੱਧੂ ਮੂਸੇਵਾਲਾ ਸਟੇਜ 'ਤੇ ਆਇਆ, ਪ੍ਰਸ਼ੰਸਕਾਂ ਨੇ ਤਾੜੀਆਂ ਤੇ ਸੀਟੀਆਂ ਮਾਰ ਕੇ ਉਸ ਦਾ ਸਵਾਗਤ ਕੀਤਾ। ਸਿੱਧੂ ਉਦੋਂ ਤੱਕ ਗਾਉਂਦਾ ਰਿਹਾ, ਜਦੋਂ ਤੱਕ ਦਰਸ਼ਕ ਬੈਠੇ ਰਹੇ। ਸਟੇਜ ਦੀ ਜ਼ਿੰਮੇਵਾਰੀ ਕੁਮਾਰ ਪਵਨਦੀਪ ਨੇ ਪੂਰੀ ਮੁਸਤੈਦੀ ਨਾਲ ਨਿਭਾਈ।

ਮੇਲੇ ਦੌਰਾਨ ਰੈਫਲ ਡਰਾਅ ਵੀ ਕੱਢਿਆ ਗਿਆ। ਪਹਿਲਾ ਰੌਇਲ ਇਨਫੀਲਡ ਬੁਲੇਟ ਮੋਟਰਸਾਈਕਲ ਦਾ ਰੈਫਲ ਜਗਪਾਲ ਨਾਗਰਾ ਦਾ ਨਿਕਲਿਆ। ਦੂਜਾ ਲੈਪਟਾਪ ਦਾ ਰੈਫਲ ਨਰਿੰਦਰ ਤਾਤਲਾ ਨੂੰ ਮਿਲਿਆ।

ਮੇਲੇ ਦੀ ਖਾਸੀਅਤ ਇਹ ਰਹੀ ਕਿ ਬੀਬੀਆਂ ਵੱਡੀ ਗਿਣਤੀ ਵਿਚ ਆਈਆਂ ਹੋਈਆਂ ਸਨ। ਮੁਟਿਆਰਾਂ ਵੀ ਵੰਨ-ਸੁਵੰਨੇ ਸੂਟ ਪਾ ਕੇ ਮੇਲਾ ਵੇਖਣ ਪਹੁੰਚੀਆਂ। ਹਰ ਉਮਰ ਦੇ ਦਰਸ਼ਕ ਮੇਲੇ ਵਿਚ ਰੌਣਕਾਂ ਲਾ ਰਹੇ ਸਨ। ਛੋਟੇ ਛੋਟੇ ਬੱਚਿਆਂ ਲਈ ਖਾਸ ਖੇਡਾਂ ਦਾ ਪ੍ਰਬੰਧ ਸੀ ਅਤੇ ਉਹ ਖੇਡਣ ਲਈ ਤਿਆਰ ਹੋ ਕੇ ਆਏ ਸਨ।



ਪ੍ਰਬੰਧਕਾਂ ਨੇ ਮੇਲੀਆਂ ਦੇ ਖਾਣ-ਪੀਣ ਦਾ ਚੰਗਾ ਪ੍ਰਬੰਧ ਕੀਤਾ ਹੋਇਆ ਸੀ। ਹਰ ਕੋਈ ਗਰਮਾ ਗਰਮ ਪਕੌੜਿਆਂ, ਸਮੋਸਿਆਂ ਅਤੇ ਚਾਹ ਦੇ ਨਾਲ ਰੋਟੀ-ਪਾਣੀ ਦਾ ਵੀ ਅਨੰਦ ਮਾਣ ਰਿਹਾ ਸੀ।



ਗਾਇਕ ਸਿੱਧੂ ਮੂਸੇਵਾਲਾ



ਨਿੰਮਾ ਡੱਲੇਵਾਲਾ



ਹਰਿੰਦਰ ਹਰਵੀ

ਮੇਲੇ ਦੇ ਮੁੱਖ ਮਹਿਮਾਨ ਇੰਡੀਆਨਾ ਤੋਂ ਉਘੇ ਬਿਜਨਸਮੈਨ ਬਲਦੇਵ ਸਿੰਘ ਸੱਲ੍ਹਾਂ, ਗੁਰਮੀਤ ਸਿੰਘ ਸੱਲ੍ਹਾਂ ਤੇ ਸਰਬਜੀਤ ਸਿੰਘ ਸੱਲ੍ਹਾਂ ਅਤੇ ਉਨ੍ਹਾਂ ਦੇ ਪਿਤਾ ਜਥੇਦਾਰ ਤਾਰਾ ਸਿੰਘ ਸੱਲ੍ਹਾਂ ਪਰਿਵਾਰ ਤੇ ਦੋਸਤਾਂ-ਮਿੱਤਰਾਂ ਸਮੇਤ ਪੁੱਜੇ। ਵਿਸ਼ੇਸ਼ ਮਹਿਮਾਨ ਜਸਪ੍ਰੀਤ ਸਿੰਘ (ਅਟਾਰਨੀ ਐਟ ਲਾਅ) ਕੈਲੀਫੋਰਨੀਆ ਤੋਂ ਉਚੇਚਾ ਆਏ।

ਹੋਰ ਮਹਿਮਾਨਾਂ ਵਿਚ ਮਿਲਵਾਕੀ ਤੋਂ ਅਮਰਜੀਤ ਸਿੰਘ ਢੀਂਡਸਾ, ਦੀਦਾਰ ਸਿੰਘ ਧਨੋਆ, ਲੱਖਾ ਢੀਂਡਸਾ; ਇੰਡੀਆਨਾ ਤੋਂ ਰਿੰਪੀ ਖੱਟੜਾ, ਧਰਮਿੰਦਰ ਖੱਟੜਾ, ਰਾਣਾ ਸਿੱਧੂ, ਸਰਵਣ ਸਿੰਘ ਟਿਵਾਣਾ, ਦਰਸ਼ਨ ਸਿੰਘ ਬਸਰਾਓਂ, ਜਿੰਮੀ ਬਰਾੜ, ਮੱਖਣ ਬਦੇਸ਼ਾ ਤੇ ਮਲਕੀਤ ਉਪਲ ਆਪਣੇ ਸਾਥੀਆਂ ਸਮੇਤ ਪਹੁੰਚੇ ਹੋਏ ਸਨ। ਕੈਨਟੱਕੀ ਤੋਂ ਬਿਲੂ ਪੰਧੇਰ, ਉਪਕਾਰ ਸੋਹਲ, ਪਰਮਿੰਦਰ ਮਾਣਕ, ਰਾਣਾ ਢਿੱਲੋਂ, ਜੀਵਨ ਮੱਲ੍ਹੀ, ਤੀਰਥ ਪੰਧੇਰ, ਤਰਜੀਤ ਬਾਸੀ ਤੇ ਸਾਥੀ; ਸ਼ਿਕਾਗੋ ਤੋਂ ਹੈਪੀ ਹੀਰ, ਡਾ. ਹਰਜਿੰਦਰ ਸਿੰਘ ਖਹਿਰਾ, ਮਨਦੀਪ ਸਿੰਘ ਭੂਰਾ, ਨਿਧਾਨ ਸਿੰਘ ਮਤੋਤ, ਗੁਰਮੀਤ ਬਾਠ; ਫੋਰਟਵੇਨ, ਇੰਡੀਆਨਾ ਤੋਂ ਰੇਸ਼ਮ ਸਿੰਘ, ਨੀਟੂ ਸਿੰਘ; ਕੋਲੰਬਸ ਤੋਂ ਪਲਵਿੰਦਰ ਗਿੱਲ, ਸੁਖਵਿੰਦਰ ਸਿੰਘ, ਹਰਪਾਲ ਸੰਘਾ, ਸੁਰਿੰਦਰ ਗਿੱਲ; ਕਲੀਵਲੈਂਡ ਤੋਂ ਸੋਨੂੰ ਸਰਹਿੰਦ ਤੇ ਦਵਿੰਦਰ ਕਾਹਲੋਂ; ਆਇਓਵਾ ਤੋਂ ਸੋਹਣ ਗਿੱਲ ਅਤੇ ਪੀ. ਸੀ. ਐਸ. ਕੈਲਮਜ਼ੂ, ਮਿਸ਼ੀਗਨ ਦੇ ਮੈਂਬਰ ਪਹੁੰਚੇ ਹੋਏ ਸਨ।



ਮੇਲੇ ਦੀ ਕਾਮਯਾਬੀ ਤੋਂ ਪ੍ਰਬੰਧਕ ਪੂਰੇ ਖੁਸ਼ ਸਨ, ਜਿਨ੍ਹਾਂ ਰਲ-ਮਿਲ ਕੇ ਮੇਲੇ ਨੂੰ ਸਫਲ ਬਣਾਉਣ ਲਈ ਦਿਨ-ਰਾਤ ਇਕ ਕਰੀ ਰੱਖਿਆ। ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਦੇ ਟੀਮ ਮੈਂਬਰ-ਅਮਰਜੀਤ ਸਿੰਘ ਤੱਖਰ, ਸੁਰਜੀਤ ਸਿੰਘ ਮਾਵੀ, ਕੁਮਾਰ ਪਵਨਦੀਪ, ਚਰਨਜੀਤ ਸਿੰਘ ਬਰਾੜ, ਅਮਰਜੀਤ ਅਗਰਵਾਲ, ਅਮਰੀਕ ਸਿੰਘ ਟਿਵਾਣਾ, ਪਰਮਿੰਦਰ ਸਿੰਘ ਤੱਖਰ, ਬੌਬੀ ਸਿੱਧੂ, ਗੁਰਮਿੰਦਰ ਸੰਧੂ, ਬਹਾਦਰ ਸਿੰਘ ਕਲੇਰ, ਜਗਤਾਰ ਸਿੰਘ ਫੰਟੂ ਤੇ ਪ੍ਰੀਤਮਪਾਲ ਸਿੰਘ ਅਤੇ ਸਲਾਹਕਾਰ ਕਮੇਟੀ ਦੇ ਮੈਂਬਰਾਂ-ਹਰਿੰਦਰ ਸਿੰਘ ਕੰਗ, ਗੁਰਪ੍ਰੀਤ ਗਿੱਲ, ਵਨੀਤ ਗੁਪਤਾ, ਮਨੀ ਰਾਮ, ਪਰਮਜੀਤ ਸਿੰਘ ਗਰਚਾ, ਬਹਾਦਰ ਸਿੰਘ ਮੁੰਡੀ ਤੇ ਨਰਿੰਦਰਪਾਲ ਤਾਤਲਾ ਨੇ ਸਮੂਹ ਸਪਾਂਸਰਾਂ, ਸਹਿਯੋਗੀਆਂ, ਖਿਡਾਰੀਆਂ ਤੇ ਦਰਸ਼ਕਾਂ ਦਾ ਧੰਨਵਾਦ ਕੀਤਾ ਹੈ।



# ਗੁਰਮੀਤ ਸਿੰਘ ਮਹਿਮਤਪੁਰ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਦੇ ਪ੍ਰਧਾਨ ਬਣੇ

**ਰਿਚਮੰਡ ਹਿੱਲ, ਨਿਊ ਯਾਰਕ (ਬਿਊਰੋ):** ਪੰਜਾਬੀਆਂ ਦਾ ਗੜ੍ਹ ਮੰਨੇ ਜਾਂਦੇ ਇਲਾਕੇ ਰਿਚਮੰਡ ਹਿੱਲ ਵਿਚ 114 ਸਟ੍ਰੀਟ ਅਤੇ 101 ਐਵਨਿਊ 'ਤੇ ਸਥਿਤ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵਿਖੇ ਲੰਘੇ ਐਤਵਾਰ ਨਵੀਂ ਪ੍ਰਬੰਧਕ ਕਮੇਟੀ ਗੁਰੂ ਘਰ ਦੇ ਟਰੱਸਟ ਅਤੇ ਬੋਰਡ ਕਮੇਟੀ ਵਲੋਂ ਸਰਬ ਸੰਮਤੀ ਨਾਲ ਚੁਣੀ ਗਈ, ਜਿਸ ਅਨੁਸਾਰ ਪ੍ਰਧਾਨ ਗੁਰਮੀਤ ਸਿੰਘ ਮਹਿਮਤਪੁਰ, ਚੇਅਰਮੈਨ ਗੁਰਨਾਮ ਸਿੰਘ ਟਾਹਲੀ ਅਤੇ ਸਕੱਤਰ ਹਿੰਮਤ ਸਿੰਘ ਸਰਪੰਚ ਤੇ ਦਲੇਰ ਸਿੰਘ ਅਤੇ ਮੀਤ ਸਕੱਤਰ ਸੁਖਜਿੰਦਰ ਸਿੰਘ ਰਿੰਪੀ ਟਾਹਲੀ ਬਣਾਏ ਗਏ ਹਨ।



ਗੁਰਦੁਆਰਾ ਸਾਹਿਬ ਦੇ ਮੌਜੂਦਾ ਪ੍ਰਧਾਨ ਰਘਬੀਰ ਸਿੰਘ ਬੱਬੀ ਨੇ ਪੂਰੇ ਦੋ ਸਾਲ ਸੇਵਾ ਨਿਭਾ ਕੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ





ਅਖੰਡ ਪਾਠ ਦੇ ਭੋਗ ਤੋਂ ਬਾਅਦ ਗੁਰਮੀਤ ਸਿੰਘ ਮਹਿਮਤਪੁਰ ਨੂੰ ਸਿਰੋਪਾਓ ਦੇ ਕੇ ਅਗਲੇ ਦੋ ਸਾਲਾਂ ਲਈ ਪ੍ਰਧਾਨਗੀ ਦੀ ਸੇਵਾ ਸੰਭਾਲੀ।

ਆਪਣੇ ਵਾਅਦੇ ਅਨੁਸਾਰ ਰਘਬੀਰ ਸਿੰਘ ਬੱਬੀ ਨੇ ਆਪਣਾ ਕਾਰਜ-ਕਾਲ ਪੂਰਾ ਕਰਕੇ ਬੋਰਡ ਆਫ ਕਮੇਟੀ ਦੇ ਮੈਂਬਰਾਂ ਨੂੰ 2 ਮਹੀਨੇ ਪਹਿਲੇ ਨਵੀਂ ਕਮੇਟੀ ਦੇ ਗਠਨ ਬਾਰੇ ਜ਼ੁਬਾਨੀ ਇਤਲਾਹ ਦੇ ਦਿੱਤੀ ਸੀ। ਉਨ੍ਹਾਂ ਸੰਗਤਾਂ ਅਤੇ ਸਾਰੀ ਕਮੇਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਨੂੰ ਮੇਰੇ ਦੋ ਸਾਲਾਂ ਦੇ ਟਾਈਮ ਵਿਚ ਇਹ ਕਦੀ ਵੀ ਮਹਿਸੂਸ ਨਹੀਂ ਹੋਣ ਦਿੱਤਾ ਕਿ ਮੈਂ ਇਕੱਲਾ ਹਾਂ। ਉਨ੍ਹਾਂ ਉਮੀਦ ਜਾਹਰ ਕੀਤੀ ਕਿ ਨਵੇਂ ਚੁਣੇ ਪ੍ਰਧਾਨ ਗੁਰਮੀਤ ਸਿੰਘ ਮਹਿਮਤਪੁਰ ਪੂਰੀ ਤਨਦੇਹੀ ਨਾਲ ਗੁਰੂ ਘਰ ਦੀ ਸੇਵਾ ਨਿਭਾਉਣਗੇ। ਸ. ਮਹਿਤਪੁਰ ਬਹੁਤ ਹੀ ਸੁਘੜ ਸੁਭਾਅ ਅਤੇ ਜ਼ਿੰਦਾ ਦਿਲ ਇਨਸਾਨ ਹਨ, ਜੋ ਗੁਰਦੁਆਰਾ ਸਾਹਿਬ ਨਾਲ ਮੁੱਢ ਤੋਂ ਜੁੜੇ ਹੋਏ ਹਨ। ਉਹ ਗੁਰੂ ਘਰ ਦੇ ਅੱਠਵੇਂ ਪ੍ਰਧਾਨ ਹੋਣਗੇ। ਉਨ੍ਹਾਂ ਤੋਂ ਪਹਿਲਾਂ ਮਾਸਟਰ ਮਹਿੰਦਰ ਸਿੰਘ, ਰਘਬੀਰ ਸਿੰਘ ਸੁਭਾਨਪੁਰ, ਮਨਜੀਤ ਸਿੰਘ ਦਸੂਆ, ਪ੍ਰੀਤਮ ਸਿੰਘ ਗਿਲਜੀਆਂ, ਕੁਲਦੀਪ ਸਿੰਘ ਖਾਲਸਾ, ਹਿੰਮਤ ਸਿੰਘ ਸਰਪੰਚ, ਗੁਰਮੇਜ ਸਿੰਘ ਤੇ ਰਘਬੀਰ ਸਿੰਘ ਬੱਬੀ ਦੋ-ਦੋ ਸਾਲਾਂ ਲਈ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਰਹਿ ਚੁਕੇ ਹਨ।

ਨਵੇਂ ਪ੍ਰਧਾਨ ਗੁਰਮੀਤ ਸਿੰਘ ਮਹਿਮਤਪੁਰ ਨੇ ਵਿਸ਼ਵਾਸ ਦਿਵਾਇਆ ਕਿ ਉਹ ਗੁਰੂ ਘਰ ਦੇ ਸੰਵਿਧਾਨ ਅਨੁਸਾਰ ਕਮੇਟੀ ਚਲਾਉਣਗੇ ਅਤੇ ਹਰ ਕਿਸੇ ਨੂੰ ਨਾਲ ਲੈ ਕੇ ਚੱਲਣਗੇ।

ਪ੍ਰਬੰਧਕ ਕਮੇਟੀ ਦੇ ਨਵੇਂ ਚੁਣੇ ਗਏ ਮੈਂਬਰਾਂ ਵਿਚ ਮੀਤ ਪ੍ਰਧਾਨ ਯੁੱਗਵਿੰਦਰ ਸਿੰਘ ਤੇ ਸੁਰਿੰਦਰ ਸਿੰਘ ਅਤੇ ਮੀਤ ਚੇਅਰਮੈਨ ਬੀਬੀ ਬਲਵਿੰਦਰ ਕੌਰ ਗਿਲਜੀਆਂ ਥਾਪੇ ਗਏ ਹਨ। ਕੈਸ਼ੀਅਰ ਦੀ ਸੇਵਾ ਦਲੀਪ ਸਿੰਘ, ਗਰੀਬ ਸਿੰਘ ਤਨੇਜਾ ਅਤੇ ਜਸਵਿੰਦਰ ਸਿੰਘ ਨੂੰ ਸੌਂਪੀ ਗਈ ਹੈ। ਬਿਲਡਿੰਗ ਇੰਚਾਰਜ ਗੁਰਦੀਪ ਸਿੰਘ ਤੇ ਸਹਾਇਕ ਇੰਚਾਰਜ ਮਹਿੰਦਰ ਸਿੰਘ ਹੋਣਗੇ। ਐਜੂਕੇਸ਼ਨ ਡਿਪਾਰਟਮੈਂਟ ਇੰਚਾਰਜ ਬੀਬੀ ਗੁਰਮੀਤ ਕੌਰ ਅਤੇ ਪਰਮਿੰਦਰ ਕੌਰ ਨੂੰ ਬਣਾਇਆ ਗਿਆ ਹੈ। ਪੀ. ਆਰ. ਜਤਿੰਦਰ ਕੌਰ ਤੇ ਕੁਲਵੰਤ ਕੌਰ ਅਤੇ ਜਨਰਲ ਮੈਨੇਜਰ ਹਰਵਿੰਦਰ ਸਿੰਘ ਤਲਵੰਡੀ ਹੋਣਗੇ। ਲੀਗਲ ਐਡਵਾਈਜ਼ਰ ਦੀ ਸੇਵਾ ਬੀਬੀ ਸਤਵਿੰਦਰ ਕੌਰ ਤੇ ਬਲਵੀਰ ਸਿੰਘ ਨਿਭਾਉਣਗੇ। ਲੰਗਰ ਇੰਚਾਰਜ ਬਲਵਿੰਦਰ ਸਿੰਘ ਅਤੇ ਮਨਜੀਤ ਸਿੰਘ ਹੋਣਗੇ।

## ਕਰਤਾਰਪੁਰ ਲਾਂਘਾ ਪ੍ਰਾਜੈਕਟ ਤਿਆਰ ਕਰਨ ਵਾਲੀਆਂ ਸ਼ਖਸੀਅਤਾਂ ਦਾ ਸਨਮਾਨ

**ਮੈਰੀਲੈਂਡ (ਬਿਊਰੋ):** ਸਿੱਖ ਐਸੋਸੀਏਸ਼ਨ ਆਫ ਬਾਲਟੀਮੋਰ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕਰਤਾਰਪੁਰ ਲਾਂਘੇ ਸਬੰਧੀ ਪ੍ਰਾਜੈਕਟ ਤਿਆਰ ਕਰਨ ਵਾਲੀਆਂ ਸ਼ਖਸੀਅਤਾਂ ਦਾ ਸਨਮਾਨ ਕੀਤਾ ਗਿਆ। ਇਹ ਸਨਮਾਨ ਗੁਰੂਘਰ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਵਲੋਂ ਰਛਪਾਲ ਸਿੰਘ ਢੀਂਡਸਾ ਚੇਅਰਮੈਨ ਯੂਨਾਈਟਡ ਸਿੱਖ ਮਿਸ਼ਨ ਕੈਲੀਫੋਰਨੀਆ, ਬਲਵਿੰਦਰ ਸਿੰਘ ਪ੍ਰਧਾਨ ਗੁਰਦੁਆਰਾ ਰਿਵਰ ਸਾਈਡ ਕੈਲੀਫੋਰਨੀਆ, ਜਤਿੰਦਰਪਾਲ ਸਿੰਘ, ਗੁਰਚਰਨ ਸਿੰਘ, ਸੁਰਿੰਦਰ ਸਿੰਘ ਇੰਜੀਨੀਅਰ ਨੂੰ ਦਿੱਤਾ ਗਿਆ।



ਇਸ ਮੌਕੇ ਡਾ. ਸੁਰਿੰਦਰ ਸਿੰਘ ਗਿੱਲ ਨੇ ਸਾਰੇ ਮਹਿਮਾਨਾਂ ਦੀ ਜਾਣ ਪਛਾਣ ਸੰਗਤਾਂ ਨਾਲ ਕਰਵਾਈ ਅਤੇ ਕਰਤਾਰਪੁਰ ਲਾਂਘੇ ਦੇ ਪ੍ਰਾਜੈਕਟ ਬਾਰੇ ਸੰਗਤਾਂ ਨੂੰ ਵਿਸਥਾਰ ਵਿਚ ਜਾਣਕਾਰੀ ਦਿੱਤੀ। ਜ਼ਿਕਰਯੋਗ ਹੈ ਕਿ ਯੂਨਾਈਟਡ ਸਿੱਖ ਮਿਸ਼ਨ ਸਾਲ 2004 ਤੋਂ ਕਰਤਾਰਪੁਰ ਲਾਂਘੇ ਸਬੰਧੀ ਕੰਮ ਕਰ ਰਿਹਾ ਹੈ, ਜਿਨ੍ਹਾਂ ਇਹ ਪ੍ਰਾਜੈਕਟ ਯੂ. ਐਨ. ਅੰਬੈਸਡਰ ਜਾਨ ਮੈਕਡੋਨਲ ਦੀ ਸਰਪ੍ਰਸਤੀ ਹੇਠ ਤਿਆਰ ਕਰਵਾਇਆ ਹੈ। ਇਸ ਪ੍ਰਾਜੈਕਟ ਨੂੰ ਭਾਰਤ ਤੇ ਪਾਕਿਸਤਾਨ ਦੇ ਹਰ ਨੁਮਾਇੰਦੇ ਦੇ ਹੱਥਾਂ ਵਿਚ ਪਹੁੰਚਾਉਣ ਦਾ ਕੰਮ ਵੀ ਰਛਪਾਲ ਸਿੰਘ ਢੀਂਡਸਾ ਤੇ ਉਨ੍ਹਾਂ ਦੀ ਟੀਮ ਨੇ ਕੀਤਾ ਹੈ।

ਰਛਪਾਲ ਸਿੰਘ ਢੀਂਡਸਾ ਨੇ ਕਿਹਾ ਕਿ ਇਹ ਸੰਗਤਾਂ ਦਾ ਪ੍ਰਾਜੈਕਟ ਹੈ ਅਤੇ ਇਸ ਨੂੰ ਸੰਗਤਾਂ ਨੇ ਹੀ ਨੇਪਰੇ ਚਾੜ੍ਹਨਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਆਪਣੀ ਪਛਾਣ ਅਤੇ ਲਿਆਕਤ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ ਤਾਂ ਹੀ ਅਸੀਂ ਰਾਜ ਭਾਗ ਸੰਭਾਲਣ ਦੇ ਕਾਬਲ ਬਣ ਸਕਦੇ ਹਾਂ। ਉਨ੍ਹਾਂ ਰੋਜ਼ ਡੇ ਪਰੇਡ ਵਿਚ ਸਿੱਖ ਫਲੋਟ ਸ਼ਾਮਲ ਕਰਨ ਦੇ ਉਪਰਾਲੇ ਨੂੰ ਵੀ ਸਾਂਝਿਆਂ ਕੀਤਾ। ਉਨ੍ਹਾਂ ਕਿਹਾ ਕਿ ਇਸ ਸਾਲ ਰੋਜ਼ ਡੇ ਪਰੇਡ ਵਿਚ ਗੁਰੂ ਨਾਨਕ ਦੇਵ ਜੀ ਦੀ ਰਬਾਬ ਫਲੋਟ 'ਤੇ ਗੂੰਜੇਗੀ।

ਇੰਜੀਨੀਅਰ ਸੁਰਿੰਦਰ ਸਿੰਘ ਨੇ ਕਰਤਾਰਪੁਰ ਲਾਂਘੇ ਸਬੰਧੀ ਡਾਕੂਮੈਂਟਰੀ ਦਿਖਾਈ ਤੇ ਵਿਸਥਾਰ ਵਿਚ ਜਾਣਕਾਰੀ ਦਿੱਤੀ। ਸਮਾਗਮ ਸਮੇਂ ਤਲਵਾੜੇ ਵਾਲੀਆਂ ਬੀਬੀਆਂ ਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਬਾਣੀ ਨਾਲ ਦਿਲੋਂ ਜੁੜਨ ਦੀ ਬੇਨਤੀ ਵੀ ਕੀਤੀ।

ਸਨਮਾਨਤ ਸ਼ਖਸੀਅਤਾਂ ਵਿਚ ਰਛਪਾਲ ਸਿੰਘ ਢੀਂਡਸਾ, ਬਲਵਿੰਦਰ ਸਿੰਘ, ਜਤਿੰਦਰਪਾਲ ਸਿੰਘ, ਕੰਵਲਜੀਤ ਸਿੰਘ ਸੋਨੀ, ਗੁਰਚਰਨ ਸਿੰਘ, ਸੁਰਿੰਦਰ ਸਿੰਘ ਇੰਜੀਨੀਅਰ, ਡਾ. ਸੁਖਪਾਲ ਸਿੰਘ ਧਨੋਆ ਪੀ. ਟੀ. ਸੀ. ਬਿਊਰੋ ਅਤੇ ਸੁਰਮੁਖ ਸਿੰਘ ਮਾਣਕੂ ਜਸ ਪੰਜਾਬੀ ਤੇ ਟੀ. ਵੀ. ਏਸ਼ੀਆ ਦੇ ਬਿਊਰੋ ਸ਼ਾਮਲ ਸਨ। ਸਟੇਜ ਦੀ ਕਾਰਵਾਈ ਹਰਭਜਨ ਸਿੰਘ ਨੇ ਬਾਖੂਬ ਨਿਭਾਈ।

## ਗੰਨੇ ਦੇ ਬਕਾਏ ਬਾਰੇ ਕੈਪਟਨ ਦੇ ਲਾਰਿਆਂ ਤੋਂ ਕਿਸਾਨ ਔਖੇ

**ਚੰਡੀਗੜ੍ਹ:** ਗੰਨੇ ਦੀ ਪਿੜਾਈ ਦਾ ਨਵਾਂ ਸੀਜ਼ਨ ਆਣ ਢੁੱਕਾ ਹੈ, ਪਰ ਪੰਜਾਬ ਦੇ ਕਿਸਾਨਾਂ ਦੇ ਗੰਨੇ ਦਾ 2017-18 ਦੇ ਸੀਜ਼ਨ ਦਾ ਲਗਭਗ ਪੰਜ ਸੌ ਕਰੋੜ ਰੁਪਏ ਬਕਾਇਆ ਖੜ੍ਹਾ ਹੈ। ਮੁੱਖ ਸਕੱਤਰ ਦੀ ਅਗਵਾਈ ਵਿਚ ਹੋਈ ਮੀਟਿੰਗ ਵਿਚ 30 ਸਤੰਬਰ ਤੱਕ ਅਦਾਇਗੀ ਹੋ ਜਾਣ ਦਾ ਵਾਅਦਾ ਵਫਾ ਨਹੀਂ ਹੋਇਆ। ਕੇਂਦਰ ਸਰਕਾਰ ਨੇ 2018-19 ਦੇ ਸੀਜ਼ਨ ਲਈ ਗੰਨੇ ਦਾ ਨਿਰਪੱਖ ਅਤੇ ਲਾਭਕਾਰੀ ਮੁੱਲ (ਐਫ.ਆਰ.ਪੀ.) 275 ਰੁਪਏ ਕੁਇੰਟਲ ਐਲਾਨ ਦਿੱਤਾ ਹੈ ਪਰ ਪੰਜਾਬ ਸਰਕਾਰ ਨੇ ਅਜੇ ਤੱਕ ਨਵੇਂ ਸੀਜ਼ਨ ਲਈ ਗੰਨੇ ਦੀ ਸਟੇਟ ਸਲਾਹਕਾਰੀ ਕੀਮਤ (ਐਸ.ਏ.ਪੀ.) ਨਿਰਧਾਰਤ ਨਹੀਂ ਕੀਤੀ।

ਪੰਜਾਬ ਦੀਆਂ 9 ਸਹਿਕਾਰੀ ਅਤੇ 7 ਪ੍ਰਾਈਵੇਟ ਮਿੱਲਾਂ ਨੇ ਪਿਛਲੇ ਸਾਲ 22 ਨਵੰਬਰ ਤੋਂ ਗੰਨੇ ਦੀ ਪਿੜਾਈ ਸ਼ੁਰੂ ਕੀਤੀ ਸੀ ਅਤੇ 30 ਅਪਰੈਲ ਤੱਕ ਪਿੜਾਈ ਦਾ ਸੀਜ਼ਨ ਰਿਹਾ। ਇਨ੍ਹਾਂ ਵਿਚੋਂ ਸਹਿਕਾਰੀ ਮਿੱਲਾਂ ਦਾ 230 ਕਰੋੜ ਅਤੇ ਪ੍ਰਾਈਵੇਟ ਮਿੱਲਾਂ ਦਾ 265 ਕਰੋੜ ਰੁਪਏ ਬਕਾਇਆ ਹੈ। ਗੰਨਾ ਇਕ ਸਾਲ ਦੀ ਫਸਲ ਹੈ ਅਤੇ ਛੇ-ਛੇ ਮਹੀਨੇ ਅਦਾਇਗੀ ਨਾ ਹੋਣ ਕਾਰਨ ਕਿਸਾਨਾਂ ਦੀ ਵਿੱਤੀ ਹਾਲਤ ਖਰਾਬ ਹੋ ਰਹੀ ਹੈ। ਮੁੱਖ ਸਕੱਤਰ ਦੀ ਪ੍ਰਧਾਨਗੀ ਹੇਠ ਗੰਨਾ ਉਤਪਾਦਕਾਂ ਦੀ ਹੋਈ ਮੀਟਿੰਗ ਦੌਰਾਨ 30 ਸਤੰਬਰ ਤੱਕ ਪੂਰਾ ਬਕਾਇਆ ਅਦਾ ਕਰ ਦੇਣ ਦਾ ਵਾਅਦਾ ਕੀਤਾ ਗਿਆ ਸੀ। ਗੰਨਾ ਕੰਟਰੋਲ ਆਰਡਰ 1966 ਅਨੁਸਾਰ ਮਿੱਲ ਵਿਚ ਗੰਨਾ ਵੇਚ ਦਿੱਤੇ ਜਾਣ ਤੋਂ 14 ਦਿਨਾਂ ਅੰਦਰ ਭੁਗਤਾਨ ਨਾ ਹੋਣ ਉਤੇ 15 ਫੀਸਦੀ ਸਾਲਾਨਾ ਵਿਆਜ ਦਰ ਸ਼ਾਮਲ ਕਰ ਕੇ ਰਾਸ਼ੀ ਦੇਣੀ ਪੈਂਦੀ ਹੈ।

ਲੰਘੇ ਸਾਲ ਪੰਜਾਬ ਸਰਕਾਰ ਨੇ 22 ਨਵੰਬਰ ਨੂੰ ਮੀਟਿੰਗ ਕਰ ਕੇ ਗੰਨੇ ਦੀ ਸਟੇਟ ਸਲਾਹਕਾਰੀ ਕੀਮਤ 310 ਰੁਪਏ ਕੁਇੰਟਲ ਐਲਾਨੀ ਸੀ। ਉਸ ਸਮੇਂ ਕੇਂਦਰ ਵੱਲੋਂ ਐਫ.ਆਰ.ਪੀ. 255 ਰੁਪਏ ਪ੍ਰਤੀ ਕੁਇੰਟਲ ਨਿਰਧਾਰਤ ਕੀਤੀ ਗਈ ਸੀ। ਇਸ ਵਾਰ ਕੇਂਦਰ ਨੇ ਐਫ.ਆਰ.ਪੀ. ਵਿਚ 20 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਹੈ। ਸੂਤਰਾਂ ਅਨੁਸਾਰ ਇਸ ਸਾਲ ਕਿਸਾਨਾਂ ਨੂੰ ਪੰਜਾਬ ਸਰਕਾਰ ਵੱਲੋਂ ਐਸ.ਏ.ਪੀ. ਵਿਚ ਵਾਧੇ ਦੀ ਸੰਭਾਵਨਾ ਨਹੀਂ ਹੈ। ਵਿੱਤੀ ਸੰਕਟ ਦਾ ਸਾਹਮਣਾ ਕਰ ਰਹੀ ਸਰਕਾਰ ਸ਼ਾਇਦ ਇਸੇ ਕਰ ਕੇ ਤੁਰਤ ਮੀਟਿੰਗ ਕਰਨ ਤੋਂ ਵੀ ਟਾਲਾ ਵੱਟ ਰਹੀ ਹੈ।

## ਜਾਧਵ ਕੇਸ 'ਤੇ ਸੁਣਵਾਈ 18 ਫਰਵਰੀ ਤੋਂ

**ਹੇਗ:** ਕੌਮਾਂਤਰੀ ਅਦਾਲਤ ਵਿਚ ਕੁਲਭੂਸ਼ਣ ਜਾਧਵ ਦੇ ਕੇਸ ਦੀ ਅਗਲੇ ਸਾਲ 18-21 ਫਰਵਰੀ ਤੱਕ ਜਨਤਕ ਸੁਣਵਾਈ ਕੀਤੀ ਜਾਵੇਗੀ। 48 ਸਾਲਾ ਜਾਧਵ ਨੂੰ ਇਕ ਪਾਕਿਸਤਾਨੀ ਫੌਜੀ ਅਦਾਲਤ ਵੱਲੋਂ ਜਾਸੂਸੀ ਤੇ ਦਹਿਸ਼ਤਗਰਦੀ ਦੇ ਦੋਸ਼ ਹੇਠ ਅਪਰੈਲ 2017 ਵਿਚ ਮੌਤ ਦੀ ਸਜ਼ਾ ਸੁਣਾਈ ਸੀ ਜਿਸ ਦੇ ਖਿਲਾਫ਼ ਭਾਰਤ ਨੇ ਆਈ.ਸੀ.ਜੇ. ਵਿਚ ਅਪੀਲ ਕੀਤੀ ਸੀ।

## ਆਸਟਰੇਲੀਆ 'ਚ ਫਰਜ਼ੀ ਸੰਸਥਾਵਾਂ ਚਲਾਉਣ ਵਾਲੇ ਚਾਰ ਪੰਜਾਬੀਆਂ ਨੂੰ ਸਜ਼ਾ

**ਸਿਡਨੀ:** ਜਾਅਲੀ ਸਿਖਲਾਈ ਸੰਸਥਾਵਾਂ ਚਲਾਉਣ ਦੇ ਦੋਸ਼ 'ਚ ਸ਼ਾਮਲ ਚਾਰ ਪੰਜਾਬੀਆਂ ਨੂੰ ਆਸਟਰੇਲੀਆ ਦੀ ਅਦਾਲਤ ਨੇ ਸਜ਼ਾ ਸੁਣਾਈ ਹੈ। ਇਨ੍ਹਾਂ 'ਚ ਬਲਜੀਤ ਸਿੰਘ, ਰਾਕੇਸ਼ ਕੁਮਾਰ, ਮੁਕੇਸ਼ ਸ਼ਰਮਾ ਅਤੇ ਰੇਖਾ ਅਰੋੜਾ ਸ਼ਾਮਲ ਹਨ। ਉਨ੍ਹਾਂ ਕੌਮਾਂਤਰੀ ਤੇ ਆਸਟਰੇਲੀਆ ਦੇ ਵਿਦਿਆਰਥੀਆਂ ਨੂੰ ਸ਼ਿਕਾਰ ਬਣਾਇਆ ਸੀ।

ਫਰਜ਼ੀ ਤੌਰ 'ਤੇ ਸਿੱਖਿਆ ਸੰਸਥਾਨ ਖੋਲ੍ਹ ਕੇ ਉਨ੍ਹਾਂ ਬਹੁ ਕਰੋੜੀ ਘੁਟਾਲਾ ਕੀਤਾ। ਉਨ੍ਹਾਂ ਖਿਲਾਫ਼ ਸਰਕਾਰੀ ਫੰਡਾਂ ਨੂੰ ਹੜੱਪਣ ਦੇ ਸੰਗੀਨ ਦੋਸ਼ ਸਾਬਤ ਹੋਏ ਹਨ। ਮੁੱਖ ਦੋਸ਼ੀ ਬਲਜੀਤ ਸਿੰਘ ਉਰਫ ਬੌਬੀ ਸਿੰਘ ਨੂੰ ਛੇ ਸਾਲ, ਰਾਕੇਸ਼ ਕੁਮਾਰ ਅਤੇ ਮੁਕੇਸ਼ ਸ਼ਰਮਾ ਨੂੰ ਪੰਜ-ਪੰਜ ਸਾਲ ਸਜ਼ਾ ਹੋਈ ਹੈ ਜਦੋਂ ਕਿ ਰੇਖਾ ਅਰੋੜਾ ਨੂੰ ਤਿੰਨ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ ਪਰ ਉਸ ਨੂੰ 5000 ਡਾਲਰ ਦੇ ਬਾਂਡ 'ਤੇ ਰਿਹਾਅ ਕਰ ਦਿੱਤਾ ਗਿਆ। ਨੈਸ਼ਨਲ ਵੋਕੇਸ਼ਨਲ ਐਜੂਕੇਸ਼ਨ ਐਂਡ ਟਰੇਨਿੰਗ ਅਤੇ ਰੈਗੂਲੇਟਿਡ ਆਸਟਰੇਲਿਆਈ ਸਕਿੱਲਜ਼ ਕੁਆਲਿਟੀ ਅਥਾਰਟੀ ਨੇ ਅਦਾਲਤੀ ਫੈਸਲੇ ਦਾ ਸਵਾਗਤ ਕੀਤਾ ਹੈ। ਵਿਕਟੋਰੀਆ ਸਰਕਾਰ ਪਾਸੋਂ ਧੋਖਾਧੜੀ ਨਾਲ ਮਾਰਚ 2014 ਤੇ ਜੁਲਾਈ 2015 ਵਿਚ ਸਬਸਿਡੀਆਂ ਰਾਹੀਂ ਉਨ੍ਹਾਂ 2007487 ਡਾਲਰ ਦੀ ਰਕਮ ਪ੍ਰਾਪਤ ਕੀਤੀ ਸੀ। ਇਹ ਗਰੁੱਪ ਦੋ ਸਿਖਲਾਈ ਕਾਲਜ ਚਲਾਉਂਦੇ ਸਨ। ਸਜ਼ਾ ਸੁਣਾਉਂਦਿਆਂ ਜੱਜ ਮਾਈਕਲ ਓ ਕਾਨੇਲ ਨੇ ਕਿਹਾ ਕਿ ਇਸਤਗਾਸਾ ਪੱਖ ਨੇ ਸਕੂਲਾਂ ਨੂੰ ਇਕ ਧੋਖੇ ਵਾਂਗ ਵਰਤਿਆ।

# ਬਾਲੋ-ਮਾਹੀਆ ਕਿੱਸੇ ਦੀ ਸ਼ਹਿਜ਼ਾਦੀ

ਕਲਾ ਪਰਿਕਰਮਾ

ਟਾਂਗੇ 'ਤੇ ਬਹਿ ਕੇ ਉਹ ਖੁਦ ਨੂੰ ਕਿਸੇ ਸ਼ਹਿਜ਼ਾਦੀ ਤੋਂ ਘੱਟ ਨਹੀਂ ਸੀ ਸਮਝਦੀ। ਇਕ ਦਿਨ ਟਾਂਗੇ ਵਾਲਾ ਨਾ ਆਇਆ, ਉਸ ਨੇ ਆਪਣੇ ਪੁੱਤਰ ਨੂੰ ਭੇਜ ਦਿੱਤਾ। ਟਾਂਗੇ 'ਤੇ ਬਹਿਣ ਲੱਗਿਆਂ ਉਸ ਪੁੱਛਿਆ, 'ਬਾਬਾ ਜੀ ਨਹੀਂ ਆਏ।' ਟਾਂਗੇ ਵਾਲੇ ਗੱਭਰੂ ਨੇ ਜਵਾਬ ਦਿੱਤਾ, 'ਹੁਣ ਉਨ੍ਹਾਂ ਕੋਲੋਂ ਕੰਮ ਨਹੀਂ ਹੁੰਦਾ, ਅੱਜ ਤੋਂ ਮੈਂ ਹੀ ਤੁਹਾਨੂੰ ਸਕੂਲ ਛੱਡ ਕੇ ਆਇਆ ਕਰਾਂਗਾ।' ਉਸ ਮੁਟਿਆਰ ਨੂੰ ਕੀ ਪਤਾ ਸੀ ਕਿ ਟਾਂਗੇ 'ਤੇ ਬਿਠਾ ਕਿ ਉਸ ਨੂੰ ਰੋਜ਼ ਸਕੂਲ ਛੱਡਣ ਵਾਲਾ ਜਵਾਨ ਇਕ ਦਿਨ ਉਸ ਦਾ ਖਾਵੰਦ ਬਣੇਗਾ। ਇੰਜ ਕਰਦਿਆਂ-ਕਰਾਉਂਦਿਆਂ ਕਈ ਮਹੀਨੇ ਲੰਘ ਗਏ।



**ਮਨਦੀਪ ਸਿੰਘ ਸਿੱਧੂ**
**ਫੋਨ: 91-97805-09545**

ਹੌਲੀ-ਹੌਲੀ ਇਸ਼ਕ ਨੇ ਆਪਣਾ ਰੰਗ ਵਿਖਾਉਣਾ ਸ਼ੁਰੂ ਕਰ ਦਿੱਤਾ। ਉਹ ਮੁਟਿਆਰ ਸਕੂਲ ਦੀ ਤਾਲੀਮ ਵਿਚੇ ਛੱਡ ਮੁਹੱਬਤ ਦਾ ਸਬਕ ਪੜ੍ਹਨ ਲੱਗੀ। ਇੰਜ ਦੋਵਾਂ ਦੇ ਇਸ਼ਕ ਦੀਆਂ ਬਾਤਾਂ ਘਰ-ਘਰ ਪੈਣ ਲੱਗੀਆਂ। ਲਿਹਾਜ਼ਾ ਘਰ ਵਾਲਿਆਂ ਨੇ ਉਸ ਦਾ ਸਕੂਲ ਛੁਡਾ ਦਿੱਤਾ।

ਇਸ ਖੂਬਸੂਰਤ ਪੰਜਾਬਣ ਦਾ ਨਾਂ ਸੀ ਇਕਬਾਲ ਬੇਗਮ ਉਰਫ 'ਬਾਲੋ'। ਉਸ ਦੀ ਪੈਦਾਇਸ਼ 1910 ਵਿਚ ਗੁਜਰਾਤ ਦੇ ਸਰਦੇ-ਪੁੱਜਦੇ ਤੇ ਪੜ੍ਹੇ-ਲਿਖੇ ਪੰਜਾਬੀ ਮੁਸਲਿਮ ਪਰਿਵਾਰ 'ਚ ਹੋਈ। ਘਰ ਵਾਲੇ ਇਸ ਨੂੰ ਪਿਆਰ ਨਾਲ 'ਬਾਲੋ' ਕਹਿ ਕੇ ਮੁਖਾਤਿਬ ਹੁੰਦੇ ਸਨ। ਇਨ੍ਹਾਂ ਦੇ ਵੱਡੇ ਘਰ ਨੂੰ ਲੋਕ 'ਵਕੀਲਾਂ ਦਾ ਘਰ' ਵੀ ਆਖਦੇ ਸਨ ਕਿਉਂਕਿ ਉਸ ਦੇ ਪਿਓ ਦਾ ਇਲਾਕੇ ਵਿਚ ਬੜਾ ਰਸੂਖ ਸੀ। ਜਵਾਨ ਹੋਈ ਤਾਂ ਟਾਂਗੇ ਵਾਲੇ ਗੱਭਰੂ ਮੁਹੰਮਦ ਅਲੀ ਉਰਫ 'ਮਾਹੀਆ' ਦੀ ਮੁਹੱਬਤ ਵਿਚ ਪੈ ਗਈ। ਦੋਵੇਂ ਚੰਗੀ ਤਰ੍ਹਾਂ ਜਾਣਦੇ ਸਨ ਕਿ ਉਨ੍ਹਾਂ ਦਾ ਪਿਆਰ ਆਸਾਨੀ ਨਾਲ ਤੋੜ ਚੜ੍ਹਨ ਵਾਲਾ ਨਹੀਂ। ਇਸ ਲਈ ਮੁਹੱਬਤ ਦਿਆਂ ਮਾਰਿਆਂ ਨੇ ਬਿਨਾਂ ਪਰਵਾਹ ਕੀਤਿਆਂ ਘਰੋਂ ਭੱਜਣ ਦਾ ਮਨਸੂਬਾ ਬਣਾ ਲਿਆ। ਇਕ ਦਿਨ ਉਹ ਘਰੋਂ ਪੈਸਾ-ਧੇਲਾ ਲੈ ਕੇ ਟਾਂਗੇ ਵਾਲੇ ਨਾਲ ਨੱਸ ਗਈ। ਸ਼ਰਮ ਦੇ ਮਾਰੇ ਹੋਏ ਮਾਪਿਆਂ ਨੇ ਧੀ ਦਾ ਪਿੱਛਾ ਕਰਨਾ ਛੱਡ ਦਿੱਤਾ।

ਦੋਵੇਂ ਰੱਜ ਕੇ ਸੋਹਣੇ ਅਤੇ ਮੁਹੱਬਤ ਪਾਰੋਂ ਸੱਚੇ ਤੇ ਸੁੱਚੇ ਆਸ਼ਕ ਸਨ ਅਤੇ ਦੋਵਾਂ ਦੀ ਮਿੱਠੜੀ ਆਵਾਜ਼ ਵੀ ਦਿਲਾਂ ਨੂੰ ਧੂਹ ਪਾਉਂਦੀ ਸੀ। ਇਸ ਤਰ੍ਹਾਂ ਦੋਵੇਂ ਘੁੰਮਦੇ-ਫਿਰਦੇ ਪੇਂਡੂ ਮੇਲਿਆਂ ਦੇ ਮੰਚ 'ਤੇ ਪਹੁੰਚ ਕੇ ਗੌਣ ਲੱਗ ਪਏ। ਸੰਗੀਤ-ਮੱਦਾਹਾਂ ਦੇ ਦਿਲਾਂ ਨੂੰ ਦੋਵਾਂ ਦੀ ਕਸ਼ਿਸ਼ ਭਰੀ ਆਵਾਜ਼ ਨੇ ਅਜਿਹਾ ਕੀਲਿਆ ਕਿ ਹਰ ਪਾਸੇ ਇਸ ਜੋੜੀ ਦੇ ਗੀਤਾਂ ਦੀ ਚਰਚਾ ਹੋਣ ਲੱਗੀ। ਵੇਖਦਿਆਂ-ਵੇਖਦਿਆਂ ਇਹ ਜੋੜੀ 'ਬਾਲੋ-ਮਹੀਏ' ਦੇ ਨਾਂ ਨਾਲ ਇੰਨੀ ਮਸ਼ਹੂਰ ਤੇ ਮਕਬੂਲ ਹੋ ਗਈ ਕਿ ਇਨ੍ਹਾਂ ਦੀ ਮੁਹੱਬਤੀ ਦਾਸਤਾਨ ਲੋਕ-ਗੀਤਾਂ ਦਾ ਰੂਪ ਬਣ ਬੱਚੇ-ਬੱਚੇ ਦੀ ਜ਼ੁਬਾਨ 'ਤੇ ਚੜ੍ਹ ਗਈ।

ਇਨ੍ਹਾਂ ਦੋਵਾਂ ਦਾ ਇਸ਼ਕੀਆ ਅਫਸਾਨਾ ਇੰਨਾ ਮਸ਼ਹੂਰ ਤੇ ਮਕਬੂਲ ਹੋਇਆ ਕਿ 'ਬਾਲੋ-ਮਾਹੀਆ' ਦੇ ਨਾਂ 'ਤੇ ਕਹਾਣੀਆਂ ਬਣ ਕੇ ਕਿਤਾਬਾਂ ਛਪਣੀਆਂ ਸ਼ੁਰੂ ਹੋ ਗਈਆਂ। ਲੋਕ ਮੇਲਿਆਂ ਤੋਂ ਇਹ ਕਿਤਾਬਾਂ ਖਰੀਦ ਕੇ ਪੜ੍ਹਦੇ ਸਨ। ਇਨ੍ਹਾਂ ਦੀ ਮਸ਼ਹੂਰੀ ਦਾ ਫਾਇਦਾ ਚੁੱਕਦਿਆਂ ਗਰਾਮੋਫੋਨ ਕੰਪਨੀਆਂ ਨੇ ਇਨ੍ਹਾਂ ਦੀਆਂ ਆਵਾਜ਼ਾਂ ਦੇ ਤਵੇ ਭਰਨੇ ਸ਼ੁਰੂ ਕਰ ਦਿੱਤੇ। ਫਿਰ ਇਹ ਆਵਾਜ਼ਾਂ ਫਿਲਮਸਾਜ਼ਾਂ ਦੇ ਕੰਨੀਂ ਜਾ ਪਈਆਂ ਤੇ ਉਨ੍ਹਾਂ ਨੇ ਇਨ੍ਹਾਂ ਦੇ ਫਨ ਦੀ ਵਰਤੋਂ ਫਿਲਮਾਂ 'ਚ ਕਰ ਲਈ ਕਿਉਂਕਿ ਉਸ ਜ਼ਮਾਨੇ 'ਚ ਉਹੀ ਫਨਕਾਰ ਕਾਮਯਾਬੀ ਦਾ ਬਾਇਸ ਮੰਨੇ ਜਾਂਦੇ ਸਨ ਜੋ ਸ਼ਕਲ ਪਾਰੋਂ ਸੁਨੱਖੇ ਤੇ ਆਵਾਜ਼ ਪਾਰੋਂ ਛਾ ਜਾਣ ਦੀ ਸਮਰੱਥਾ ਰੱਖਦੇ ਸਨ। ਇਹ ਦੋਵੇਂ ਖੂਬੀਆਂ ਇਸ ਜੋੜੀ ਵਿਚ ਮੌਜੂਦ ਸਨ।

ਇਕਬਾਲ ਬੇਗ਼ਮ ਉਰਫ ਬਾਲੋ ਦੀ ਪਹਿਲੀ ਪੰਜਾਬੀ ਫਿਲਮ ਇੰਦਰਾ ਮੂਵੀਟੋਨ ਕਲਕੱਤਾ ਦੀ 'ਹੀਰ ਸਿਆਲ' (1938) ਸੀ ਜੋ ਸਈਅਦ ਵਾਰਿਸ ਸ਼ਾਹ ਰਚਿਤ ਪੰਜਾਬ ਦੇ ਮਸ਼ਹੂਰ ਇਸ਼ਕੀਆ ਅਫਸਾਨੇ 'ਹੀਰ-ਰਾਂਝਾ' 'ਤੇ ਆਧਾਰਿਤ ਸੀ। ਕੇ.ਡੀ. ਮਹਿਰਾ ਦੀ ਫਿਲਮਸਾਜ਼ੀ ਅਤੇ ਨਿਰਦੇਸ਼ਨ 'ਚ ਨੁਮਾਇਸ਼ ਹੋਈ ਇਸ ਫਿਲਮ 'ਚ ਬਾਲੋ ਨੇ 'ਹੀਰ' ਦਾ ਅਤੇ ਹੀਰੋ ਪੀ.ਐਨ. ਬਾਲੀ 'ਰਾਂਝਾ' ਦਾ ਕਿਰਦਾਰ ਨਿਭਾ ਰਿਹਾ ਸੀ। ਬਾਲੋ ਤੇ ਪੀ.ਐਨ. ਬਾਲੀ 'ਤੇ ਫਿਲਮਾਏ ਗੀਤ 'ਸੁੰਦਰ ਸੋਹਣਾ ਬਾਗ ਪਿਆਰਾ', 'ਕਦੀ ਨਾ ਉਹਦਾ ਪੱਲਾ ਛੱਡਾਂ', 'ਰਾਂਝਿਆ ਵੇ ਟੁੱਟ ਗਈਆਂ ਨੇ ਸਾਂਝਾ' (ਬਾਲੋ), 'ਫੇਰ ਚੰਨ ਪਿਆ ਜਾਂਦਾ ਏ', 'ਮੌਸਮ ਆਏ ਬਹਾਰਾਂ ਦੇ' (ਏ.ਆਰ. ਕਸ਼ਮੀਰੀ, ਬਾਲੋ), 'ਪ੍ਰੇਮ ਹੈ ਜਗ ਦਾ ਮੋਲ ਪਿਆਰੇ' (ਪੀ.ਐਨ. ਬਾਲੀ, ਬਾਲੋ) ਆਦਿ ਗੀਤ ਹਿਟ ਹੋਏ। ਇਸ ਤੋਂ ਇਲਾਵਾ 'ਜੀਵਾਂ' ਬਣੀ ਬੇਬੀ ਨੂਰਜਹਾਂ ਨੇ ਗਾਇਆ ਅਤੇ ਉਸ 'ਤੇ ਫਿਲਮਾਇਆ 'ਸੋਹਣਿਆਂ ਦੇਸਾਂ ਅੰਦਰ ਦੇਸ ਪੰਜਾਬ ਨੀ ਸਈਓ' ਅਮਰ ਗੀਤ ਦਾ ਦਰਜਾ ਰੱਖਦਾ ਹੈ। ਇਹ ਫਿਲਮ



*ਇਕਬਾਲ ਬੇਗਮ ਉਰਫ ਬਾਲੋ।*




*ਬਾਲੋ-ਮਾਹੀਆ ਦਾ ਇਕ ਕਿੱਸਾ*



*ਬਾਲੋ-ਮਾਹੀਆ ਦੀ ਧੀ ਸਬੀਹਾ ਖਾਨਮ।*

2 ਦਸੰਬਰ 1938 ਨੂੰ ਪ੍ਰਭਾਤ ਸਿਨਮਾ ਲਾਹੌਰ ਵਿਖੇ ਰਿਲੀਜ਼ ਹੋਈ ਤੇ ਕਾਮਯਾਬ ਰਹੀ। ਇਸ ਫਿਲਮ ਦੀ ਕਾਮਯਾਬੀ ਤੋਂ ਬਾਅਦ ਬਾਲੋ ਦੀ ਸ਼ੋਹਰਤ ਨੂੰ ਚਾਰ-ਚੰਨ ਲੱਗ ਗਏ।

ਇੰਦਰਾ ਮੂਵੀਟੋਨ ਕਲਕੱਤਾ ਦੀ ਦਾਊਦ ਚਾਂਦ ਨਿਰਦੇਸ਼ਿਤ ਤੇ ਲੋਕ ਅਫਸਾਨੇ 'ਤੇ ਆਧਾਰਿਤ ਪੰਜਾਬੀ ਫਿਲਮ ਫਿਲਮ 'ਸੱਸੀ ਪੁਨੂੰ' (1939) ਹੀਰੋਇਨ ਵਜੋਂ ਬਾਲੋ ਦੀ ਦੂਜੀ ਫਿਲਮ ਸੀ। ਫਿਲਮ ਵਿਚ ਬਾਲੋ ਨੇ 'ਸੱਸੀ' ਦਾ ਕਿਰਦਾਰ ਨਿਭਾਇਆ ਜਦਕਿ 'ਪੁਨੂੰ' ਦਾ ਪਾਰਟ ਮਾਸਟਰ ਮੁਹੰਮਦ ਅਸਲਮ (ਮਸ਼ਹੂਰ ਗਰਾਮੋਫੋਨ ਸਿੰਗਰ) ਅਦਾ ਕਰ ਰਿਹਾ ਸੀ। ਇਹ ਫਿਲਮ 23 ਜੂਨ 1939 ਰੀਜੈਂਟ ਸਿਨਮਾ, ਲਾਹੌਰ ਵਿਖੇ ਨੁਮਾਇਸ਼ ਹੋਈ, ਪਰ ਬਹੁਤੀ ਕਮਾਈ ਨਾ ਕਰ ਸਕੀ।

ਬਾਲੋ ਦੀ ਤੀਜੀ ਅਤੇ ਆਖਰੀ ਪੰਜਾਬੀ ਫਿਲਮ ਅਬਦੁੱਲ ਰਸ਼ੀਦ ਕਾਰਦਾਰ ਦੀ ਫਿਲਮਸਾਜ਼ੀ ਅਤੇ ਜੈ ਕਿਸ਼ਨ ਨੰਦਾ ਦੀ ਹਿਦਾਇਤਕਾਰੀ 'ਚ ਰਿਲੀਜ਼ ਹੋਈ ਨਿਸ਼ਾਤ ਪ੍ਰੋਡਕਸ਼ਨ ਬੰਬੇ ਦੀ 'ਕੁੜਮਾਈ' (1942) ਸੀ। ਦਾਜ ਪ੍ਰਥਾ 'ਤੇ ਬਣੀ ਇਸ ਫਿਲਮ ਦੀ ਕਹਾਣੀ, ਸੰਵਾਦ ਅਤੇ ਗੀਤ ਪੰਡਿਤ ਦੀਨਾ ਨਾਥ ਮਧੋਕ ਨੇ ਤਹਿਰੀਰ ਕੀਤੇ ਸਨ। ਫਿਲਮ 'ਚ ਬਾਲੋ ਨੇ ਆਪਣੇ ਅਸਲੀ ਨਾਂ ਇਕਬਾਲ ਬੇਗ਼ਮ ਨਾਲ 2 ਗੀਤ ਵੀ ਗਾਏ। ਪਹਿਲਾ ਗੀਤ 'ਗੋਟੇ ਦਾ ਹਾਰ ਵੇ ਮੈਂ ਗਲ ਵਿਚ ਪਾਨੀ ਆਂ, ਆ ਮਿਲ ਢੋਲ ਜਾਨੀਆ' (ਨਾਲ ਰਾਜਕੁਮਾਰੀ, ਜੀ.ਐਮ. ਦੁਰਾਨੀ) ਅਤੇ ਦੂਸਰਾ 'ਮਾਏ ਨੀ ਬੂਹਾ ਖੜਕੇ ਦਿਲ ਧੜਕੇ ਮੇਰਾ ਆ ਗਿਆ ਨੀ ਮੇਰਾ ਬਿਰਜਸ ਬਾਲਾ' (ਨਾਲ ਰਾਜਕੁਮਾਰੀ)। ਬਾਲੋ ਨੇ ਇਸ ਵਿਚ ਛੋਟਾ ਜਿਹਾ ਰੋਲ ਵੀ ਕੀਤਾ ਸੀ।

ਫਿਲਮ 'ਸੱਸੀ ਪੁਨੂੰ' ਮਗਰੋਂ ਇਨ੍ਹਾਂ ਦੋਵਾਂ ਦਾ ਪਤਨ ਸ਼ੁਰੂ ਹੋ ਗਿਆ। ਮੁਹੰਮਦ ਅਲੀ ਮਾਹੀਆ ਸਹਿਲ-ਪਸੰਦੀ ਤੇ ਸ਼ਰਾਬ ਵੱਲ ਟੁਰ ਗਿਆ। ਮਾਹੀਏ ਦੀ ਮੁਹੱਬਤ ਵਿਚ ਡੁੱਬੀ ਹੋਈ ਬਾਲੋ ਉਸ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਉਹ ਕੰਮ ਵੀ ਕਰਦੀ ਰਹੀ, ਜਿਸ ਨੂੰ ਕਰਨ ਲਈ ਉਸ ਦੀ ਜ਼ਮੀਰ ਕਦੇ ਤਿਆਰ ਨਹੀਂ ਸੀ। ਸਾਰੀ ਹਿਆਤੀ ਮਾਹੀਏ ਦੇ ਇਸ਼ਕ ਵਿਚ ਸੜਦੀ-ਬਲਦੀ ਤੇ ਉਸ ਦੀ ਮਰਜ਼ੀ 'ਤੇ ਟੁਰਨ ਵਾਲੀ ਇਕਬਾਲ ਬੇਗ਼ਮ ਉਰਫ ਬਾਲੋ ਅਖੀਰਨ 1945 ਵਿਚ ਟੀ.ਬੀ. ਦੀ ਬਿਮਾਰੀ ਨਾਲ ਜੂਝਦੀ ਹੋਈ ਫੌਤ ਹੋ ਗਈ। ਉਸ ਦੀ ਜਿਉਂਦੇ ਜੀਅ ਕਦਰ ਨਾ ਕਰਨ ਵਾਲਾ ਮੁਹੰਮਦ ਅਲੀ 'ਮਾਹੀਆ' ਰੂਹ ਤਕ ਟੁੱਟ ਗਿਆ ਅਤੇ ਵਿਛੋੜੇ ਦਾ ਝੰਭਿਆ ਗਲੀਆਂ 'ਚ ਕੁਰਲਾਉਂਦਾ ਤੇ ਗਾਉਂਦਾ ਫਿਰਦਾ,

ਪਿਆ ਜੀੜਾ ਤੁਲਦਾ ਏ
ਆਸ਼ਕ ਤੇਰਾ ਬਾਲੋ
ਵਿਚ ਗਲੀਆਂ ਦੇ ਰੁਲਦਾ ਏ...।

1947 ਵਿਚ ਕਾਹਨ ਆਰਟ ਪ੍ਰੋਡਕਸ਼ਨ ਬੰਬੇ ਨੇ 'ਬਾਲੋ-ਮਾਹੀਆ' ਇਸ਼ਕ 'ਤੇ ਪੰਜਾਬੀ ਫਿਲਮ 'ਮਾਹੀਆ' ਬਣਾਉਣ ਦਾ ਐਲਾਨ ਕੀਤਾ, ਜਿਸ ਦੇ ਨਿਰਦੇਸ਼ਕ ਕੇ.ਐਲ. ਕਾਹਨ ਅਤੇ ਸੰਗੀਤਕਾਰ ਨਿਸਾਰ ਬਜਮੀ ਸਨ। ਬਾਲੋ ਦੇ ਕਿਰਦਾਰ ਲਈ ਰਾਜ ਰਾਣੀ ਅਤੇ ਮਾਹੀਏ ਲਈ ਗੁੱਜਰਾਂਵਾਲਾ ਦੇ ਗੱਭਰੂ ਕੁੰਦਨਲਾਲ ਰਾਜਪਾਲ ਨੂੰ ਲਿਆ ਗਿਆ, ਪਰ ਇਹ ਫਿਲਮ ਮੁਲਕ ਵਿਚ ਫਿਰਕੂ-ਫਸਾਦ ਹੋਣ ਕਾਰਨ ਮੁਕੰਮਲ ਨਹੀਂ ਹੋ ਸਕੀ। ਇਨ੍ਹਾਂ ਦੋਵਾਂ ਦੀ ਸੱਚੀ ਮੁਹੱਬਤ ਦੀ ਦਾਸਤਾਨ 'ਤੇ ਨਵ-ਚਿਤਰਕਾਰ ਲਿਮਟਿਡ ਬੰਬੇ ਨੇ ਜੇ.ਐਲ ਪਰਾਸ਼ਰ ਦੀ ਫਿਲਮਸਾਜ਼ੀ ਅਤੇ ਕੁਲਦੀਪ ਦੀ ਨਿਰਦੇਸ਼ਨਾ ਵਿਚ ਪੰਜਾਬੀ ਫਿਲਮ 'ਬਾਲੋ' (1951) ਬਣਾਈ, ਜਿਸ ਵਿਚ ਹੀਰੋਇਨ ਸ਼ਕੁੰਤਲਾ ਨੇ 'ਬਾਲੋ' ਦਾ ਅਤੇ ਹੀਰੋ ਅਰਜੁਨ ਨੇ 'ਮਾਹੀਏ' ਦਾ ਪਾਰਟ ਬਖੂਬੀ ਅਦਾ ਕੀਤਾ। ਇਸ ਫਿਲਮ ਵਿਚ ਪਹਿਲੀ ਵਾਰ ਸਾਹਿਰ ਲੁਧਿਆਣਵੀ ਨੇ ਪੰਜਾਬੀ ਗੀਤ ਲਿਖੇ ਸਨ। 2 ਨਵੰਬਰ 1951 ਨੂੰ ਇਹ ਫਿਲਮ ਅੰਮ੍ਰਿਤ ਟਾਕੀਜ਼, ਅੰਮ੍ਰਿਤਸਰ ਵਿਖੇ ਨੁਮਾਇਸ਼ ਹੋਈ ਤੇ ਸੁਪਰਹਿਟ ਰਹੀ।

ਬਾਲੋ ਅਤੇ ਮੁਹੰਮਦ ਅਲੀ ਦੀ ਆਖਰੀ ਨਿਸ਼ਾਨੀ ਇਨ੍ਹਾਂ ਦੀ ਧੀ ਮੁਖਤਾਰ ਬੇਗ਼ਮ 16 ਅਕਤੂਬਰ 1936 ਨੂੰ ਗੁਜਰਾਤ 'ਚ ਪੈਦਾ ਹੋਈ ਜੋ ਪਾਕਿਸਤਾਨੀ ਫਿਲਮਾਂ (ਪੰਜਾਬੀ-ਉਰਦੂ) ਦੀ ਸਬੀਹਾ ਖਾਨਮ ਦੇ ਨਾਮ ਨਾਲ ਵੱਡੇ ਕੱਦ ਵਾਲੀ ਮਸ਼ਹੂਰ ਅਤੇ ਮਕਬੂਲ ਅਦਾਕਾਰਾ ਸਾਬਤ ਹੋਈ ਜੋ ਨਿਰਦੇਸ਼ਕ ਐਮ. ਐਸ. ਡਾਰ ਦੀ ਸੁਪਰਹਿਟ ਪੰਜਾਬੀ ਫਿਲਮ 'ਦੁੱਲਾ ਭੱਟੀ' (1956) 'ਚ 'ਨੂਰਾਂ' ਦਾ ਕਿਰਦਾ ਨਿਭਾਉਂਦਿਆ ਸਫਲਤਾ ਦੇ ਆਲ੍ਹਾ ਮੁਕਾਮ 'ਤੇ ਜਾ ਬੈਠੀ ਸੀ। ਉਸ 'ਤੇ ਫਿਲਮਾਇਆ ਗੁਲੂਕਾਰਾ ਮੁਨੱਵਰ ਸੁਲਤਾਨਾ ਦਾ ਗੀਤ 'ਵਾਸਤਾ ਈ ਰੱਬ ਦਾ ਤੂੰ ਜਾਵੀਂ ਵੇ ਕਬੂਤਰਾ, ਚਿੱਠੀ ਮੇਰੇ ਢੋਲ ਨੂੰ ਪੁਚਾਵੀਂ ਵੇ ਕਬੂਤਰਾ' ਅੱਜ ਵੀ ਦੋਵਾਂ ਪੰਜਾਬਾਂ ਦੇ ਸੰਗੀਤ-ਮੱਦਾਹਾਂ ਦੀ ਪਹਿਲੀ ਪਸੰਦ ਹੈ। ਸਬੀਹਾ ਖਾਨਮ ਪਾਕਿਸਤਾਨੀ ਫਿਲਮਾਂ ਦੇ ਪ੍ਰਸਿਧ ਅਦਾਕਾਰ ਸੰਤੋਸ਼ ਕੁਮਾਰ ਉਰਫ ਸਈਅਦ ਮੂਸਾ ਆਬਾਸ ਰਜ਼ਾ ਦੀ ਸ਼ਰੀਕ-ਏ-ਹਿਆਤ ਬਣੀ। ਅੱਜ ਕੱਲ੍ਹ ਬਾਲੋ ਦੀ ਧੀ ਸਬੀਹਾ ਖਾਨਮ ਬੱਚਿਆਂ ਨਾਲ ਯੂ.ਐਸ.ਏ. 'ਚ ਕਿਆਮ ਫਰਮਾ ਰਹੀ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 20 ਅਕਤੂਬਰ 2018 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-347



*ਪਿਆਰ ਦਾ ਭੁੱਖਾ ਹਰ ਕੋਈ ਜਿਉੜਾ, ਮੋਹ ਦੀਆਂ ਨਜ਼ਰਾਂ ਭਾਲੇ।*
*ਇਕ ਤੱਕਣੀ ਨੇ ਦੁਨੀਆਂ ਜਿੱਤੀ, ਨੰਨ੍ਹੀ ਜਾਨ ਹੈ ਹਾਲੇ।*
*ਜਦ ਜਦ ਦੁਨੀਆਂ ਅੰਦਰ ਯਾਰੋ, ਪਿਆਰ ਦੀ ਬੋਲੀ ਮੌਲੇ,*
*ਨਦੀ ਸੁਲੱਖਣੀ ਸਦਾ ਹੈ ਵਗਦੀ, ਲਹਿ ਜਾਵਣ ਨਫਰਤ ਦੇ ਜਾਲੇ।*

## ਕੈਪਸ਼ਨ ਮੁਕਾਬਲਾ-345



ਨਿੱਕੇ ਵੱਡੇ ਕੰਮਾਂ ਦੇ ਵਿਚ
ਨਿੱਕੀ ਹਰਦਮ ਹੱਥ ਵਟਾਵੇ।
ਡੰਗਰਾਂ ਦੇ ਲਈ ਲੱਦ ਕੇ ਪੱਠੇ
ਕੈਂਚੀ ਪਾ ਕੇ ਡੱਕਰੀਂ ਜਾਵੇ।
ਕਿਰੇ ਚਿੱਬੜਾਂ ਦਾ ਭਰ ਲਿਫਾਫਾ
ਚਟਣੀ ਦਾ ਵੀ ਜੁਗਾੜ ਬਣਾਵੇ।
ਸਾਰੇ ਘਰ ਦਾ ਫਿਕਰ ਰੱਖਦੀ
ਫਿਰ ਵੀ ਅਬਲਾ ਇਹ ਕਹਾਵੇ।

**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

---

ਸਵੇਰੇ ਪਹਿਲੇ ਸਕੂਲੇ ਜਾਵੇ
ਬੀਬੀ ਰਾਣੀ ਕਰੇ ਪੜ੍ਹਾਈ।
'ਕੱਲਾ ਬਾਪੂ ਪੱਠੇ ਵੱਢਦਾ
ਸਾਈਕਲ ਰੇੜਾ ਧੀ ਲਿਆਈ।
ਚੁੱਕ ਪੂਲੀਆਂ ਉਤੇ ਲੱਦੀਆਂ
ਕੈਂਚੀ ਲੱਤਾਂ ਦੀ ਬਣਾਈ।
ਜਿਉਣਾ ਇੰਨਾ ਸੌਖਾ ਨਹੀਂ
ਜੀਵਨ ਦੀ ਹੈ ਰੇਲ ਚਲਾਈ।

**-ਸੇਵਾ ਸਿੰਘ ਨੂਰਪੁਰੀ**
**ਸੈਨ ਹੋਜੇ, ਕੈਲੀਫੋਰਨੀਆ।**

---

ਇੱਕ ਖੇਡਣ-ਉਮਰੇ,
ਇੱਕ ਬੁੱਢੇ ਵਾਰੇ।
ਇੱਕ ਧੱਕੇ, ਇੱਕ ਪੈਡਲ ਮਾਰੇ।
ਖਿੱਚ-ਖਿਚਾਅ ਕੇ ਐਡਾ ਭਾਰ
ਵੇਚ ਕੇ ਪੱਠੇ ਕਰਨ ਗੁਜ਼ਾਰੇ।
ਧੀਆਂ ਪੜ੍ਹਾਓ, ਗੁਨਾਹ ਬਾਲ ਮਜ਼ਦੂਰੀ
ਬਟੋਰਨ ਵੋਟਾਂ, ਲਾ ਝੂਠੇ ਨਾਅਰੇ।

**-ਦਵਿੰਦਰ ਕੌਰ**

---

ਖੇਡ, ਪੜ੍ਹਾਈਆਂ, ਬਚਪਨ ਖੁੱਸ ਗਿਆ।
ਲੱਗਦੈ ਰੱਬ ਸਾਡੇ ਨਾਲ ਰੁੱਸ ਗਿਆ।
ਰੋਜ ਬਾਪੂ ਨਾਲ ਖੇਤ ਨੂੰ ਜਾਵਾਂ।
ਬੂਰੀ ਲਈ ਘਾਹ ਖੋਤ ਲਿਆਵਾਂ।
ਦੁੱਧ ਨਾਲ ਜਾਈਏ ਚੁੱਲਾ ਚਲਾਈ।
ਅੱਛੇ ਦਿਨਾਂ ਦੀ ਮੈਨੂੰ ਸਮਝ ਨਾ ਆਈ।

**-ਗੁਰਦੇਵ ਸਿੰਘ ਢਪਾਲੀ, ਬਠਿੰਡਾ**
**ਫੋਨ: 91-94176-49275**

---

ਵੱਟਾਂ ਤੋਂ ਲਿਆਈਏ ਘਾਹ ਖੋਤ ਕੇ
ਬੇਬੇ ਤੂੰ ਵੀ ਜੋਰ ਲਗਾ।
ਫਿਰ ਜਾਊਂ ਮੈਂ ਪੜ੍ਹਨ ਸਕੂਲੇ
ਪਹਿਲਾਂ ਲਈਏ ਪਸੂ ਰਜਾ।

**-ਸੁਕੰਨਿਆ ਭਾਰਦਵਾਜ, ਨਾਭਾ**
**ਫੋਨ: 815-307-3112**

---

ਜੋ ਸੁਪਨੇ ਕਦੇ ਮਾਂ ਮੇਰੀ ਨੇ
ਬੇਵਸੀਆਂ ਵਿਚ ਦੱਬੇ।
ਅੱਜ ਨੀਵੀਂ ਪਾ ਕੇ
ਖੜ੍ਹੇ ਖੜੋਤੇ ਮੇਰੇ ਅੰਦਰੋਂ ਲੱਭੇ।
ਕਹਾਣੀ ਵੀ ਇੱਕ ਖਾਸ ਹੈ ਮੇਰੀ,
ਮਾਸੂਮ ਜਿਹੀ ਇੱਕ ਪਿਆਸ ਹੈ ਮੇਰੀ।
ਆਮ ਜਿਹੀ ਮੈਂ ਹੋਣ ਲਈ ਲੋਚਾਂ,
ਏਹੀਓ ਉਮੀਦ ਤੇ ਆਸ ਹੈ ਮੇਰੀ।

**-ਗੁਰਦੇਵ ਸਿੰਘ ਦੇਬਾ**
**ਕੈਨਸਸ ਸਿਟੀ।**

---

ਕਾਣੀ ਵੰਡ, ਲੋਟੂ ਜਮਹੂਰੀਅਤ
ਨਹੀਂ ਚਾਹੁੰਦੀ ਦੱਬਿਆ ਕੁਚਲਿਆ ਤਬਕਾ
ਖੜ੍ਹ ਜਾਵੇ ਬਰਾਬਰ ਸਭ ਦੇ।
ਹੈ ਇਹੋ ਜੂਲਾ ਗੁਲਾਮੀ ਦਾ
ਮੰਗਦਾ ਲਾਮਬੰਦੀ।
ਢਿੱਡ ਹੈ ਖਾਲੀ
ਖੇਡਣ-ਮੱਲਣ ਦੀ ਉਮਰੇ ਅੱਲ੍ਹੜ
ਖਿੱਚੇ ਰੇੜ੍ਹਾ ਸੇਂਜੀ ਦਾ
ਕਮਾ ਚਾਰ ਪੈਸੇ
ਤੋਰੇ ਦਾਲ-ਫੁਲਕਾ ਟੱਬਰ ਦਾ।

**-ਦਰਸ਼ਨਪਾਲ ਦੋਸਾਂਝ**

# ਫਾਸਟਵੇਅ ਦੇ ਮਾਲਕ ਤੇ ਹੋਰਾਂ ਕੋਲੋਂ 303 ਕਰੋੜ ਦੀ ਵਸੂਲੀ ਲਈ ਨੋਟਿਸ

**ਚੰਡੀਗੜ੍ਹ:** ਡਾਇਰੈਕਟੋਰੇਟ ਜਨਰਲ ਆਫ ਜੀ.ਐਸ.ਟੀ. ਨੇ ਫਾਸਟਵੇਅ ਟਰਾਂਸਮਿਸ਼ਨ ਲਿਮਟਿਡ ਦੇ ਮੈਨੇਜਿੰਗ ਡਾਇਰੈਕਟਰ ਗੁਰਦੀਪ ਸਿੰਘ, ਸੀ.ਈ.ਓ. ਪਿਯੂਸ਼ ਮਹਾਜਨ, ਚਾਰਟਡ ਅਕਾਊਂਟੈਂਟ ਰਾਜੇਸ਼ ਮਹਿਰੂ, ਜੀ.ਐਮ (ਲੇਖਾਕਾਰ) ਚਮਨ ਲਾਲ ਕਟਿਆਲ ਨੂੰ 303 ਕਰੋੜ ਰੁਪਏ ਸਰਵਿਸ ਟੈਕਸ ਵਸੂਲਣ ਲਈ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਕੋਲੋਂ ਜੁਰਮਾਨਾ ਅਤੇ ਵਿਆਜ ਵਸੂਲਣ ਦੀ ਗੱਲ ਵੀ ਕਹੀ ਗਈ ਹੈ।

ਸਥਾਨਕ ਸਰਕਾਰਾਂ ਵਿਭਾਗ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਪਿਛਲੇ ਸਾਲ 6 ਜੁਲਾਈ ਨੂੰ 2600 ਕਰੋੜ ਰੁਪਏ ਦਾ ਸਰਵਿਸ ਟੈਕਸ ਜਮ੍ਹਾਂ ਨਾ ਕਰਵਾਉਣ ਦਾ ਖੁਲਾਸਾ ਕੀਤਾ ਸੀ, ਉਸ ਤੋਂ ਬਾਅਦ ਹੀ ਕੇਂਦਰੀ ਵਿਭਾਗ ਵੱਲੋਂ ਇਹ ਕਾਰਵਾਈ ਅਮਲ ਵਿਚ ਲਿਆਂਦੀ ਗਈ ਹੈ। ਕੇਂਦਰ ਸਰਕਾਰ ਦੇ ਡਾਇਰੈਕਟੋਰੇਟ ਜਨਰਲ ਵੱਲੋਂ ਇਸ ਸਾਲ 9 ਜਨਵਰੀ ਨੂੰ ਜਾਰੀ ਕੀਤੇ ਨੋਟਿਸ ਵਿਚ 303 ਕਰੋੜ ਰੁਪਏ ਦੀ ਰਿਕਵਰੀ ਕਰਨ ਅਤੇ ਜੁਰਮਾਨਾ ਵਸੂਲਣ ਕਰਨ ਦਾ ਵੀ ਨੋਟਿਸ ਦਿੱਤਾ ਹੈ।

ਉਨ੍ਹਾਂ ਨੇ ਫਾਸਟਵੇਅ ਦੇ ਮੈਨੇਜਿੰਗ ਡਾਇਰੈਕਟਰ ਗੁਰਦੀਪ ਸਿੰਘ ਨੂੰ 303 ਕਰੋੜ, ਹਾਥਵੇ ਸੁਖ ਅੰਮ੍ਰਿਤ ਕੇਬਲ ਐਂਡ ਡਾਟਾਕਾਮ ਪ੍ਰਾਈਵੇਟ ਲਿਮਟਿਡ ਨੂੰ 19 ਕਰੋੜ ਅਤੇ ਲੋਕਲ ਕੇਬਲ ਆਪਰੇਟਰਜ਼ ਨੂੰ 336 ਕਰੋੜ ਰੁਪਏ ਸਮੇਤ 11 ਹੋਰ ਕੰਪਨੀਆਂ ਨੂੰ 56 ਕਰੋੜ ਰੁਪਏ ਦੀ ਟੈਕਸ ਜਮ੍ਹਾਂ ਨਾ ਕਰਨ ਵਾਲੇ ਨੋਟਿਸ ਦੀਆਂ ਕਾਪੀਆਂ ਪੱਤਰਕਾਰਾਂ ਨੂੰ ਦਿੰਦਿਆਂ ਕਿਹਾ ਕਿ ਸਰਵਿਸ ਟੈਕਸ ਕਮਿਸ਼ਨਰ ਨੇ ਕੇਬਲ ਆਪਰੇਟਰਜ਼ ਨੂੰ ਟੈਕਸ ਬੇਨਿਯਮੀਆਂ ਦੀ ਕੈਟਾਗਰੀ ਵਿਚ ਰੱਖਦਿਆਂ 1500 ਤੋਂ ਜ਼ਿਆਦਾ ਨੋਟਿਸ ਜਾਰੀ ਕੀਤੇ ਹਨ।

## ਸੜਕ ਹਾਦਸੇ 'ਚ 20 ਮੌਤਾਂ


**ਨਿਊ ਯਾਰਕ:** ਅਲਬਾਨੇ ਨੇੜੇ ਸਕੋਹਾਰੇ ਕਾਊਂਟੀ ਵਿਚ ਦੋ ਕਾਰਾਂ ਦੀ ਟੱਕਰ ਵਿਚ 20 ਜਣੇ ਮਾਰੇ ਗਏ ਹਨ। ਪੁਲਿਸ ਸੂਤਰਾਂ ਅਨੁਸਾਰ ਕਾਰਾਂ ਦੀ ਟੱਕਰ ਬਾਅਦ ਇਕ ਕਾਰ ਪੈਦਲ ਚੱਲ ਰਹੇ ਲੋਕਾਂ 'ਤੇ ਜਾ ਡਿਗੀ। ਹਾਦਸੇ ਵਿਚ ਇਕ ਲਿਮੋਜ਼ਿਨ ਪਹਾੜੀ ਤੋਂ ਡਿੱਗ ਗਈ। ਇਹ ਗੱਡੀ ਥੱਲੇ ਐਪਲ ਕੰਪਨੀ ਦੇ ਸਟੋਰ ਅੱਗੇ ਪੈਦਲ ਚੱਲ ਰਹੇ ਲੋਕਾਂ ਉਤੇ ਡਿਗਣ ਕਾਰਨ ਪੁਲਿਸ ਨੇ 20 ਵਿਅਕਤੀਆਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਹੈ।

## ਸੰਜੇ ਵਰਮਾ ਸਪੇਨ 'ਚ ਭਾਰਤ ਦੇ ਰਾਜਦੂਤ ਨਿਯੁਕਤ

**ਨਵੀਂ ਦਿੱਲੀ:** ਸੀਨੀਅਰ ਕੂਟਨੀਤਕ ਸੰਜੇ ਵਰਮਾ ਨੂੰ ਸਪੇਨ 'ਚ ਭਾਰਤ ਦਾ ਰਾਜਦੂਤ ਨਿਯੁਕਤ ਕੀਤਾ ਗਿਆ ਹੈ। ਵਿਦੇਸ਼ ਮੰਤਰਾਲੇ ਨੇ ਇਸ ਸਬੰਧੀ ਜਾਣਕਾਰੀ ਦਿੱਤੀ। ਭਾਰਤੀ ਵਿਦੇਸ਼ ਸੇਵਾ ਦੇ 1990 ਬੈਚ ਦੇ ਅਧਿਕਾਰੀ ਸੰਜੇ ਵਰਮਾ ਇਸ ਸਮੇਂ ਵਿਦੇਸ਼ ਮੰਤਰਾਲੇ 'ਚ ਵਧੀਕ ਸਕੱਤਰ 'ਤੇ ਅਹੁਦੇ ਤਾਇਨਾਤ ਹਨ। ਵਿਦੇਸ਼ ਮੰਤਰਾਲੇ ਅਨੁਸਾਰ ਸੰਜੇ ਵਰਮਾ ਜਲਦ ਹੀ ਆਪਣਾ ਅਹੁਦਾ ਸੰਭਾਲਣਗੇ। ਉਥੇ 1995 ਬੈਚ ਦੇ ਆਈ.ਐਫ.ਐਸ. ਅਧਿਕਾਰੀ ਅਰਿਨਦਮ ਬਾਗਚੀ ਨੂੰ ਕ੍ਰੋਏਸ਼ੀਆ ਗਣਰਾਜ 'ਚ ਭਾਰਤ ਦਾ ਨਵਾਂ ਰਾਜਦੂਤ ਨਿਯੁਕਤ ਕੀਤਾ ਗਿਆ ਹੈ।

# ਵੀਰੱਪਨ ਦੀ ਸੂਹ ਦੇਣ ਵਾਲੀ ਔਰਤ ਨੂੰ ਹਾਲੇ ਵੀ ਇਨਾਮ ਦੀ ਉਡੀਕ

**ਕੋਇੰਬਟੂਰ:** ਮਸ਼ਹੂਰ ਡਾਕੂ ਤੇ ਤਸਕਰ ਵੀਰੱਪਨ ਨੂੰ ਪੁਲਿਸ ਐਨਕਾਊਂਟਰ ਵਿਚ ਮਾਰੇ ਨੂੰ ਅੱਜ 14 ਸਾਲ ਹੋ ਗਏ ਹਨ, ਪਰ ਉਸ ਦੀ ਸੂਹ ਦੇਣ ਵਾਲੀ ਔਰਤ ਨੂੰ ਅੱਜ ਵੀ ਇਨਾਮ ਦੀ ਉਡੀਕ ਹੈ। ਕੋਇੰਬਟੂਰ ਦੇ ਵਡਾਵੱਲੀ ਦੀ ਐਮ ਸ਼ਨਮੁਗਪ੍ਰਿਆ ਨੇ ਵੀਰੱਪਨ ਦਾ ਖੁਰਾ ਖੋਜ ਲੱਭਣ ਵਿਚ ਅਹਿਮ ਭੂਮਿਕਾ ਨਿਭਾਈ ਸੀ।



ਵਿਸ਼ੇਸ਼ ਟਾਸਕ ਫੋਰਸ ਦੇ ਅਗਵਾਈ ਕਰਨ ਵਾਲੇ ਕੇ. ਵਿਜੇ ਕੁਮਾਰ ਤੇ ਐਨ.ਕੇ. ਸੇਨਥਮਾਰੀ ਕੰਨਨ ਨੇ ਸਾਲ 2004 ਵਿਚ ਵੀਰੱਪਨ ਦਾ ਐਨਕਾਊਂਟਰ ਕੀਤਾ ਸੀ। ਸੇਨਥਮਾਰੀ ਨੇ ਸ਼ਨਮੁਗਪ੍ਰਿਆ ਨੂੰ ਵੀਰੱਪਨ ਦੀ ਪਤਨੀ ਮੁੱਥੁਲਕਸ਼ਮੀ ਦੇ ਰਾਹੀਂ ਸੂਹ ਲਾਉਣ ਦੀ ਜ਼ਿੰਮੇਵਾਰੀ ਸੌਂਪੀ ਸੀ। ਮੁੱਥੁਲਕਸ਼ਮੀ ਨੇ ਸ਼ਨਮੁਗਪ੍ਰਿਆ ਦੇ ਘਰ ਵਿਚ ਕਿਰਾਏ 'ਤੇ ਕਮਰਾ ਲਿਆ ਹੋਇਆ ਸੀ ਤੇ ਐਸ.ਟੀ.ਐਫ. ਦੇ ਕਹਿਣ 'ਤੇ ਹੀ ਸ਼ਨਮੁਗਪ੍ਰਿਆ ਨੇ ਵੀਰੱਪਨ ਦੀ ਪਤਨੀ ਤੋਂ ਉਸ ਬਾਰੇ ਜ਼ਰੂਰੀ ਜਾਣਕਾਰੀ ਇਕੱਠੀ ਕੀਤੀ ਸੀ।

ਸ਼ਨਮੁਗਪ੍ਰਿਆ ਨੇ ਦੱਸਿਆ ਕਿ ਉਸ ਨੇ ਵੀਰੱਪਨ ਦੀ ਪਤਨੀ ਤੋਂ ਉਸ ਦੀ ਮੰਦੀ ਸਿਹਤ, ਘਟਦੀ ਨਿਗ੍ਹਾ ਤੇ ਜੰਗਲ ਵਿਚ ਉਸ ਦੇ ਟਿਕਾਣਿਆਂ ਬਾਰੇ ਜਾਣਕਾਰੀ ਇਕੱਠੀ ਕਰ ਕੇ ਐਸ.ਟੀ.ਐਫ. ਨੂੰ ਦਿੱਤੀ ਸੀ। ਉਸ ਨੇ ਦੱਸਿਆ ਕਿ ਅਕਤੂਬਰ 2004 ਦੌਰਾਨ ਐਸ.ਟੀ.ਐਫ. ਦੇ ਸੀਨੀਅਰ ਅਧਿਕਾਰੀਆਂ ਨੇ ਉਸ ਨੂੰ ਵੀਰੱਪਨ ਦੀ ਜਾਣਕਾਰੀ ਦੇਣ ਬਦਲੇ ਇਨਾਮ ਦਿੱਤੇ ਜਾਣ ਦਾ ਯਕੀਨ ਦਿਵਾਇਆ ਸੀ। ਸ਼ਨਮੁਗਪ੍ਰਿਆ ਨੇ ਕਿਹਾ ਕਿ ਉਸ ਨੇ ਪੁਲਿਸ ਵਿਭਾਗ ਲਈ ਆਪਣੀ ਜ਼ਿੰਦਗੀ ਨੂੰ ਦਾਅ 'ਤੇ ਲਾਇਆ ਸੀ, ਪਰ ਕਿਸੇ ਨੇ ਇਸ ਦਾ ਮੁੱਲ ਨਹੀਂ ਪਾਇਆ।

# ਨਰਸਰੀ ਦੇ ਬੱਚਿਆਂ ਨੂੰ ਦੁਪਹਿਰ ਦਾ ਖਾਣਾ ਦੇਣ ਤੋਂ ਭੱਜੀ ਸਰਕਾਰ

**ਚੰਡੀਗੜ੍ਹ:** ਪੰਜਾਬ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ 'ਚ ਪਿਛਲੇ ਸਾਲ 14 ਨਵੰਬਰ ਤੋਂ ਸ਼ੁਰੂ ਕੀਤੀਆਂ ਪ੍ਰੀ-ਪ੍ਰਾਇਮਰੀ (ਨਰਸਰੀ) ਜਮਾਤਾਂ ਦੇ ਬੱਚਿਆਂ ਲਈ ਦੁਪਹਿਰ ਦੇ ਖਾਣੇ ਤੋਂ ਸਰਕਾਰ ਦੇ ਹੱਥ ਖੜ੍ਹੇ ਹਨ। ਨਤੀਜਨ ਇਨ੍ਹਾਂ ਬੱਚਿਆਂ ਲਈ ਇਕ ਸਾਲ ਬੀਤਣ ਦੇ ਬਾਵਜੂਦ ਦੁਪਹਿਰ ਦੇ ਖਾਣੇ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ।

ਵਿਭਾਗ ਤੋਂ ਮਿਲੀ ਜਾਣਕਾਰੀ ਮੁਤਾਬਕ ਰਾਜ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ 'ਚ ਸ਼ੁਰੂ



ਬੱਚਿਆਂ ਨੂੰ ਸਕੂਲ ਦੇ ਦੂਜੇ ਵਿਦਿਆਰਥੀਆਂ ਲਈ ਪਰੋਸੇ ਜਾਂਦੇ ਖਾਣੇ ਵੱਲ ਲਲਚਾਈਆਂ ਨਜ਼ਰਾਂ ਨਾਲ ਵੇਖਣਾ ਪੈਂਦਾ ਹੈ। ਬੇਸ਼ੱਕ ਕੁਝ ਸਕੂਲਾਂ 'ਚ ਇਨ੍ਹਾਂ ਨੰਨ੍ਹੇ ਬੱਚਿਆਂ ਲਈ ਅਧਿਆਪਕਾਂ ਵੱਲੋਂ ਜੁਗਾੜ ਕਰ ਦਿੱਤਾ ਜਾਂਦਾ ਹੈ ਪਰ ਸਰਕਾਰ ਵੱਲੋਂ ਇਨ੍ਹਾਂ ਕੀਤੀਆਂ ਪ੍ਰੀ-ਪ੍ਰਾਇਮਰੀ ਜਮਾਤਾਂ 'ਚ ਇਸ ਸਮੇਂ ਇਕ ਲੱਖ ਸੱਠ ਹਜ਼ਾਰ ਦੇ ਕਰੀਬ ਬੱਚੇ ਦਾਖਲ ਹਨ। ਇਹ ਉਹ ਬੱਚੇ ਹਨ ਜਿਨ੍ਹਾਂ ਨੇ ਆਂਗਣਵਾੜੀ ਕੇਂਦਰਾਂ 'ਚ ਦਾਖਲ ਹੋਣਾ ਸੀ ਪਰ ਸਰਕਾਰੀ ਸਕੂਲਾਂ 'ਚ ਬੱਚਿਆਂ ਦੀ ਲਗਾਤਾਰ ਘਟ ਰਹੀ ਗਿਣਤੀ ਤੋਂ ਚਿੰਤਤ ਸਿੱਖਿਆ ਵਿਭਾਗ ਨੇ ਪ੍ਰੀ-ਪ੍ਰਾਇਮਰੀ ਜਮਾਤਾਂ ਸ਼ੁਰੂ ਕਰਕੇ ਇਨ੍ਹਾਂ ਬੱਚਿਆਂ ਨੂੰ ਸਰਕਾਰੀ ਸਕੂਲਾਂ 'ਚ ਦਾਖਲ ਕਰ ਲਿਆ। ਰਾਜ ਵਿਚ ਇਸ ਸਮੇਂ 26656 ਆਂਗਣਵਾੜੀ ਕੇਂਦਰ ਹਨ। ਇਨ੍ਹਾਂ ਕੇਂਦਰਾਂ 'ਚ ਜਾਣ ਵਾਲੇ ਬੱਚਿਆਂ ਨੂੰ ਸਕੂਲਾਂ ਵਿਚ ਦਾਖਲ ਕਰਨ ਸਮੇਂ ਸਿੱਖਿਆ ਵਿਭਾਗ ਨੇ ਕਿਹਾ ਸੀ ਕਿ ਇਹ ਬੱਚੇ ਇਕ ਘੰਟਾ ਸਕੂਲ ਵਿਚ ਰਹਿਣਗੇ, ਜਿਥੇ ਅਧਿਆਪਕ ਇਨ੍ਹਾਂ ਨੂੰ ਕੁਝ ਨਾ ਕੁਝ ਸਿਖਾਉਣਗੇ, ਉਸ ਤੋਂ ਬਾਅਦ ਇਹ ਬੱਚੇ ਆਂਗਣਵਾੜੀ ਕੇਂਦਰਾਂ 'ਚ ਜਾਣਗੇ ਜਿਥੋਂ ਇਹ ਆਪਣਾ ਖਾਣਾ ਲੈਣਗੇ।

ਸਿੱਖਿਆ ਵਿਭਾਗ ਦੀਆਂ ਇਹ ਗੱਲਾਂ ਗੱਲਾਂ ਬਣ ਕੇ ਰਹਿ ਗਈਆਂ, ਕਿਉਂਕਿ ਜ਼ਿਆਦਾਤਰ ਆਂਗਣਵਾੜੀ ਕੇਂਦਰਾਂ ਦੀ ਸਕੂਲਾਂ ਤੋਂ ਬਹੁਤ ਦੂਰੀ ਹੈ ਸਿਰਫ 7054 ਆਂਗਣਵਾੜੀ ਕੇਂਦਰ ਹੀ ਪ੍ਰਾਇਮਰੀ ਸਕੂਲਾਂ 'ਚ ਹਨ। ਬਾਕੀ ਰਹਿੰਦੇ 19602 ਕੇਂਦਰਾਂ ਵਿਚ ਸਕੂਲਾਂ ਵਿਚੋਂ ਬੱਚੇ ਕਿਸੇ ਵੀ ਹਾਲਤ 'ਚ ਇਕ ਘੰਟੇ ਤੋਂ ਬਾਅਦ ਵਾਪਸ ਨਹੀਂ ਜਾ ਸਕਦੇ, ਨਾ ਹੀ ਇਹ ਬੱਚੇ ਦੋ ਘੰਟਿਆਂ ਬਾਅਦ ਘਰ ਜਾ ਸਕਦੇ ਹਨ, ਕਿਉਂਕਿ ਇਨ੍ਹਾਂ ਨੂੰ ਘਰ ਪਹੁੰਚਾਉਣ ਦਾ ਪ੍ਰਾਇਮਰੀ ਸਕੂਲਾਂ ਵਿਚ ਕੋਈ ਪ੍ਰਬੰਧ ਨਹੀਂ।

## ਅਰੁਣਾਚਲ 'ਚ ਅਫਸਪਾ ਛੇ ਮਹੀਨੇ ਲਈ ਵਧਾਇਆ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਅਰੁਣਾਚਲ ਪ੍ਰਦੇਸ਼ ਦੇ ਤਿੰਨ ਜ਼ਿਲ੍ਹਿਆਂ ਅਤੇ ਇਸ ਦੇ ਅਸਾਮ ਨਾਲ ਲੱਗਦੇ ਅੱਠ ਪੁਲਿਸ ਸਟੇਸ਼ਨਾਂ ਦੀ ਹੱਦ 'ਚ ਅਫਸਪਾ ਐਕਟ ਵਿਚ ਛੇ ਮਹੀਨੇ ਲਈ ਵਾਧਾ ਕਰ ਦਿੱਤਾ ਹੈ।

## ਕੈਨੇਡਾ ਤੋਂ ਵਾਪਸ ਭੇਜੇ ਵਿਅਕਤੀ ਕੋਲੋਂ ਚਾਰ ਕਿੱਲੋ ਹੈਰੋਇਨ ਬਰਾਮਦ

**ਅੰਮ੍ਰਿਤਸਰ:** ਪੁਲਿਸ ਨੇ ਇਕ ਵਿਅਕਤੀ ਨੂੰ ਕਾਬੂ ਕਰ ਕੇ ਉਸ ਕੋਲੋਂ ਚਾਰ ਕਿੱਲੋ ਹੈਰੋਇਨ ਬਰਾਮਦ ਕੀਤੀ ਹੈ। ਇਸ ਵਿਅਕਤੀ ਦੀ ਸ਼ਨਾਖਤ ਜ਼ੋਰਾਵਰ ਸਿੰਘ ਵਾਸੀ ਮੈਡੀਕਲ ਐਨਕਲੇਵ ਵਜੋਂ ਹੋਈ ਹੈ। ਪੁੱਛਗਿੱਛ ਦੌਰਾਨ ਇਸ ਦੀ ਰਿਹਾਇਸ਼ ਤੋਂ ਦੋ ਕਿੱਲੋ ਹੈਰੋਇਨ ਹੋਰ ਬਰਾਮਦ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਹ ਵਿਅਕਤੀ ਇਥੇ ਇਕੱਲਾ ਰਹਿੰਦਾ ਹੈ।

ਜਾਂਚ ਅਨੁਸਾਰ ਇਹ ਵਿਅਕਤੀ ਕੈਨੇਡਾ ਚਲਾ ਗਿਆ ਸੀ ਅਤੇ 2008 'ਚੋਂ ਉਥੋਂ ਅਜਿਹੇ ਹੀ ਦੋਸ਼ਾਂ ਹੇਠ ਉਸ ਨੂੰ ਵਾਪਸ ਭਾਰਤ ਭੇਜ ਦਿੱਤਾ ਗਿਆ ਸੀ। ਪੁਲਿਸ ਉਸ ਦੇ ਪਾਸਪੋਰਟ ਅਤੇ ਹੋਰ ਵੇਰਵਿਆਂ ਸਮੇਤ ਕੈਨੇਡਾ ਵਿਚ ਦਰਜ ਕੇਸ ਬਾਰੇ ਵੀ ਜਾਂਚ ਕਰੇਗੀ। ਇਸ ਵਿਅਕਤੀ ਨੂੰ ਅਦਾਲਤ 'ਚ ਪੇਸ਼ ਕਰ ਕੇ ਪੁਲਿਸ ਨੇ ਰਿਮਾਂਡ ਲੈ ਲਿਆ ਤਾਂ ਜੋ ਹੋਰ ਪੁੱਛਗਿੱਛ ਕੀਤੀ ਜਾ ਸਕੇ।

# ਪੈਰੋਲ 'ਤੇ ਆਏ ਕੈਦੀ ਵੱਲੋਂ ਦੋ ਨੌਜਵਾਨਾਂ ਦਾ ਕਤਲ

**ਫਿਰੋਜ਼ਪੁਰ:** ਜੇਲ੍ਹ ਵਿਚੋਂ ਛੁੱਟੀ ਆਏ ਮੁਲਜ਼ਮ ਨੇ ਪੁਰਾਣੀ ਰੰਜਿਸ਼ ਦੇ ਚਲਦਿਆਂ ਦੋ ਨੌਜਵਾਨਾਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਇਸ ਵਾਰਦਾਤ ਵਿਚ ਇਕ ਨੌਜਵਾਨ ਜ਼ਖ਼ਮੀ ਹੋ ਗਿਆ। ਵਾਰਦਾਤ ਮਗਰੋਂ ਮੁਲਜ਼ਮ ਵਿੱਕੀ ਨੇ ਫੇਸਬੁੱਕ 'ਤੇ ਲਾਈਵ ਹੋ ਕੇ ਆਪਣੇ ਦੁਸ਼ਮਣ ਜੱਗਾ ਨੂੰ ਜਨਮ ਦਿਨ ਦੀ ਵਧਾਈ ਦਿੰਦਿਆਂ ਉਸ ਨੂੰ ਤੇ ਉਹਦੇ ਹੋਰਨਾਂ ਦੋਸਤਾਂ ਨੂੰ ਵੀ ਜਾਨੋਂ ਮਾਰਨ ਦੀ ਧਮਕੀ ਦਿੱਤੀ।

ਸ਼ਹਿਰ ਦੇ ਸ਼ਾਂਤੀ ਨਗਰ ਇਲਾਕੇ ਦੇ ਵਸਨੀਕ ਵਿੱਕੀ ਖਿਲਾਫ਼ ਪਹਿਲਾਂ ਵੀ ਕਈ ਅਪਰਾਧਿਕ ਕੇਸ ਦਰਜ ਹਨ। ਵਿੱਕੀ ਸਥਾਨਕ ਕੇਂਦਰੀ ਜੇਲ੍ਹ ਵਿਚ ਬੰਦ ਸੀ ਤੇ ਕੁਝ ਦਿਨਾਂ ਤੋਂ ਛੁੱਟੀ 'ਤੇ ਆਇਆ ਹੋਇਆ ਹੈ।

ਜੇਲ੍ਹ ਵਿਚ ਜਗਸੀਰ ਸਿੰਘ ਉਰਫ਼ ਜੱਗਾ ਵਾਸੀ ਰੁਕਨਾ ਮੁੰਗਲਾ ਨਾਂ ਦਾ ਇਕ ਹੋਰ ਮੁਲਜ਼ਮ ਬੰਦ ਸੀ, ਜਿਸ ਨਾਲ ਵਿੱਕੀ ਦੀ ਪਹਿਲਾਂ ਦੋਸਤੀ ਸੀ, ਪਰ ਮਗਰੋਂ ਕਿਸੇ ਗੱਲੋਂ ਦੋਵੇਂ ਇਕ ਦੂਜੇ ਦੇ ਦੁਸ਼ਮਣ ਬਣ ਗਏ। ਦੱਸਿਆ ਜਾਂਦਾ ਹੈ ਕਿ ਵਿੱਕੀ ਨਾਲ ਜੱਗਾ ਤੇ ਉਹਦੇ ਸਾਥੀਆਂ ਨੇ ਕੁਝ ਚਿਰ ਪਹਿਲਾਂ ਜੇਲ੍ਹ ਅੰਦਰ ਕੁੱਟਮਾਰ ਕੀਤੀ ਸੀ, ਜਿਸ ਦਾ ਵਿੱਕੀ ਬਦਲਾ ਲੈਣਾ ਚਾਹੁੰਦਾ ਸੀ। ਵਿੱਕੀ ਤੇ ਜੱਗਾ ਦੋਵੇਂ ਹੁਣ ਪੈਰੋਲ 'ਤੇ ਬਾਹਰ ਸਨ। ਜੱਗਾ ਆਪਣੇ ਸਾਥੀਆਂ ਸੋਨੂੰ ਗਿੱਲ ਵਾਸੀ ਅੰਮ੍ਰਿਤਸਰੀ ਗੇਟ, ਚਮਕੌਰ ਸਿੰਘ, ਰਜਿੰਦਰ ਸਿੰਘ ਮਿੰਕਾ ਵਾਸੀ ਆਜ਼ਾਦ ਨਗਰ, ਚਮਕੌਰ ਸਿੰਘ, ਹੈਪੀ ਅਤੇ ਰਾਜਬੀਰ ਨਾਲ ਪਿੰਡ ਸ਼ੇਰਖਾਂ ਵਿਚ ਜਨਮ ਦਿਨ ਮਨਾ ਕੇ ਵਾਪਸ ਫ਼ਿਰੋਜ਼ਪੁਰ ਆ ਰਿਹਾ ਸੀ। ਜਦੋਂ ਉਹ ਸੱਤ ਨੰਬਰ ਚੁੰਗੀ ਕੋਲ ਪੁੱਜੇ ਤਾਂ ਉਥੇ ਪਹਿਲਾਂ ਤੋਂ ਆਪਣੇ ਸਾਥੀਆਂ ਨਾਲ ਖੜ੍ਹੇ ਵਿੱਕੀ ਨੇ ਉਨ੍ਹਾਂ ਨੂੰ ਘੇਰ ਲਿਆ ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਜੱਗਾ ਮੋਟਰਸਾਈਕਲ 'ਤੇ ਹੋਣ ਕਰ ਕੇ ਉਥੋਂ ਭੱਜ ਗਿਆ ਜਦੋਂ ਕਿ ਗੋਲੀਬਾਰੀ ਵਿਚ ਸੋਨੂੰ ਅਤੇ ਮਿੰਕਾ ਦੀ ਮੌਕੇ 'ਤੇ ਹੀ ਮੌਤ ਹੋ ਗਈ।

# ਨਪੁੰਸਕ ਮਾਮਲੇ 'ਚ ਰਾਮ ਰਹੀਮ ਨੂੰ ਝਟਕਾ

**ਚੰਡੀਗੜ੍ਹ:** ਡੇਰਾ ਸਿਰਸਾ ਵਿਚ ਸਾਧੂਆਂ ਨੂੰ ਨਪੁੰਸਕ ਬਣਾਏ ਜਾਣ ਦੀ ਸੀ.ਬੀ.ਆਈ. ਜਾਂਚ ਦੇ ਹੁਕਮ ਨੂੰ ਰਾਮ ਰਹੀਮ ਵੱਲੋਂ ਚੁਣੌਤੀ ਦਿੰਦੀ ਅਪੀਲ ਹਾਈ ਕੋਰਟ ਨੇ ਖਾਰਜ ਕਰ ਦਿੱਤੀ ਹੈ। ਹਾਈ ਕੋਰਟ ਨੇ ਇਸ 'ਤੇ ਫੈਸਲਾ ਰਾਖਵਾਂ ਰੱਖ



ਲਿਆ ਸੀ ਤੇ ਹੁਣ ਫੈਸਲਾ ਸੁਣਾਉਂਦਿਆਂ ਅਪੀਲ ਖਾਰਜ ਕਰ ਦਿੱਤੀ ਹੈ। ਰਾਮ ਰਹੀਮ ਨੇ ਕਿਹਾ ਸੀ ਕਿ ਇਸ ਮਾਮਲੇ ਵਿਚ ਕੋਈ ਠੋਸ ਸਬੂਤ ਨਹੀਂ ਸੀ ਤੇ ਸੀ.ਬੀ.ਆਈ. ਜਾਂਚ ਦਾ ਫੈਸਲਾ ਗਲਤ ਸੀ ਤੇ ਇਹ ਫੈਸਲਾ ਪਲਟਿਆ ਜਾਣਾ ਚਾਹੀਦਾ ਹੈ। ਇਸ ਮਾਮਲੇ ਵਿਚ ਦੋਵੇਂ ਧਿਰਾਂ ਵੱਲੋਂ ਬਹਿਸ ਕੀਤੀ ਗਈ ਸੀ। ਸੀ.ਬੀ.ਆਈ. ਨੇ ਕਿਹਾ ਸੀ ਕਿ ਮਾਮਲੇ ਦਾ ਟਰਾਇਲ ਲਗਭਗ ਮੁਕੰਮਲ ਹੋਣ 'ਤੇ ਹੈ ਤੇ ਇਸ ਸਟੇਜ ਉਤੇ ਆ ਕੇ ਜਾਂਚ ਸੀ.ਬੀ.ਆਈ. ਨੂੰ ਦਿੱਤੇ ਜਾਣ ਦਾ ਫੈਸਲਾ ਪਲਟਣ ਦੀ ਲੋੜ ਨਹੀਂ ਹੈ।

ਜ਼ਿਕਰਯੋਗ ਹੈ ਕਿ ਹੰਸਰਾਜ ਚੌਹਾਨ ਨਾਮੀ ਇਕ ਸਾਧੂ ਨੇ ਦੋਸ਼ ਲਗਾਇਆ ਸੀ ਕਿ ਡੇਰੇ ਵਿਚ ਮੌਜੂਦ ਹਸਪਤਾਲ ਵਿਚ ਉਥੋਂ ਦੇ ਹੀ ਡਾਕਟਰਾਂ ਵੱਲੋਂ ਰਾਮ ਰਹੀਮ ਦੇ ਕਹਿਣ ਉਤੇ ਸਾਧੂਆਂ ਨੂੰ ਨਪੁੰਸਕ ਬਣਾਇਆ ਗਿਆ ਤੇ ਲਗਭਗ 400 ਸਾਧੂਆਂ ਨੂੰ ਨਪੁੰਸਕ ਬਣਾਇਆ ਗਿਆ ਜਿਹੜਾ ਕਿ ਗੈਰ ਮਨੁੱਖੀ ਕੰਮ ਹੈ, ਲਿਹਾਜ਼ਾ ਇਸ ਦੀ ਸੀ.ਬੀ.ਆਈ. ਜਾਂਚ ਹੋਣੀ ਚਾਹੀਦੀ ਹੈ। ਚੌਹਾਨ ਨੇ ਇਹ ਦਲੀਲ ਦਿੱਤੀ ਸੀ ਕਿ ਸਾਧੂਆਂ ਨੂੰ ਰਾਮ ਰਹੀਮ ਇਹ ਕਹਿ ਕੇ ਨਪੁੰਸਕ ਬਣਨ ਲਈ ਤਿਆਰ ਕਰਦਾ ਸੀ ਕਿ ਅਜਿਹਾ ਕਰਨ ਨਾਲ ਸਾਧੂਆਂ ਨੂੰ ਰੱਬ ਦੀ ਪ੍ਰਾਪਤੀ ਹੋਵੇਗੀ। ਚੌਹਾਨ ਦੀ ਮੈਡੀਕਲ ਜਾਂਚ ਪੀ.ਜੀ.ਆਈ. ਚੰਡੀਗੜ੍ਹ ਦੇ ਬੋਰਡ ਆਫ ਡਾਕਟਰਾਂ ਵੱਲੋਂ ਕੀਤੀ ਗਈ ਸੀ ਤੇ ਉਸ ਨੂੰ ਨਪੁੰਸਕ ਬਣਾਉਣ ਦੀ ਪੁਸ਼ਟੀ ਹੋਣ ਉਪਰੰਤ ਇਹ ਮਾਮਲਾ ਹਾਈ ਕੋਰਟ ਨੇ ਸੀ.ਬੀ.ਆਈ. ਨੂੰ ਦੇ ਦਿੱਤਾ ਸੀ ਤੇ ਹੁਣ ਇਸ ਮਾਮਲੇ ਦਾ ਟਰਾਇਲ ਪੰਚਕੂਲਾ ਸੀ.ਬੀ.ਆਈ. ਅਦਾਲਤ ਵਿਚ ਚੱਲ ਰਿਹਾ ਹੈ ਤੇ ਟਰਾਇਲ ਲਗਭਗ ਮੁਕੰਮਲ ਹੋਣ ਜਾ ਰਿਹਾ ਹੈ। ਹਾਈ ਕੋਰਟ ਵੱਲੋਂ ਅਪੀਲ ਖਾਰਜ ਕੀਤੇ ਜਾਣ ਨਾਲ ਹੁਣ ਰਾਮ ਰਹੀਮ ਨੂੰ ਟਰਾਇਲ ਦਾ ਸਾਹਮਣਾ ਕਰਨਾ ਪਵੇਗਾ।

## ਔਕਸਫੋਰਡ ਡਿਕਸ਼ਨਰੀ 'ਚ 1400 ਨਵੇਂ ਸ਼ਬਦ ਸ਼ਾਮਲ

**ਲੰਡਨ:** ਔਕਸਫੋਰਡ ਇੰਗਲਿਸ਼ ਡਿਕਸ਼ਨਰੀ ਵਿਚ 1400 ਨਵੇਂ ਸ਼ਬਦਾਂ ਦੇ ਅੰਦਰਾਜ ਦੌਰਾਨ 'ਆਈਡੀਓਕਰੇਸੀ', 'ਨਬਿੰਗਵਰਜਰ' ਅਤੇ 'ਫੈਮ' ਵਰਗੇ ਸ਼ਬਦ ਆਪਣੀ ਥਾਂ ਲੈਣ ਵਿਚ ਸਫਲ ਹੋਏ ਹਨ। ਇਹ ਸ਼ਬਦ ਵੱਖ-ਵੱਖ ਖੇਤਰਾਂ ਵਿਚ ਪ੍ਰਚਲਿਤ ਹਨ।

ਜ਼ਿਕਰਯੋਗ ਹੈ ਕਿ ਔਕਸਫੋਰਡ ਇੰਗਲਿਸ਼ ਡਿਕਸ਼ਨਰੀ(ਓ.ਈ.ਡੀ.) ਸਾਲ ਦੇ ਵਿਚ ਚਾਰ ਵਾਰ ਅਪਡੇਟ ਕੀਤੀ ਜਾਂਦੀ ਹੈ।

# ਪੰਜਾਬ 'ਚ ਹਰ ਦੂਜੇ ਖਾਣੇ ਵਿਚ ਮਿਲਾਵਟ

**ਚੰਡੀਗੜ੍ਹ:** ਖੁਰਾਕੀ ਵਸਤਾਂ ਵਿਚ ਮਿਲਾਵਟ ਖਿਲਾਫ਼ ਵਿੱਢੀ ਮੁਹਿੰਮ ਨੂੰ ਹੁਣ ਫਲ ਪੈਣ ਲੱਗਾ ਹੈ। ਪਿਛਲੇ ਦੋ ਮਹੀਨੇ ਦੇ ਅੰਕੜਿਆਂ ਤੋਂ ਖੁਲਾਸਾ ਹੋਇਆ ਹੈ ਕਿ ਰਾਜ ਵਿਚ ਹਰ ਦੂਜੇ ਖਾਣੇ ਦੇ ਲਏ ਨਮੂਨੇ ਵਿੱਚ ਮਿਲਾਵਟ ਮਿਲੀ ਹੈ। ਰਾਜ ਦੀ ਖੁਰਾਕ ਅਤੇ ਡਰੱਗ ਅਥਾਰਟੀ ਵੱਲੋਂ ਇਕੱਠੇ ਕੀਤੇ ਅੰਕੜਿਆਂ ਮੁਤਾਬਕ ਅਗਸਤ ਮਹੀਨੇ ਲਏ ਗਏ ਨਮੂਨਿਆਂ ਵਿਚੋਂ 48.6 ਫੀਸਦੀ ਵਿਚ ਮਿਲਾਵਟ ਸੀ। ਸਤੰਬਰ ਮਹੀਨੇ ਵਿਚ ਵੀ ਇਹੀ ਅਨੁਪਾਤ ਰਿਹਾ।

ਖੁਰਾਕੀ ਵਸਤਾਂ ਵਿਚ ਮਿਲਾਵਟ ਦੀ ਜਾਂਚ ਲਈ ਪੰਜਾਬ ਸਰਕਾਰ ਨੇ ਅਗਸਤ ਮਹੀਨੇ ਤੰਦਰੁਸਤ ਪੰਜਾਬ ਨਾਂ ਦੀ ਮੁਹਿੰਮ ਸ਼ੁਰੂ ਕੀਤੀ ਸੀ। ਇਸ ਤੋਂ ਪਹਿਲਾਂ ਬੀਤੇ ਚਾਰ ਵਰ੍ਹਿਆਂ ਵਿਚ ਮਿਲਾਵਟ ਦਾ ਅਨੁਪਾਤ 25 ਫੀਸਦੀ ਦੇ ਕਰੀਬ ਸੀ। ਇਨ੍ਹਾਂ ਦੋ ਮਹੀਨਿਆਂ ਵਿਚ ਲਏ ਗਏ ਨਮੂਨਿਆਂ ਦੀ ਗਿਣਤੀ ਵਿਚ ਤੇਜੀ ਨਾਲ ਵਾਧਾ ਹੋਇਆ ਹੈ।

ਬੀਤੇ ਛੇ ਵਰ੍ਹਿਆਂ ਵਿਚ ਸਰਕਾਰ ਸਾਲਾਨਾ 8 ਹਜ਼ਾਰ ਨਮੂਨੇ ਇਕੱਠੇ ਕਰਦੀ ਸੀ ਪਰ ਬੀਤੇ ਦੋ ਮਹੀਨਿਆਂ ਵਿਚ ਪ੍ਰਤੀ ਮਹੀਨੇ ਔਸਤ 1500 ਨਮੂਨੇ ਲਏ ਗਏ। ਦੁੱਧ ਅਤੇ ਦੁੱਧ ਉਤਪਾਦਾਂ ਵਿਚ ਆਮ ਤੌਰ 'ਤੇ ਮਿਲਾਵਟ ਮਿਲਦੀ ਹੈ। ਅਗਸਤ ਮਹੀਨੇ ਵਿਚ ਦੁੱਧ ਦੇ 494 ਨਮੂਨੇ ਲਏ ਗਏ ਜਿਨ੍ਹਾਂ ਵਿਚੋਂ 252 ਵਿਚ ਮਿਲਾਵਟ ਮਿਲੀ। ਇਸੇ ਤਰ੍ਹਾਂ ਦੁੱਧ ਉਤਪਾਦ ਜਿਨ੍ਹਾਂ ਵਿਚ ਮੱਖਣ, ਘੀ ਅਤੇ ਆਈਸਕ੍ਰੀਮ ਆਦਿ ਸ਼ਾਮਲ ਸੀ, ਦੇ 575 ਨਮੂਨੇ ਲਏ ਗਏ। ਇਨ੍ਹਾਂ ਵਿਚੋਂ 307 ਵਿਚ ਮਿਲਾਵਟ ਮਿਲੀ ਹੈ।

ਇਸ ਤੋਂ ਇਲਾਵਾ ਇਕ ਹੋਰ ਖੁਰਾਕੀ ਵਸਤ ਜਿਸ ਵਿਚ ਮਿਲਾਵਟ ਮਿਲੀ ਹੈ, ਉਹ ਹੈ ਖਾਣ ਵਾਲਾ ਤੇਲ। ਖਾਣ ਵਾਲੇ ਤੇਲ ਦੇ 48 ਨਮੂਨੇ ਲਏ ਗਏ ਜਿਨ੍ਹਾਂ ਵਿਚੋਂ 21 ਵਿਚ ਮਿਲਾਵਟ ਮਿਲੀ। ਨਮਕੀਨ ਅਤੇ ਖਾਣ ਪੀਣ ਦੀਆਂ ਵਸਤਾਂ ਵਿਚ 100 ਫੀਸਦੀ ਮਿਲਾਵਟ ਮਿਲੀ ਹੈ। ਬੀਤੇ ਚਾਰ ਵਰ੍ਹਿਆਂ ਵਿਚ ਮਠਿਆਈਆਂ ਅਤੇ ਕਨਫੈਕਸ਼ਨਰੀ ਵਸਤਾਂ ਵਿਚ 25 ਫੀਸਦੀ ਜਦੋਂ ਕਿ ਪ੍ਰੋਸੈਸਡ ਫਲ ਵਾਲੀਆਂ ਵਸਤਾਂ ਜਿਵੇਂ ਜੈਮ ਆਦਿ ਵਿਚ 40 ਫੀਸਦੀ ਮਿਲਾਵਟ ਮਿਲੀ ਹੈ। ਖੁਰਾਕ ਅਤੇ ਡਰੱਗ ਕਮਿਸ਼ਨਰ ਕਾਹਨ ਸਿੰਘ ਪੰਨੂ ਨੇ ਕਿਹਾ ਕਿ ਪਹਿਲਾਂ ਮੁੱਖ ਉਦੇਸ਼ ਨਿਰਧਾਰਤ ਟੀਚਾ ਹਾਸਲ ਕਰਨਾ ਸੀ। ਹੁਣ ਅਸੀਂ ਵਿਸ਼ੇਸ਼ ਜਾਣਕਾਰੀ 'ਤੇ ਕਾਰਵਾਈ ਕਰ ਰਹੇ ਹਾਂ ਅਤੇ ਪੂਰੀ ਪ੍ਰਕਿਰਿਆ ਵਿੱਚ ਹੋਰ ਪਾਰਦਰਸ਼ਤਾ ਲਿਆ ਰਹੇ ਹਾਂ।

# ਬੇਅਦਬੀ ਨਾਲ ਜੁੜੇ ਗੋਲੀ ਕਾਂਡਾਂ ਦੇ ਦੋਸ਼ੀਆਂ ਨੂੰ ਸਜ਼ਾ ਮਿਲਣੀ ਜ਼ਰੂਰੀ

ਐਸ.ਐਸ. ਵਿਰਕ

ਪੰਜਾਬ ਵਿਚ ਇਸ ਵਕਤ ਅਮਨ ਦੀ ਹਾਲਤ ਬਹੁਤ ਨਾਜ਼ੁਕ ਹੈ। ਕਈ ਮਾਹਿਰਾਂ ਨੇ ਇਸ ਬਾਰੇ ਟਿੱਪਣੀਆਂ ਕੀਤੀਆਂ ਹਨ। ਪਹਿਲੀ ਜੂਨ 2015 ਨੂੰ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਤੋਂ ਪਵਿਤਰ ਬੀੜ ਚੋਰੀ ਕੀਤੇ ਜਾਣ ਤੋਂ ਲੈ ਕੇ 14 ਅਕਤੂਬਰ 2015 ਨੂੰ ਕੋਟਕਪੂਰਾ ਚੌਕ ਅਤੇ ਬਹਿਬਲ ਕਲਾਂ ਵਿਖੇ ਪੁਲਿਸ ਫਾਇਰਿੰਗ ਤੱਕ ਦੇ ਘਟਨਾਚੱਕਰ ਨੂੰ ਜੇ ਧਿਆਨ ਨਾਲ ਵੇਖਿਆ ਜਾਵੇ ਤਾਂ ਇਸ ਮਾਮਲੇ ਵਿਚ ਸਿਆਸੀ ਮਨਸ਼ਾ ਅਤੇ ਡੇਰੇ ਨਾਲ ਸਬੰਧ ਸਾਫ਼ ਹੋ ਜਾਂਦਾ ਹੈ।

ਇਹੋ ਉਹ ਸਮਾਂ ਸੀ ਜਦੋਂ ਡੇਰੇ ਦੇ ਪੈਰੋਕਾਰਾਂ ਨੇ ਦੋ ਦਿਨਾਂ ਲਈ ਧਰਨਾ ਦਿੱਤਾ ਅਤੇ ਰੇਲ ਤੇ ਸੜਕੀ ਆਵਾਜਾਈ ਰੋਕੀ (18 ਤੇ 19 ਸਤੰਬਰ ਨੂੰ)। ਸਿੱਖ ਸੰਗਤਾਂ ਨੂੰ ਬਰਗਾੜੀ ਅਤੇ ਬੁਰਜ ਜਵਾਹਰ ਸਿੰਘ ਵਾਲਾ ਪਿੰਡਾਂ ਵਿਚ ਪੋਸਟਰ ਲਾ ਕੇ ਚੁਣੌਤੀ ਵੀ ਦਿੱਤੀ ਗਈ ਕਿ ਚੋਰੀ ਕੀਤੀ ਗਈ ਬੀੜ ਦੀ ਬੇਅਦਬੀ ਰੋਕ ਸਕਦੀਆਂ ਹੋਣ ਤਾਂ ਰੋਕ ਲੈਣ (24 ਤੇ 25 ਸਤੰਬਰ ਨੂੰ)। ਇਸੇ ਸਮੇਂ (24 ਸਤੰਬਰ ਨੂੰ) ਡੇਰਾ ਸਿਰਸਾ ਮੁਖੀ ਨੂੰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ 2007 ਤੋਂ ਲਟਕ ਰਹੇ ਬੇਅਦਬੀ ਦੇ ਮਾਮਲੇ ਵਿਚ ਮੁਆਫ਼ੀ ਦੇ ਦਿੱਤੀ।

ਇਨ੍ਹਾਂ ਘਟਨਾਵਾਂ ਤੋਂ ਸਾਫ਼ ਹੈ ਕਿ ਕੁਝ ਲੁਕਵੀਆਂ ਤਾਕਤਾਂ ਪਰਦੇ ਪਿਛੋਂ ਕੰਮ ਕਰਦਿਆਂ ਘਟਨਾਵਾਂ ਨੂੰ ਕਿਸੇ ਖਾਸ ਤਰ੍ਹਾਂ ਦੀ ਸੇਧ ਦੇ ਰਹੀਆਂ ਸਨ। ਇਨ੍ਹਾਂ ਤਾਕਤਾਂ ਨੇ ਨਾ ਸਿਰਫ਼ ਡੇਰਾ ਮੁਖੀ ਨੂੰ ਮੁਆਫ਼ੀ ਦਿਵਾਈ, ਸਗੋਂ ਹੋ ਸਕਦਾ ਹੈ ਕਿ ਇਨ੍ਹਾਂ ਨੇ ਇਸ ਸਮੇਂ ਦੌਰਾਨ ਸਾਹਮਣੇ ਆਏ ਬੇਅਦਬੀ ਦੇ ਮਾਮਲਿਆਂ ਦਾ ਪਤਾ ਲੱਗਣ ਦੀ ਕਾਰਵਾਈ ਨੂੰ ਵੀ ਦਬਾਇਆ। 12 ਅਕਤੂਬਰ ਨੂੰ ਪਵਿੱਤਰ ਬੀੜ ਦੇ ਬੁਰੀ ਤਰ੍ਹਾਂ ਪਾੜੇ ਅਤੇ ਟੁਕੜੇ ਟੁਕੜੇ ਕੀਤੇ ਅੰਗ ਪਿੰਡ ਬਰਗਾੜੀ ਵਿਚ ਖਿੱਲਰੇ ਮਿਲੇ। ਇਹੋ ਉਹ ਸਮਾਂ ਸੀ, ਜਦੋਂ ਲੋਕ ਇਕੱਠੇ ਹੋ ਕੇ ਪਹਿਲਾਂ ਬਰਗਾੜੀ ਅਤੇ ਫਿਰ ਕੋਟਕਪੂਰਾ ਚੌਕ ਵਿਚ ਧਰਨੇ ਉਤੇ ਬੈਠੇ।

ਇਹ ਮੰਨਿਆ ਜਾ ਚੁੱਕਾ ਹੈ ਕਿ ਉਨ੍ਹਾਂ ਦਾ ਮੁਜ਼ਾਹਰਾ ਪੁਰਅਮਨ ਸੀ ਅਤੇ ਮੁਜ਼ਾਹਰਾਕਾਰੀ 'ਪਾਠ' ਕਰ ਰਹੇ ਸਨ। ਫਿਰ ਕੀ ਤਾਕਤ ਦੀ ਵਰਤੋਂ ਜ਼ਰੂਰੀ ਸੀ? ਇਸ ਤੋਂ ਪਹਿਲੀ ਰਾਤ ਦੀਆਂ ਘਟਨਾਵਾਂ ਅਹਿਮ ਸਨ, ਕਿਉਂਕਿ ਇਸ ਦੌਰਾਨ ਫੀਲਡ ਦੇ ਸੀਨੀਅਰ ਅਫ਼ਸਰਾਂ ਦਾ ਚੰਡੀਗੜ੍ਹ ਵਿਚਲੇ ਸੀਨੀਅਰ ਅਫ਼ਸਰਾਂ ਨਾਲ ਰਾਬਤਾ ਬਣਿਆ ਰਿਹਾ। ਇਹ ਗੱਲ ਰਿਕਾਰਡ ਉਤੇ ਹੈ ਕਿ ਜਿੱਥੇ ਕੁਝ ਅਫ਼ਸਰ ਪੁਰਅਮਨ ਮੁਜ਼ਾਹਰਾਕਾਰੀਆਂ ਖ਼ਿਲਾਫ਼ ਤਾਕਤ ਦੀ ਵਰਤੋਂ ਕਰਨ ਤੋਂ ਬਚਣਾ ਚਾਹੁੰਦੇ ਸਨ, ਉਥੇ ਕੁਝ ਹੋਰ ਚਾਹੁੰਦੇ ਸਨ ਕਿ ਗੱਲਬਾਤ ਜਾਰੀ ਰਹੇ। ਇਹ ਵੀ ਰਿਕਾਰਡ ਉਤੇ ਆਇਆ ਹੈ ਕਿ ਡੀ.ਜੀ.ਪੀ. ਦਾ ਖ਼ਿਆਲ ਸੀ ਕਿ ਉਹ ਮੁਜ਼ਾਹਰਾਕਾਰੀਆਂ ਨੂੰ ਮਹਿਜ਼ ਦਸ ਮਿੰਟਾਂ ਵਿਚ ਹਟਾ ਸਕਦੇ ਹਨ। ਅਸਲ ਵਿਚ, ਮੁੱਖ ਮੰਤਰੀ ਨੇ ਇਹ ਗੱਲ ਰਿਕਾਰਡ ਉਤੇ ਤਸਲੀਮ ਕੀਤੀ ਹੈ ਕਿ ਉਹ ਸਾਰੀ ਰਾਤ ਨਾ ਸਿਰਫ਼ ਫੀਲਡ ਸਗੋਂ ਹੈਡਕੁਆਰਟਰ ਵਿਚਲੇ ਅਫ਼ਸਰਾਂ ਦੇ ਵੀ ਸੰਪਰਕ ਵਿਚ ਰਹੇ ਪਰ ਉਨ੍ਹਾਂ ਫਾਇਰਿੰਗ ਦੇ ਹੁਕਮ ਹਰਗਿਜ਼ ਨਹੀਂ ਦਿੱਤੇ।

ਸਾਫ਼ ਹੈ ਕਿ ਤਾਕਤ ਦੀ ਵਰਤੋਂ ਰਾਹੀਂ 'ਦਸ ਮਿੰਟਾਂ ਵਿਚ ਹਟਾਉਣ' ਦੀ ਥਿਊਰੀ ਅਜ਼ਮਾਈ ਗਈ। ਹੰਝੂ ਗੈਸ, ਲਾਠੀਚਾਰਜ ਅਤੇ ਪਾਣੀ ਦੀ ਵਾਛੜ ਤੋਂ ਬਾਅਦ ਆਖ਼ਰ ਗੋਲੀ ਚਲਾ ਦਿੱਤੀ ਗਈ, ਜਿਸ ਕਾਰਨ ਕੋਟਕਪੂਰਾ ਚੌਕ ਵਿਚ ਕੁਝ ਲੋਕ ਗੰਭੀਰ ਜ਼ਖਮੀ ਹੋ ਗਏ। ਬਾਅਦ ਵਿਚ ਇਹੋ ਕੁਝ ਬਹਿਬਲ ਕਲਾਂ ਵਿਚ ਕੀਤਾ ਗਿਆ, ਜਿਥੇ ਦੋ ਜਣਿਆਂ ਦੀ ਜਾਨ ਜਾਂਦੀ ਰਹੀ ਅਤੇ ਕਈ ਹੋਰ ਜ਼ਖ਼ਮੀ ਹੋਏ। ਅਸਲ ਵਿਚ ਇਹ ਧਰਨੇ ਵਾਲੀ ਥਾਂ ਨੂੰ ਦਸ ਮਿੰਟਾਂ ਵਿਚ ਖ਼ਾਲੀ ਕਰਵਾ ਲੈਣ ਦਾ ਗ਼ਲਤ ਭਰੋਸਾ ਹੀ ਸੀ, ਜਿਸ ਦਾ ਸਿੱਟਾ ਨਾਜਾਇਜ਼ ਫਾਇਰਿੰਗ ਦੇ ਰੂਪ ਵਿਚ ਨਿਕਲਿਆ। ਇਸ ਤਰ੍ਹਾਂ 'ਦਸ ਮਿੰਟਾਂ ਵਿਚ ਹਟਾਉਣ' ਦੀ ਰਣਨੀਤੀ ਗ਼ਲਤ ਸਾਬਤ ਹੋ ਗਈ ਅਤੇ ਲੋਕ ਰੋਹ ਹੋਰ ਵਧਿਆ।



*ਇਨ੍ਹਾਂ ਘਟਨਾਵਾਂ ਤੋਂ ਸਾਫ਼ ਹੈ ਕਿ ਕੁਝ ਲੁਕਵੀਆਂ ਤਾਕਤਾਂ ਪਰਦੇ ਪਿਛੋਂ ਕੰਮ ਕਰਦਿਆਂ ਘਟਨਾਵਾਂ ਨੂੰ ਕਿਸੇ ਖਾਸ ਤਰ੍ਹਾਂ ਦੀ ਸੇਧ ਦੇ ਰਹੀਆਂ ਸਨ। ਇਨ੍ਹਾਂ ਤਾਕਤਾਂ ਨੇ ਨਾ ਸਿਰਫ਼ ਡੇਰਾ ਮੁਖੀ ਨੂੰ ਮੁਆਫ਼ੀ ਦਿਵਾਈ, ਸਗੋਂ ਹੋ ਸਕਦਾ ਹੈ ਕਿ ਇਨ੍ਹਾਂ ਨੇ ਇਸ ਸਮੇਂ ਦੌਰਾਨ ਸਾਹਮਣੇ ਆਏ ਬੇਅਦਬੀ ਦੇ ਮਾਮਲਿਆਂ ਦਾ ਪਤਾ ਲੱਗਣ ਦੀ ਕਾਰਵਾਈ ਨੂੰ ਵੀ ਦਬਾਇਆ। 12 ਅਕਤੂਬਰ ਨੂੰ ਪਵਿੱਤਰ ਬੀੜ ਦੇ ਬੁਰੀ ਤਰ੍ਹਾਂ ਪਾੜੇ ਅਤੇ ਟੁਕੜੇ ਟੁਕੜੇ ਕੀਤੇ ਅੰਗ ਪਿੰਡ ਬਰਗਾੜੀ ਵਿਚ ਖਿੱਲਰੇ ਮਿਲੇ। ਇਹੋ ਉਹ ਸਮਾਂ ਸੀ, ਜਦੋਂ ਲੋਕ ਇਕੱਠੇ ਹੋ ਕੇ ਪਹਿਲਾਂ ਬਰਗਾੜੀ ਅਤੇ ਫਿਰ ਕੋਟਕਪੂਰਾ ਚੌਕ ਵਿਚ ਧਰਨੇ ਉਤੇ ਬੈਠੇ।*

ਦਰਅਸਲ ਪੁਲਿਸ ਦੀ ਕਰਵਾਈ ਵਿਚ ਅਨੇਕਾਂ ਖ਼ਾਮੀਆਂ ਅਤੇ ਕਮਜ਼ੋਰੀਆਂ ਸਨ। ਕੀ ਦਫ਼ਾ 144 ਸੀਆਰਪੀਸੀ ਤਹਿਤ ਪੰਜ ਜਾਂ ਵੱਧ ਲੋਕਾਂ ਦੇ ਇਕੱਤਰ ਹੋਣ 'ਤੇ ਰੋਕ ਲਾਉਂਦਾ ਕੋਈ ਹੁਕਮ ਜਾਰੀ ਕੀਤਾ ਗਿਆ ਸੀ? ਜੇ ਹਾਂ, ਤਾਂ ਇਸ ਨੂੰ ਅਸਰਦਾਰ ਢੰਗ ਨਾਲ ਅਮਲ ਵਿਚ ਕਿਉਂ ਨਹੀਂ ਲਿਆਂਦਾ ਗਿਆ। ਕੀ ਮੁਜ਼ਾਹਰਾਕਾਰੀਆਂ ਨਾਲ ਸਿੱਧਿਆਂ ਜਾਂ ਸਥਾਨਕ ਮੈਜਿਸਟਰੇਟ ਰਾਹੀਂ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ ਗਈ, ਜੋ ਅਜਿਹੇ ਮੌਕਿਆਂ ਉਤੇ ਅੜਿਕਾ ਤੋੜਨ ਵਿਚ ਕਾਫ਼ੀ ਸਹਾਈ ਹੁੰਦੇ ਹਨ? ਇੰਨਾ ਹੀ ਨਹੀਂ, ਕੀ ਪੁਲਿਸ ਵਲੋਂ ਵੀਡੀਓਗ੍ਰਾਫ਼ਰ ਲਾ ਕੇ ਇਨ੍ਹਾਂ ਗੜਬੜੀਆਂ ਦੀ ਰਿਕਾਰਡਿੰਗ ਕਰਵਾਈ ਗਈ, ਤਾਂ ਕਿ ਬਾਅਦ ਵਿਚ ਜ਼ਿੰਮੇਵਾਰੀ ਤੈਅ ਕਰਨ ਲਈ ਇਨ੍ਹਾਂ ਦੀ ਵਰਤੋਂ ਕੀਤੀ ਜਾ ਸਕੇ?

ਕੀ ਗੁਆਂਢੀ ਜ਼ਿਲ੍ਹਿਆਂ ਤੋਂ ਸੱਦੇ ਗਏ ਵੱਡੀ ਗਿਣਤੀ ਪੁਲਿਸ ਅਫ਼ਸਰਾਂ ਅਤੇ ਜਵਾਨਾਂ ਦੀ ਘਟਨਾ ਸਥਾਨ ਉਤੇ ਜ਼ਿੰਮੇਵਾਰੀ ਸਬੰਧੀ ਕੋਈ ਲਿਖਤੀ ਹੁਕਮ ਜਾਰੀ ਕੀਤੇ ਗਏ? ਜਾਪਦਾ ਹੈ ਕਿ ਬਹੁਤੀ ਫਾਇਰਿੰਗ ਸਥਾਨਕ ਪੁਲਿਸ ਦੀ ਥਾਂ ਉਨ੍ਹਾਂ ਜਵਾਨਾਂ ਨੇ ਕੀਤੀ ਜਿਹੜੇ ਹੋਰ ਜ਼ਿਲ੍ਹਿਆਂ ਤੋਂ ਸੱਦੇ ਗਏ ਸਨ। ਇਸ ਤੋਂ ਵੀ ਵੱਧ, ਕੀ ਫਾਇਰਿੰਗ .410 ਮਸਕਟ ਰਾਈਫਲਾਂ ਨਾਲ ਕੀਤੀ ਗਈ, ਜਿਨ੍ਹਾਂ ਨੂੰ ਭੀੜ ਨੂੰ ਕੰਟਰੋਲ ਕਰਨ ਸਬੰਧੀ ਡਿਊਟੀਆਂ ਲਈ ਵਰਤਿਆ ਜਾਂਦਾ ਹੈ, ਜਾਂ ਕੀ ਏਕੇ-47 ਵਰਤੀ ਗਈ?

ਕੀ ਫਾਇਰਿੰਗ ਦੀ ਘਟਨਾ ਤੋਂ ਬਾਅਦ ਉਨ੍ਹਾਂ ਅਫ਼ਸਰਾਂ ਦੀ ਸ਼ਨਾਖ਼ਤ ਕਰਨ ਲਈ ਕੋਈ ਕਾਰਵਾਈ ਕੀਤੀ ਗਈ, ਜਿਨ੍ਹਾਂ ਫਾਇਰਿੰਗ ਦੇ ਹੁਕਮ ਦਿੱਤੇ ਸਨ? ਨਾਲ ਹੀ ਕਿਨ੍ਹਾਂ ਅਫ਼ਸਰਾਂ ਜਾਂ ਜਵਾਨਾਂ ਨੇ ਗੋਲੀ ਚਲਾਈ, ਕਿਹੜੇ ਹਥਿਆਰ ਵਰਤੇ ਗਏ, ਵੱਖੋ-ਵੱਖ ਹਥਿਆਰਾਂ ਤੋਂ ਕਿੰਨੀਆਂ ਗੋਲੀਆਂ ਚਲਾਈਆਂ ਗਈਆਂ? ਇਹ ਕਾਰਵਾਈ ਫ਼ਾਇਰਿੰਗ ਦੀ ਘਟਨਾ ਤੋਂ 'ਫ਼ੌਰੀ ਬਾਅਦ' ਕੀਤੀ ਜਾਣੀ ਹੁੰਦੀ ਹੈ, ਤਾਂ ਕਿ ਪਿਛੋਂ ਕੋਈ ਵੀ ਸੱਚਾਈ ਨਾਲ ਛੇੜਖ਼ਾਨੀ ਨਾ ਕਰ ਸਕੇ। ਇਹ ਲਾਜ਼ਮੀ ਹੁੰਦਾ ਹੈ।

ਇਥੇ ਇਹ ਗੱਲ ਵੀ ਧਿਆਨ ਵਿਚ ਰੱਖੀ ਜਾਣੀ ਚਾਹੀਦੀ ਹੈ ਕਿ ਕੋਟਕਪੂਰਾ ਚੌਕ ਅਤੇ ਬਹਿਬਲ ਕਲਾਂ ਵਿਚ ਮੌਜੂਦ ਸਾਰੀ ਪੁਲਿਸ ਫ਼ੋਰਸ 'ਤੇ ਹੀ ਇਸ ਦਾ ਦੋਸ਼ ਮੜ੍ਹਨਾ ਗ਼ਲਤ ਅਤੇ ਨਾਵਾਜਬ ਹੋਵੇਗਾ। ਇਹ ਵੀ ਸਾਫ਼ ਹੈ ਕਿ ਬਹੁਤੇ ਅਫ਼ਸਰਾਂ ਅਤੇ ਜਵਾਨਾਂ ਨੇ ਗੱਲਬਾਤ ਅਤੇ ਪੁਰਅਮਨ ਹੱਲ ਦੀ ਕੋਸ਼ਿਸ਼ ਕੀਤੀ। ਇਹੋ ਕਾਰਨ ਹੈ ਕਿ 12 ਤੇ 13 ਅਕਤੂਬਰ ਨੂੰ ਮੁਜ਼ਾਹਰਾਕਾਰੀਆਂ ਨੂੰ ਸ਼ਾਂਤ ਕਰਨ ਅਤੇ ਉਨ੍ਹਾਂ ਨਾਲ ਗੱਲਬਾਤ ਦੀਆਂ ਕੁਝ ਕੋਸ਼ਿਸ਼ਾਂ ਕੀਤੀਆਂ ਗਈਆਂ। ਜ਼ਿਲ੍ਹੇ ਦਾ ਡੀ.ਸੀ. ਅਤੇ ਸਿਵਲ ਪ੍ਰਸ਼ਾਸਨ ਵੀ ਪੁਰਅਮਨ ਨਿਬੇੜਾ ਚਾਹੁੰਦੇ ਸਨ। ਇਹ ਜ਼ਰੂਰੀ ਹੈ ਕਿ ਕਾਰਵਾਈ ਦੀ ਜਾਂਚ ਕੀਤੀ ਜਾਵੇ ਅਤੇ ਫਾਇਰਿੰਗ ਕਰਨ ਵਾਲਿਆਂ ਦੀ ਸ਼ਨਾਖ਼ਤ ਹੋਵੇ। ਜਿਨ੍ਹਾਂ ਨੇ ਤਾਕਤ ਦੀ ਵਰਤੋਂ ਦੇ ਕੰਮ ਵਿਚ ਸਰਗਰਮ ਭੂਮਿਕਾ ਨਹੀਂ ਨਿਭਾਈ ਜਾਂ ਜਿਨ੍ਹਾਂ ਨੇ ਮਹਿਜ਼ ਸੀਨੀਅਰਾਂ ਦੇ ਹੁਕਮਾਂ ਦਾ ਪਾਲਣ ਕੀਤਾ, ਉਨ੍ਹਾਂ ਦੀ ਸਰਕਾਰ ਵਲੋਂ ਰਾਖੀ ਕੀਤੀ ਜਾਣੀ ਚਾਹੀਦੀ ਹੈ।

ਓਸ ਵੇਲੇ ਦੇ ਮੁੱਖ ਮੰਤਰੀ ਨੇ ਇਹ ਅੰਦਾਜ਼ਾ ਕਿਵੇਂ ਲਾ ਲਿਆ ਕਿ 'ਹਾਲਾਤ ਬਹੁਤ ਹੀ ਨਾਜ਼ੁਕ ਅਤੇ ਗੰਭੀਰ' ਸਨ, ਜਦੋਂਕਿ ਮੁਜ਼ਾਹਰਾਕਾਰੀ ਪੂਰੀ ਤਰ੍ਹਾਂ ਪੁਰਅਮਨ ਸਨ ਅਤੇ ਕੋਈ ਹਿੰਸਾ ਨਹੀਂ ਸੀ ਕੀਤੀ ਜਾ ਰਹੀ। ਜ਼ਾਹਿਰ ਹੈ ਕਿ ਮੁੱਖ ਮੰਤਰੀ ਜ਼ਮੀਨੀ ਹਕੀਕਤਾਂ ਤੋਂ ਵਾਕਫ਼ ਨਹੀਂ ਸਨ। ਅਕਾਲੀ-ਭਾਜਪਾ ਸਰਕਾਰ ਨੇ ਸਪਸ਼ਟ ਤੌਰ 'ਤੇ ਪੁਲਿਸ ਦੀ ਉਸ ਕਾਰਵਾਈ ਦਾ ਬਚਾਅ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਦਾ ਬਚਾਅ ਕੀਤਾ ਹੀ ਨਹੀਂ ਸੀ ਜਾ ਸਕਦਾ। ਇਹ ਸਾਰੀਆਂ ਗ਼ਲਤ ਕਾਰਵਾਈਆਂ ਇਸ ਕਾਰਨ ਸਾਹਮਣੇ ਆਈਆਂ, ਕਿਉਂਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਸੱਚਾਈ ਖੋਜ ਕੇ ਬਾਹਰ ਲਿਆਂਦਾ ਅਤੇ ਸਭ ਕਾਸੇ ਨੂੰ ਜੱਗ ਜ਼ਾਹਿਰ ਕਰ ਦਿੱਤਾ। ਸਾਡਾ ਕਾਨੂੰਨ ਪੁਰਅਮਨ ਮੁਜ਼ਾਹਰਾਕਾਰੀਆਂ ਉਤੇ ਗੋਲੀ ਚਲਾਉਣ ਦੀ ਇਜਾਜ਼ਤ ਨਹੀਂ ਦਿੰਦਾ ਅਤੇ ਇਸ ਦੇ ਦੁਹਰਾਓ ਤੋਂ ਹਰ ਕੀਮਤ 'ਤੇ ਬਚਿਆ ਜਾਣਾ ਚਾਹੀਦਾ ਹੈ। ਹੁਣ ਇਹ ਮੌਜੂਦਾ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੀ ਜ਼ਿੰਮੇਵਾਰੀ ਨਿਭਾਉਂਦਿਆਂ 2015 ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਵੇ ਅਤੇ ਇਹ ਵੀ ਯਕੀਨੀ ਬਣਾਵੇ ਕਿ ਪੰਜਾਬ ਵਿਚ ਸ਼ਾਂਤੀ ਬਣੀ ਰਹੇ।

# ਭਾਰਤ-ਪਾਕਿਸਤਾਨ ਗੱਲਬਾਤ ਟੁੱਟਣੀ ਨਹੀਂ ਚਾਹੀਦੀ

ਅਭੈ ਸਿੰਘ
ਫੋਨ: +91-98783-75903

ਬੀਤੇ ਹਫ਼ਤੇ ਦੀ ਅਹਿਮ ਖ਼ਬਰ ਸੀ ਕਿ ਭਾਰਤ ਸਰਕਾਰ ਨੇ ਪਾਕਿਸਤਾਨ ਵਲੋਂ ਆਈ ਵਾਰਤਾ ਦੀ ਤਜਵੀਜ਼ ਨੂੰ ਮਨਜ਼ੂਰ ਕਰ ਲਿਆ ਹੈ ਅਤੇ ਦੋਹਾਂ ਮੁਲਕਾਂ ਦੇ ਵਿਦੇਸ਼ੀ ਮਾਮਲਿਆਂ ਦੇ ਵਜ਼ੀਰ ਨਿਊ ਯਾਰਕ ਵਿਚ ਮੁਲਾਕਾਤ ਕਰਨਗੇ। ਵਾਰਤਾਵਾਂ ਦੀਆਂ ਸਫਲਤਾਵਾਂ ਭਾਵੇਂ ਹਮੇਸ਼ਾਂ ਸ਼ੱਕ ਦੇ ਘੇਰਿਆਂ ਵਿਚ ਰਹਿੰਦੀਆਂ ਰਹੀਆਂ, ਫਿਰ ਵੀ ਇਹ ਖ਼ਬਰ ਬਹੁਤ ਤਸੱਲੀ ਬਖ਼ਸ਼ ਸੀ ਕਿ ਕਾਫ਼ੀ ਦੇਰ ਤੋਂ ਚੱਲ ਰਹੀ ਖੜੋਤ ਟੁੱਟ ਰਹੀ ਹੈ; ਲੇਕਿਨ ਦੋ ਦਿਨ ਬਾਅਦ ਹੀ ਦਿਲ ਤੋੜਵੀਂ ਖ਼ਬਰ ਆ ਗਈ ਕਿ ਭਾਰਤ ਵਲੋਂ ਤਜਵੀਜ਼ਸ਼ੁਦਾ ਵਾਰਤਾ ਰੱਦ ਕੀਤੀ ਜਾ ਰਹੀ ਹੈ।

ਭਾਰਤ ਸਰਕਾਰ ਨੇ ਇਸ ਦੀ ਮੁੱਖ ਵਜ੍ਹਾ ਇਹ ਦੱਸੀ ਕਿ ਵਾਰਤਾ ਦੀ ਗੱਲ ਕਰਦਿਆਂ ਹੀ ਪਾਕਿਸਤਾਨ ਦੇ ਇਸ਼ਾਰੇ 'ਤੇ ਚੱਲਦੀ ਦਹਿਸ਼ਤਗਰਦ ਤਨਜ਼ੀਮ ਨੇ ਕਸ਼ਮੀਰ ਵਿਚ ਤਿੰਨ ਪੁਲਿਸ ਕਰਮੀਆਂ ਨੂੰ ਘਰੋਂ ਅਗਵਾ ਕਰਕੇ ਜਾਨੋਂ ਮਾਰ ਦਿੱਤਾ ਹੈ। ਬਿਨਾਂ ਸ਼ੱਕ ਇਨ੍ਹਾਂ ਪੁਲਿਸ ਮਲਾਜ਼ਮਾਂ ਦੇ ਕਤਲ ਬਹੁਤ ਦਰਦਨਾਕ ਕਾਰਵਾਈ ਹੈ। ਇਨ੍ਹਾਂ ਦੇ ਪਰਿਵਾਰਾਂ ਦੇ ਵਿਰਲਾਪ ਦੀਆਂ ਅਖ਼ਬਾਰਾਂ ਵਿਚ ਛਪੀਆਂ ਤੇ ਟੀਵੀ ਉਪਰ ਦਿਖਾਈਆਂ ਤਸਵੀਰਾਂ ਦਿਲ ਨੂੰ ਹਿਲਾ ਦਿੰਦੀਆਂ ਹਨ। ਅਗਰ ਪੁਲਿਸ ਵਾਲੇ ਦਹਿਸ਼ਤਗਰਦਾਂ ਨਾਲ ਮੁਕਾਬਲੇ ਵਿਚ ਮਾਰੇ ਜਾਣ ਤਾਂ ਦੁੱਖ ਤਾਂ ਉਦੋਂ ਵੀ ਹੁੰਦਾ ਹੈ ਕਿਉਂਕਿ ਉਨ੍ਹਾਂ ਦੇ ਪਰਿਵਾਰਾਂ ਵਾਸਤੇ ਉਹ ਵੱਡਾ ਕਹਿਰ ਹੁੰਦਾ ਹੈ ਲੇਕਿਨ ਉਨ੍ਹਾਂ ਨੂੰ ਛੁੱਟੀ ਦੇ ਵਕਤ ਘਰੋਂ ਕੋਈ ਗੱਲ ਕਰਨ ਦੇ ਬਹਾਨੇ ਬਾਹਰ ਲੈ ਜਾਣਾ ਤੇ ਫਿਰ ਮਾਰ ਦੇਣਾ ਉਸੇ ਤਰ੍ਹਾਂ ਘਿਨਾਉਣਾ ਗੁਨਾਹ ਹੈ ਜਿਸ ਤਰ੍ਹਾਂ ਕਿਸੇ ਦਾ ਪੁਲਿਸ ਹਿਰਾਸਤ ਵਿਚ ਕਤਲ। ਇਹ ਨਿੰਦਣਯੋਗ ਘਟਨਾ ਹੈ।

ਇਸ ਦੇ ਬਾਵਜੂਦ ਸੋਚਣ ਵਾਲੀ ਗੱਲ ਇਹ ਹੈ ਕਿ ਇਹ ਘਟਨਾ ਪਹਿਲੀ ਨਹੀਂ, ਅਜਿਹੀਆਂ ਵਾਰਦਾਤਾਂ ਤਾਂ ਪਹਿਲਾਂ ਵੀ ਹੁੰਦੀਆਂ ਰਹੀਆਂ ਹਨ। ਪੁਲਿਸ ਅਤੇ ਫੌਜ ਦੇ ਮੁਲਾਜ਼ਮਾਂ ਨੂੰ ਘਰੋਂ ਬੁਲਾ ਕੇ ਕਤਲ ਕਰਨ ਦੀਆਂ ਕਈ ਘਟਨਾਵਾਂ ਹੋ ਚੁੱਕੀਆਂ ਹਨ। ਫਿਰ ਜਦੋਂ ਅਸੀਂ ਅਜਿਹੀਆਂ ਘਟਨਾਵਾਂ ਨੂੰ ਇਕ ਦਮ ਪਾਕਿਸਤਾਨ ਨਾਲ ਜੋੜ ਦਿੰਦੇ ਹਾਂ, ਇਹ ਬਿਲਕੁਲ ਇਸੇ ਤਰ੍ਹਾਂ ਸਿੱਧੀ ਗੱਲ ਨਹੀਂ। ਮੰਨਿਆ ਕਿ ਹਿਜ਼ਬੁਲ ਮੁਜਾਹਦੀਨ ਅਤੇ ਜੈਸ਼-ਏ-ਮੁਹੰਮਦ ਵਰਗੀਆਂ ਤਨਜ਼ੀਮਾਂ ਦੇ ਸਦਰ ਮੁਕਾਮ ਪਾਕਿਸਤਾਨ ਵਿਚ ਹਨ, ਇਹ ਪਾਕਿਸਤਾਨ ਸਰਕਾਰ ਤੋਂ ਮਦਦ ਵੀ ਲੈਂਦੀਆਂ ਹੋ ਸਕਦੀਆਂ ਹਨ ਪਰ ਇਨ੍ਹਾਂ ਨੂੰ ਇਕ ਇਕ ਕਾਰਵਾਈ ਵਾਸਤੇ ਪਾਕਿਸਤਾਨ ਦੀ ਸਰਕਾਰ ਹੁਕਮ ਦਿੰਦੀ ਹੋਵੇਗੀ, ਅਜਿਹਾ ਨਹੀਂ ਹੋ ਸਕਦਾ। ਇਹ ਵੀ ਨਹੀਂ ਹੋ ਸਕਦਾ ਕਿ ਇਹ ਪਾਕਿਸਤਾਨ ਸਰਕਾਰ ਦਾ ਹਰ ਹੁਕਮ ਮੰਨਦੀਆਂ ਹੋਣ। ਇਨ੍ਹਾਂ ਦੇ ਆਪਸੀ ਰਿਸ਼ਤੇ ਕਈ ਮਜਬੂਰੀਆਂ ਦੇ ਹਨ ਜਿਨ੍ਹਾਂ ਦੀ ਬਰੀਕੀ ਸਮਝਣ ਦੀ ਜ਼ਰੂਰਤ ਹੈ।

ਹਾਂ, ਸਭ ਤੋਂ ਪਹਿਲੀ ਸਮਝੀ ਸਮਝਾਈ ਗੱਲ ਇਹ ਹੈ ਕਿ ਇਹ ਤਨਜ਼ੀਮਾਂ ਭਾਰਤ ਤੇ ਪਾਕਿਸਤਾਨ ਦੇ ਰਿਸ਼ਤਿਆਂ ਦੀ ਬਿਹਤਰੀ ਨਹੀਂ ਚਾਹੁੰਦੀਆਂ। ਅਸੀਂ ਪਹਿਲਾਂ ਵੀ ਵੇਖਿਆ ਹੈ ਕਿ ਜਦੋਂ ਕਦੇ ਕੋਈ ਅਜਿਹਾ ਉਪਰਾਲਾ ਸ਼ੁਰੂ ਹੁੰਦਾ ਹੈ ਤਾਂ ਇਹ ਕੋਈ ਨਾ ਕੋਈ ਕਾਰਵਾਈ ਕਰ ਕੇ ਨਫ਼ਰਤ ਦਾ ਮਾਹੌਲ ਜ਼ਿੰਦਾ ਰੱਖਣ ਦਾ ਯਤਨ ਕਰਦੀਆਂ ਹਨ, ਕਿਉਂਕਿ ਨਫ਼ਰਤ ਦਾ ਮਾਹੌਲ ਹੀ ਇਨ੍ਹਾਂ ਦੀ ਖੁਦ ਦੀ ਜ਼ਿੰਦਗੀ ਦਾ ਸਬੱਬ ਹੈ। ਨਫ਼ਰਤਾਂ ਵਿਚੋਂ ਹੀ ਇਨ੍ਹਾਂ ਨੂੰ ਭਰਤੀ ਮਿਲਦੀ ਹੈ। ਇਸ ਚੌਖਟੇ ਅਨੁਸਾਰ ਭਾਰਤ ਅਤੇ ਪਾਕਿਸਤਾਨ ਦੀ ਨਿਊ ਯਾਰਕ ਵਾਲੀ ਵਾਰਤਾ ਰੱਦ ਹੋਣੀ ਕਿਸੇ ਹੋਰ ਦੀ ਨਹੀਂ, ਦਹਿਸ਼ਤਗਰਦ ਤਨਜ਼ੀਮਾਂ ਦੀ ਫਤਿਹ ਹੈ ਜਾਂ ਉਨ੍ਹਾਂ ਸਾਰਿਆਂ ਦੀ ਜੋ ਨਫ਼ਰਤਾਂ ਦੇ ਸੌਦਾਗਰ ਹਨ, ਜੋ ਜੰਗਾਂ ਦੇ ਸ਼ੁਦਾਈ ਹਨ।

ਇਸ ਵਾਰਤਾ ਦੇ ਰੱਦ ਹੋਣ ਬਾਅਦ ਦੋਹਾਂ ਮੁਲਕਾਂ ਦੇ ਫੌਜੀ ਅਹਿਲਕਾਰਾਂ ਦੇ ਬਹੁਤ ਘਟੀਆ ਤੇ ਉਕਸਾਹਟ ਭਰੇ ਬਿਆਨ ਆਏ। ਇਕ ਦੂਜੇ ਨੂੰ ਸਬਕ ਸਿਖਾਉਣ ਅਤੇ ਢੁਕਵੇਂ ਜਵਾਬ ਦੇਣ ਦੀਆਂ ਗੱਲਾਂ ਹੋਈਆਂ। ਕੀ ਹੈ ਇਹ ਸਬਕ ਅਤੇ ਕੀ ਹਨ ਇਹ ਢੁਕਵੀਆਂ ਕਾਰਵਾਈਆਂ? ਇਨ੍ਹਾਂ ਦਾ ਮਤਲਬ ਹੋਰ ਮੌਤਾਂ ਅਤੇ ਹੋਰ ਤਬਾਹੀ ਹੈ ਜੋ ਦੋਵੇਂ ਫੌਜਾਂ ਬਹੁਤ ਕਰ ਚੁੱਕੀਆਂ ਹਨ, ਹੁਣ ਬੱਸ ਕਰਨ। ਬਾਵਜੂਦ ਇਸ ਦੇ ਕਿ ਦੋਹਾਂ ਮੁਲਕਾਂ ਵਿਚ ਨਫ਼ਰਤ ਪੈਦਾ ਕਰਨ ਵਾਲੀਆਂ ਤਾਕਤਵਰ ਜਮਾਤਾਂ ਮੌਜੂਦ ਹਨ, ਵੱਡੀ ਗਿਣਤੀ ਲੋਕ ਚੰਗੇ ਆਪਸੀ ਸਬੰਧ ਅਤੇ ਅਮਨ ਚਾਹੁੰਦੇ ਹਨ। ਅਗਰ ਹਿੰਦੁਸਤਾਨ ਦੀ ਸਰਕਾਰ ਇਹ ਰਟ ਲਗਾਈ ਰੱਖੇਗੀ ਕਿ ਪਹਿਲਾਂ ਦਹਿਸ਼ਤਗਰਦੀ ਖ਼ਤਮ ਕਰੋ ਤੇ ਪਾਕਿਸਤਾਨ ਦੀ ਰਟ ਹੋਵੇ ਕਿ ਪਹਿਲਾਂ ਕਸ਼ਮੀਰ ਦਾ ਮਸਲਾ ਸੁਲਝਾਓ ਤਾਂ ਕਦੇ ਵੀ ਚੰਗੇ ਸਬੰਧਾਂ ਦੀ ਵਾਰਤਾ ਅੱਗੇ ਨਹੀਂ ਚੱਲੇਗੀ। ਹਕੀਕਤ ਇਹ ਹੈ ਕਿ ਦੋਸਤਾਨਾ ਮਾਹੌਲ ਬਣਾਉਣ, ਲੋਕਾਂ ਦੀ ਆਪਸੀ ਮਿਲਵਰਤਨ ਤੇ ਆਉਣਾ ਜਾਣਾ ਵਧਾਉਣ, ਆਪਸੀ ਵਪਾਰ ਵਧਾਉਣ ਨਾਲ ਅਜਿਹਾ ਮਾਹੌਲ ਬਣੇਗਾ ਜੋ ਨਫ਼ਰਤ ਘਟਾਏਗਾ ਤੇ ਇਸੇ ਨਾਲ ਹੀ ਦਹਿਸ਼ਤਗਰਦੀ ਦੇ ਖਾਤਮੇ ਦਾ ਰਸਤਾ ਬਣੇਗਾ, ਤੇ ਇਸੇ ਨਾਲ ਹੋਰ ਪੇਚੀਦਾ ਮਸਲੇ ਹੱਲ ਹੋਣਗੇ।

ਦੋਹਾਂ ਮੁਲਕਾਂ ਵਾਸਤੇ ਸਭ ਤੋਂ ਪਹਿਲਾ ਏਜੰਡਾ ਸਰਹੱਦ ਅਤੇ ਕੰਟਰੋਲ ਰੇਖਾ ਉਪਰ ਆਏ ਦਿਨ ਹੁੰਦੀ ਗੋਲਾਬਾਰੀ ਰੋਕਣਾ ਹੋਣਾ ਚਾਹੀਦਾ ਹੈ। ਇਸ ਨਾਲ ਦੋਹਾਂ ਪਾਸਿਆਂ ਦੇ ਸੁਰੱਖਿਆ ਦਸਤਿਆਂ ਦਾ ਅਮਲਾ ਅਤੇ ਆਮ ਨਾਗਰਿਕ ਵੀ ਮਾਰੇ ਜਾਂਦੇ ਹਨ, ਜਿਸ ਨਾਲ ਟੱਬਰਾਂ ਨੂੰ ਭਾਰੀ ਦੁੱਖ ਸਹੇੜਨੇ ਪੈਂਦੇ ਹਨ, ਬੱਚਿਆਂ ਦੀਆਂ ਪੜ੍ਹਾਈਆਂ ਖ਼ਤਮ ਹੋ ਰਹੀਆਂ ਹਨ। ਇਸ ਦਾ ਹੱਲ 'ਢੁਕਵਾਂ ਜਵਾਬ', ਬਦਲਾ, ਜਾਂ ਸਰਜੀਕਲ ਸਟਰਾਈਕ ਵੀ ਨਹੀਂ ਹੋ ਸਕਦੇ। ਇਸ ਦੇ ਹਲ, ਹਰ ਪੱਧਰ ਉਪਰ ਇਸ ਦਾ ਵਿਸਥਾਰ ਵਿਚਾਰਨ ਨਾਲ ਹੈ। ਗੋਲੀ ਦਾ ਢੁਕਵਾਂ ਜਵਾਬ ਹਮੇਸ਼ਾਂ ਇਕ ਦਮ ਪਾਰਲੇ ਪਾਸੇ ਫੋਨ ਕਰਨਾ ਹੀ ਹੋ ਸਕਦਾ ਹੈ ਕਿ ਬਈ ਇਹ ਕਿਆ ਹੋ ਰਿਹਾ ਹੈ, ਇਕ ਗੋਲੀ ਕਿਉਂ ਚਲਾਈ ਹੈ। ਇਕ ਇਕ ਚੌਕੀ ਦੀ ਪੱਧਰ ਉਪਰ 'ਹਾਟ ਲਾਈਨ' ਸੰਪਰਕ ਕਾਇਮ ਹੋਵੇ। ਸਭ ਤੋਂ ਵੱਧ ਤਬਾਹੀ ਦੋਹਾਂ ਤਰਫ਼ਾਂ ਤੋਂ 'ਢੁਕਵੇਂ ਜਵਾਬਾਂ' ਨਾਲ ਹੋ ਰਹੀ ਹੈ।

ਦੂਸਰਾ ਅਹਿਮ ਏਜੰਡਾ ਵੇਖਣ ਨੂੰ ਮਾਮੂਲੀ ਲੱਗੇਗਾ ਲੇਕਿਨ ਉਸ ਦਾ ਵੱਡਾ ਸੰਕੇਤਕ ਮਹੱਤਵ ਹੈ। ਉਹ ਹੈ ਵਾਹਗਾ ਬਾਰਡਰ ਦੀ ਝੰਡਾ ਰਸਮ ਨੂੰ ਦੋਸਤਾਨਾ ਬਣਾਇਆ ਜਾਵੇ। ਦੋਹਾਂ ਪਾਸਿਆਂ ਤੋਂ ਜ਼ੋਰ ਜ਼ੋਰ ਦੀ ਪੈਰ ਮਾਰਨੇ ਤੇ ਜੁੱਤੇ ਦਿਖਾਉਣੇ ਬੰਦ ਹੋਣ। ਦੋਹਾਂ ਮੁਲਕਾਂ ਦੇ ਸੁਰੱਖਿਆ ਦਸਤੇ ਸਾਂਝੀ ਪਰੇਡ ਕਰਨ ਤੇ ਦਰਸ਼ਕਾਂ ਸਾਹਮਣੇ ਇਕ ਦੂਜੇ ਨਾਲ ਹੱਥ ਮਿਲਾਉਣ। ਇਸ ਨਾਲ ਦਰਸ਼ਕ ਵੀ ਇਕ ਦੂਜੇ ਵੱਲ ਦੇਖਦੇ ਹੱਥ ਹਿਲਾਉਣ। ਅੱਜ ਇਹ ਗੱਲ ਅਜੀਬ ਲੱਗ ਸਕਦੀ ਹੈ ਪਰ ਇਹ ਜੱਗੋਂ ਪਾਹਰੀ ਨਹੀਂ ਜੇ ਕੱਲ੍ਹ ਨੂੰ ਵਾਹਗਾ ਵਿਖੇ ਲਾਹੌਰ ਦੇ ਕਬਾਬ ਅਤੇ ਅੰਮ੍ਰਿਤਸਰ ਦੇ ਕੁਲਚਿਆਂ ਦੇ ਸਟਾਲ ਲੱਗ ਜਾਣ। ਕਿਹਾ ਜਾ ਸਕਦਾ ਹੈ ਕਿ ਇਸ ਏਜੰਡੇ ਦਾ ਦਹਿਸ਼ਤਗਰਦੀ ਤੇ ਕਸ਼ਮੀਰ ਦੇ ਮੁੱਦੇ ਨਾਲ ਕੋਈ ਰਿਸ਼ਤਾ ਨਹੀਂ ਪਰ ਇਹ ਉਨ੍ਹਾਂ ਦੋਹਾਂ ਦੇ ਹੱਲ ਦੇ ਰਸਤੇ ਵਿਚ ਅਹਿਮ ਕਦਮ ਹੋਵੇਗਾ।

ਕਿਸੇ ਹੋਰ ਹਸਤੀ ਨੇ ਨਹੀਂ, ਖੁਦ ਭਾਰਤ ਦੇ ਪ੍ਰਧਾਨ ਮੰਤਰੀ ਨੇ ਕਿਹਾ ਸੀ, ਉਹ ਵੀ ਲਾਹੌਰ ਵਿਚ, ਕਿ ਆਉਣਾ ਜਾਣਾ ਬਣਿਆ ਰਹੇਗਾ ਪਰ ਉਸ ਨੇ ਜੋ ਆਉਣਾ ਜਾਣਾ ਪਹਿਲਾਂ ਸੀ, ਉਹ ਵੀ ਬੰਦ ਕਰਵਾ ਛੱਡਿਆ ਹੈ। ਚੰਡੀਗੜ੍ਹ, ਦਿੱਲੀ ਅਤੇ ਹੋਰ ਕਈ ਸ਼ਹਿਰਾਂ ਵਿਚ ਹਰ ਹਾੜ੍ਹ, ਸਿਆਲ ਪਾਕਿਸਤਾਨ ਦੇ ਕੱਪੜਿਆਂ ਅਤੇ ਗਹਿਣਿਆਂ ਦੀ ਨੁਮਾਇਸ਼ ਲੱਗਦੀ ਹੁੰਦੀ ਸੀ, ਹੁਣ ਨਹੀਂ ਲੱਗਦੀ। ਪਾਕਿਸਤਾਨ ਤੋਂ ਕਬੱਡੀ ਦੀਆਂ ਟੀਮਾਂ ਨਹੀਂ ਪਹੁੰਚ ਰਹੀਆਂ, ਦਿੱਲੀ ਦੇ ਪੁਸਤਕ ਮੇਲੇ ਵਿਚ ਪਾਕਿਸਤਾਨ ਦੇ ਪ੍ਰਕਾਸ਼ਕ ਨਹੀਂ ਆਏ ਅਤੇ ਹੁਣੇ ਜਿਹੇ ਦਿੱਲੀ ਵਿਚ ਹੋਣ ਵਾਲੇ ਕੌਮਾਂਤਰੀ ਪਕਵਾਨ ਸੰਮੇਲਨ ਵਿਚ ਪਾਕਿਸਤਾਨ ਦੇ ਰਸੋਈ ਕਾਰੀਗਰਾਂ ਨੂੰ ਵੀਜ਼ੇ ਨਹੀਂ ਦਿੱਤੇ, ਆਖਰ ਕਿਉਂ?

ੜ ਆਖਰ ਕਿਉਂ, ਦੋਵੇਂ ਮੁਲਕ ਇਕ ਦੂਜੇ ਦੇ ਸ਼ਹਿਰੀਆਂ ਨੂੰ ਖੁੱਲ੍ਹੇ ਵੀਜ਼ੇ ਨਹੀਂ ਦਿੰਦੇ? ਆਖਰ ਕਿਉਂ, ਟੂਰਿਸਟ ਵੀਜ਼ੇ ਦਿੱਤੇ ਹੀ ਨਹੀਂ ਜਾਂਦੇ? ਆਖਰ ਕੀ ਹਰਜ ਹੈ ਜੇ ਰੋਜ਼ਾਨਾ ਬੱਸਾਂ ਦੇ ਚਾਰ ਵਕਤ ਅੰਮ੍ਰਿਤਸਰ ਤੋਂ ਲਾਹੌਰ ਨੂੰ ਚੱਲਣ, ਰਾਜਸਥਾਨ ਤੇ ਸਿੰਧ ਵਿਚੋਂ ਚੱਲਣ, ਰੋਜ਼ਾਨਾ ਚਾਰ ਵਕਤ ਸ੍ਰੀਨਗਰ ਤੇ ਮੁਜ਼ੱਫਰਾਬਾਦ ਵਿਚਕਾਰ ਚੱਲੇ। ਕਸ਼ਮੀਰ ਵਿਚ ਇਕ ਨਦੀ ਹੈ ਜੋ ਇਸ ਰਿਆਸਤ ਨੂੰ ਦੋ ਮੁਲਕਾਂ ਦੇ ਪ੍ਰਬੰਧ ਹੇਠ ਵੰਡਦੀ ਹੈ। ਲੋਕ ਦੋਹਾਂ ਪਾਸੇ ਆ ਕੇ ਖਲੋ ਜਾਂਦੇ ਹਨ, ਆਪੋ-ਆਪਣੇ ਰਿਸ਼ਤੇਦਾਰਾਂ ਨੂੰ ਪਛਾਣ ਕੇ ਦੂਰੋਂ ਹੱਥ ਹਿਲਾਉਂਦੇ ਹਨ, ਆਵਾਜ਼ਾਂ ਮਾਰਦੇ ਹਨ, ਰੋਂਦੇ ਹਨ, ਅਕਸਰ ਚੀਕਾਂ ਨਿਕਲਦੀਆਂ ਹਨ ਜੋ ਪਾਣੀ ਦੇ ਸ਼ੋਰ ਵਿਚ ਸੁਣਾਈ ਨਹੀਂ ਦਿੰਦੀਆਂ। ਦੁਪਹਿਰ ਢਲਦਿਆਂ ਹੀ ਸਿਪਾਹੀ ਉਨ੍ਹਾਂ ਨੂੰ ਉਥੋਂ ਹਟਾ ਦਿੰਦੇ ਹਨ।

ਠੀਕ ਹੈ, ਦੁਪਹਿਰ ਢਲਦਿਆਂ ਹੀ ਉਥੋਂ ਹਟਾ ਦੇਣ ਪਰ ਨਦੀ ਉਪਰ ਪੁਲ ਬਣਾ ਕੇ ਉਥੇ ਪਾਰਕ ਬਣ ਜਾਵੇ ਤਾਂ ਕੀ ਹਰਜ ਹੈ? ਲੋਕ ਆਉਣ, ਘਰੋਂ ਖਾਣਾ ਲੈ ਕੇ ਆਉਣ, ਆਪਸ ਵਿਚ ਮਿਲ ਕੇ ਖਾ ਲੈਣ, ਜੱਫੀਆਂ ਪਾ ਕੇ ਮਿਲਣ ਅਤੇ ਦੁਪਹਿਰ ਢਲਦਿਆਂ ਘਰਾਂ ਨੂੰ ਆ ਜਾਣ ਤਾਂ ਸਰਕਾਰ ਲੋਕਾਂ ਦਾ ਕੀ ਘਟਦਾ ਹੈ? ਲੋਕਾਂ ਦੇ ਫੌਰੀ ਦਰਦਾਂ ਬਾਰੇ ਵਾਰਤਾਵਾਂ ਕਰੋ, ਲੋਕਾਂ ਨੂੰ ਮਿਲਣ ਦਿਓ, ਵਾਪਾਰ ਖੋਲ੍ਹੋ, ਰਾਹ ਖੋਲ੍ਹੋ, ਸੈਰ ਸਪਾਟੇ ਵਾਲੇ ਲੋਕ ਦੋਹਾਂ ਮੁਲਕਾਂ ਵਿਚ ਦੂਰ ਦਰਾਜ ਘੁੰਮਣ। ਇਧਰ ਤੇ ਉਧਰ ਦੇ ਸਿਆਸਤਦਾਨ ਮਿਲਣ, ਪੱਤਰਕਾਰ ਮਿਲਣ, ਲੇਖਕ ਮਿਲਣ, ਸੰਮੇਲਨ ਕਰਨ। ਇਸ ਵਿਚ ਹਰਜ ਕੀ ਹੈ।

ਸਵਾਲ ਪੁੱਛਿਆ ਜਾਵੇਗਾ ਕਿ, ਕੀ ਇਸ ਨਾਲ ਦਹਿਸ਼ਤਗਰਦੀ ਦਾ ਮਸਲਾ ਹੱਲ ਹੋ ਜਾਵੇਗਾ? ਕੀ ਪੇਚੀਦਾ ਮਸਲੇ ਹੱਲ ਹੋ ਜਾਣਗੇ? ਇਕ ਦਮ ਭਾਵੇਂ ਨਹੀਂ ਪਰ ਦਹਿਸ਼ਤਗਰਦੀ ਮੱਧਮ ਹੋਵੇਗੀ ਤੇ ਪੇਚੀਦਾ ਮਸਲੇ ਵੀ ਘੱਟੋ-ਘੱਟ ਇੰਨੇ ਪੇਚੀਦਾ ਨਹੀਂ ਰਹਿ ਜਾਣਗੇ।

# ਕਣਕ ਦੇ ਘੱਟੋ-ਘੱਟ ਸਮਰਥਨ ਭਾਅ ਦੀ ਅਸਲੀਅਤ

3 ਅਕਤੂਬਰ 2018 ਨੂੰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਆਰਥਿਕ ਮਸਲਿਆਂ ਬਾਰੇ ਕੈਬਨਿਟ ਕਮੇਟੀ ਦੀ ਹੋਈ ਮੀਟਿੰਗ ਵਿਚ ਹਾੜ੍ਹੀ ਦੀ ਮੁੱਖ ਜਿਣਸ ਕਣਕ ਦੇ ਘੱਟੋ-ਘੱਟ ਸਮਰਥਨ ਮੁੱਲ ਵਿਚ 105 ਰੁਪਏ ਕੁਇੰਟਲ ਦਾ ਵਾਧਾ ਕਰਨ ਦਾ ਫੈਸਲਾ ਕੀਤਾ ਗਿਆ। 2017-18 ਦੇ ਸੀਜ਼ਨ ਦੌਰਾਨ ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ 1735 ਰੁਪਏ ਕੁਇੰਟਲ ਸੀ, ਜੋ ਹੁਣ 2018-19 ਦੇ ਸੀਜ਼ਨ ਦੌਰਾਨ ਵਧ ਕੇ 1840 ਰੁਪਏ ਹੋ ਜਾਵੇਗਾ।

ਕੇਂਦਰ ਸਰਕਾਰ ਦਾ ਦਾਅਵਾ ਹੈ ਕਿ ਉਸ ਨੇ ਕਿਸਾਨਾਂ ਨਾਲ ਸਮਰਥਨ ਭਾਅ ਉਤਪਾਦਨ ਲਾਗਤ ਤੋਂ ਡਿਓਢੀਆਂ ਕਰਨ ਦਾ ਵਾਅਦਾ ਪੂਰਾ

**ਡਾ. ਗਿਆਨ ਸਿੰਘ**
ਫੋਨ: 424-362-8759

ਕਰ ਦਿੱਤਾ ਹੈ। ਕਣਕ ਦੇ ਘੱਟੋ-ਘੱਟ ਸਮਰਥਨ ਮੁੱਲ ਵਿਚ ਵਾਧਾ 6.05 ਫੀਸਦ ਬਣਦਾ ਹੈ, ਜੋ ਪਿਛਲੇ ਸਾਲ ਦੇ 7 ਫੀਸਦ ਵਾਧੇ ਤੋਂ 0.95 ਫੀਸਦ ਘੱਟ ਹੈ। ਭਾਰਤ ਦੇ ਖੇਤੀਬਾੜੀ ਲਾਗਤ ਅਤੇ ਕੀਮਤ ਕਮਿਸ਼ਨ ਅਨੁਸਾਰ 2018-19 ਦੇ ਸੀਜ਼ਨ ਲਈ ਮੁਲਕ 'ਚ ਕਣਕ ਦੀ ਔਸਤਨ ਉਤਪਾਦਨ ਲਾਗਤ 1339 ਰੁਪਏ ਕੁਇੰਟਲ ਹੋਵੇਗੀ। ਕੇਂਦਰ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਕਣਕ ਦੇ ਘੱਟੋ-ਘੱਟ ਸਮਰਥਨ ਮੁੱਲ ਵਿਚ 105 ਰੁਪਏ ਕੁਇੰਟਲ ਦੇ ਵਾਧੇ ਨਾਲ ਮੁਲਕ ਦੇ ਕਿਸਾਨਾਂ ਨੂੰ 62,635 ਕਰੋੜ ਰੁਪਏ ਵਾਧੂ ਆਮਦਨ ਹੋਵੇਗੀ ਅਤੇ ਇਹ ਵਾਧਾ ਖੇਤੀਬਾੜੀ ਦੇ ਉਤਪਾਦਨ ਖਰਚਿਆਂ ਵਿਚ ਵਾਧੇ ਬਾਰੇ ਕਿਸਾਨਾਂ ਦੀ ਮਾਯੂਸੀ ਨੂੰ ਦੂਰ ਕਰੇਗਾ। ਇਸ ਤੋਂ ਬਿਨਾ ਕੇਂਦਰ ਸਰਕਾਰ ਦਾ ਇਹ ਦਾਅਵਾ ਵੀ ਹੈ ਕਿ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਵਿਚ ਵਾਧਾ ਉਸ ਦੇ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਵਾਅਦੇ ਨੂੰ ਪੂਰਾ ਕਰਨ ਵਿਚ ਸਹਾਈ ਹੋਵੇਗਾ।

ਝੋਨੇ ਦੀ ਘੱਟੋ-ਘੱਟ ਸਮਰਥਨ ਕੀਮਤ ਵਿਚ ਵਾਧਾ ਕਰਨ ਮੌਕੇ ਲੱਗਦਾ ਸੀ ਕਿ 2018 ਦੀਆਂ ਅਸੈਂਬਲੀ ਚੋਣਾਂ ਅਤੇ 2019 ਦੀ ਲੋਕ ਸਭਾ ਚੋਣਾਂ ਨੂੰ ਦੇਖਦਿਆਂ ਕੇਂਦਰ ਸਰਕਾਰ ਕਣਕ ਦੀ ਘੱਟੋ-ਘੱਟ ਸਮਰਥਨ ਕੀਮਤ ਵਿਚ ਵਾਧਾ ਕਰਨ ਮੌਕੇ ਰਾਜਸੀ ਰਿਉੜੀਆਂ ਦੀ ਬਰਸਾਤ ਜ਼ਰੂਰ ਕਰੇਗੀ, ਪਰ ਹੁਣ ਵਾਲਾ ਵਾਧਾ ਤਾਂ ਕਿਸਾਨਾਂ ਦੇ ਹੰਝੂ ਪੂੰਝਣ ਜੋਗਾ ਵੀ ਨਹੀਂ ਹੈ। ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਵਿਚ ਨਾ-ਵਾਜਬ ਵਾਧੇ ਕਰਨ ਮੁਲਕ ਦੇ ਵੱਖ-ਵੱਖ ਭਾਗਾਂ ਵਿਚ ਕਿਸਾਨਾਂ ਦੇ ਸੰਘਰਸ਼ 3 ਅਸੈਂਬਲੀਆਂ ਦੀਆਂ ਆ ਰਹੀਆਂ ਚੋਣਾਂ ਵਿਚ ਆਪਣਾ ਅਸਰ ਦਿਖਾ ਸਕਦੇ ਹਨ।

2 ਅਕਤੂਬਰ ਨੂੰ ਨਵੀਂ ਦਿੱਲੀ ਵੱਲ ਜਾਂਦਿਆਂ ਸੰਘਰਸ਼ ਕਰ ਰਹੇ ਕਿਸਾਨਾਂ 'ਤੇ ਅੱਥਰੂ ਗੈਸ ਅਤੇ ਪਾਣੀ ਦੀਆਂ ਤੋਪਾਂ ਦੁਆਰਾ ਕੀਤੀ ਜ਼ਿਆਦਤੀ ਵੀ ਇਸ ਸਬੰਧੀ ਕਿਸਾਨਾਂ ਦੇ ਗੁੱਸੇ ਨੂੰ ਵਧਾ ਕੇ ਰਾਜਸੀ ਗਿਣਤੀਆਂ-ਮਿਣਤੀਆਂ ਵਿਚ ਫਰਕ ਪਾ ਸਕਦੀ ਹੈ। ਮੁਲਕ ਦੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ ਅਤੇ ਕੁਝ ਰਾਜਸੀ ਪਾਰਟੀਆਂ ਨੇ ਕਣਕ ਦੀ ਘੱਟੋ-ਘੱਟ ਸਮਰਥਨ ਕੀਮਤ ਵਿਚ ਵਾਧੇ ਨੂੰ ਨਕਾਰਦਿਆਂ ਇਸ ਨੂੰ ਕਿਸਾਨਾਂ ਦੇ ਜਖਮਾਂ 'ਤੇ ਲੂਣ ਛਿੜਕਣ ਵਾਲਾ ਦੱਸਿਆ ਹੈ।

ਦੂਜੀ ਸੰਸਾਰ ਜੰਗ ਦੌਰਾਨ ਭਾਰਤ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਦਾ ਸਾਹਮਣਾ ਕਰ ਰਿਹਾ ਸੀ, ਜਿਸ ਕਰਕੇ ਉਸ ਸਮੇਂ ਦੀ ਸਰਕਾਰ ਨੇ ਖਪਤਕਾਰਾਂ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਕੁਝ ਪ੍ਰਮੁੱਖ ਅਨਾਜ ਜਿਣਸਾਂ ਦੀਆਂ ਵੱਧ ਤੋਂ ਵੱਧ ਕੀਮਤਾਂ ਨਿਸ਼ਚਿਤ ਕਰ ਦਿੱਤੀਆਂ ਸਨ, ਪਰ ਇਸ ਦੇ ਨਾਲ ਨਾਲ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਨ ਲਈ ਕੁਝ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਕੀਮਤਾਂ ਵੀ ਤੈਅ ਕੀਤੀਆਂ ਗਈਆਂ ਸਨ। 15 ਅਗਸਤ 1947 ਦੇ ਅਖਬਾਰਾਂ ਦੇ ਪਹਿਲੇ ਪੰਨੇ ਉਤੇ ਦੋ ਖਬਰਾਂ ਪ੍ਰਮੁੱਖ ਸਨ। ਪਹਿਲੀ ਖਬਰ ਸੁਭਾਵਿਕ ਤੌਰ 'ਤੇ ਮੁਲਕ ਨੂੰ ਆਜ਼ਾਦੀ ਮਿਲਣ ਦੀ ਖੁਸ਼ੀ ਦੀ ਸੀ, ਪਰ ਦੂਜੀ ਦੁੱਖ ਵਾਲੀ ਖਬਰ ਮੁਲਕ ਵਿਚ ਅਨਾਜ ਪਦਾਰਥਾਂ ਦੀ ਥੁੜ੍ਹ ਦੀ ਸੀ। ਮੁਲਕ ਦੇ ਆਜ਼ਾਦ ਹੋਣ ਪਿਛੋਂ 1951 ਵਿਚ ਪਹਿਲੀ ਪੰਜ ਸਾਲਾ ਯੋਜਨਾ ਸ਼ੁਰੂ ਕੀਤੀ ਗਈ ਜਿਸ ਦੀ ਮੁੱਖ ਤਰਜੀਹ ਖੇਤੀਬਾੜੀ ਖੇਤਰ ਦਾ ਵਿਕਾਸ ਮਿਥੀ ਗਈ। ਇਸ ਯੋਜਨਾ ਦੌਰਾਨ (1951-56) ਮੁਲਕ ਵਿਚ ਅਨਾਜ ਪਦਾਰਥਾਂ ਦੀ ਥੁੜ੍ਹ 'ਤੇ ਕਾਬੂ ਪਾ ਲਿਆ ਗਿਆ। ਦੂਜੀ ਪੰਜ ਸਾਲਾ ਯੋਜਨਾ (1956-61) ਦੌਰਾਨ ਮੁੱਖ ਤਰਜੀਹ ਖੇਤੀਬਾੜੀ ਖੇਤਰ ਦੀ ਥਾਂ ਉਦਯੋਗਿਕ ਖੇਤਰ ਦੇ ਵਿਕਾਸ ਨੂੰ ਦਿੱਤੀ ਗਈ, ਜਿਸ ਕਾਰਨ ਮੁੜ ਤੋਂ ਮੁਲਕ ਵਿਚ ਅਨਾਜ ਪਦਾਰਥਾਂ ਦੀ ਥੁੜ੍ਹ ਪੈਦਾ ਹੋ ਗਈ।

1964-66 ਦੌਰਾਨ ਮੁਲਕ ਵਿਚ ਪਏ ਸੋਕੇ ਨੇ ਅਨਾਜ ਪਦਾਰਥਾਂ ਦੀ ਥੁੜ੍ਹ ਨੂੰ ਹੋਰ ਵਧਾ ਦਿੱਤਾ। ਲੋਕਾਂ ਨੂੰ ਅਨਾਜ ਦੇਣ ਲਈ ਕੇਂਦਰ ਸਰਕਾਰ ਨੂੰ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜ੍ਹਨ ਜਿਹੀ ਨੌਬਤ ਦਾ ਸਾਹਮਣਾ ਕਰਨਾ ਪਿਆ ਅਤੇ ਅਖੀਰ ਅਮਰੀਕਾ ਤੋਂ ਪੀ. ਐਲ. 480 ਅਧੀਨ ਅਨਾਜ ਮੰਗਵਾਇਆ ਗਿਆ ਜਿਸ ਦੀ ਮੁਲਕ ਨੂੰ ਵੱਡੀ ਕੀਮਤ ਤਾਰਨੀ ਪਈ।

ਮੁਲਕ ਵਿਚ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ 'ਤੇ ਕਾਬੂ ਪਾਉਣ ਲਈ ਕੇਂਦਰ ਸਰਕਾਰ ਨੇ ਮੁਲਕ ਵਿਚ 'ਖੇਤੀਬਾੜੀ ਦੀ ਨਵੀਂ ਜੁਗਤ' ਅਪਨਾਉਣ ਦਾ ਫੈਸਲਾ ਕੀਤਾ। ਮੁਲਕ, ਖਾਸ ਕਰਕੇ ਪੰਜਾਬ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਹੱਡ-ਭੰਨਵੀਂ ਮਿਹਨਤ ਸਦਕਾ ਮੁੱਖ ਅਨਾਜ ਪਦਾਰਥਾਂ ਦੀ ਉਤਪਾਦਤਾ ਅਤੇ ਉਤਪਾਦਨ ਵਿਚ ਅਥਾਹ ਵਾਧਾ ਹੋਇਆ ਜਿਸ ਨੂੰ ਲੰਮੇ ਸਮੇਂ ਲਈ ਬਰਕਰਾਰ ਰੱਖਿਆ ਜਾ ਸਕਿਆ। ਇਸ ਕਾਮਯਾਬੀ ਨੂੰ 'ਹਰੇ ਇਨਕਲਾਬ' ਦਾ ਨਾਂ ਦਿੱਤਾ ਗਿਆ। ਕੇਂਦਰ ਸਰਕਾਰ ਦੀਆਂ ਖੇਤੀਬਾੜੀ ਨਾਲ ਸਬੰਧਤ ਨੀਤੀਆਂ ਕੁਝ ਸਮੇਂ ਲਈ ਤਾਂ ਕਿਸਾਨਾਂ ਦੇ ਪੱਖ 'ਚ ਰਹੀਆਂ, ਪਰ ਲੰਬੇ ਸਮੇਂ ਤੋਂ ਇਹ ਨੀਤੀਆਂ ਖੇਤੀਬਾੜੀ 'ਤੇ ਆਧਾਰਤ ਹੱਡ-ਭੰਨਵੀਂ ਮਿਹਨਤ ਕਰਨ ਵਾਲੇ ਵਰਗਾਂ ਦੇ ਉਲਟ ਬਣਾਈਆਂ ਹੋਈਆਂ ਹਨ, ਜੋ



ਉਨ੍ਹਾਂ ਨੂੰ ਦੁਰਕਾਰ ਤੇ ਉਜਾੜ ਰਹੀਆਂ ਹਨ।

ਭਾਰਤ ਸਰਕਾਰ ਨੇ 1965 ਵਿਚ ਖੇਤੀਬਾੜੀ ਕੀਮਤ ਕਮਿਸ਼ਨ ਦੀ ਸਥਾਪਤੀ ਕੀਤੀ। ਇਹ ਕਮਿਸ਼ਨ ਆਪਣੀ ਸਥਾਪਤੀ ਤੋਂ ਲੈ ਕੇ ਹੁਣ ਤੱਕ ਖੇਤੀਬਾੜੀ ਦੀਆਂ ਮੁੱਖ ਜਿਣਸਾਂ ਦੀਆਂ ਘੱਟੋ-ਘੱਟ ਕੀਮਤ ਤੈਅ ਕਰਨ ਬਾਰੇ ਆਪਣੀਆਂ ਸਿਫਾਰਸ਼ਾਂ ਕੇਂਦਰ ਸਰਕਾਰ ਨੂੰ ਕਰਦਾ ਆ ਰਿਹਾ ਹੈ ਅਤੇ ਕੇਂਦਰ ਸਰਕਾਰ ਵੀ ਅਕਸਰ ਇਨ੍ਹਾਂ ਸਿਫਾਰਸ਼ਾਂ ਨੂੰ ਮੰਨਦੀ ਆ ਰਹੀ ਹੈ।

1965 ਤੋਂ 1969 ਦੌਰਾਨ ਜਦੋਂ ਮੁਲਕ ਵਿਚ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਸੀ, ਇਸ ਕਮਿਸ਼ਨ ਦੀਆਂ ਸਿਫਾਰਸ਼ਾਂ ਕਿਸਾਨਾਂ ਦੇ ਹੱਕ ਵਿਚ ਸਨ, ਪਰ 1970 ਤੋਂ ਇਹ ਸਿਫਾਰਸ਼ਾਂ ਕਿਸਾਨਾਂ ਦੇ ਵਿਰੁਧ ਕੀਤੀਆਂ ਜਾਣ ਲੱਗੀਆਂ ਜਿਸ ਕਾਰਨ ਵੱਖ-ਵੱਖ ਕਿਸਾਨ ਜਥੇਬੰਦੀਆਂ ਅਤੇ ਕੁਝ ਰਾਜਸੀ ਪਾਰਟੀਆਂ ਵੱਲੋਂ ਕਮਿਸ਼ਨ ਦੀ ਤਿੱਖੀ ਨੁਕਤਾਚੀਨੀ ਕੀਤੀ ਜਾਣ ਲੱਗੀ। ਇਸ ਨੁਕਤਾਚੀਨੀ ਉਤੇ ਕਾਬੂ ਪਾਉਣ ਲਈ ਕੇਂਦਰ ਸਰਕਾਰ ਨੇ 23 ਫਰਵਰੀ 1987 ਨੂੰ ਇਸ ਕਮਿਸ਼ਨ ਦਾ ਨਾਂ ਬਦਲ ਕੇ ਖੇਤੀਬਾੜੀ ਲਾਗਤ ਅਤੇ ਕੀਮਤ ਕਮਿਸ਼ਨ ਰੱਖ ਕੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਜਿਵੇਂ ਇਹ ਕਮਿਸ਼ਨ ਆਪਣੀਆਂ ਸਿਫਾਰਸ਼ਾਂ ਕਰਨ ਮੌਕੇ ਖੇਤੀਬਾੜੀ ਉਤਪਾਦਨ ਲਾਗਤਾਂ ਨੂੰ ਆਧਾਰ ਬਣਾਉਂਦਾ ਹੋਵੇ। 1991 ਤੋਂ ਮੁਲਕ ਵਿਚ ਅਪਨਾਈਆਂ ਗਈਆਂ 'ਨਵੀਆਂ ਆਰਥਿਕ ਨੀਤੀਆਂ' ਨੇ ਖੇਤੀਬਾੜੀ ਨੂੰ ਇੱਕ ਘਾਟੇ ਵਾਲਾ ਧੰਦਾ ਬਣਾ ਦਿੱਤਾ ਹੈ।

ਕੇਂਦਰ ਸਰਕਾਰ ਵੱਲੋਂ ਖੇਤੀਬਾੜੀ ਉਤਪਾਦਨ ਲਾਗਤਾਂ ਗਿਣਨ ਦੇ ਸਬੰਧ ਵਿਚ ਅਨੇਕਾਂ ਊਣਤਾਈਆਂ ਹਨ। ਮੁਲਕ ਦੇ ਵੱਖ ਵੱਖ ਭਾਗਾਂ ਵਿਚ ਉਤਪਾਦਨ ਲਾਗਤਾਂ ਗਿਣਨ ਤੋਂ ਬਾਅਦ ਉਨ੍ਹਾਂ ਦੀ ਔਸਤ ਲਈ ਜਾਂਦੀ ਹੈ, ਜੋ ਉਚ ਉਤਪਾਦਨ ਲਾਗਤ ਖੇਤਰਾਂ, ਖਾਸ ਕਰਕੇ ਪੰਜਾਬ, ਹਰਿਆਣਾ ਅਤੇ ਪੱਛਮੀ ਉਤਰ ਪ੍ਰਦੇਸ਼ ਨਾਲ ਘੋਰ ਬੇਇਨਸਾਫੀ ਹੈ। ਕਿਸਾਨ ਜੋ 365 ਦਿਨ 24 ਘੰਟੇ ਕੰਮ ਲਈ ਤਿਆਰ ਰਹਿੰਦਾ ਹੈ ਅਤੇ ਲੋੜ ਪੈਣ 'ਤੇ ਕਹਿਰ ਦੀ ਗਰਮੀ ਅਤੇ ਅੱਤ ਦੀ ਠੰਡ ਵਿਚ ਹੀ ਨਹੀਂ, ਸਗੋਂ ਕੁਦਰਤ ਦੇ ਕਹਿਰ ਮੌਕੇ ਵੀ ਕੰਮ ਕਰਦਾ ਹੈ, ਉਸ ਦੀ ਮਜ਼ਦੂਰੀ ਗਿਣਨ ਮੌਕੇ ਕੁਝ ਸੋ ਘੰਟਿਆਂ ਤੱਕ ਹੀ ਸੀਮਿਤ ਕਰ ਲਈ ਜਾਂਦੀ ਹੈ ਅਤੇ ਅਜਿਹਾ ਹੀ ਵਰਤਾਰਾ ਕਿਸਾਨ ਦੇ ਪਰਿਵਾਰਕ ਜੀਆਂ ਦੀ ਮਿਹਨਤ ਗਿਣਨ ਮੌਕੇ ਕੀਤਾ ਜਾਂਦਾ ਹੈ। ਪਰ ਸਭ ਤੋਂ ਵੱਧ ਬੇਇਨਸਾਫੀ ਕਿਸਾਨ ਦੀ ਘਰ ਵਾਲੀ ਅਤੇ ਉਸ ਦੇ ਪਰਿਵਾਰ ਦੀਆਂ ਹੋਰ ਔਰਤਾਂ ਨਾਲ ਕੀਤੀ ਜਾਂਦੀ ਹੈ, ਜੋ ਸਵੇਰ ਤੋਂ ਦੇਰ ਰਾਤ ਤੱਕ ਖੇਤੀਬਾੜੀ ਦੇ ਵੱਖ ਵੱਖ ਕੰਮਾਂ ਵਿਚ ਰੁਝੀਆਂ ਰਹਿੰਦੀਆਂ ਹਨ। ਉਨ੍ਹਾਂ ਦੇ ਕੰਮਾਂ ਨੂੰ ਖੇਤੀਬਾੜੀ ਦੇ ਕੰਮ ਹੀ ਨਹੀਂ ਮੰਨਿਆ ਜਾਂਦਾ। ਜ਼ਮੀਨ ਦਾ ਠੇਕਾ ਬਹੁਤ ਹੀ ਘਟਾ ਕੇ ਮਿਥਿਆ ਜਾਂਦਾ ਹੈ। ਇਸੇ ਤਰ੍ਹਾਂ ਮਸ਼ੀਨਰੀ ਅਤੇ ਖੇਤੀਬਾੜੀ ਬਿਲਡਿੰਗਾਂ ਦੀ ਘਸਾਈ ਦੇ ਸਬੰਧ ਵਿਚ ਹੁੰਦਾ ਹੈ।

ਕੇਂਦਰ ਸਰਕਾਰ ਵਾਰ ਵਾਰ ਦਾਅਵਾ ਕਰਦੀ ਹੈ ਕਿ ਕਿਸਾਨਾਂ ਦੀਆਂ ਜਿਣਸਾਂ ਦੀਆਂ ਕੀਮਤਾਂ ਖੇਤੀਬਾੜੀ ਉਤਪਾਦਨ ਲਾਗਤਾਂ ਨਾਲੋਂ ਡਿਓਢੀਆਂ ਮਿਥੀਆਂ ਜਾ ਰਹੀਆਂ ਹਨ। ਭਾਰਤ ਦੇ ਖੇਤੀਬਾੜੀ ਲਾਗਤ ਅਤੇ ਕੀਮਤ ਕਮਿਸ਼ਨ ਅਨੁਸਾਰ 2018-19 ਸੀਜ਼ਨ ਲਈ ਕਣਕ ਦੀ ਪ੍ਰਤੀ ਕੁਇੰਟਲ ਉਤਪਾਦਨ ਲਾਗਤ 1339 ਰੁਪਏ ਬਣਦੀ ਹੈ, ਜਿਸ ਦਾ ਡਿਓਢਾ 2008 ਰੁਪਏ 50 ਪੈਸੇ ਬਣਦਾ ਹੈ। ਪੰਜਾਬ ਸਰਕਾਰ ਵੱਲੋਂ ਇਸ ਕਮਿਸ਼ਨ ਨੂੰ ਕਣਕ ਦੀ ਉਤਪਾਦਨ ਲਾਗਤ 2490 ਰੁਪਏ ਪ੍ਰਤੀ ਕੁਇੰਟਲ ਮਿਥ ਕੇ ਭੇਜੀ ਗਈ ਸੀ, ਜਿਸ ਦਾ ਡਿਓਢਾ 3735 ਰੁਪਏ ਬਣਦਾ ਹੈ।

ਇਨ੍ਹਾਂ ਤੱਥਾਂ ਦੇ ਬਾਵਜੂਦ ਸਰਕਾਰ ਅਤੇ ਕਾਰਪੋਰੇਟ ਜਗਤ ਦੇ ਗੋਦੀ ਅਰਥ ਵਿਗਿਆਨੀ ਆਪਣੇ ਕੋਲੋਂ ਅੰਕੜੇ ਬਣਾ ਕੇ ਨਤੀਜਾ-ਪ੍ਰਮੁੱਖ ਅਧਿਐਨਾਂ ਦੀ ਮਦਦ ਨਾਲ ਇਹ ਸਿੱਧ ਕਰਨ ਵਿਚ ਕਿ ਖੇਤੀਬਾੜੀ ਲਾਹੇਵੰਦ ਹੈ, ਆਪਣਾ ਪੂਰਾ ਜ਼ੋਰ ਲਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡਦੇ।

ਲੰਬੇ ਸਮੇਂ ਤੋਂ ਕੇਂਦਰ ਸਰਕਾਰ ਨੇ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਕੀਮਤਾਂ ਵਧਾਉਣ ਦੇ ਸਬੰਧ ਵਿਚ ਬਰੇਕਾਂ ਦੀ ਵਰਤੋਂ ਕਰਨ ਦੇ ਨਾਲ ਨਾਲ ਖੇਤੀਬਾੜੀ ਉਤਪਾਦਨ ਵਿਚ ਲੋੜੀਂਦੇ ਮੁੱਖ ਆਦਾਨਾਂ, ਜਿਵੇਂ ਡੀਜ਼ਲ, ਰਸਾਇਣਕ ਖਾਦਾਂ ਆਦਿ ਦੀਆਂ ਕੀਮਤਾਂ ਦੇ ਤੈਅ ਕਰਨ ਨੂੰ ਬੇਲਗਾਮ ਮੰਡੀ ਦੇ ਬਘਿਆੜਾਂ ਦੇ ਹਵਾਲੇ ਕਰ ਦਿੱਤਾ ਹੈ। ਇਸ ਤੋਂ ਬਿਨਾ ਖੇਤੀਬਾੜੀ ਮਸ਼ੀਨਰੀ ਉਪਰ ਜੀ. ਐਸ. ਟੀ. ਲਾਇਆ ਗਿਆ ਹੈ, ਜੋ ਉਤਪਾਦਨ ਲਾਗਤਾਂ ਨੂੰ ਵਧਾ ਰਿਹਾ ਹੈ। ਕੇਂਦਰ ਸਰਕਾਰ ਦੇ ਆਪਣੇ ਅੰਕੜਿਆਂ ਅਨੁਸਾਰ ਮੁਲਕ ਦੀ ਕਰੀਬ 50 ਫੀਸਦ ਖੇਤੀਬਾੜੀ 'ਤੇ ਆਧਾਰਤ ਆਬਾਦੀ ਨੂੰ ਰਾਸ਼ਟਰੀ ਆਮਦਨ ਵਿਚੋਂ ਕਰੀਬ 14 ਫੀਸਦ ਹਿੱਸਾ ਦਿੱਤਾ ਜਾ ਰਿਹਾ ਹੈ। ਜੇ ਮੁਲਕ ਵਿਚ ਕਾਲੇ ਧਨ ਨੂੰ ਗਿਣ ਲਿਆ ਜਾਵੇ ਤਾਂ ਇਹ ਹਿੱਸਾ ਸਿਰਫ 8 ਫੀਸਦ ਦੇ ਕਰੀਬ ਹੀ ਰਹਿ ਜਾਂਦਾ ਹੈ। ਮੁਲਕ ਦੇ ਕਿਸਾਨ ਅਤੇ ਖੇਤ ਮਜ਼ਦੂਰ ਵੱਡੀ ਗਿਣਤੀ ਵਿਚ ਖੁਦਕੁਸ਼ੀਆਂ ਕਰ ਰਹੇ ਹਨ।

ਇਸ ਤੱਥ ਨੂੰ ਸਮਝਦਿਆਂ ਕਿ ਖੇਤੀਬਾੜੀ ਮਨੁੱਖਤਾ ਦੀ ਜੀਵਨ-ਰੇਖਾ ਹੁੰਦੀ ਹੈ, ਸਮਾਂ ਮੰਗ ਕਰਦਾ ਹੈ ਕਿ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦਾ ਡਰਾਮਾ ਛੱਡ ਕੇ ਖੇਤੀਬਾੜੀ ਨੀਤੀਆਂ ਇਸ ਤਰ੍ਹਾਂ ਬਣਾਈਆਂ ਜਾਣ ਜੋ ਨਿਮਨ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੇ ਘੱਟੋ-ਘੱਟ ਆਮਦਨ ਪੱਧਰ ਨੂੰ ਯਕੀਨੀ ਬਣਾਉਣ ਜਿਸ ਨਾਲ ਉਹ ਜ਼ਿੰਦਗੀ ਦੀਆ ਮੁਢਲੀਆਂ ਲੋੜਾਂ ਰੋਟੀ, ਕੱਪੜਾ, ਮਕਾਨ, ਸਿੱਖਿਆ, ਸਿਹਤ-ਸੰਭਾਲ, ਸਾਫ ਵਾਤਾਵਰਣ ਅਤੇ ਸਮਾਜਿਕ ਸੁਰੱਖਿਆ ਸਤਿਕਾਰਤ ਢੰਗ ਨਾਲ ਪੂਰੀਆਂ ਕਰ ਸਕਣ।

# ਬਰਸਾਤ 'ਚ ਪੜ੍ਹੇ-ਲਿਖੇ ਵੀ ਹੋ ਜਾਂਦੈ ਨੇ ਕਮ-ਅਕਲੇ!

ਪੰਜਾਬ ਦੇ ਕਿਸੇ ਵੀ ਪਿੰਡ, ਸ਼ਹਿਰ ਜਾਂ ਕਸਬੇ ਵਿਚ ਕਿਤੇ ਥੋੜ੍ਹੀ ਜਿਹਾ ਵੀ ਮੀਂਹ ਪੈ ਜਾਵੇ ਤਾਂ ਸੜਕਾਂ-ਗਲੀਆਂ ਵਿਚ ਪਾਣੀ ਖੜ੍ਹਾ ਹੋ ਜਾਂਦਾ ਹੈ, ਜਿਵੇਂ ਝੋਨੇ ਦੇ ਖੇਤਾਂ ਵਿਚ ਪਾਣੀ। ਕਈ ਥਾਂਈਂ ਤਾਂ ਹੜ੍ਹ ਵਾਲੀ ਸਥਿਤੀ ਬਣ ਜਾਂਦੀ ਹੈ। ਕਾਰਨ ਹੈ, ਸੜਕਾਂ-ਗਲੀਆਂ ਦਾ ਕਿਸੇ ਢੰਗ ਤਰੀਕੇ ਨਾਲ ਨਾ ਬਣਨਾ ਜਾਂ ਪ੍ਰਸ਼ਾਸਨ ਵਲੋਂ ਬਰਸਾਤੀ ਪਾਣੀ ਦੇ ਨਿਕਾਸ ਲਈ ਪੁਖਤਾ ਪ੍ਰਬੰਧਾਂ ਦਾ ਨਾ ਹੋਣਾ।

ਇਥੇ ਮਕਸਦ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕਰਨਾ ਨਹੀਂ, ਬਲਕਿ ਉਨ੍ਹਾਂ ਲੋਕਾਂ ਦਾ ਧਿਆਨ ਇਸ ਗੱਲ ਵੱਲ



**ਆਸ਼ੂ ਸਿਮਰ ਜਲੰਧਰੀ**
ਫੋਨ: 91-98150-94402
ashusimar7@gmail.com

ਦਿਵਾਉਣਾ ਹੈ, ਜੋ ਬਰਸਾਤ ਦੇ ਮੌਸਮ ਵਿਚ ਅਕਸਰ ਦੂਜੇ ਬੰਦੇ ਨੂੰ ਪ੍ਰੇਸ਼ਾਨੀ ਵਿਚ ਪਾਉਂਦੇ ਹਨ। ਬਹੁਤੇ ਲੋਕ ਅਜਿਹੇ ਹੁੰਦੇ ਹਨ, ਜੋ ਇਨ੍ਹਾਂ ਸੜਕਾਂ-ਗਲੀਆਂ ਵਿਚ ਪਾਣੀ ਖੜ੍ਹਾ ਹੋਣ ਦੇ ਬਾਵਜੂਦ ਆਪਣਾ ਸਕੂਟਰ, ਮੋਟਰ ਸਾਈਕਲ ਜਾਂ ਕਾਰ ਏਨੀ ਤੇਜ਼ ਚਲਾਉਂਦੇ ਹਨ ਕਿ ਕਿਸੇ ਪੈਦਲ ਜਾਂ ਸਾਈਕਲ ਵਾਲੇ ਨੂੰ ਹੱਥ ਨਾਲ ਦੂਰੋਂ ਹੀ ਇਹ ਇਸ਼ਾਰਾ ਕਰਕੇ ਸੁਚੇਤ ਕਰਨਾ ਪੈਂਦਾ ਹੈ ਕਿ ਭਾਈ ਮੈਂ ਸਾਈਕਲ 'ਤੇ ਹਾਂ, ਜ਼ਰਾ ਹੌਲੀ ਆ। ਜੇ ਤਾਂ ਸਾਹਮਣਿਓਂ ਆਉਣ ਵਾਲੇ ਵਿਚ ਥੋੜ੍ਹੀ-ਬਹੁਤੀ ਇਨਸਾਨੀਅਤ ਹੋਵੇ ਤਾਂ ਉਹ ਤੁਹਾਡੇ ਕੀਤੇ ਇਸ਼ਾਰੇ ਦੀ ਕਦਰ ਜ਼ਰੂਰ ਕਰੇਗਾ, ਨਹੀਂ ਤਾਂ ਮੀਂਹ ਦੇ ਖੜ੍ਹੇ ਪਾਣੀ ਨਾਲ ਭਿੱਜਣਾ ਤੈਅ ਹੁੰਦਾ ਹੈ।

ਕਈ ਲੋਕ ਅਜਿਹੇ ਵੀ ਹੁੰਦੇ ਹਨ, ਜੋ ਸਭ ਕੁਝ ਜਾਣਦੇ ਹੋਏ ਵੀ ਕਾਰ, ਸਕੂਟਰ, ਮੋਟਰ ਸਾਈਕਲ ਹੌਲੀ ਨਹੀਂ ਕਰਦੇ ਤੇ ਆਪਣੇ ਪੌਂਚੇ ਚੁੱਕੀ ਜਾਂਦੇ ਪੈਦਲ ਜਾਂ ਸਾਈਕਲ ਸਵਾਰ ਨੂੰ ਮੀਂਹ ਦੇ ਪਾਣੀ ਨਾਲ ਗਿੱਲਾ ਕਰਨਾ ਆਪਣੀ ਸ਼ਾਨ ਸਮਝਦੇ ਹਨ। ਇਹ ਪਾਣੀ ਗਿੱਟਿਆਂ-ਗੋਡਿਆਂ ਨੂੰ ਗਿੱਲਾ ਕਰੇ ਤਾਂ ਬਹੁਤਾ ਮਹਿਸੂਸ ਨਹੀਂ ਹੁੰਦਾ ਪਰ ਜਦੋਂ ਗੰਦਾ ਪਾਣੀ ਕੱਪੜਿਆਂ ਜਾਂ ਮੂੰਹ 'ਤੇ ਪਵੇ ਤਾਂ ਇਹ ਪਾਣੀ ਪਾਉਣ ਵਾਲਾ ਵਾਹਨ ਚਾਲਕ ਤ੍ਰਿਸਕਾਰ ਦਾ ਹੀ ਪਾਤਰ ਬਣਦਾ ਹੈ। ਇਹੋ ਜਿਹੀ ਘਟਨਾ ਪਿਛਲੇ ਦਿਨੀਂ ਮੇਰੇ ਨਾਲ ਵੀ ਵਾਪਰੀ।

ਰਾਤ ਤੋਂ ਹੀ ਬਰਸਾਤ ਹੋ ਰਹੀ ਸੀ। ਸਵੇਰ ਹੋਈ ਤਾਂ ਕਿਣਮਿਣ ਜਾਰੀ ਸੀ। 11 ਕੁ ਵਜੇ ਮੀਂਹ ਰੁਕਿਆ ਤਾਂ ਮੈਂ ਕੰਮ 'ਤੇ ਜਾਣ ਲਈ ਤਿਆਰ ਹੋ ਗਿਆ। ਪਹਿਲਾਂ ਸੋਚਿਆ ਕਿ ਆਟੋ 'ਚ ਚਲਾ ਜਾਵਾਂ ਪਰ ਖਿਆਲ ਛੱਡ ਦਿੱਤਾ ਕਿ ਰਾਤ ਨੂੰ ਵਾਪਸ ਆਉਣ ਲੱਗਿਆਂ ਆਟੋ ਨਾ ਮਿਲਿਆ ਤਾਂ ਬਹੁਤ ਔਖ ਹੋਵੇਗੀ। ਮੈਂ ਸਾਈਕਲ ਚੁੱਕਿਆ ਤੇ ਤੁਰ ਪਿਆ ਕੰਮ 'ਤੇ। ਕਿਤੇ-ਕਿਤੇ ਉਚੀਆਂ ਸੜਕਾਂ ਹੋਣ ਕਰ ਕੇ ਪਾਣੀ ਬਹੁਤ ਘੱਟ ਸੀ ਤੇ ਆਰਾਮ ਨਾਲ ਜਾ ਰਿਹਾ ਸਾਂ। ਚਾਰ ਕੁ ਕਿਲੋਮੀਟਰ ਜਾਣ ਤੋਂ ਬਾਅਦ ਸ਼ਹਿਰ ਪੁੱਜਿਆ ਤਾਂ ਦੇਖਿਆ ਕਿ ਪਾਣੀ ਕਾਫੀ ਖੜ੍ਹਾ ਸੀ। ਕਈ ਸੀਵਰੇਜ ਕੱਖਾਂ-ਕਾਨਿਆਂ




ਜਾਂ ਲਿਫਾਫਿਆਂ ਨਾਲ ਬੰਦ ਹੋ ਗਏ ਸਨ ਅਤੇ ਕਈਆਂ ਵਿਚ ਥੋੜ੍ਹਾ-ਥੋੜ੍ਹਾ ਪਾਣੀ ਜਾ ਰਿਹਾ ਸੀ। ਸਾਈਕਲ 'ਤੇ ਪੂਰੇ ਪੈਡਲ ਮਾਰਨੇ ਔਖੇ ਸਨ। ਮੈਂ ਔਖੇ-ਔਖੇ ਪੈਡਲ ਮਾਰਦਾ ਇੱਕ ਉਚੇ ਫੁੱਟਪਾਥ ਕੋਲ ਜਾ ਕੇ ਰੁਕਿਆ। ਬੂਟ ਲਾਹ ਕੇ ਦੋਵਾਂ ਬੂਟਾਂ ਦੇ ਤਸਮੇ ਆਪਸ 'ਚ ਬੰਨ੍ਹ ਕੇ ਸਾਈਕਲ ਦੇ ਹੈਂਡਲ ਨਾਲ ਟੰਗ ਲਏ। ਪੈਂਟ ਨੂੰ ਗੋਡਿਆਂ ਤੱਕ ਟੰਗ ਕੇ ਸਾਈਕਲ ਚੁੱਕਿਆ ਤੇ ਤੁਰ ਪਿਆ।

ਹਾਲੇ ਸੋਚਦਾ ਹੀ ਸਾਂ ਕਿ ਸ਼ਾਇਦ ਮੈਂ ਸਹੀ-ਸਲਾਮਤ ਕੰਮ 'ਤੇ ਪਹੁੰਚ ਜਾਵਾਂਗਾ ਪਰ ਥੋੜ੍ਹੀ ਦੂਰੋਂ ਇੱਕ ਤੇਜ਼ ਰਫਤਾਰ ਮੋਟਰ ਸਾਈਕਲ ਪਾਣੀ ਨਾਲ ਅਠਖੇਲੀਆਂ ਕਰਦਾ ਆਉਂਦਾ ਦਿਸਿਆ। ਮੈਂ ਵੀ ਭਿੱਜਣ ਦੇ ਡਰੋਂ ਦੂਰੋਂ ਹੀ ਹੱਥ ਹਿਲਾ ਕੇ ਉਸ ਨੂੰ ਹੌਲੀ ਆਉਣ ਦੀ ਗੁਜ਼ਾਰਿਸ਼ ਕੀਤੀ ਪਰ ਉਸ ਨੇ ਮੈਨੂੰ ਗਿੱਲਾ ਕਰਨ ਵਿਚ ਹੀ ਆਪਣੀ ਸ਼ਾਨ ਸਮਝੀ। ਪਾਣੀ ਪੂਰੀ ਤਰ੍ਹਾਂ ਮੇਰੀ ਕਮੀਜ਼ ਗਿੱਲੀ ਕਰ ਗਿਆ ਤੇ ਇੱਕ-ਦੋ ਕੱਖ ਵੀ ਬਾਂਹ ਉਤੇ ਟੰਗ ਗਿਆ। ਮੇਰੇ ਤੋਂ ਥੋੜ੍ਹੀ ਹੀ ਪਿੱਛੇ ਐਕਟਿਵਾ 'ਤੇ ਆਉਂਦਾ ਬਜ਼ੁਰਗ ਉਨ੍ਹਾਂ ਨੂੰ ਤੇਜ਼ ਆਉਂਦਿਆਂ ਦੇਖ ਕੇ ਘਬਰਾ ਗਿਆ। ਸੜਕ 'ਚ ਪਾਣੀ ਹੋਣ ਕਰਕੇ ਉਸ ਨੂੰ ਟੁੱਟੀ ਸੜਕ ਬਾਰੇ ਪਤਾ ਹੀ ਨੀ ਲੱਗਾ ਤੇ ਉਸ ਦਾ ਧਿਆਨ ਵੰਡ ਹੋ ਜਾਣ ਕਰਕੇ ਅਗਲਾ ਟਾਇਰ ਟੋਏ 'ਚ ਜਾ ਪਿਆ ਪਰ ਟੋਆ ਜ਼ਿਆਦਾ ਵੱਡਾ ਨਾ ਹੋਣ ਕਰਕੇ ਕਿਸੇ ਤਰ੍ਹਾਂ ਉਸ ਬਜ਼ੁਰਗ ਨੇ ਆਪਣੇ-ਆਪ ਨੂੰ ਸੰਭਾਲ ਲਿਆ ਤੇ ਉਹ ਡਿੱਗਣੋਂ ਬਚ ਗਿਆ।

ਮੋਟਰ ਸਾਈਕਲ ਲੰਘਣ ਪਿਛੋਂ ਮੈਂ ਪਿਛਾਂਹ ਮੁੜ ਕੇ ਦੇਖਿਆ ਤਾਂ ਉਸ ਨੂੰ ਚਲਾਉਣ ਵਾਲਾ ਤਾਂ ਨੌਜਵਾਨ ਲੜਕਾ ਸੀ ਪਰ ਉਸ ਦੇ ਪਿਛੇ ਮੁੰਡਿਆਂ ਦੇ ਪਹਿਰਾਵੇ ਵਿਚ ਇੱਕ ਕੁੜੀ ਬੈਠੀ ਸੀ, ਜੋ ਪਹਿਲਾਂ ਮੇਰੇ ਕੋਲੋਂ ਪਛਾਣੀ ਨਾ ਗਈ। ਦੋਹਾਂ ਨੇ ਕਿਸੇ ਕਾਨਵੈਂਟ ਸਕੂਲ ਦੀ ਵਰਦੀ ਪਾਈ ਹੋਈ ਸੀ। ਜਦੋਂ ਉਹ ਮੈਨੂੰ ਭਿਓਂ ਕੇ ਅੱਗੇ ਲੰਘੇ ਤਾਂ ਪਿੱਛੇ ਬੈਠੀ ਕੁੜੀ ਨੇ ਦੋਵੇਂ ਬਾਹਾਂ ਚੁੱਕ ਕੇ ਤੇ ਮੇਰੇ ਵੱਲ ਦੇਖ ਕੇ ਬੜੀ ਖੁਸ਼ੀ ਜਾਹਰ ਕੀਤੀ ਤੇ ਉਚੀ ਦੇਣੀ ਚੀਕ ਮਾਰੀ, ਜਿਵੇਂ ਮੈਨੂੰ ਪਾਣੀ ਨਾਲ ਭਿਓਂ ਕੇ ਕੋਈ ਵੱਡੀ ਜੰਗ ਜਿੱਤ ਲਈ ਹੋਵੇ। ਦੇਖਦੇ ਹੀ ਦੇਖਦੇ ਉਹ ਕਾਫੀ ਦੂਰ ਚਲੇ ਗਏ ਤੇ ਮੈਂ ਇਹੋ ਸੋਚਦਾ ਅਗਾਂਹ ਨੂੰ ਤੁਰ ਪਿਆ ਕਿ ਇਹ ਜਵਾਨੀ ਦਾ ਜੋਸ਼ ਸੀ, ਸ਼ਰਾਰਤ ਸੀ ਜਾਂ ਉਨ੍ਹਾਂ ਦੀ ਕਮ-ਅਕਲੀ ਦਾ ਸਬੂਤ? ਇਹੋ ਹਾਲ ਕਾਰਾਂ ਵਾਲਿਆਂ ਦਾ ਹੁੰਦਾ ਹੈ। ਉਹ ਆਪ ਤਾਂ ਕਾਰ ਅੰਦਰ ਪੂਰੇ ਸ਼ੀਸ਼ੇ ਚਾੜ੍ਹ ਕੇ ਬੈਠੇ ਹੁੰਦੇ ਹਨ ਪਰ ਇਹ ਭੁੱਲ ਜਾਂਦੇ ਹਨ ਕਿ ਸਾਰੇ ਲੋਕ ਕਾਰਾਂ-ਗੱਡੀਆਂ ਵਿਚ ਨਹੀਂ ਜਾ ਰਹੇ। ਉਨ੍ਹਾਂ ਵਿਚੋਂ ਵੀ ਬਹੁਤੇ ਹੌਲੀ ਜਾਣਾ ਆਪਣੀ ਸ਼ਾਨ ਦੇ ਖਿਲਾਫ ਸਮਝਦੇ ਹਨ।

# 56 ਇੰਚ ਚੌੜੀ ਛਾਤੀ ਵਾਲੇ ਨਰਿੰਦਰ ਮੋਦੀ ਨੂੰ 56 ਸਵਾਲ

1. ਤੁਸੀਂ ਕਿੰਨੇ ਕਰੋੜ ਨੌਜੁਆਨਾਂ ਨੂੰ ਰੁਜ਼ਗਾਰ ਦਿੱਤਾ ਹੈ?
2. ਕੀ ਗੰਗਾ ਨਦੀ ਸਾਫ ਕਰ ਦਿੱਤੀ ਗਈ ਹੈ?
3. ਬੁਲੈਟ ਟਰੇਨ ਦੇ ਕਿੰਨੇ ਡੱਬੇ ਤਿਆਰ ਕਰ ਚੁਕੇ ਹੋ?
4. 'ਮੇਕ ਇਨ ਇੰਡੀਆ' ਦਾ ਕੀ ਨਤੀਜਾ ਨਿਕਲਿਆ ਹੈ?
5. ਤੁਸੀਂ ਕਿੰਨੇ ਦਾਗੀ ਨੇਤਾਵਾਂ ਨੂੰ ਜੇਲ੍ਹ ਭਿਜਵਾਇਆ ਹੈ?
6. ਤੁਸੀਂ ਧਾਰਾ 370 'ਤੇ ਕੀ ਕੀਤਾ ਹੈ?
7. ਕਿੰਨੇ ਕਸ਼ਮੀਰੀ ਪੰਡਿਤਾਂ ਨੂੰ ਘਰ ਦਿੱਤੇ ਹਨ?
8. ਪੈਟਰੌਲ, ਡੀਜ਼ਲ, ਰਸੋਈ ਗੈਸ ਕਿੰਨੇ ਸਸਤੇ ਕੀਤੇ?
9. ਤੁਸੀਂ ਮਹਿੰਗਾਈ ਕਿੰਨੀ ਘੱਟ ਕੀਤੀ?
10. ਤੁਸੀਂ ਲਾਹੌਰ-ਕਰਾਚੀ ਤਕ ਕਿੰਨਾ ਕਬਜ਼ਾ ਕੀਤਾ?


**ਜੁਗਰਾਜ ਗਿੱਲ, ਯੌਰਕ**
**ਫੋਨ: 704-257-6693**

11. ਤੁਸੀਂ ਫੌਜ ਨੂੰ ਕਿੰਨੀ ਛੋਟ ਦਿੱਤੀ?
12. ਤੁਹਾਡੇ ਕੋਲੋਂ ਚੀਨ ਕਿੰਨਾ ਡਰ ਕੇ ਕੰਬਿਆ?
13. ਭਾਰਤ ਇਮਾਨਦਾਰ ਦੇਸ਼ਾਂ ਦੀ ਸ਼੍ਰੇਣੀ 'ਚ ਉਤੇ ਆਇਆ?
14. 'ਸਟਾਰਟ ਅੱਪ ਇੰਡੀਆ' ਦਾ ਕੀ ਹਾਲ ਹੈ?
15. ਫੌਜੀ ਜੁਆਨਾਂ ਦੇ ਖਾਣੇ ਵਿਚ ਕਿੰਨਾ ਸੁਧਾਰ ਹੋਇਆ?
16. ਬਿਹਾਰ ਨੂੰ 175 ਕਰੋੜ ਦਾ ਪੈਕੇਜ਼ ਮਿਲਿਆ?
17. ਵੱਖਵਾਦੀ ਨੇਤਾਵਾਂ ਨੂੰ ਮਿਲਦੀਆਂ ਸਹੂਲਤਾਂ ਬੰਦ ਕੀਤੀਆਂ?
18. ਤੁਸੀਂ ਓਵੈਸੀ ਤੇ ਵਾਡਰਾ ਨੂੰ ਜੇਲ੍ਹ ਭੇਜਿਆ?
19. ਤੁਹਾਡੇ ਵਿਦੇਸ਼ੀ ਦੌਰਿਆਂ ਤੋਂ ਕੀ ਮਿਲਿਆ?
20. ਕੀ ਰਾਮ ਮੰਦਿਰ ਬਣ ਗਿਆ?
21. ਕੀ ਗੁਲਾਬੀ ਕ੍ਰਾਂਤੀ (ਗਊ ਹਤਿਆ) ਰੁਕੀ?
22. ਡਾਲਰ ਦੇ ਮੁਕਾਬਲੇ ਰੁਪਏ ਦਾ ਮੁੱਲ ਕਿੰਨਾ ਘਟਾਇਆ?
23. ਤੁਸੀਂ ਕਿੰਨੇ 'ਸਮਾਰਟ ਸਿਟੀ' ਤਿਆਰ ਕੀਤੇ?
24. 'ਸਾਂਸਦ ਆਦਰਸ਼ ਗ੍ਰਾਮ ਯੋਜਨਾ' ਤਹਿਤ ਕਿੰਨੇ ਪਿੰਡ ਖੁਸ਼ਹਾਲ ਹੋਏ?
25. ਔਰਤਾਂ 'ਤੇ ਅਤਿਆਚਾਰ ਬੰਦ ਕਰਵਾ ਸਕੇ?




26. ਬੀਫ ਐਕਸਪੋਰਟ ਵਿਚ ਭਾਰਤ ਨੂੰ ਨੰਬਰ ਇਕ ਕਿਸ ਨੇ ਬਣਾਇਆ?
27. 100 ਦਿਨਾਂ 'ਚ ਕਾਲਾ ਧਨ ਵਾਪਸ ਭਾਰਤ ਆਇਆ?
28. ਕਿੰਨੇ ਲੋਕਾਂ ਦੇ ਬੈਂਕ ਖਾਤਿਆਂ ਵਿਚ 15-15 ਲੱਖ ਰੁਪਏ ਜਮ੍ਹਾਂ ਕਰਵਾਏ?
29. ਨੋਟਬੰਦੀ ਨਾਲ ਅਤਿਵਾਦ ਤੇ ਨਕਸਲਵਾਦ ਦਾ ਲੱਕ ਟੁਟਿਆ?
30. ਕੀ ਦੇਸ਼ ਵਿਚ ਰਿਸ਼ਵਤਖੋਰੀ ਬੰਦ ਹੋ ਗਈ?
31. ਦੇਸ਼ ਵਿਚ ਕਿੰਨੀ ਖੁਸ਼ਹਾਲੀ ਆਈ?
32. ਕੀ ਇੰਸਪੈਕਟਰੀ ਰਾਜ ਘੱਟ ਹੋਇਆ?
34. 'ਸਵੱਛਤਾ ਮੁਹਿੰਮ' ਕਿੰਨੀ ਸਫਲ ਹੋਈ?
35. ਬੈਂਕਾਂ ਦੇ ਅਰਬਾਂ ਰੁਪਏ ਖਾਣ ਵਾਲੇ ਅਮੀਰ ਜੇਲ੍ਹ ਗਏ?
36. ਪਾਰਟੀ ਦੇ ਨਾਂ 'ਤੇ ਕਾਲੀ ਕਮਾਈਖੋਰ ਕਿੰਨੇ ਜੇਲ੍ਹ ਗਏ?
37. ਕਿੰਨੇ ਸਰਕਾਰੀ ਸਕੂਲ-ਕਾਲਜ ਖੋਲ੍ਹੇ ਗਏ?
38. ਭਾਰਤ ਵਿਚ ਹਿੰਦੀ ਅਤੇ ਪੰਜਾਬ ਵਿਚ ਪੰਜਾਬੀ ਦੀ ਵਰਤੋਂ ਕਿੰਨੀ ਵਧੀ?
39. ਸਿੰਜਾਈ ਸਹੂਲਤਾਂ ਵਿਚ ਕਿੰਨਾ ਵਾਧਾ ਹੋਇਆ?
40. ਕੀ ਕਿਸਾਨਾਂ ਦੀਆਂ ਖੁਦਕੁਸ਼ੀਆਂ ਰੋਕ ਸਕੇ?
41. ਕਿੰਨੇ ਨਵੇਂ ਵਿਗਿਆਨਕ ਪ੍ਰਯੋਗ ਹੋਏ?
42. ਕੀ ਸਭ ਨੂੰ ਆਪਣਾ ਘਰ ਮਿਲ ਗਿਆ?
43. ਅਦਾਲਤਾਂ 'ਚ ਕਿੰਨੇ ਜੱਜ ਬਹਾਲ ਹੋਏ, ਕਿੰਨੇ ਕੇਸ ਬਾਕੀ?
44. ਭਾਰਤ ਕਿੰਨੇ ਦਿਨਾਂ ਵਿਚ ਵਿਸ਼ਵ ਗੁਰੂ ਬਣੇਗਾ?
45. ਕੀ ਕਾਮਨ ਸਿਵਲ ਕੋਡ ਲਾਗੂ ਹੋ ਗਿਆ?
46. ਕੀ ਬਲੋਚਿਸਤਾਨ ਨੂੰ ਭਾਰਤ ਵਿਚ ਮਿਲਾ ਲਿਆ?
47. ਨੇਪਾਲ ਨਾਲ ਰਿਸ਼ਤੇ ਸੁਧਰੇ ਜਾਂ ਖਰਾਬ ਹੋਏ?
48. ਕੀ ਦੇਸ਼ ਦੀ ਇਕਾਨਮੀ ਕੈਸ਼ ਲੈਸ ਹੋ ਗਈ?
49. ਕੀ ਹਿੰਦੂ ਤਰੀਕਾਂ ਅਧੀਨ ਨਵੇਂ ਸਾਲ ਦੇ ਕੈਲੰਡਰ ਨੂੰ ਮਾਨਤਾ ਮਿਲੀ?
50. ਰਾਮਸੇਤੂ ਨੂੰ ਇਤਿਹਾਸਕ ਯਾਦਗਾਰ ਜਗ੍ਹਾ ਬਣਾ ਦਿੱਤਾ?
51. ਸੰਸਦ ਤੇ ਵਿਧਾਨ ਸਭਾਵਾਂ ਵਿਚ ਔਰਤਾਂ ਨੂੰ 33% ਰਾਖਵਾਂਕਰਨ ਮਿਲਿਆ?
52. ਲੋਕਪਾਲ ਦੀ ਨਿਯੁਕਤੀ ਹੋਈ ਕਿ ਨਹੀਂ?
53. ਕਿੰਨੀਆਂ ਨਦੀਆਂ ਨੂੰ ਆਪਸ ਵਿਚ ਜੋੜਿਆ ਗਿਆ?
54. ਸਿੱਖਿਆ ਸ਼ਾਸਤਰੀ ਮਿੱਤਰਾਂ ਨਾਲ ਬਨਾਰਸ ਰੈਲੀ 'ਚ ਕੀਤਾ ਵਾਅਦਾ ਪੂਰਾ ਕੀਤਾ?
55. ਸਿੱਖਿਆ ਪ੍ਰਣਾਲੀ ਵਿਚ ਕਿੰਨਾ ਸੁਧਾਰ ਹੋਇਆ?
56. ਕੀ ਦਾਊਦ ਇਬਰਾਹੀਮ ਨੂੰ ਗ੍ਰਿਫਤਾਰ ਕਰ ਕੇ ਭਾਰਤ ਲਿਆਂਦਾ ਗਿਆ?

# ਭਾਰਤ ਦੇ 13 ਪ੍ਰਧਾਨ ਮੰਤਰੀਆਂ ਦੀ ਵਿਦਿਅਕ ਯੋਗਤਾ



**ਜਵਾਹਰ ਲਾਲ ਨਹਿਰੂ**
**ਐਮ. ਏ. (ਕੈਂਬਰਿਜ਼ ਯੂਨੀਵਰਸਿਟੀ)**
**ਬਾਰ ਐਟ ਲਾਅ (ਲੰਡਨ)**




**ਲਾਲ ਬਹਾਦੁਰ ਸ਼ਾਸਤਰੀ**
**ਬੀ. ਏ. (ਤੱਤ ਵਿਗਿਆਨ) ਬਨਾਰਸ**




**ਇੰਦਰਾ ਗਾਂਧੀ**
**ਇਤਿਹਾਸ**
**ਰਾਜ ਸ਼ਾਸਤਰੀ ਪਦਵੀ (ਆਕਸਫੋਰਡ)**




**ਮੋਰਾਰਜੀ ਦੇਸਾਈ**
**ਬੀ. ਏ. (ਮੁੰਬਈ)**
**ਆਈ. ਸੀ. ਐਸ.**



**ਚੌਧਰੀ ਚਰਨ ਸਿੰਘ**
**ਐਮ. ਏ.**
**ਵਿਧੀ ਸਨਾਤਕ ਪਦਵੀ (ਆਗਰਾ)**




**ਰਾਜੀਵ ਗਾਂਧੀ**
**ਬੀ. ਏ. (ਕੈਂਬਰਿਜ਼)**
**ਪਾਇਲਟ ਕੋਰਸ (ਦਿੱਲੀ)**




**ਚੰਦਰ ਸ਼ੇਖਰ**
**ਬੀ. ਏ. (ਇਲਾਹਾਬਾਦ)**




**ਪੀ. ਵੀ. ਨਰਸਿਮਹਾ ਰਾਓ**
**ਬੀ. ਏ. (ਉਸਮਾਨੀਆ)**
**ਐਮ. ਏ. (ਨਾਗਪੁਰ)**



**ਅਟਲ ਬਿਹਾਰੀ ਵਾਜਪਾਈ**
**ਐਮ. ਏ. (ਆਗਰਾ)**



**ਐਚ. ਡੀ. ਦੇਵਗੌੜਾ**
**ਸਿਵਲ ਇੰਜੀਨੀਅਰਿੰਗ (ਬੰਗਲੌਰ)**



**ਇੰਦਰ ਕੁਮਾਰ ਗੁਜਰਾਲ**
**ਐਮ. ਏ. (ਲਾਹੌਰ)**



**ਮਨਮੋਹਨ ਸਿੰਘ**
**ਅਰਥ ਸ਼ਾਸਤਰ (ਬੀ. ਏ. ਪੰਜਾਬ)**
**ਐਮ. ਏ. (ਕੈਂਬਰਿਜ)**
**ਪੀ. ਐਚਡੀ. (ਕੈਂਬਰਿਜ)**

**ਜੁਗਰਾਜ ਗਿੱਲ, ਯੌਰਕ ਫੋਨ: 704-257-6693**



**ਨਰਿੰਦਰ ਮੋਦੀ**
**ਚਾਹ ਵੇਚੀ, ਚੌਂਕੀਦਾਰੀ ਕੀਤੀ।**
**ਫਕੀਰ ਬਣਿਆ।**
**ਫਿਰ ਪਹਿਲਾਂ ਐਮ. ਏ, ਫਿਰ ਬੀ. ਏ.**
**ਅੰਤ ਵਿਚ ਹਾਈ ਸਕੂਲ ਪਾਸ?**
**ਸਰਟੀਫਿਕੇਟ...?**

## ਸੁਭਾਸ਼ ਚੰਦਰ ਬੋਸ

ਐਪਰ ਭਾਰਤ ਦੇ ਪ੍ਰਧਾਨ ਮੰਤਰੀ ਅਹੁਦੇ ਦੇ ਅਸਲੀ ਹੱਕਦਾਰ ਨੇਤਾ ਜੀ ਸੁਭਾਸ਼ ਚੰਦਰ ਬੋਸ (ਆਈ. ਸੀ. ਐਸ., ਕੈਂਬਰਿਜ਼, ਇੰਗਲੈਂਡ) ਫਸਟ ਡਵੀਜ਼ਨ ਪਾਸ ਸਨ ਅਤੇ ਉਨ੍ਹਾਂ ਬਤੌਰ ਕੁਲੈਕਟਰ ਅੰਗਰੇਜ਼ ਸਰਕਾਰ ਅਧੀਨ ਨੌਕਰੀ ਕਰਨ ਤੋਂ ਇਨਕਾਰ ਕੀਤਾ ਸੀ। ਉਨ੍ਹਾਂ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ




ਦਾ ਲਾਲਚ ਵੀ ਨਹੀਂ ਸੀ ਅਤੇ ਕਥਿਤ ਤੌਰ 'ਤੇ ਫੈਜਾਬਾਦ (ਯੂ. ਪੀ.) ਵਿਚਲੇ ਰਾਮ ਭਵਨ ਵਿਚ 16 ਸਤੰਬਰ 1985 ਨੂੰ 'ਗੁੰਮਨਾਮੀ ਸੰਤ' ਵਜੋਂ ਸੁਰਗਵਾਸ ਹੋਏ ਸਨ, ਜਿਸ ਬਾਰੇ ਕਲਕੱਤਾ ਹਾਈਕੋਰਟ ਵੱਲੋਂ ਜਾਂਚ ਕਰਨ ਦੇ ਹੁਕਮ ਦਿੱਤੇ ਗਏ ਹਨ। ਐਪਰ ਉਨ੍ਹਾਂ ਸਬੰਧੀ ਸਾਰੀਆਂ ਗੁਪਤ ਫਾਈਲਾਂ ਜਨਤਕ ਤੌਰ 'ਤੇ ਖੋਲ੍ਹਣ ਤੋਂ ਪ੍ਰਧਾਨ ਮੰਤਰੀ ਸ੍ਰੀ ਮੋਦੀ (ਦਫਤਰ) ਵਲੋਂ ਇਨਕਾਰ ਕਰ ਦਿੱਤਾ ਗਿਆ ਹੈ। ਇਹ ਬਹਾਨਾ ਬਣਾਇਆ ਜਾ ਰਿਹਾ ਹੈ ਕਿ ਬਾਕੀ ਗੁਪਤ ਫਾਈਲਾਂ ਕਾਰਨ ਕਈ ਵਿਦੇਸ਼ੀ ਮੁਲਕਾਂ ਨਾਲ ਭਾਰਤ ਦੇ ਸਬੰਧ ਵਿਗੜ ਜਾਣਗੇ।

# ਕਵਿਤਾ ਦਾ ਖੁਦ-ਵਿਸਰਜਨ: ਸੋਹਣ ਸਿੰਘ ਮੀਸ਼ਾ

ਮੈਂ ਸੋਹਣ ਸਿੰਘ ਮੀਸ਼ੇ ਦਾ ਮੁਰੀਦ ਹਾਂ, ਉਸ ਦੀ ਕਵਿਤਾ ਦਾ ਉਪਾਸ਼ਕ ਤੇ ਖੁਦ-ਵਿਸਰਜਣ ਲਈ ਕਾਂਜਲੀ ਲੇਕ ਜਿਹੀ ਕਿਸੇ 'ਕਵਿਤਾ' ਦੀ ਤਲਾਸ਼ 'ਚ ਹਾਂ।

ਮੀਸ਼ੇ ਨੇ 22 ਸਤੰਬਰ ਦੇ ਦਿਨ ਆਪਣੇ ਹੀ ਜ਼ਿਲ੍ਹੇ 'ਚ ਪੈਂਦੀ ਆਪਣੀ ਮਨਪਸੰਦ ਝੀਲ ਵਿਚ ਖੁਦ ਦਾ ਵਿਸਰਜਣ ਕਰ ਲਿਆ ਸੀ। ਦਰਅਸਲ ਇਹ ਕਵਿਤਾ ਦਾ ਖੁਦ ਵਿਸਰਜਣ ਸੀ।



ਅੱਜ ਮੇਰੀ ਸੁਰਤ ਉਸ ਦੀ ਨੇਕ ਯਾਦ ਅਤੇ ਕਾਵਿ ਪ੍ਰਤਿਭਾ ਨੂੰ ਸਮਰਪਿਤ ਹੈ।

**ਗੁਰਦਿਆਲ ਸਿੰਘ ਬੱਲ**
ਫੋਨ: 647-982-6091

ਆਉ ਸਾਰੇ ਮਿਲ ਕੇ ਉਸ ਦੀ ਸੁਰਖਰੂ ਯਾਦ ਨੂੰ ਪ੍ਰਣਾਮ ਕਰੀਏ:

ਜੰਗਲ ਦੇ ਵਿਚ ਰਾਤ ਪਈ ਹੈ
ਕਦੀ ਕਦੀ ਕੋਈ ਹਨੇਰੇ ਵਿਚ ਟਟਹਿਣਾ ਚਮਕੇ
ਲੋਅ ਹੋਵੇਗੀ ਨਿੰਘ ਮਿਲੇਗਾ
ਸਮਝਣ ਕਈ ਕਾਫਲੇ ਵਾਲੇ
ਕਦੀ ਟਟਹਿਣੇ ਨਿੰਘ ਨਹੀਂ ਦਿੰਦੇ
ਇਹ ਤਾਂ ਆਪਣੀ ਕਾਮ ਚੇਸ਼ਟਾ ਵਿਚ ਭਟਕਦੇ
ਜੰਗਲ ਦੇ ਵਿਚ ਰਾਤ ਪਈ ਹੈ।
...
ਲੋ ਹੀ ਲੋ ਸੀ ਸੇਕ ਨਹੀਂ ਸੀ
ਦੇਖ ਲਿਆ ਮੈਂ ਜੁਗਨੂੰ ਫੜ ਕੇ।

ਇਹ ਬੋਲ ਪੰਜਾਬੀ ਦੇ ਉਸ ਸੰਵੇਦਨਸ਼ੀਲ, ਸੋਜ ਭਰਪੂਰ, ਸ਼ਰਮੀਲੇ, ਸੰਜੀਦਾ ਅਤੇ ਸਮਰੱਥ ਕਵੀ ਸੋਹਣ ਸਿੰਘ ਮੀਸ਼ਾ ਦੇ ਹਨ।

ਮੀਸ਼ਾ ਸਾਡੇ ਸਮਿਆਂ ਦੇ ਲਰਜ਼ਦੇ ਸੱਚ ਦੀ ਸਮੀਖਿਆ ਅਤੇ ਹਕੀਕਤ ਬਿਆਨ ਕਰਦੇ ਹਨ। ਮੀਸ਼ੇ ਦੀ ਕਵਿਤਾ ਸੂਖਮ ਜਿਹੇ ਅੰਦਾਜ਼ ਵਿਚ ਰੂਹ ਨੂੰ ਬੇਚੈਨ ਕਰਦੀ ਹੈ ਤੇ ਅਸਲੋਂ ਹੀ ਨਵੀਂ ਜਿਹੀ ਤੜਪ ਜਗਾਉਂਦੀ ਹੈ। ਉਹ ਸਮੇਂ ਦੇ ਅੱਲੇ ਜ਼ਖਮਾਂ 'ਤੇ ਕਵਿਤਾ ਦੀਆਂ ਪੱਟੀਆਂ ਨਹੀਂ ਕਰਦੀ, ਨਾ ਫਹੇ ਧਰਦੀ ਹੈ ਅਤੇ ਨਾ ਹੀ ਜ਼ਖਮਾਂ ਨੂੰ ਪਲੋਸਦੀ, ਸਹਿਲਾਉਂਦੀ ਜਾਂ ਗਾਉਂਦੀ ਹੈ।

ਮੀਸ਼ੇ ਦੀ ਕਵਿਤਾ ਨਾ ਕਿਤੇ ਲਾਠੀ ਬਣਦੀ ਹੈ, ਨਾ ਲੋਗੜ, ਨਾ ਗੰਡਾਸਾ ਤੇ ਨਾ ਹੀ ਨਿਰੋਲ ਕਾਵਿ ਜਾਂ ਕਾਮ ਬਿੰਬ। ਉਸ ਦੀ ਕਵਿਤਾ, ਕਵਿਤਾ ਦੀ ਅੱਖ ਵਿਚ ਰੜਕ ਜਿਹੀ ਪੈਦਾ ਕਰਦੀ ਹੈ ਤੇ ਦਿਲ ਦੀ ਅਣਸੁਣੀ ਤੇ ਅਕਹਿ ਜਿਹੀ ਟੀਸ ਬਣਦੀ ਹੈ। ਉਹ ਜ਼ਮਾਨੇ ਦੇ ਜ਼ਖਮਾਂ ਨੂੰ ਮਿੱਠਾ ਮਿੱਠਾ ਇਸ ਕਦਰ ਕੁਰੇਦਦੀ ਹੈ ਕਿ ਜ਼ਮਾਨੇ ਨੂੰ ਜ਼ਖਮਾਂ ਦਾ ਅਹਿਸਤਾ ਅਹਿਸਤਾ ਅਹਿਸਾਸ ਹੁੰਦਾ ਹੈ ਤੇ ਮੱਠਾ ਮੱਠਾ ਸਕੂਨ ਮਿਲਦਾ ਹੈ।



*ਸੋਹਣ ਸਿੰਘ ਮੀਸ਼ਾ*

ਇਸ ਨਾਲ ਕਵਿਤਾ ਦੀ ਅੱਖ ਦੇ ਝੌਲੇ ਦੂਰ ਹੁੰਦੇ ਹਨ ਤੇ ਕਵਿਤਾ ਨੂੰ ਸਾਫ ਸਾਫ ਤੇ ਠੀਕ ਦਿਖਣ ਲੱਗਦਾ ਹੈ। ਇਹ ਮੱਠੀ ਮੱਠੀ ਰੜਕ ਅਤੇ ਮਿੱਠਾ ਮਿੱਠਾ ਕੁਰੇਦਨ ਮੀਸ਼ੇ ਦੀ ਕਵਿਤਾ ਦਾ ਕਮਾਲ ਹੈ। ਉਸ ਦੇ ਉਦਾਸ ਬੋਲ ਇਤਿਹਕਰਣ ਨੂੰ ਮੁੱਢੋਂ ਝੰਜੋੜ ਕੇ ਕਿਸੇ ਨਵੇਂ ਰਾਹ ਵੱਲ ਮੋੜਦੇ, ਤੋਰਦੇ ਅਤੇ ਨਵੀਆਂ ਸੰਭਾਵਨਾਵਾਂ ਦੇ ਦੁਆਰ ਖੋਲ੍ਹਦੇ ਹਨ।

ਮੀਸ਼ੇ ਨੂੰ ਜਗਜੀਤ ਜ਼ੀਰਵੀ ਨੇ ਗਾਇਆ, ਜੋ ਪਤਾ ਨਹੀਂ ਜ਼ਮਾਨੇ ਦੀ ਕਿਸ ਝੀਲ ਵਿਚ ਛਪਨ ਹੋ ਗਿਆ ਜਾਂ ਕਰ ਦਿੱਤਾ ਗਿਆ। ਕੋਈ ਕਲਾਕਾਰ ਜੇ ਮੀਸ਼ੇ ਦੀ ਕਵਿਤਾ ਸੁਣਾਵੇ ਜਾਂ ਗਾਵੇ ਤਾਂ ਸਾਡੇ ਸਮਿਆਂ ਨੂੰ ਕੋਈ ਸੇਧ ਮਿਲ ਸਕਦੀ ਹੈ। ਦਰਅਸਲ, ਮੀਸ਼ੇ ਦੀ ਮੌਲਿਕਤਾ ਭਾਲਣੀ ਹਾਲੇ ਬਾਕੀ ਹੈ।

ਕਵੀਆਂ ਲਈ ਕਦੀ ਕਿਸੇ ਕੁੜੀ ਦੀ ਅੱਖ ਝੀਲ ਬਣ ਜਾਂਦੀ ਹੈ ਤੇ ਕਦੀ ਕੋਈ ਝੀਲ ਕਿਸੇ ਕੁੜੀ ਦੀ ਅੱਖ, ਪਰ ਝੀਲ ਹਮੇਸ਼ਾ ਜਾਂ ਹਰ ਵਾਰ ਕਿਸੇ ਕੁੜੀ ਦੀ ਅੱਖ ਨਹੀਂ ਹੁੰਦੀ; ਕਦੀ ਕਦੀ ਇਹ ਕੁਦਰਤ ਦੀ ਅੱਖ ਵੀ ਹੁੰਦੀ ਹੈ।

ਮੀਸ਼ੇ ਦਾ ਆਖਰੀ ਵਕਤ ਕਿਹੋ ਜਿਹਾ ਹੋਵੇਗਾ? ਉਹ ਕਿਸ ਲੋਰ ਅਤੇ ਕਿਹੜੇ ਦੌਰ ਵਿਚ ਹੋਵੇਗਾ? ਕਿ ਉਸ ਨੂੰ ਖੁਦ, ਸਾਲਮ ਕਵਿਤਾ ਬਣ, ਕੁਦਰਤ ਦੀ ਅੱਖ ਵਿਚ ਖੁਦ ਉਤਰਨਾ ਪਿਆ।

ਮੱਤ ਕੋਈ ਇਸ ਨੂੰ ਮੀਸ਼ੇ ਦੀ ਖੁਦਕੁਸ਼ੀ ਕਹੇ ਜਾਂ ਬੁਜ਼ਦਿਲੀ ਸਮਝੇ। ਇਸ ਨੂੰ ਮੀਸ਼ੇ ਦੀ ਜਲ ਸਮਾਧੀ, ਉਸ ਦੀ ਕਵਿਤਾ ਦਾ ਬਲੀਦਾਨ ਜਾਂ ਇਕ ਕਾਵਿ-ਦੇਵਤੇ ਦਾ ਖੁਦ-ਵਿਸਰਜਣ ਕਿਹਾ ਜਾਣਾ ਚਾਹੀਦਾ ਹੈ।

22 ਸਤੰਬਰ ਦੇ ਦਿਨ ਕਪੂਰਥਲੇ ਦੀ ਕਾਂਜਲੀ ਲੇਕ ਨੇ ਮੀਸ਼ੇ ਦੀ ਦੇਹ ਅਤੇ ਆਤਮਾ ਨੂੰ ਆਪਣੀ ਗੋਦ ਵਿਚ ਸਦਾ ਸਦਾ ਲਈ ਸਮੇਟ ਲਿਆ ਸੀ।

ਝੀਲ ਤੋਂ ਬਿਨਾ ਉਸ ਦੇ ਦਿਲ ਨੂੰ ਹੋਰ ਚੈਨ ਵੀ ਕੌਣ ਦੇ ਸਕਦਾ ਸੀ; ਰੂਹ ਦਾ ਅਰਾਮ ਹੋਰ ਹੈ ਹੀ ਕਿੱਥੇ! ਬੇਚੈਨ ਆਤਮਾ ਲਈ ਝੀਲ ਤੋਂ ਬਗੈਰ ਹੋਰ ਕਿੱਥੇ ਹੈ ਢਾਰਸ! ਝੀਲ ਹੀ ਤਾਂ ਹੈ ਜੋ ਮੀਸ਼ੇ ਜਿਹੇ ਕਵੀਆਂ ਨੂੰ ਮਾਂ ਦੀ ਤਰ੍ਹਾਂ ਪਾਲਦੀ ਹੈ ਤੇ ਮਾਸ਼ੂਕ ਦੀ ਤਰ੍ਹਾਂ ਸੰਭਾਲ ਲੈਂਦੀ ਹੈ।

ਉਸ ਦਿਨ ਇੱਕ ਝੀਲ ਨੇ ਕਵਿਤਾ ਨੂੰ ਘੁੱਟ ਕੇ ਸਦਾ ਸਦਾ ਲਈ ਆਪਣੀ ਹਿੱਕ ਨਾਲ ਲਾ ਲਿਆ ਸੀ। ਕੋਈ ਝੀਲ ਹੀ ਏਨਾ ਪਿਆਰ ਦੇ ਸਕਦੀ ਹੈ। ਪਹਿਲੀ ਵਾਰ ਕਿਸੇ ਝੀਲ ਨੂੰ ਕਵਿਤਾ ਅਤੇ ਕਵੀ ਦੀ ਕਬਰ ਬਣਨ ਦਾ ਸੁਭਾਗ ਪ੍ਰਾਪਤ ਹੋਇਆ।

ਕਵੀਆਂ ਨੂੰ ਅਪੀਲ ਹੈ ਕਿ ਕਪੂਰਥਲੇ ਦੀ ਉਸ ਝੀਲ ਦੇ ਕਿਨਾਰੇ ਕੋਈ ਕਵੀ ਸੰਮੇਲਨ, ਕਵਿਤਾ ਦਾ ਮੇਲਾ ਜਾਂ ਕਵੀ ਦਰਬਾਰ ਦਾ ਸਿਲਸਿਲਾ ਜਾਰੀ ਹੋਵੇ; ਉਥੇ ਮੀਸ਼ਾ ਗਾਇਆ ਜਾਵੇ, ਉਸ ਦੀ ਰੂਹ ਨੂੰ ਆਰਾਮ ਪਹੁੰਚਾਇਆ ਜਾਵੇ ਅਤੇ ਕਵਿਤਾ ਦੇ ਨੈਣਾਂ ਵਿਚ ਖੁਦ ਸੁਰਖਰੂ ਹੋਇਆ ਜਾਵੇ।

## ਸੋਹਣ ਸਿੰਘ ਮੀਸ਼ੇ ਦੀ ਸ਼ਾਇਰੀ

### ਅੱਧੀ ਰਾਤ ਪਹਿਰ ਦੇ ਤੜਕੇ

ਅੱਧੀ ਰਾਤ ਪਹਿਰ ਦੇ ਤੜਕੇ
ਅੱਖਾਂ ਵਿਚ ਉਨੀਂਦਾ ਰੜਕੇ।

ਆਪਣਾ ਕਮਰਾ ਭਾਣ ਲਗਦਾਂ
ਦੂਰ ਕਿਤੇ ਜਦ ਕੁੰਡਾ ਖੜਕੇ।

ਤੇਰੀ ਧੂੜ ਵੀ ਸੁਰਮੇ ਵਰਗੀ
ਸੱਜਣਾਂ ਦੇ ਪਿੰਡ ਜਾਂਦੀ ਸੜਕੇ।

ਸਿਖਰ ਦੁਪਹਿਰੇ ਕਲ੍ਹ ਇਕ ਰਾਹੀ
ਡਿੱਗਾ ਆਪਣੀ ਛਾਂ ਵਿਚ ਅੜ ਕੇ।

ਸਿੱਕ ਨਾ ਜਾਗੇ ਫੇਰ ਮਿਲਣ ਦੀ
ਆ ਏਦਾਂ ਵਿਛੜੀਏ ਲੜ ਕੇ।

ਅੱਜ ਕਿਉਂ ਚੁੱਪ ਉਦਾਸ ਨੇ ਬੱਦਲ
ਬਿਜਲੀ ਨੂੰ ਹੀ ਆਖੋ ਕੜਕੇ।

ਬੁਝਿਆ ਭਾਂਬੜ ਅਜੇ ਵੀ ਦਿਲ ਵਿਚ
ਕਦੀ ਕਦੀ ਚੰਗਿਆੜਾ ਭੜਕੇ।

ਲੋ ਹੀ ਲੋ ਸੀ, ਸੇਕ ਨਹੀਂ ਸੀ
ਦੇਖ ਲਿਆ ਮੈਂ ਜੁਗਨੂੰ ਫੜ ਕੇ।

ਜੋ ਗੱਲ ਤੈਥੋਂ ਕਹਿ ਨਾ ਹੋਈ
ਉਹ ਮੇਰੇ ਵੀ ਦਿਲ ਵਿਚ ਰੜਕੇ।

ਆਪਣੇ ਘਰ ਵਿਚ ਕੈਦ ਨੇ ਲੋਕੀਂ
ਦਿਨ ਕੱਟਦੇ ਜੋ ਅੰਦਰ ਵੜ ਕੇ।

ਜਾਨ ਰਹੀ ਨਾ ਤੇਰੇ ਬਾਝੋਂ
ਨਬਜ਼ ਤਾਂ ਚੱਲੇ ਦਿਲ ਵੀ ਧੜਕੇ।

### ਚੁਰਸਤਾ

ਕਿੰਨੀ ਅੰਨ੍ਹੀ ਹੈ ਇਹ ਰਾਤ
ਬੁਝ ਗਏ ਸਾਰੇ ਚਿਰਾਗ,
ਚੌਕ ਦੀ ਬੱਤੀ ਬਿਨਾਂ ਚੌਕ ਦੀ
ਮਰੀਅਲ ਜਿਹੀ ਬੱਤੀ ਬਿਨਾਂ
ਕਿਰਨ ਚਾਨਣ ਦੀ ਕਿਤੋਂ ਵੀ
ਪਾ ਰਹੀ ਨਾ ਕੋਈ ਝਾਤ।

ਸੁੰਘਿਆ ਇਸ ਨੂੰ ਉਦਾਸੀ-ਸੱਪ ਨੇ
ਸੌਂ ਗਿਆ ਕਿ ਮਰ ਗਿਆ ਇਹ ਸ਼ਹਿਰ ਹੈ?
ਹੌਕੇ ਭਰਦੀ ਸੋਗ ਦੇ
ਹੈ ਪੌਣ ਸਾਹੋਂ ਉਖੜੀ,
ਫੁਕਰਾਂ ਨੇ ਮਾਰਦੇ ਨ੍ਹੇਰੇ ਦੇ ਨਾਗ,
ਇਸ ਫਿਜ਼ਾ ਦੀ ਰਗ-ਰਗ ਵਿਚ ਜ਼ਹਿਰ ਹੈ,
ਕਹਿਰ ਹੈ, ਹਾਏ ਕਹਿਰ ਹੈ।

ਰਾਤ ਕਿੰਨੀ ਸੀਤ ਹੈ।
ਦਿਲ ਕਿਸੇ ਦੀ ਨੁੱਕਰ ਵੀ
ਚਿਣਗ ਬਾਕੀ ਹੈ ਕੋਈ?
ਭੇਤ ਨਾ ਕੋਈ ਭੇਤ ਨਾ,
ਅਹਿਸਾਸ ਠੰਢਾ ਹੋ ਰਿਹਾ,
ਸੁੰਨ ਹੁੰਦੀ ਜਾ ਰਹੀ ਹੈ ਚੇਤਨਾ।
ਚੌਹੀਂ ਪਾਸੀਂ ਰਾਤ ਅੰਨ੍ਹੀ ਸੀਤ ਹੈ।

ਕਿੰਨਾ ਔਖਾ ਹੈ ਚੁਰਸਤਾ ਛੱਡਣਾ।
ਹਾਏ ਹੱਡਾਂ ਵਿਚ ਸਿੱਕਾ ਭਰ ਗਿਆ।
ਸੱਚ ਤੇ ਪਰਦਾ ਸਿਆਹ
ਤੇ ਸੂਝ ਵੀ ਹੋਈ ਬੇਵਾਹ
ਚੌਕ ਦੀ ਮਰੀਅਲ ਜਿਹੀ ਬੱਤੀ
ਕਿਸੇ ਨੂੰ ਕੀ ਵਿਖਾ ਸਕਦੀ ਏ ਰਾਹ।
ਐਵੇਂ ਹਮਦਰਦੀ ਜਿਹੀ ਜਤਲਾ ਰਹੀ,
ਕੁਝ ਕਹਿੰਦੀ ਕਹਿੰਦੀ ਏ ਥਥਲਾ ਰਹੀ।

ਮੌਤ ਦਾ ਪਹਿਰਾ ਸਹੀ
ਫਿਰ ਵੀ ਆਖਰੀ ਸ਼ਹਿਰ ਹੈ,
ਐ ਮਨਾ, ਚਲ ਫੇਰ
ਕੋਈ ਖਟਖਟਾ ਕੇ ਵੇਖ ਦਰ।
ਨਾ ਸਹੀ ਕੋਈ ਉਮੀਦ
ਪਰ ਕੋਈ ਹੀਲਾ ਤਾਂ ਕਰ।

### ਚੀਕ ਬੁਲਬੁਲੀ

ਨੰਦੂ ਛੜੇ ਦੀ ਗੱਲ ਚੇਤੇ ਹੈ
ਜਿਸ ਨੂੰ ਪਿੰਡ ਨੇ
ਰੋਜ਼ ਤਕਾਲੀਂ
ਇਕ ਦੋ ਚੀਕਾਂ ਮਾਰਨ ਦੀ
ਖੁਲ੍ਹ ਦੇ ਦਿੱਤੀ ਸੀ
ਭਰੀ ਪਰ੍ਹੇ ਵਿਚ ਗਲ ਪੱਲਾ ਪਾ
ਜਦ ਸੀ ਉਸ ਨੇ ਅਰਜ਼ ਗੁਜ਼ਾਰੀ,
"ਮੇਰੀ ਕੋਈ ਲਾਗ ਡਾਟ ਨਾ
ਮੇਰੀ ਆਪਣੀ ਧੀ ਭੈਣ
ਪਿੰਡ ਦੀ ਹਰ ਨਾਰੀ
ਦਾਰੂ ਪੀ ਕੇ ਚਿੱਤ ਘਾਬਰਦਾ
ਘਾਊਂ ਮਾਊਂ ਹੁੰਦਾ
ਡੱਕ ਨਾ ਹੁੰਦੀ ਆਈ
ਚੀਕ ਹੈ ਜਾਂਦੀ ਮਾਰੀ।

ਮੈਨੂੰ ਬੇਸ਼ਕ
ਦਾਰੂ ਕਦੀ ਕਦਾਈਂ ਲੱਭਦਾ
ਪਰ ਮੈਂ ਏਸ ਬੇਕਿਰਕ ਸ਼ਹਿਰ ਵਿਚ
ਕਿੰਨੇ ਚਿਰ ਤੋਂ ਆਪਣੇ ਅੰਦਰ
ਇਕ ਚੀਕ ਤੇ ਨਾਲ ਬੁਲਬੁਲੀ ਡੱਕੀ ਫਿਰਦਾਂ
ਚੁੱਪ ਚੁਪੀਤਾ
ਇਕ ਖਲਬਲੀ ਚੱਕੀ ਫਿਰਦਾਂ।
ਕਿੰਨੀ ਵਾਰੀ
ਚੋਣ-ਮੁਹਿੰਮ ਦੇ ਜਲਸੇ ਵਿਚ
ਤਕਰੀਰ ਸੁਣਦਿਆਂ
ਜਨ ਗਣ ਮਨ ਦੀ ਹੈ ਜੈ ਜੈ
ਸੋਗ ਸਭਾ ਦੀ ਚੁੱਪ ਦੇ ਮੌਕੇ
ਚਿੱਤ ਘਾਬਰਿਆ
ਚੀਕ-ਬੁਲਬੁਲੀ ਮਸਾਂ ਮਸਾਂ ਰੋਕੀ ਹੈ।

ਹਫਤੇਵਾਰ
ਦਫਤਰੀ ਮੀਟਿੰਗ ਦੇ ਵਿਚ
ਵਿੰਗ-ਵਲੇਵੇਂ ਖਾਂਦੀ
ਜਦੋਂ ਦਲੀਲ ਮੇਜ਼ ਤੇ ਰੀਂਘਣ ਲੱਗੀ
ਕੱਸ ਕੇ ਰਤਾ ਹੋਰ ਨਟਕਾਈ
ਮੈਂ ਇਸ ਚੀਕ ਦੇ ਨਾਲ ਬੁਲਬੁਲੀ
ਪਹੁੰਚੀ ਸੰਘ ਦੇ ਕੋਲ ਦਬਾਈ।

ਚੜ੍ਹੇ ਮਹਿਨੇ
ਤਲਬ ਦਿਹਾੜੇ
ਬਿਲਾਂ ਦਾ ਭੁਗਤਾਨ ਕਰਦਿਆਂ
ਨਿੱਕੀਆਂ ਨਿੱਕੀਆਂ
ਸੌ ਸੱਧਰਾਂ ਦਾ ਘਾਣ ਕਰਦਿਆਂ
ਘੁੱਟ ਸਬਰ ਦੇ ਨਾਲ
ਆਪਣੀ ਹੀ ਰੱਤ ਪੀਤੀ
ਬੱਚੇ ਨੂੰ ਬੂਟਾਂ ਦਾ ਲਾਰਾ
ਹੋਰ ਮਹੀਨਾ ਟਾਲਣ ਵੇਲੇ
ਹਰ ਵਾਰੀ ਮੈਂ
ਦੱਬੀ ਚੀਕ ਮੁਲਤਵੀ ਕੀਤੀ।

ਠੇਕੇ ਦੀ ਕੈਬਨ ਵਿਚ
ਠੱਠੇ ਸ਼ੁਗਲੀ ਨਿੰਦਿਆ ਚੁਗਲੀ ਵੇਲੇ
ਤੰਗੀ ਤੁਰਸ਼ੀ ਦਾ ਅਹਿਸਾਸ ਜਾਗਦਾ
ਖਾਰਾ ਬੱਤਾ ਖੋਲ੍ਹਣ ਲਗਿਆਂ
ਲਗਦਾ ਆਪਣਾ ਆਪ ਪਾਟਦਾ।
ਥਾਉਂ ਕੁਥਾਈਂ
ਚੀਕ-ਬੁਲਬੁਲੀ
ਪਾਨ 'ਚ ਜ਼ਰਦੇ ਨਾਲ ਚਬਾਈ
ਨੀਂਦਰ ਗੋਲੀ ਨਾਲ ਸੁਆਦੀ
ਗਦਰਾਏ ਬਦਨਾਂ ਦੀ
ਮਹਿਕ ਨਾਲ ਵਰਚਾਈ।

ਪਰ ਹੁਣ
ਹੋਰ ਨਾ ਡੱਕੀ ਰਹਿੰਦੀ
ਹਰ ਦਮ ਜ਼ਬਤ ਨਾਲ ਹੈ ਖਹਿੰਦੀ
ਦਿਨ ਭਰ ਹੋਸ਼ ਭਟਕਦੀ
ਅੰਦਰੋਂ ਪੱਸਲੀਆਂ ਭੰਨਦੀ ਹੈ
ਰਾਤੀਂ ਅੱਖੀਂ ਨੀਂਦ ਨਾ ਪੈਂਦੀ।
ਹੁਣ ਜੀਅ ਕਰਦਾ
ਕੱਲ੍ਹ ਕਚਹਿਰੀ ਲਾਗੇ
ਗਾਂਧੀ ਚੌਕ 'ਚ ਖੜ੍ਹ ਕੇ
ਸਾਰਾ ਗੁਭ ਗੁਭਾੜ ਕਢ ਲਵਾਂ
ਏਨੇ ਚਿਰ ਦੀ ਡੱਕੀ ਹੋਈ
ਖੁਲ੍ਹ ਕੇ ਚੀਕ-ਬੁਲਬੁਲੀ ਮਾਰਾਂ
ਮੁਸਕੌਂਦੇ ਗਾਂਧੀ ਦੇ ਬੁੱਤ ਤੋਂ
ਡਾਂਡੀ-ਸਫਰ ਦੀ ਸੋਟੀ ਖੋਹ ਕੇ
ਆਪਣਾ ਹੀ ਸਿਰ ਪਾੜਾਂ
ਲਹੂ ਪਲੱਥਾ
ਬੁੱਤ ਦੇ ਪੈਰੀਂ ਡਿੱਗਾਂ
ਸਾਹ ਛੱਡਣ ਤੋਂ ਪਹਿਲਾਂ
ਇਕ ਦੋ ਵਾਰੀ ਰਾਮ ਪੁਕਾਰਾਂ।

### ਲੀਕ

ਜੋ ਸਮਝੇ ਮਹਿਰਮ ਦਿਲ ਦੇ ਸਨ
ਹੁਣ ਜਦੋਂ ਕਦੀ ਵੀ ਮਿਲਦੇ ਹਨ।
ਤਲਵਾਰ ਨਾਲ ਸੰਗੀਨ ਨਾਲ
ਜਾਂ ਕਲਮ ਦੀ ਨੋਕ ਮਹੀਨ ਨਾਲ।

ਧਰਤੀ ਦੇ ਪਿੰਡੇ ਗੋਰੇ 'ਤੇ
ਖਿੱਚਦੇ ਨੇ ਲੀਕ ਬਰੀਕ ਜਹੀ
ਮੇਰੇ ਦਿਲ 'ਚੋਂ ਉਠਦੀ ਚੀਕ ਜਹੀ।

ਦੱਸ ਭੇਤ ਆਪਣੇ ਖਾਸੇ ਦਾ
ਤੂੰ ਲੀਕੇ ਕਿਹੜੇ ਪਾਸੇ ਦਾ?
ਇਹ ਪੁੱਛਣ 'ਤੇ ਨਾ ਕੁਝ ਕਹਾਂ
ਸੋਚੀਂ ਪੈ ਜਾਵਾਂ ਚੁੱਪ ਰਹਾਂ।

ਖੁਦਗਰਜ਼ ਕਹਿਣ ਗੱਦਾਰ ਕਹਿਣ
ਬੁਜ਼ਦਿਲ ਸਮਝੌਤਾਕਾਰ ਕਹਿਣ
ਇਹ ਕੀ ਕੀ ਮੇਰੇ ਯਾਰ ਕਹਿਣ।

ਮੈਂ ਸਭ ਸੁਣ ਕੇ ਸਹਿ ਜਾਣਾਂ
ਤੇ ਕਹਿੰਦਾ ਕਹਿੰਦਾ ਰਹਿ ਜਾਣਾਂ।

ਇਹ ਲੀਕ ਤਾਂ ਸਾਹ ਦੇ ਰੰਗ ਦੀ ਹੈ
ਮੇਰੇ ਫੇਫੜਿਆਂ 'ਚੋਂ ਲੰਘਦੀ ਹੈ।

### ਦਿਨ ਚੜ੍ਹਿਆ ਹੈ

ਪੀਲੀਆਂ ਪੈ ਕੇ ਸੜਕਾਂ ਉਤੇ
ਬੁਝ ਗਈਆਂ ਨੇ ਬਿਜਲੀ-ਬੱਤੀਆਂ
ਧੁੰਦ ਵਿਚ ਧੂੰਆਂ ਘੁਲਦਾ ਜਾਂਦਾ
ਪਾਲੇ ਵਿਚ ਠਿਠਰਦੇ ਮੰਗਤੇ
ਰੱਟਣ ਬੈਠੇ ਫੇਰ ਅਸੀਸਾਂ
ਫੇਰ ਜਜ਼ਬਿਆਂ ਹਥ ਅੱਡੇ ਨੇ ਵੱਟ ਕਸੀਸਾਂ
ਇਹ ਚਾਨਣ ਅੱਖੀਆਂ ਨੂੰ ਚੁਭਦਾ
ਇਸ ਚਾਨਣ ਵਿਚ ਭਟਕੇ ਨਜ਼ਰ ਧੁਆਂਖੀ ਹੋਈ
ਹੋਰ ਘੜੀ ਨੂੰ ਰੌਲਾ ਰੱਪਾ ਜਾਗ ਪਏਗਾ
ਕਾਰ ਵਿਹਾਰ ਦੇ ਨਾਲ
ਸੰਘਰਸ਼ ਛਿੜੇਗਾ ਦਿਲ ਦਾ
ਕਾਹਨੂੰ ਕੁਝ ਕਿਸੇ ਨੇ ਕਹਿਣਾ
ਆਪਣੇ ਆਪ ਨਮੋਸ਼ੀ ਆਵੇ
ਸਾਹ ਲੰਘਦਾ ਜਿਉਂ ਹੁੱਜਤ ਹੁੰਦੀ
ਆਪਾਂ ਸੋਝੀ ਹੁੰਦਿਆਂ ਵੀ ਕਮਲੇ ਹੋ ਰਹਿਣਾ
ਜੀ ਕਹਿੰਦਾ ਏ
ਸਾਰੇ ਲਾਂਭੇ ਪੁੱਗ ਚੁੱਕੇ ਨੇ
ਕਿਓਂ ਹਾਲੇ ਵੀ ਫਿਕਰਾਂ ਨੇ
ਚਾਰ ਚੁਫੇਰੇ ਘੇਰੇ ਘੱਤੇ?
ਇਲਮ ਦੇ ਨਿੱਕੇ ਬਸਤੇ ਚੁੱਕੀ
ਹਸਦੇ ਬਾਲ ਸਕੂਲੀਂ ਚੱਲੇ
ਜਿੰਦ ਵਿਚਾਰੀ ਹਫਦੀ ਜਾਵੇ
ਦੇਹ ਦੀ ਬੋਝਲ ਗਠੜੀ ਥੱਲੇ
ਦਿਨ ਚੜ੍ਹਿਆ ਹੈ
ਅਗਲੇ ਮੋੜ 'ਤੇ
ਵਾਕਫ ਬੰਦਿਆਂ ਨੇ ਮਿਲ ਜਾਣਾ
'ਵਾਹਵਾ ਖੂਬ ਗੁਜ਼ਰਦੀ' ਕਹਿਣਾ
ਟਿੱਚਰ ਕਰ ਕੇ ਹੱਸ ਪੈਣਾ ਹੈ
ਜ਼ਿਕਰ ਬੇਹ ਦੇ ਖੂਹ 'ਚੋਂ
ਕੋਈ ਕਬੂਤਰ ਉਡਦਾ
ਵਾਹਵਾ ਖੂਬ ਗੁਜ਼ਰ ਜਾਵੇ ਤਾਂ
ਹੋਰ ਕਿਸੇ ਨੇ ਕੀ ਲੈਣਾ ਹੈ!
ਪਲ ਪਲ ਰੌਣਕ ਵਧਦੀ ਜਾਂਦੀ
ਜ਼ਿੰਦਗੀ ਅੱਗੇ ਇਕਲਾਪੇ ਦਾ
ਬੰਜਰ ਮਾਰੂ ਥਲ ਵਿਛਿਆ ਹੈ
ਪਲ ਪਲ ਪਾ ਕੇ ਖੂਹ ਭਰਨਾ ਹੈ
ਦਿਨ ਕੱਟਣਾ ਰਣ ਸਰ ਕਰਨਾ ਹੈ।

### ਦਸਤਕ

ਮਨ ਕਪਟੀ ਹੈ
ਕਪਟ ਕਮਾਏ
ਪਾਪ ਹੰਢਾਏ
ਕਰਮ ਵਿਹੂਣਾ ਤਨ
ਕਰਨੀ ਤੋਂ ਟੁੱਟਾ
ਪਲਾਂ ਛਿਣਾਂ ਦੇ ਵਿਰਲਾਂ
ਥਾਣੀਂ ਕਿਰਦਾ ਜਾਏ
ਅੰਦਰੋਂ ਬੰਦ ਬੂਹੇ ਦਾ
ਬਾਹਰੋਂ ਕੁੰਡਾ ਖੜਕੇ
ਜਾਂ ਦਿਲ ਧੜਕੇ
ਦਸਤਕ ਦੇਹ ਦੇ ਲੂੰ ਕੰਡਿਆਏ।

ਕੀ ਕਰਦੇ ਹੋ?
ਬਾਹਰ ਦੀ ਧੁੱਪ ਤੋਂ ਡਰਦੇ ਹੋ
ਅੰਦਰ ਦੀ ਚੁੱਪ ਤੋਂ ਡਰਦੇ ਹੋ
ਆਪਣੇ ਪਾਲੇ ਵਿਚ ਠਰਦੇ ਹੋ
ਬੂਹਾ ਖੋਲ੍ਹੋ ਬਾਹਰ ਆਓ
ਨਹੀਂ ਦਰਵਾਜ਼ਾ ਤੋੜ ਦਿਆਂਗੇ।

## ਗਦਰ ਦੀਆਂ ਗੱਲਾਂ

# ਗਦਰ ਦਾ ਤੀਜਾ ਸਾਲ

***ਗਦਰ ਲਹਿਰ ਦਾ ਇਤਿਹਾਸ ਆਪਣੇ ਨਾਵਲਾਂ ਅੰਦਰ ਸਮੋ ਕੇ ਪਾਠਕਾਂ ਅੱਗੇ ਪੇਸ਼ ਕਰਨ ਵਾਲੇ ਉਘੇ ਲੇਖਕ ਕੇਸਰ ਸਿੰਘ ਨਾਵਲਿਸਟ ਨੇ ਬਹੁਤ ਮਿਹਨਤ ਨਾਲ ਗਦਰ ਲਹਿਰ ਦੀ ਵਾਰਤਕ ਲੱਭਣ ਅਤੇ ਸੰਭਾਲਣ ਦਾ ਔਖੇਰਾ ਕਾਰਜ ਵੀ ਨੇਪਰੇ ਚਾੜ੍ਹਿਆ ਸੀ। ਗਦਰ ਲਹਿਰ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਦਾ ਅਹਿਮ ਪੰਨਾ ਹੈ। ਗਦਰ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਕੈਨੇਡਾ ਵਿਚ ਕਿਸ ਤਰ੍ਹਾਂ ਦੀ ਸਰਗਰਮੀ ਅੰਗਰੇਜ਼ ਹਕੂਮਤ ਖਿਲਾਫ ਹੋ ਰਹੀ ਸੀ, ਉਸ ਦਾ ਜ਼ਿਕਰ 'ਪੰਜਾਬ ਟਾਈਮਜ਼' ਦੇ ਪਾਠਕ ਉਸ ਵਕਤ ਕੈਨਡਾ ਤੋਂ ਛਪਦੇ ਰਹੇ ਦੋ ਪਰਚਿਆਂ 'ਸੁਦੇਸ਼ ਸੇਵਕ' ਤੇ 'ਸੰਸਾਰ' ਵਿਚ ਛਪੀਆਂ ਲਿਖਤਾਂ ਰਾਹੀਂ ਪੜ੍ਹ ਚੁਕੇ ਹਨ। ਹੁਣ ਅਮਰੀਕਾ ਤੋਂ ਛਪਦੇ 'ਗਦਰ' ਵਿਚ ਛਪੀਆਂ ਲਿਖਤਾਂ ਦੀ ਲੜੀ ਛਾਪੀ ਜਾ ਰਹੀ ਹੈ। ਐਤਕੀਂ ਅਸੀਂ ਪ੍ਰਸਿਧ ਗਦਰੀ ਪੰਡਿਤ ਰਾਮ ਚੰਦਰ ਦੇ ਦੋ ਲੇਖ ਛਾਪ ਰਹੇ ਹਾਂ। ਇਨ੍ਹਾਂ ਤੋਂ ਉਸ ਵੇਲੇ ਗਦਰੀਆਂ ਦੇ ਮਨਾਂ ਅੰਦਰ ਉਠਦੇ ਉਬਾਲ ਦੀ ਥਾਹ ਪਾਈ ਜਾ ਸਕਦੀ ਹੈ। -ਸੰਪਾਦਕ***

ਅੱਜ ਪਹਿਲੀ ਨਵੰਬਰ 1915 ਦਾ ਪਵਿਤਰ ਦਿਨ ਹੈ। ਗਦਰ ਦਾ ਪਹਿਲਾ ਨੰਬਰ ਪਹਿਲੀ ਨਵੰਬਰ 1913 ਨੂੰ ਹਨੇਰੇ ਵਿਚ ਗਦਰ ਦੇ ਬਲਵਾਨ ਅਤੇ ਤੇਜ਼ਵਾਨ ਸੂਰਜ ਬਣ ਕੇ ਪ੍ਰਗਟ ਹੋਇਆ। ਅੱਜ ਗਦਰ ਦੇ ਜਨਮ ਨੂੰ ਦੋ ਸਾਲ ਹੋ ਗਏ ਹਨ। ਇਸ ਦੋ ਸਾਲ ਦੇ ਕੁਝ ਸਮੇਂ ਵਿਚ ਗਦਰ ਨੇ ਕੀ ਕੀਤਾ, ਜੋ ਰਾਜਾ ਪਰਜਾ ਸਭ ਨੂੰ ਮਾਲੂਮ ਹੈ। ਸਾਡੇ ਦੁਸ਼ਮਣ ਹਿੰਦ 'ਤੇ ਰਾਜ ਕਰਨ ਵਾਲੇ, ਗਦਰ ਦੇ ਬੜੇ ਭਾਰ ਭਰੇ ਕੰਮ ਅਤੇ ਪ੍ਰਚਾਰ ਨੂੰ ਜ਼ਾਲਿਮ ਅੰਗਰੇਜ਼ ਆਪ ਮੰਨਦੇ ਹਨ। ਲੰਡਨ ਦੇ ਵੱਡੇ ਵੱਡੇ ਅਖਬਾਰ ਗਦਰ ਦੇ ਮਸ਼ਹੂਰ ਆਲਮ ਗਦਰ ਦੇ ਨਾਮ ਤੋਂ ਯਾਦ ਕਰਕੇ ਕਰਦੇ ਹਨ। ਸ਼ਿਮਲੇ ਦੀ ਪਹਾੜੀ ਦੀ ਚੋਟੀ ਉਤੇ ਵਾਇਸਰਾਏ ਹਾਰਡਿੰਗ ਦੇ ਦਫਤਰ ਵਿਚ ਹਰ ਵਕਤ ਗਦਰ ਦਾ ਚਰਚਾ ਹੁੰਦਾ ਰਹਿੰਦਾ ਹੈ। ਗਦਰ ਅਖਬਾਰ ਦੇ ਉਤਾਰ ਵਾਸਤੇ ਗੌਰਮਿੰਟ ਨੇ ਇਕ ਨਵਾਂ ਮਹਿਕਮਾ ਖੋਲ੍ਹਿਆ ਹੈ। ਹਿੰਦੁਸਤਾਨ ਦੇ ਅਮੀਰ ਗਰੀਬ ਛੋਟੇ-ਵੱਡੇ ਹਰ ਸਕੂਲ ਜਾਣ ਵਾਲੇ ਲੜਕੇ ਅਤੇ ਪਸੂ ਚਾਰਨ ਵਾਲੇ ਨੌਜਵਾਨਾਂ ਦੇ ਕੰਨਾਂ ਵਿਚ ਗਦਰ ਦੀ ਗੂੰਜ ਸੁਣੀ ਜਾਂ ਪੜ੍ਹੀ ਗਈ ਹੈ।


### ਪੰਡਿਤ ਰਾਮ ਚੰਦਰ

ਗਦਰ ਨੇ ਅਕਸਰ ਗਦਰ ਦੇ ਸਿਪਾਹੀ ਹਿੰਦੀਆਂ ਨੂੰ ਕੰਨੋਂ ਫੜ੍ਹ ਕੇ ਜਗਾਇਆ ਹੈ। ਇਨ੍ਹਾਂ ਨੂੰ ਵਿੰਗੇ ਟੇਢੇ ਅਤੇ ਭੁੱਲੇ ਭੁਲੇਖੇ ਰਸਤੇ ਤੋਂ ਹਟਾ ਕੇ ਸਿੱਧੇ ਰਸਤੇ ਪਾਇਆ ਹੈ। ਇਕ ਬੜੀ ਭਾਰੀ ਨਵੀਂ ਬੁਨਿਆਦ ਕਾਇਮ ਕੀਤੀ ਹੈ। ਆਪਣੇ ਦੇਸੀ ਭਾਈਆਂ ਦੇ ਸੁਖ ਅਤੇ ਆਨੰਦ ਦੇ ਵਾਸਤੇ ਤਰੱਕੀ ਅਤੇ ਆਜ਼ਾਦੀ ਦੇ ਵਾਸਤੇ ਇਕ ਐਸਾ ਰਸਤਾ ਬਣਾ ਦਿੱਤਾ ਹੈ ਜਿਸ ਨੂੰ ਤਮਾਮ ਪ੍ਰਿਥਵੀ ਦੇ ਪੁਰਸ਼ ਅਤੇ ਇਸਤਰੀ ਮੰਨਣਯੋਗ ਸਮਝਦੇ ਹਨ।

ਹੁਣ ਹਰ ਹਿੰਦੀ ਦਾ ਫਰਜ਼ ਹੈ ਕਿ ਇਸ ਸੜਕ ਨੂੰ ਖੂਬ ਪੱਕਾ ਕਰਨ, ਇਸ ਸੜਕ ਉਤੇ ਪੱਥਰਾਂ ਅਤੇ ਰੋੜਾਂ ਦੀ ਜਗ੍ਹਾ ਆਪਣੀਆਂ ਹੱਡੀਆਂ ਕੁੱਟਣ ਅਤੇ ਪਾਣੀ ਦੀ ਜਗ੍ਹਾ ਆਪਣਾ ਖੂਨ ਛਿੜਕਣ, ਹੁਣ ਹਰ ਇਕ ਹਿੰਦੀ ਦਾ ਫਰਜ਼ ਹੈ ਕਿ ਉਹ ਗਦਰ ਦਾ ਪ੍ਰਚਾਰ ਪਹਿਲੇ ਨਾਲੋਂ ਵਧ ਕੇ ਕਰਨ ਅਤੇ ਆਪਣੀ ਜਾਨ ਦੀ ਕੁਰਬਾਨੀ ਦੇ ਕੇ ਇਸ ਨਵੀਂ ਬੁਨਿਆਦ ਨੂੰ ਕਾਇਮ ਕਰਨ।

ਗਦਰ ਪਹਿਲੇ ਉਰਦੂ ਵਿਚ ਨਿਕਲਦਾ ਸੀ। ਦੋ ਤਿੰਨ ਹਫਤਿਆਂ ਪਿੱਛੋਂ ਗੁਰਮੁਖੀ ਵਿਚ ਨਿਕਲਿਆ। ਇਨ੍ਹਾਂ ਜ਼ਬਾਨਾਂ ਦੇ ਕੁਝ ਥੋੜ੍ਹੇ ਹੀ ਪਰਚਿਆਂ ਨੇ ਅੰਗਰੇਜ਼ੀ ਗੌਰਮਿੰਟ ਦੇ ਪੈਰ ਹਿਲਾ ਦਿੱਤੇ ਅਤੇ ਲਾਲਾ ਹਰਦਿਆਲ ਜੀ ਦੀ ਇਸ ਮੁਲਕ ਵਿਚੋਂ ਕੱਢੇ ਜਾਣ ਦੀ ਤਜਵੀਜ਼ ਕੀਤੀ ਗਈ, ਪਰ ਇਨ੍ਹਾਂ ਦੀ ਆਪਣੀ ਮਰਜ਼ੀ ਵਿਚ ਮੁਲਕ ਵਿਚੋਂ ਚਲੇ ਜਾਣ ਦੀ ਸੀ। ਅਪਰੈਲ 1914 ਵਿਚ ਇਨ੍ਹਾਂ ਦੇ ਰਾਜ਼ੀ ਖੁਸ਼ੀ ਮੁਲਕ ਯੂਰਪ ਵਿਚ ਚਲੇ ਜਾਣ ਤੋਂ ਅਤੇ ਕੰਮ ਦੇ ਜਾਰੀ ਰਹਿਣ ਦੇ ਕਾਰਨ ਅੰਗਰੇਜ਼ੀ ਗੌਰਮਿੰਟ ਹੈਰਾਨ ਹੋ ਗਈ ਅਤੇ ਇਹ ਵੀ ਸਮਝਦੀ ਰਹੀ ਕਿ ਗਦਰ ਦਾ ਕੰਮ ਹੁਣ ਵੀ ਬੰਦ ਹੋਇਆ, ਝੱਟ ਨੂੰ ਬੰਦ ਹੋਇਆ, ਅੰਗਰੇਜ਼ਾਂ ਨੂੰ ਇਹ ਪਤਾ ਨਹੀਂ ਸੀ ਕਿ ਹਿੰਦੂ ਨਵੇਂ ਮੁਲਕ ਵਿਚੋਂ ਨਵੇਂ ਖਿਆਲ ਲੈ ਬੈਠੇ ਹਨ।

ਉਚੇ ਆਦਰਸ਼ਾਂ ਨੂੰ ਪ੍ਰਾਪਤ ਕਰ ਲਿਆ ਹੈ ਅਤੇ ਇਸ ਨੂੰ ਦਬਾਉਣਾ ਕੋਈ ਸੁਖਾਲਾ ਕੰਮ ਨਹੀਂ ਹੈ। ਬਸ ਉਰਦੂ ਗੁਰਮੁਖੀ ਦੇ ਨਾਲ ਗੁਜਰਾਤੀ ਜ਼ਬਾਨ ਵਿਚ ਅਖਬਾਰ ਨਿਕਲਿਆ, ਕਿਤਾਬਾਂ ਛਪੀਆਂ ਅਤੇ ਗਦਰ ਇਸ ਤੇਜ਼ੀ ਦੇ ਨਾਲ ਚਮਕਿਆ ਕਿ ਅੰਗਰੇਜ਼ੀ ਗੌਰਮਿੰਟ ਦੀਆਂ ਅੱਖਾਂ ਧੁੰਦਲੀਆਂ ਹੋ ਗਈਆਂ। ਅੱਜ ਅੰਗਰੇਜ਼ੀ ਗੌਰਮਿੰਟ ਦੀ ਸੁਰਤ ਟਿਕਾਣੇ ਨਹੀਂ ਆਈ ਸੀ ਕਿ ਦੋ ਦੇਸ਼ ਭਗਤ ਭਾਈ ਭਗਵਾਨ ਸਿੰਘ ਜੀ ਅਤੇ ਮੌਲਵੀ ਮੁਹੰਮਦ ਬਰਕਤ ਉਲਾ ਸਾਹਿਬ ਜਾਪਾਨ ਤੋਂ ਆ ਗਏ। ਬੇਸ਼ੱਕ ਇਨ੍ਹਾਂ ਦੇਸ਼ ਭਗਤਾਂ ਦਾ ਪਵਿਤਰ ਅਤੇ ਜੋਸ਼ ਵਾਲਾ ਪ੍ਰਚਾਰ ਤਿੰਨ ਚਾਰ ਮਹੀਨੇ ਮੁਲਕ ਅਮਰੀਕਾ ਵਿਚ ਰਿਹਾ, ਪਰ ਇਨ੍ਹਾਂ ਦੇਸ਼ ਭਗਤਾਂ ਦੇ ਮਨਮੋਹਣੇ ਪ੍ਰਚਾਰ ਨੇ ਹਿੰਦੀਆਂ ਦੇ ਦਿਲਾਂ ਵਿਚ ਇਤਨਾ ਅਸਰ ਪਾਇਆ ਕਿ ਗਦਰ ਪ੍ਰਚਾਰ ਦੇ ਕੰਮ ਨੂੰ ਦਿਨ ਦੁਗਣੀ ਅਤੇ ਰਾਤ ਚੌਗਣੀ ਤਰੱਕੀ ਪ੍ਰਾਪਤ ਹੋਈ। ਇਸ ਪਿੱਛੋਂ ਗਦਰ ਦਾ ਹਿੰਦੀ ਪਰਚਾ ਨਿਕਲਿਆ। ਬਾਗੀਆਨਾ ਪੁਸਤਕਾਂ ਛਪੀਆਂ ਅਤੇ ਬੀਸਵੀਂ ਸਦੀ ਦੇ ਨਾਲ ਨਾਲ ਹਿੰਦੀਆਂ ਦਾ ਜੋਸ਼ ਅਤੇ ਮੁਲਕੀ ਮੁਹੱਬਤ ਹੋਰ ਜ਼ਿਆਦਾ ਚਮਕਿਆ ਅਤੇ ਪਹਿਲੇ ਨਾਲੋਂ ਵੀ ਜ਼ਿਆਦਾ ਜੋਸ਼ ਨਾਲ ਗਦਰ ਪ੍ਰਚਾਰ ਹੋਣ ਲੱਗਾ। ਉਰਦੂ, ਗੁਰਮੁਖੀ, ਗੁਜਰਾਤੀ ਅਤੇ ਹਿੰਦੀ ਤੋਂ ਬਗੈਰ ਪਸ਼ਤੋ ਅਤੇ ਗੋਰਖਾ ਜ਼ਬਾਨ ਵਿਚ ਗਦਰ ਦੇ ਨੰਬਰ ਨਿਕਲੇ। ਬੰਗਾਲੀ ਭਾਸ਼ਾ ਵਿਚ ਕਿਤਾਬਾਂ ਛਪੀਆਂ। ਬਗੈਰ ਅਖਬਾਰ ਤੋਂ ਇਕ ਲੱਖ ਗਦਰੀ ਅਖਬਾਰ ਨਿਕਲੇ, 600,000 ਜਿਲਦ ਪੁਸਤਕ ਨਿਕਲੇ ਅਤੇ ਇਹ ਵੀ ਬੜਾ ਅਸਚਰਜ ਹੈ ਕਿ ਇਹ ਸਭ ਕੁਝ ਇਸ ਪੁਰਾਣੀ ਵਰਤੀ ਹੋਈ ਮਸ਼ੀਨ ਵਿਚ ਛਪੀਆਂ ਸਨ। ਲਿਖਣਾ, ਛਪਣਾ, ਸਰਕੂਲੇਸ਼ਨ ਆਦਿ ਸਾਰੇ ਮਹਿਕਮੇ ਨਵੇਂ ਤਰੀਕਿਆਂ ਉਤੇ ਕਾਇਮ ਹੋਏ। ਹੋਰ ਵੀ ਕਾਰਨ ਹੈ, ਇਤਨੀ ਭਾਰੀ ਤਰੱਕੀ ਦਾ ਕਿ ਥੋੜ੍ਹੇ ਸਮੇਂ ਵਿਚ ਥੋੜ੍ਹੇ ਪੈਸੇ ਨਾਲ ਕੁਝ ਸੇਵਕਾਂ ਦੇ ਕੰਮ ਕਰਨ ਤੋਂ ਇਤਨਾ ਵੱਡਾ ਭਾਰੀ ਕੰਮ ਹੋਇਆ ਹੈ ਜੋ ਹਿੰਦੁਸਤਾਨ ਦੀ ਮਿਸਾਲ ਵਿਚੋਂ ਵਧ ਕੇ ਹੈ ਅਤੇ ਇਹ ਮਿਸਾਲ ਤਾਂ ਕਿਸੀ ਮੁਲਕ ਵਿਚੋਂ ਨਹੀਂ ਮਿਲਦੀ ਕਿ ਕੀਮਤੀ ਪਵਿਤਰ ਅਤੇ ਬਾਗੀਆਨਾ ਖਿਆਲ ਦੇ ਅਖਬਾਰ ਅਤੇ ਪੁਸਤਕਾਂ ਮੁਫਤ ਵੰਡੀਆਂ ਜਾਣ। ਗਰੀਬ ਹਿੰਦੁਸਤਾਨੀ ਅਤਿ ਕਠਿਨਾਈ ਨਾਲ ਪੈਸਾ ਕਮਾ ਕੇ ਇਸ ਪਵਿਤਰ ਅਖਬਾਰ ਉਤੇ ਖਰਚ ਕਰਦੇ ਹਨ ਅਤੇ ਗਰੀਬ ਸੇਵਕ ਦਿਨ ਰਾਤ ਮੁਫਤ ਕੰਮ ਕਰਦੇ ਹਨ।



*ਉਹ ਮਸ਼ੀਨ ਜਿਸ ਉਤੇ 'ਗਦਰ' ਪਰਚਾ ਛਪਦਾ ਹੁੰਦਾ ਸੀ।*

ਭਾਈਓ! ਵੇਖੋ ਉਪਰ ਗਦਰ ਦਾ ਸੂਰਜ ਚਮਕ ਰਿਹਾ ਹੈ ਪਰ ਗਦਰ ਦੇ ਸਿਪਾਹੀਓ, ਅਜੇ ਆਪਣਾ ਕੰਮ ਅੱਧ ਵਿਚ ਵੀ ਨਹੀਂ ਪੁਜਿਆ, ਅਤੇ ਤੁਹਾਡਾ ਬਹੁਤ ਕੰਮ ਕਰਨਾ ਬਾਕੀ ਹੈ। ਜਦ ਤਕ ਤੁਹਾਡਾ ਕੰਮ ਬਾਕੀ ਹੈ। ਜਦ ਤਕ ਤੁਹਾਡਾ ਕੰਮ ਸਿਰੇ ਤੋੜੀ ਨਾ ਪੁੱਜ ਜਾਵੇ, ਰਸਤੇ 'ਚ ਅਟਕ ਜਾਣਾ ਜਾਂ ਸੋ (ਸੌਂ) ਜਾਣਾ ਜਾਂ ਸੁਸਤ ਹੋ ਜਾਣਾ, ਗਦਰ ਸਿਪਾਹੀਆਂ ਦੇ ਸ਼ੋਭਾ ਨਹੀਂ ਪਾਉਂਦਾ ਸਗੋਂ ਸ਼ਾਨ ਨੂੰ ਘਟਾਉਂਦਾ ਹੈ। ਗਦਰ ਅਜੇ ਦੋ ਸਾਲ ਦਾ ਬੱਚਾ ਹੈ, ਤੀਜੇ ਸਾਲ 'ਚ ਅਜੇ ਇਸ ਨੇ ਪੈਰ ਰੱਖਿਆ ਹੈ, ਜੇ ਦੋ ਸਾਲ 'ਚ ਇਸ ਨੇ ਇੰਨਾ ਕੰਮ ਕੀਤਾ ਹੈ ਤਾਂ ਜਵਾਨ ਹੋਣ 'ਤੇ ਇਸ ਦੇ ਪਵਿਤਰ ਕੰਮ ਦਾ ਅੰਦਾਜ਼ਾ ਲਾਉਣਾ ਮੁਸ਼ਕਿਲ ਹੋਵੇਗਾ।

ਗਦਰ ਦੀ ਰਖਿਆ ਕੇਵਲ ਧਨ ਅਤੇ ਅਨਾਜ ਦੇ ਨਾਲ ਨਹੀਂ ਹੁੰਦੀ। ਗਦਰ ਦਾ ਦੋ ਸਾਲ ਦਾ ਬੂਟਾ ਕੋਈ ਪਾਣੀ ਨਹੀਂ ਮੰਗਦਾ। ਸ਼ਹਿਦ, ਘੀ ਅਤੇ ਸ਼ਰਬਤ ਨਾਲ ਇਸ ਦੀ ਪਿਆਸ ਨਹੀਂ ਬੁਝਦੀ। ਇਹ ਛੋਟਾ ਜਿਹਾ ਬੂਟਾ ਨੌਜਵਾਨ ਹਿੰਦੀਆਂ ਦੇ ਖੂਨ ਦਾ ਪਿਆਸਾ ਹੈ, ਇਸ ਦੀ ਪਿਆਸ ਕੇਵਲ ਗੁਲਨਾਰ ਖੂਨ ਨਾਲ ਹੀ ਮਿਟ ਸਕਦੀ ਹੈ।

ਹਾਏ, ਭਾਰਤ ਮਾਤਾ ਤੇਰੇ ਤੀਹ ਕਰੋੜ ਬੱਚੇ ਹਨ, ਪਰ ਉਹ ਅੱਜ ਜ਼ਖਮਾਂ ਦੇ ਨਾਲ ਨਿਢਾਲ ਹਨ। ਇਸ ਦੇ ਬਾਲ ਚਿੱਕੜ ਵਿਚ ਰੁਲਦੇ ਹਨ। ਇਸ ਦੀਆਂ ਰਗਾਂ ਵਿਚੋਂ ਖੂਨ ਦੀਆਂ ਧਾਰਾਵਾਂ ਪੈ ਰਹੀਆਂ ਹਨ। ਇਸ ਦੇ ਨਾਦਾਨ ਬੱਚੇ ਤੜਫ ਕੇ ਦੁੱਖ ਨਾਲ ਮਰ ਰਹੇ ਹਨ। ਕੀ ਕੋਈ ਪੁਰਸ਼ ਇਨ੍ਹਾਂ ਦੁੱਖਾਂ ਨੂੰ ਵੇਖ ਅੱਖਾਂ ਮੀਟ ਸਕਦਾ ਹੈ? ਭਾਵੇਂ ਤੁਸੀਂ ਨਹੀਂ ਦੇਖਦੇ ਕਿ ਮਾਤਾ ਰੋ ਰਹੀ ਹੈ। ਇਸ ਦੇ ਬੱਚੇ ਫਾਂਸੀ 'ਤੇ ਲਟਕ ਰਹੇ ਹਨ, ਉਮਰ ਕੈਦ ਵਿਚ ਟਾਟ ਬੋਰੀਆਂ ਪਾਈ ਸੜ ਰਹੇ ਹਨ। ਬੱਚਿਆਂ ਨੂੰ ਜ਼ਾਲਮਾਂ ਦੇ ਹੱਥਾਂ ਦੇ ਕੋੜੇ ਲੱਗ ਰਹੇ ਹਨ। ਫਿਰ ਵੇਖ ਭਾਲ ਕੇ ਤੁਸੀਂ ਕਿਉਂ ਚੁੱਪ ਹੋ? ਕੀ ਸਾਡਾ ਸਾਰਾ ਧਨ ਦੁਸ਼ਮਣਾਂ ਦੇ ਕੋਲ ਜਾਂਦਾ ਹੈ? ਕਿਉਂ ਸਾਡਾ ਸਾਰਾ ਬਲ ਅਤੇ ਵਿਦਿਆ ਅੰਗਰੇਜ਼ਾਂ ਦੇ ਕੰਮ ਆਉਂਦਾ ਹੈ? ਕੀ ਅਸੀਂ ਮਰਦਾਂ ਵਾਲੇ ਸਾਰੇ ਕੰਮ ਛੱਡ ਬੈਠੇ ਹਾਂ? ਕੀ ਅਸੀਂ ਆਪਣਿਆਂ ਨੂੰ ਬੇਗਾਨੇ ਅਤੇ ਬੇਗਾਨਿਆਂ ਨੂੰ ਆਪਣੇ ਸਮਝਦੇ ਹਾਂ ਅਤੇ ਕਦ ਤਕ ਅਜਿਹਾ ਰਹੇਗਾ?

ਆਓ, ਇਸ ਦੇ ਦੁੱਖ ਤੋਂ ਇਕੱਠੇ ਹੋਈਏ, ਇਨਸਾਫ ਅਤੇ ਹੱਕਾਂ ਦੇ ਨਾਂ 'ਤੇ ਇਕੱਠੇ ਹੋ ਜਾਵੋ ਅਤੇ ਗਦਰ ਦੇ ਝੰਡੇ ਦੇ ਥਲੇ ਆ ਕੇ ਡੰਕੇ ਦੀ ਚੋਟ ਨਾਲ ਆਜ਼ਾਦੀ ਦਾ ਢੰਡੋਰਾ ਫੇਰੋ। ਭਾਈਓ, ਰਸਤਾ ਕਠਿਨ ਹੈ ਅਤੇ ਵਕਤ ਬਹੁਤ ਥੋੜ੍ਹਾ ਹੈ। ਰਾਜਨੀਤੀ ਦੀਆਂ ਰਮਜ਼ਾਂ ਨੂੰ ਸਮਝੋ, ਆਪਣੀ ਤਾਕਤ ਨੂੰ ਇਕੱਠਾ ਕਰੋ, ਵਿਦਿਆ ਧਨ ਅਤੇ ਬਲ ਨੂੰ ਇਕੱਠਾ ਕਰੋ, ਅਖੀਰ ਬੜੇ ਜ਼ੋਰ ਨਾਲ ਗੁਲਾਮੀ ਤੇ ਜ਼ੁਲਮ ਦੇ ਕਿਲ੍ਹੇ 'ਤੇ ਧਾਵਾ ਬੋਲ ਦੇਵੋ- ਮਾਰੋ ਮਾਰੋ, ਲੋਹੇ 'ਤੇ ਹਥੌੜਾ ਮਾਰੋ। ਜਦ ਤਕ ਉਹ ਲਾਲ ਅੰਗਿਆਰ ਨਾ ਹੋ ਜਾਵੇ। ਜ਼ਖਮੀ ਸ਼ੇਰ ਗੁੱਸੇ ਵਿਚ ਆ ਕੇ ਜ਼ਿਆਦਾ ਵਾਰ ਕਰਦਾ ਹੈ ਅਤੇ ਪਹਿਲੇ ਨਾਲੋਂ ਫੇਰ ਸਖਤ ਹਮਲਾ ਕਰਦਾ ਹੈ। ਇਹ ਵੇਲਾ ਅਜ਼ਮਾਇਸ਼ ਦਾ ਹੈ, ਬੁਜ਼ਦਿਲ ਪਿੱਛੇ ਹਟ ਜਾਵੋ, ਸੂਰਬੀਰ ਅੱਗੇ ਵਧੋ ਅਤੇ ਖੂਨ ਦੀਆਂ ਧਾਰਾਂ ਵਹਾ ਕੇ ਗਦਰ ਦੀ ਪਿਆਸ ਬੁਝਾਓ... ਗਦਰ ਦੇ ਸਿਪਾਹੀਓ, ਬਹੁਤ ਜ਼ਿਆਦਾ ਪ੍ਰਚਾਰ ਅਜੇ ਕਰਨਾ ਹੈ। ਦੋਸਤਾਂ ਨਾਲੋਂ ਦੋਸਤ ਅਤੇ ਦੁਸ਼ਮਣ ਦਾ ਧਨ ਅਸੀਂ ਸੁਣਿਆ ਹੈ। ਇਸ ਲਈ ਇਕੱਠੇ ਹੋ ਕੇ ਅਤੇ ਸੰਭਾਲ ਕੇ ਚਲੋ, ਕਿਹਾ ਮੰਨੋ। ਭੋਡੇ ਵਾਲੀਆਂ ਸੁਣੀਆਂ ਗੱਲਾਂ ਪੱਲੇ ਬੰਨ੍ਹਣੀਆਂ ਛੱਡ ਦੇਵੋ ਅਤੇ ਦਿਲ ਨੂੰ ਖੂਬ ਕਾਇਮ ਕਰੋ। ਸਾਡਾ ਦੁਸ਼ਮਣ ਬੇਈਮਾਨੀਆਂ ਕਰਦਾ ਹੈ। ਤਰ੍ਹਾਂ ਤਰ੍ਹਾਂ ਦੇ ਇਲਜ਼ਾਮ ਨੇਕ ਪੁਰਸ਼ਾਂ 'ਤੇ ਘੜਦਾ ਹੈ ਅਤੇ ਅੱਗੇ ਵਾਸਤੇ ਭੀ ਘੜੇਗਾ। ਇਸ ਲਈ ਹੁਣ ਸਾਨੂੰ ਪਿੱਛੇ ਨਹੀਂ ਹਟਣਾ ਚਾਹੀਦਾ। ਸੋ ਅਸੀਂ ਮੈਦਾਨ ਦੇ ਵਿਚ ਆਪਣੀ ਸੇਵਾ ਵਿਖੇ ਹਾਜ਼ਿਰ ਹਾਂ ਅਤੇ ਆਪ ਅੱਗੇ ਬੇਨਤੀ ਹੈ ਕਿ ਗਦਰ ਦੇ ਤੀਜੇ ਸਾਲ ਵਿਚ ਅੱਗੇ ਨਾਲੋਂ ਬਹਾਦਰੀ ਦਿਖਾਉ ਅਤੇ ਬੋਲੋ,

"ਮੁਸੀਬਤ ਕੇ ਡਰ ਰੰਜ ਹੋਲ ਸੇ,
ਬਹਾਦਰੀ ਬਦਲਤੇ ਹੈ ਕਬ ਕੋਲ ਸੇ;
ਹਮ ਹੈ ਜਾਨ ਬਾਜ਼ ਨਾ ਮੈਦਾਨ ਸੇ ਟਲੇਗਾ ਹਰਗਿਜ਼
ਉਹ ਔਰ ਹੋਰੀ ਕੋਈ ਖੌਫ ਸੇ ਡਰਨੇ ਵਾਲੇ।"
"ਜਵਾਨਾ ਵਤਨ ਕਬ ਆਫਤੋਂ ਸੇ ਜੀ ਚੁਰਾਤੇ ਹੈ
ਜੋ ਤੀਰ ਆਤੇ ਹੈ ਮਰਦੋ ਕੀ ਤਰ੍ਹਾਂ ਸੀਨੇ ਪਰ ਖਾਤੇ ਹੈ।"

## ਨੀਤੀ ਦੇ ਬਚਨ

ਪਹਿਲੇ ਬਾਤ ਕੋ ਤੋਲੋ, ਫਿਰ ਬੋਲੋ ਅਰਥਾਤ ਹਰ ਇਕ ਗੱਲ ਨੂੰ ਚੰਗੀ ਤਰ੍ਹਾਂ ਸਮਝ ਕੇ ਮੁੱਖ ਵਿਚੋਂ ਕੱਢਣਾ ਚਾਹੀਦਾ ਹੈ। ਕਿਸੇ ਇਕ ਤਰਫ ਦੀ ਗੱਲ ਨੂੰ ਸੁਣ ਕੇ ਛੇਤੀ ਨਾਲ ਉਸ 'ਤੇ ਅਮਲ ਕਰਕੇ ਇਕ ਫੈਸਲੇ ਨੂੰ ਆਪਣੇ ਦਿਲ ਵਿਚ ਜਮ੍ਹਾਂ ਲੈਣਾ ਚਾਹੀਦਾ ਹੈ। ਮਨੁੱਖ ਮਾਤਰ ਦੀ ਭਲਾਈ ਦੇ ਕਿਸੇ ਕੰਮ ਵਿਚ ਆਪਣੇ ਨਾਂ ਵਾਲੇ, ਪਿੰਡ ਵਾਲੇ, ਬਰਾਦਰੀ ਫਿਰਕੇ, ਇਕ ਮਜ਼ਹਬ ਤੇ ਰਿਸ਼ਤੇਦਾਰ ਦਾ ਪੱਖ ਨਹੀਂ ਕਰਨਾ ਚਾਹੀਦਾ ਸਗੋਂ ਆਪਣੀ ਨਜ਼ਰ ਨੂੰ ਮਨੁੱਖ ਦੀ ਭਲਾਈ ਦੇ ਖਿਆਲ ਨਾਲ ਆਦਰਸ਼ ਨਾਲ ਤੇ ਅਸੂਲ ਉਤੇ ਜਮ੍ਹਾਂ ਕੇ ਰੱਖਣਾ ਚਾਹੀਦਾ ਹੈ।

ਮਨੁੱਖ ਮਾਤਰ ਦੀ ਸੇਵਾ ਉਚੇ ਆਦਰਸ਼ ਨੂੰ ਜਾਤੀ, ਮਾਨ ਜਾਂ ਧਨ ਦੇ ਖਿਆਲ ਤੋਂ ਤਰਕ ਨਹੀਂ ਕਰਨਾ ਚਾਹੀਦਾ ਜਾਂ ਬਦਲਣਾ ਨਹੀਂ ਚਾਹੀਦਾ, ਹਜ਼ਾਰ ਮੁਸੀਬਤਾਂ ਤੇ ਚੁੱਕਾਂ ਦੇ ਨਾਲ ਵੀ ਕਿਸੇ ਚੰਗੇ ਆਮਕਾਰ ਬਾਰੇ ਇਕ ਤਰਫਾ ਗਲਤ ਖਿਆਲ ਨੂੰ ਦਿਲ ਵਿਚ ਜਗ੍ਹਾ ਨਹੀਂ ਦੇਣੀ ਚਾਹੀਦੀ। ਕਿਸੇ ਮਹਾਂ ਕੰਮ ਦੇ ਕਰਦੇ ਹੋਏ ਇਖਤਲਾਫ ਰਾਏ ਗੈਰ ਜ਼ਰੂਰੀ ਹਿੱਸਿਆਂ ਤੇ ਜ਼ਿਆਦਾ ਧਿਆਨ ਨਹੀਂ ਦੇਣਾ ਚਾਹੀਦਾ ਅਤੇ ਜ਼ਰੂਰੀ ਹਿੱਸਿਆਂ 'ਤੇ ਧਿਆਨ ਦੇ ਕੇ ਖਿਦਮਤ ਤੇ ਸੇਵਾ ਦੇ ਭਾਵ ਨਾਲ ਇਖਤਲਾਫ ਰਾਏ ਨੂੰ ਮਿਟਾ ਦੇਣਾ ਚਾਹੀਦਾ ਹੈ।

ਮਹਾਨ ਕੰਮ ਕਰਨ ਨਾਲ ਪਹਿਲੇ ਵਿਦਿਆ, ਗਿਆਨ ਤੇ ਸੇਵਾ ਦਾ ਭਾਵ ਹਾਸਿਲ ਕਰਨਾ ਚਾਹੀਦਾ ਹੈ। ਗਿਆਨੀਆਂ ਦਾ ਇਖਤਲਾਫ ਰਾਏ ਕਹਾਉਂਦਾ ਹੈ, ਜਾਤੀਆਂ ਤਕ ਤਰੱਕੀ ਨਹੀਂ ਕਰਦਾ, ਅਗਿਆਨੀਆਂ ਦਾ ਇਖਤਲਾਫ ਰਾਏ ਗੁੱਸਾ, ਝਗੜਾ, ਸ਼ੋਰ ਸ਼ਰਾਬਾ ਤੇ ਫਸਾਦ ਕਹਾਉਂਦਾ ਹੈ। ਗਿਆਨੀਆਂ ਦੀ ਇਖਤਲਾਫ ਰਾਏ ਦੀ ਲੋਹੇ ਵਾਲੀ ਜ਼ੰਜੀਰ ਸਮਝਾਉਣ ਤੋਂ ਮਾਮੂਲੀ ਧਾਤਾਂ ਬਣਾਈਆਂ ਜਾ ਸਕਦੀਆਂ ਹਨ, ਪਰ ਅਗਿਆਨੀਆਂ ਦੀ ਇਖਤਲਾਫ ਰਾਏ ਦਾ ਧਾਗਾ ਬਿਨਾ ਸਮਝਾਉਣ ਦੇ ਕਰੜੀ ਜ਼ੰਜੀਰ ਬਣ ਜਾਂਦੀ ਹੈ।

ਕਿਸੇ ਵੱਡੇ ਕੰਮ ਵਿਚ ਇਖਤਲਾਫ ਰਾਏ ਦਾ ਵਕਤ ਕੰਮ ਦੇ ਅਸਲੀ ਬਾਨੀਆਂ (ਕਰਨ ਵਾਲਿਆਂ) ਦੇ ਦਿਲ ਤੇ ਦਿਮਾਗ ਦੀ ਪ੍ਰੀਖਿਆ ਦਾ ਮੌਕਾ ਹੁੰਦਾ ਹੈ ਕਿ ਕਿਥੋਂ ਤਕ ਇਕ ਸੇਵਕ ਮਾਨ ਭਾਉਂ ਨੂੰ ਛੱਡਦਾ ਹੈ ਅਤੇ ਕਿਥੋਂ ਤਕ ਇਕ ਸ਼ਖਸ ਜ਼ਮਾਨੇ ਅਨੁਸਾਰ ਕਾਇਦੇ ਅਸੂਲ ਦਾ ਖਿਆਲ ਨਾ ਕਰਕੇ ਕੇਵਲ ਖੋਖਲੀ ਸ਼ਾਂਤੀ ਨਾਲ ਕੰਮ ਲੈਂਦਾ ਹੈ, ਜਿਸ ਦੇ ਨਤੀਜੇ ਵਿਚ ਉਹ ਕਮਜ਼ੋਰ ਹੋ ਜਾਂਦਾ ਹੈ। ਸੇਵਾ ਸੱਚਾਈ ਇਨਸਾਫ ਦੇ ਨਾਲ ਨਾਲ ਖਿਆਲ ਫਰਜ਼ ਹੌਸਲਾ ਜ਼ਮਾਨੇ ਦੀ ਪਹਿਚਾਣ ਤੇ ਰਾਜਨੀਤੀ ਦੇ ਗਿਆਨ ਹੋਣ ਨਾਲ ਇਕ ਸ਼ਖਸ ਮਨੁੱਖ ਮਾਤਰ ਦੀ ਸੇਵਾ ਦਾ ਸੰਗੀ ਹੋ ਸਕਦਾ ਹੈ।

ਉਤੇ ਲਿਖੇ ਹੋਏ ਬਚਨਾਂ ਨੂੰ ਵਾਰ ਵਾਰ ਪੜ੍ਹਨ ਨਾਲ ਚੰਗੇ ਦਰਜੇ ਦਾ ਗਿਆਨ ਹਾਸਿਲ ਹੋਵੇਗਾ।

## ਗਦਰ ਲਹਿਰ ਦੀ ਕਵਿਤਾ

### ਸ਼ਮਸ਼ੇਰ ਬਾਝੋਂ

ਮਿੰਨਤਾਂ ਕਰ ਕਰ ਥਕ ਗਏ,
ਪਰ ਮਿਲਿਆ ਸਾਨੂੰ ਰਾਜ ਨਹੀਂ।
ਮੁਲਕ ਅਸਾਡਾ ਲੁੱਟ ਲਿਆ,
ਪਰ ਦਿਤਾ ਅਜੇ ਵਿਆਜ਼ ਨਹੀਂ।
ਤਖਤੋਂ ਡਿਗ ਜ਼ਿਮੀਂ ਤੇ ਆਏ,
ਅਜੇ ਭੀ ਠੀਕ ਮਿਜਾਜ ਨਹੀਂ।
ਸਬ ਕੌਮਾਂ ਦੇ ਮੁਲਕ ਆਪਨੇ,
ਸਾਡੇ ਵਾਂਗ ਮੁਹਤਾਜ ਨਹੀਂ।
ਸੁੰਦਰ ਮੁਲਕ ਅਸਾਡਾ ਸਾਗਰ,
ਐਪਰ ਰੇਲ ਜਹਾਜ ਨਹੀਂ।
ਕੁਲੀ ਕੁਲੀ ਆਖੇ ਜਗ ਸਾਨੂੰ,
ਸਾਡੇ ਸਿਰ ਪਰ ਤਾਜ ਨਹੀਂ।
ਖਾਨ ਰਾਇ ਸਬ ਦੱਲੇ ਹੋ ਗਏ,
ਇਕ ਭੀ ਪਿਰਥੀ ਰਾਜ ਨਹੀਂ।
ਅਸੀਂ ਸਮਝਿਆ ਯਾਰ ਫਰੰਗੀ,
ਖੁਲਿਆ ਇਸ ਦਾ ਪਾਜ ਨਹੀਂ।
ਝੂਠੇ ਅਹਿਦ ਹਜ਼ਾਰਾਂ ਕੀਤੇ,
ਇਕ ਭੀ ਕੀਤਾ ਕਾਜ ਨਹੀਂ।
ਭੁਖੇ ਮਰਨ ਗਰੀਬ ਕਰੋੜਾਂ,
ਏਸ ਮੱਕਾਰ ਨੂੰ ਖਾਜ ਨਹੀਂ।
ਮਰ ਗਈ ਕੌਮ ਨਾ ਜਾਗੇ ਹੁਣ ਵੀ,
ਮਹਾਰਾਜ ਅਧੀਰਾਜ ਨਹੀਂ।
ਚਿੜੀਆਂ ਵਾਂਗ ਫਰੰਗੀ ਪਾਸੋਂ,
ਡਰਦੇ ਬਣਦੇ ਬਾਜ ਨਹੀਂ।
ਸਦਕੇ ਜਾਨ ਵਤਨ ਦੀ ਖਾਤਰ,
ਸਾਡੇ ਪਿਯਾ ਰਿਵਾਜ ਨਹੀਂ।
ਵਤਨ ਗੁਲਾਮ ਅਸਾਡਾ ਯਾਰੋ,
ਉਸ ਦੀ ਸਾਨੂੰ ਲਾਜ ਨਹੀਂ।
ਨੱਕ ਨਕੇਲ ਪੁਵਾਈ ਫਿਰਦੇ,
ਕਰਦੇ ਕਿਉਂ ਇਤਰਾਜ਼ ਨਹੀਂ।
ਇਸ ਬਦਜਾਤ ਫਰੰਗੀ ਦਾ ਸਿਰ,
ਭੰਨ ਦੇ ਵਾਂਗ ਪਿਆਜ਼ ਨਹੀਂ।
ਖਲਕਤ ਦੇਖ ਹੈਰਾਨ ਅਸਾਂ ਨੂੰ,
ਦਿਸਦਾ ਠਾਠੋ ਬਾਜ ਨਹੀਂ।
ਬੜੀ ਕੌਮ ਮਸ਼ਹੂਰ ਫਿਲਾਸਫਰ,
ਦੁਸ਼ਮਨ ਦਿੰਦੇ ਭਾਜ ਨਹੀਂ।
ਤੁਸੀਂ ਸਮਝਦੇ ਬਹੁਤ ਉਚੇਰਾ,
ਇਸ ਜੈਸਾ ਕਮਤ੍ਰਾਜ਼ ਨਹੀਂ।
'ਪਰੀਤਮ' ਬਾਝ ਗਦਰ ਦੇ ਕੋਈ,
ਦਿਸਦਾ ਹੋਰ ਇਲਾਜ ਨਹੀਂ।

### ਬਣੀ ਸਿਰ ਸ਼ੇਰਾਂ ਦੇ

ਹਿੰਦ ਦੇ ਬਹਾਦਰੋ ਕਿਉਂ ਬੈਠੇ ਚੁੱਪ ਜੀ।
ਅੱਗ ਲੱਗੀ ਦੇਸ, ਨਾ ਸਹਾਰੋ ਧੁੱਪ ਜੀ।
ਬੁਝਣੀ ਇਹ ਤਾਂ ਹੀ ਹੈ ਸਰੀਰ ਤੱਜ ਕੇ।
ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ।

ਸਿਰ ਦਿਤੇ ਬਾਝ ਨਹੀਂ ਕੰਮ ਸਰਨਾ।
ਯੁਧ ਵਿਚ ਪਵੇਗਾ ਜ਼ਰੂਰ ਮਰਨਾ।
ਪਾਵੋ ਲਲਕਾਰ ਸ਼ੇਰਾਂ ਵਾਂਗ ਗੱਜ ਕੇ।
ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ।

ਹੱਥ ਸ਼ਮਸ਼ੀਰ, ਕੁੱਦ ਪਓ ਮੈਦਾਨ ਜੀ।
ਮਾਰ ਮਾਰ ਵੈਰੀਆਂ ਦੇ ਲਾਹੋ ਘਾਣ ਜੀ।
ਵੈਰੀਆਂ ਦਾ ਆਓ ਲਹੂ ਪੀਏ ਰੱਜ ਕੇ।
ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ।

ਮਾਰ ਲਈਏ ਵੈਰੀ, ਮਰ ਜਾਈਏ ਆਪ ਜਾਂ।
ਕਾਇਰਤਾ, ਗਰੀਬੀ, ਮਿਟ ਜਾਏ ਤਾਪ ਜਾਂ।
ਪਾ ਲਈਏ ਸ਼ਹੀਦੀ, ਸਿੰਘ ਸ਼ੇਰ ਸੱਜ ਕੇ।
ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ।

ਰਖੋ ਨਾ ਫਿਕਰ ਵੀਰੋ ਮਰਨ-ਜੀਣ ਦੀ।
ਧਾਰੋ ਨੀਤ ਵੈਰੀਆਂ ਦਾ ਲਹੂ ਪੀਣ ਦੀ।
'ਜਾਨ ਨਾ ਪਿਆਰੀ' ਮੂੰਹੋਂ ਬੋਲੋ ਗੱਜ ਕੇ।
ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ।

ਪਿਛਲੀ ਕਲੰਕੀ ਸਾਰੀ ਚੁੱਕੀ ਜਾਊਗੀ।
ਹੋਊਗੀ ਆਜ਼ਾਦੀ, ਨਸਲ ਸੁੱਖ ਪਾਊਗੀ।
'ਬੰਦੇ ਮਾਤਰਮ' ਸਾਰੇ ਬੋਲੋ ਗੱਜ ਕੇ।
ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ।


ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

# ਸਆਦਤ ਹਸਨ ਮੰਟੋ ਅਤੇ ਚੇਤਨ ਆਨੰਦ

ਸਆਦਤ ਹਸਨ ਮੰਟੋ ਤੇ ਚੇਤਨ ਆਨੰਦ ਨੂੰ ਇੱਕੋ ਸਮੇਂ ਚੇਤੇ ਕਰਨ ਦਾ ਇਹ ਭਾਵ ਨਹੀਂ ਕਿ ਦੋਵੇਂ ਇੱਕ ਦੂਜੇ ਦੇ ਮਿੱਤਰ, ਜਾਣੂ ਜਾਂ ਸਮਕਾਲੀ ਸਨ। ਇਹ ਵੀ ਨਹੀਂ ਕਿ ਮੈਂ ਦੋਹਾਂ ਨੂੰ ਕਦੀ



ਸਆਦਤ ਹਸਨ ਮੰਟੋ

ਮਿਲਿਆ ਹਾਂ। ਮੰਟੋ ਨੂੰ ਮੈਂ ਇੱਕ ਵਧੀਆ ਲੇਖਕ ਵਜੋਂ ਜਾਣਦਾ ਹਾਂ। ਡਾਇਰੈਕਟਰ ਨੰਦਿਤਾ ਦਾਸ ਦੀ ਫਿਲਮ ਨੇ ਮੈਨੂੰ ਕਈ ਗੱਲਾਂ ਚੇਤੇ ਕਰਾ ਦਿਤੀਆਂ।

ਮੰਟੋ ਵੀ ਮੇਰੇ ਵਾਂਗ ਪੰਜਾਬ ਦੀ ਤਹਿਸੀਲ ਸਮਰਾਲਾ ਦਾ ਦੋਹਤਰਾ ਸੀ। ਉਸ ਦਾ ਜਨਮ ਵੀ ਮੇਰੇ ਵਾਂਗ ਨਾਨਕੀ ਹੋਇਆ। ਮੇਰਾ ਨਾਨਕਾ ਪਿੰਡ ਭੜੀ ਪਿੰਡ ਦੇ ਨੇੜੇ ਕੋਟਲਾ ਬਡਲਾ ਹੈ ਤੇ ਉਸ ਦਾ ਸਮਰਾਲਾ ਨੇੜੇ ਪਪੜੌਦੀ। ਦੋਹਾਂ ਪਿੰਡਾਂ ਵਿਚਾਲੇ ਦੂਰੀ ਦਸ ਬਾਰਾਂ ਕਿਲੋਮੀਟਰ ਹੈ। ਨਿਸਚੇ ਹੀ ਮੰਟੋ ਨੇ ਵੀ ਬਚਪਨ 'ਚ ਰੇਤਲੇ ਖੇਤਾਂ 'ਚ ਮੂੰਗਫਲੀ ਦੇ ਦੂਰ ਦੂਰ ਤੱਕ ਨਜ਼ਰ ਆਉਂਦੇ ਖੇਤ ਵੇਖੇ ਹੋਣਗੇ, ਜੋ ਉਦੋਂ ਦੀ ਵਸੋਂ ਦਾ ਮੁਖ ਆਧਾਰ ਸਨ। ਹਿਰਨਾਂ ਦੀਆਂ ਡਾਰਾਂ ਵੀ, ਜੋ ਚੁੰਗੀਆਂ ਭਰਦੀਆਂ ਬਠਿੰਡਾ ਵਲ ਨੂੰ ਜਾਂਦੀਆਂ ਸਨ। ਹੁਣ ਉਨ੍ਹਾਂ ਖੇਤਾਂ ਵਿਚ ਕਣਕ, ਕਪਾਹ ਤੇ ਕਮਾਦ ਹੀ ਨਹੀਂ ਹੁੰਦਾ, ਝੋਨੇ ਦਾ ਵੀ ਅੰਤ ਨਹੀਂ। ਆਦਮੀ ਦੇ ਪੁੱਤਰ ਨੇ ਥਾਂ ਥਾਂ ਟਿਊਬਵੈਲ ਲਾ ਕੇ ਧਰਤੀ ਦੇ ਥੱਲੇ ਦਾ ਪਾਣੀ ਚੂਸ ਕੇ ਧਰਤੀ ਦੀ ਤ੍ਰੇਹ ਬੁਝਾ ਦਿੱਤੀ ਹੈ।

ਨੰਦਿਤਾ ਦਾਸ ਦੀ ਫਿਲਮ ਤਾਂ ਕੇਵਲ ਮੰਟੋ ਦੀ ਅਫਸਾਨਾ ਨਿਗਾਰੀ ਬਾਰੇ ਹੈ ਤੇ ਜਾਂ ਫਿਰ ਉਸ ਦੀ ਹਉਮੈ ਜਾਂ ਜ਼ਿੱਦੀ ਸ਼ਖਸੀਅਤ ਬਾਰੇ। ਨਵਾਜ਼ੁਦੀਨ ਸੱਦੀਕੀ ਨੇ ਮੰਟੋ ਦਾ ਰੋਲ ਅਦਾ ਕੀਤਾ ਹੈ ਤੇ ਰਸਿਕਾ ਦੁੱਗਲ ਨੇ ਉਸ ਦੀ ਪਤਨੀ ਸਫੀਆ ਦਾ। ਸਫੀਆ ਤੰਗਦਸਤੀ ਨਾਲ ਆਪਣੀਆਂ ਤਿੰਨ ਧੀਆਂ ਪਾਲ ਕੇ ਵਾਹ ਵਾਹ ਖੱਟਦੀ ਹੈ ਤੇ ਮੰਟੋ ਪਾਤਰਾਂ ਦੇ ਮਨਾਂ ਦੀਆਂ ਡੂੰਘਾਣਾਂ 'ਚ ਜਾ ਕੇ ਉਨ੍ਹਾਂ ਦੀਆਂ ਵਾਸ਼ਨਾਵਾਦੀ ਰੁਚੀਆਂ ਨੂੰ ਫੜ ਕੇ। ਉਸ ਨੂੰ ਪਹਿਲਾਂ ਹਿੰਦੁਸਤਾਨ ਤੇ ਫਿਰ ਪਾਕਿਸਤਾਨ ਦੀਆਂ ਕਚਹਿਰੀਆਂ ਵਿਚ ਮੁਕੱਦਮੇ ਲੜਦਾ ਵੀ ਵਿਖਾਇਆ ਗਿਆ ਹੈ। ਮੰਟੋ ਦੀਆਂ ਤੰਗੀਆਂ ਤੇ ਪ੍ਰਾਪਤੀ ਤੋਂ ਤਾਂ ਕੁਲ ਦੁਨੀਆਂ ਜਾਣੂ ਹੈ ਪਰ ਸਫੀਆ ਦਾ ਸਹਿਜ, ਸਲੀਕਾ ਤੇ ਲਾਡ ਪਿਆਰ ਰਸਿਕਾ ਦੀ ਬਾਕਮਾਲ ਅਦਾਕਾਰੀ ਨੇ ਖੂਬ ਉਭਾਰਿਆ ਹੈ। ਮੇਰੇ ਮਨ 'ਚ ਮੰਟੋ ਦਾ ਮੋਹ ਮੇਰੇ ਨਾਨਕਿਆਂ ਕਾਰਨ ਵੀ ਹੈ, ਜਿਨ੍ਹਾਂ ਨੇ ਮੇਰੀ ਵਿਦਿਆ ਦੀ ਭੱਠੀ ਭਖਾਈ ਰੱਖਣ ਵਿਚ ਬੜੀ ਮਦਦ ਕੀਤੀ।

ਚੇਤਨ ਆਨੰਦ ਨੂੰ ਤਾਂ ਉਸ ਦਾ ਭਰਾ ਦੇਵ ਆਨੰਦ ਧੱਕੇ ਨਾਲ ਮੇਰੇ ਵਿਹੜੇ ਵਾੜ ਗਿਆ ਹੈ। ਸਤੰਬਰ ਦੇ ਆਖਰੀ ਹਫਤੇ ਦੇਵ ਆਨੰਦ ਦਾ ਜਨਮ ਦਿਨ ਸੀ। ਮੀਡੀਆ ਨੇ ਦੇਵ ਆਨੰਦ ਦੇ ਆਪਣੇ ਭਰਾ ਪ੍ਰਤੀ ਆਦਰ ਮਾਣ ਨੂੰ ਏਨਾ ਉਭਾਰਿਆ ਕਿ ਮੈਨੂੰ ਆਪਣਾ ਪਹਿਲਾ ਹਵਾਈ ਸਫਰ ਚੇਤੇ ਕਰਵਾ ਦਿੱਤਾ। 1966 'ਚ ਮੇਰੀ ਜੀਵਨ ਸਾਥਣ ਸੁਰਜੀਤ ਬੰਗਲੌਰ ਡਿਊਟੀ ਉਤੇ ਗਈ ਬੀਮਾਰ ਹੋ ਗਈ ਤਾਂ ਮੈਨੂੰ ਹਵਾਈ ਉਡਾਣ ਲੈਣੀ ਪੈ ਗਈ। ਕਿਸੇ ਜਾਣੂ ਦੀ ਮਿਹਰ ਨਾਲ ਸੀਟ ਵੀ ਚੰਗੀ ਮਿਲ ਗਈ, ਪਤਵੰਤੇ ਸੱਜਣਾਂ ਵਾਲੀ। ਨਾਲ ਦੀ ਸੀਟ ਉਤੇ ਬੈਠਾ ਪਤਵੰਤਾ ਬਹਿੰਦੇ ਸਾਰ ਹੀ ਘੁਰਾੜੇ ਮਾਰਨ ਲੱਗਾ। ਮੈਂ ਖਿੜਕੀ ਵਿਚੋਂ ਧਰਤੀ ਤੋਂ ਦੂਰ ਤੇ ਉਚੇ ਹੋਣ ਦਾ ਸਵਾਦ ਲੈ ਰਿਹਾ ਸਾਂ ਕਿ ਪਲਾਂ 'ਚ ਅਜਿਹਾ ਧੁੰਦੂਕਾਰਾ ਵਰਤਿਆ ਕਿ ਸਾਰਾ ਥੱਲਾ ਦੁੱਧ ਚਿੱਟਾ ਹੋ ਗਿਆ। ਕਿਸ ਨੂੰ ਪੁੱਛਾਂ, ਕੀ ਹੋਇਆ? ਇੱਕ ਪਾਸੇ ਖਿੜਕੀ ਸੀ ਤੇ ਦੂਜੇ ਪਾਸੇ ਘੂਕ ਸੁੱਤੀ ਸਵਾਰੀ, ਜੋ ਕਈ ਦਿਨਾਂ ਦੀ ਉਨੀਂਦੀ ਜਾਪਦੀ ਸੀ।

ਨਾਸ਼ਤਾ ਦੇਣ ਆਈ ਏਅਰ ਹੋਸਟੈਸ ਨੇ ਉਸ ਸਵਾਰੀ ਨੂੰ ਵੀ ਜਗਾ ਦਿੱਤਾ। ਉਸ ਨੇ ਮੈਨੂੰ ਬੜੇ ਸਲੀਕੇ ਨਾਲ ਥੱਲੇ ਵਾਲੇ ਧੁੰਦੂਕਾਰੇ ਦਾ ਕਾਰਨ ਸਮਝਾਇਆ। ਹਵਾਈ ਜਹਾਜ਼ ਬੱਦਲਾਂ ਨੂੰ ਚੀਰ ਕੇ ਉਨ੍ਹਾਂ ਦੇ ਉਤੇ ਆ ਗਿਆ ਸੀ। ਅੱਗੇ ਗੱਲ ਤੁਰੀ ਤਾਂ ਪਤਾ ਲੱਗਾ, ਉਹ ਚੇਤਨ ਆਨੰਦ ਸੀ। ਫਿਲਮਾਂ ਵਾਲਾ। ਉਸ ਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਮੈਂ ਫਿਲਮਾਂ ਬਹੁਤ ਘਟ ਵੇਖਦਾ ਹਾਂ।




ਫਿਲਮ 'ਮੰਟੋ' ਦਾ ਪੋਸਟਰ ਅਤੇ ਡਾਇਰੈਕਟਰ ਨੰਦਿਤਾ ਦਾਸ

ਉਸ ਨੇ ਆਖਰੀ ਖਤ, ਹੀਰ ਰਾਂਝਾ, ਨੀਚਾ ਨਗਰ, ਹੰਸਤੇ ਜ਼ਖਮ, ਟੈਕਸੀ ਡਰਾਈਵਰ, ਆਂਧੀਆਂ, ਫੰਨਸਤੁਸ਼ ਤੇ ਹਕੀਕਤ-ਕਈ ਫਿਲਮਾਂ ਦੇ ਨਾਂ ਲਏ, ਜਿਨ੍ਹਾਂ ਦਾ ਉਹ ਨਿਰਦੇਸ਼ਕ ਸੀ। ਮੈਂ ਇਨ੍ਹਾਂ ਵਿਚੋਂ ਕੇਵਲ 'ਹਕੀਕਤ' ਵੇਖੀ ਹੋਈ ਸੀ। ਇਸ ਦਾ ਵਿਸ਼ਾ ਹਿੰਦ-ਚੀਨ ਦੀ ਲੜਾਈ ਹੋਣ ਕਾਰਨ ਮੈਨੂੰ ਚੰਗੀ ਲੱਗੀ ਸੀ। ਉਸ ਦੇ ਹੁੰਗਾਰੇ ਵਿਚ ਵੀ ਸਲੀਕਾ ਸੀ, ਪਰ ਮੈਨੂੰ ਇਸ ਦੇ ਅਦਾਕਾਰਾਂ ਵਿਚੋਂ



ਚੇਤਨ ਆਨੰਦ

ਕੇਵਲ ਬਲਰਾਜ ਸਾਹਨੀ ਤੇ ਧਰਮਿੰਦਰ ਦੇ ਨਾਂ ਚੇਤੇ ਸਨ। ਉਹ ਏਨੇ ਵਿਚ ਹੀ ਖੁਸ਼ ਸੀ ਕਿ ਮੈਨੂੰ ਵੀ ਆਨੰਦ ਦੀ ਅਦਾਕਾਰੀ ਪਸੰਦ ਸੀ। ਫਿਲਮ 'ਜੌਨੀ ਮੇਰਾ ਨਾਮ' ਤੇ 'ਗਾਈਡ' ਵਿਚਲੀ ਖਾਸ ਕਰਕੇ। ਉਹ ਵਿਛੜਨ ਵੇਲੇ ਬੜੇ ਤਪਾਕ ਨਾਲ ਮਿਲਿਆ। ਸਆਦਤ ਹਸਨ ਮੰਟੋ, ਦੇਵ ਆਨੰਦ ਤੇ ਚੇਤਨ ਆਨੰਦ ਜ਼ਿੰਦਾਬਾਦ!

**ਪਦਮਾ ਲਕਸ਼ਮੀ ਤੋਂ ਸਬਕ ਸਿੱਖੀਏ:** ਉਮਰ ਦੇ 50ਵੇਂ ਵਰ੍ਹੇ ਨੂੰ ਢੁੱਕ ਰਹੀ ਭਾਰਤੀ ਤੋਂ ਅਮਰੀਕਨ ਬਣੀ ਅਦਾਕਾਰਾ, ਮਾਡਲ ਤੇ ਟੀ.ਵੀ. ਹਸਤੀ ਪਦਮਾ ਲਕਸ਼ਮੀ ਨੇ ਬਚਪਨ ਤੇ ਜਵਾਨੀ ਵਿਚ ਹੋਈ ਵਾਸ਼ਨਾਵਾਦੀ ਛੇੜਖਾਨੀ ਦਾ ਖੁਲਾਸਾ ਕੀਤਾ ਹੈ। 'ਦਾ ਟਾਈਮਜ਼' ਲਈ ਲਿਖੇ ਇੱਕ ਲੇਖ ਵਿਚ ਉਸ ਨੇ ਦੱਸਿਆ ਹੈ ਕਿ ਜਦੋਂ ਸਤ ਸਾਲ ਦੀ ਉਮਰੇ ਉਸ ਨੇ ਆਪਣੇ ਮਤਰੇਏ ਪਿਤਾ ਦੇ ਦੋਸਤ ਵਲੋਂ ਆਪਣੇ ਅੰਗਾਂ ਨਾਲ ਹੋਈ ਛੇੜ-ਛਾੜ ਦੀ ਮਾਂ ਕੋਲ ਸ਼ਿਕਾਇਤ ਲਾਈ ਤਾਂ ਉਸ ਦੇ ਪਿਤਾ ਨੇ ਆਪਣੇ ਮਾਪਿਆਂ ਕੋਲ ਇੱਕ ਸਾਲ ਲਈ ਭਾਰਤ ਭੇਜ ਦਿੱਤਾ। ਇੱਕ ਤਰ੍ਹਾਂ ਦਾ ਦੇਸ਼ ਨਿਕਾਲਾ। ਨਤੀਜੇ ਵਜੋਂ 16 ਸਾਲ ਦੀ ਉਮਰੇ ਜਦੋਂ ਉਸ ਦੇ ਜਾਣੇ-ਪਛਾਣੇ ਮੁੰਡੇ ਨੇ ਉਹਦੇ ਨਾਲ ਜ਼ਬਰ ਜਨਾਹ ਕੀਤਾ ਤਾਂ ਉਸ ਨੇ ਇਹਦੇ ਬਾਰੇ ਵੀ ਚੁੱਪ ਧਾਰਨੀ ਹੀ ਠੀਕ ਸਮਝੀ।

ਇਨ੍ਹਾਂ ਵਾਰਦਾਤਾਂ ਬਾਰੇ ਲਿਖ ਕੇ ਉਸ ਨੇ ਵਧ ਰਹੇ ਜ਼ਬਰ ਜਨਾਹਾਂ ਦੇ ਪ੍ਰਸੰਗ ਵਿਚ ਇਹ ਦੱਸਣਾ ਚਾਹਿਆ ਹੈ ਕਿ ਮਾਪਿਆਂ ਜਾਂ ਸਮਾਜ ਵਲੋਂ ਅਜਿਹੇ ਦੋਸ਼ੀਆਂ ਦੀ ਸਮੇਂ ਸਿਰ ਲਾਹ ਪਾਹ ਨਾ ਕਰਨ ਦੇ ਨਤੀਜੇ ਕੀ ਨਿਕਲਦੇ ਹਨ? ਅੱਜ ਦੇ ਸਮੇਂ ਦੀਆਂ ਧੀਆਂ-ਧਿਆਣੀਆਂ ਨੂੰ ਵੀ ਇਹ ਗੱਲ ਪੱਲੇ ਬੰਨ ਲੈਣੀ ਚਾਹੀਦੀ ਹੈ ਕਿ ਅਜਿਹੇ ਜ਼ੁਲਮ ਦਾ ਸ਼ਿਕਾਰ ਹੋ ਕੇ ਚੁੱਪ ਰਹਿਣਾ ਬਹੁਤ ਮਾੜੀ ਗੱਲ ਹੈ। ਇਹ ਵੀ ਕਿ ਰਾਤ ਬਰਾਤੇ ਕਿਸੇ ਵਿਅਕਤੀ ਨਾਲ ਤੁਰਨਾ-ਫਿਰਨਾ ਜਾਂ ਹੋਟਲਾਂ ਵਿਚ ਜਾਣਾ ਠੀਕ ਨਹੀਂ ਭਾਵੇਂ ਉਹ ਵੇਖਣ-ਪਰਖਣ ਨੂੰ



ਪਦਮਾ ਲਕਸ਼ਮੀ

ਕਿੰਨਾ ਵੀ ਸਾਊ ਜਾਪਦਾ ਹੋਵੇ।


**ਅੰਤਿਕਾ: ਮਿਰਜ਼ਾ ਗਾਲਿਬ**

ਨਾ ਪੂਛ ਕਿ ਕਿਆ ਹਾਲ ਹੈ
ਮੇਰਾ ਤੇਰੇ ਪੀਛੇ,
ਤੂ ਦੇਖ ਕਿ ਕਿਆ ਰੰਗ ਹੈ
ਤੇਰਾ ਮੇਰੇ ਆਗੇ।

# ਕਾਰ ਸੇਵਾ ਦੇ ਨਾਂ 'ਤੇ ਬਾਬੇ ਕਰ ਰਹੇ ਨੇ ਬਿਜਨਸ

***ਇਕ ਜ਼ਮਾਨਾ ਸੀ ਜਦੋਂ ਕਾਰ ਸੇਵਾ ਵਾਲੇ ਬਾਬੇ ਬੜੀ ਨਿਸ਼ਠਾ ਨਾਲ ਕਾਰ ਸੇਵਾ ਕਰਿਆ ਕਰਦੇ ਸਨ ਪਰ ਸਮਾਜ ਵਿਚ ਆਈ ਗਿਰਾਵਟ ਕਾਰਨ ਇਹ ਕਾਰਜ ਸਵਾਲਾਂ ਦੇ ਘੇਰੇ ਵਿਚ ਆ ਗਿਆ ਹੈ। ਹੁਣ ਇਹ ਸੇਵਾ, ਸੇਵਾ ਨਾ ਰਹਿ ਕੇ ਇਕ ਧੰਦਾ ਬਣ ਗਈ ਹੈ। ਪੈਸੇ ਅਤੇ ਪ੍ਰਸਿੱਧੀ ਦੇ ਲਾਲਚੀ ਬਾਬਿਆਂ ਨੇ ਇਸ ਨੂੰ ਬਦਨਾਮ ਕਰ ਕੇ ਰੱਖ ਦਿੱਤਾ। ਇਸ ਲੇਖ ਵਿਚ ਲੇਖਕ ਨੇ ਇਹੀ ਨੁਕਤੇ ਉਠਾਏ ਹਨ। -ਸੰਪਾਦਕ***

ਕਾਰ ਸੇਵਾ ਦੇ ਮੋਢੀ ਬਾਬਾ ਬੀਰਮ ਦਾਸ ਤੇ ਬਾਬਾ ਸ਼ਾਮ ਸਿੰਘ ਆਟਾ ਮੰਡੀ, ਅੰਮ੍ਰਿਤਸਰ- ਇਨ੍ਹਾਂ ਮਹਾਂਪੁਰਸ਼ਾਂ ਨੇ ਪੂਰਨ ਤੌਰ 'ਤੇ ਗੁਰਧਾਮਾਂ ਦੀ ਸੇਵਾ ਸੰਭਾਲ ਦਾ ਕਾਰਜ ਅਰੰਭ ਕੀਤਾ। ਇਸ ਪਿਛੋਂ ਸੰਤ ਬਾਬਾ ਗੁਰਮੁਖ ਸਿੰਘ ਤੇ ਸੰਤ ਬਾਬਾ ਸਾਧੂ ਸਿੰਘ ਨੇ ਘਰ-ਬਾਰ ਤਿਆਗ ਕੇ ਗੁਰਧਾਮਾਂ ਦੀ ਸੇਵਾ ਦੇ ਮਹਾਨ ਕੁੰਭ ਨੂੰ ਹੋਰ ਵਿਸ਼ਾਲ ਕਰ ਦਿੱਤਾ। ਹੋਰ ਵੀ ਕਈ ਮਹਾਂਪੁਰਸ਼ਾਂ ਨੇ ਸਾਰਾ ਜੀਵਨ ਗੁਰਧਾਮਾਂ ਦੀ ਸੇਵਾ ਵਿਚ ਲਾ ਦਿੱਤਾ। ਹੁਣ ਜਿਵੇਂ ਸਮਾਂ ਬਦਲ ਰਿਹਾ ਹੈ, ਕਾਰ ਸੇਵਾ ਵਾਲੇ ਬਾਬੇ ਵੀ ਬਦਲ ਚੁਕੇ ਹਨ। ਉਨ੍ਹਾਂ ਗੁਰਧਾਮਾਂ ਦੀ ਸੇਵਾ ਦੇ ਨਾਲ ਮੋਟੀ ਕਮਾਈ ਕਰਨ ਲਈ



ਨਰਿੰਦਰ ਸਿੰਘ ਖਾਲਸਾ
ਫੋਨ: 91-98766-98566

ਸਕੂਲ, ਕਾਲਜ ਆਦਿ ਹੋਰ ਸੰਸਥਾਵਾਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਇਹ ਲੋਕਾਂ ਨੂੰ ਧਰਮ ਦੇ ਨਾਂ 'ਤੇ ਠੱਗ ਰਹੇ ਹਨ।

ਕਈ ਸੰਸਥਾਵਾਂ ਨੇ ਕਾਰ ਸੇਵਾ ਦੇ ਨਾਂ 'ਤੇ ਇਤਿਹਾਸਕ ਪੁਰਾਤਨਤਾ ਵੀ ਖਤਮ ਕਰ ਦਿੱਤੀ ਹੈ। ਇਨ੍ਹਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਦਿਖਾਏ ਜਾਣ ਵਾਲਾ ਇਤਿਹਾਸ ਖਤਮ ਕਰ ਦਿੱਤਾ ਹੈ। ਕੁਝ ਅਜਿਹੀਆਂ ਵੀ ਸੰਸਥਾਵਾਂ ਹਨ, ਜਿਨ੍ਹਾਂ ਨੇ ਪੁਰਾਤਨਤਾ ਨੂੰ ਬਹਾਲ ਰੱਖਿਆ ਹੈ। ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਸੇ ਇਤਿਹਾਸਕ ਗੁਰਦੁਆਰਾ ਸਾਹਿਬ ਦੀ ਸੇਵਾ ਸੌਂਪਦੀ ਹੈ ਤਾਂ ਉਸ ਸਮੇਂ ਮਤੇ ਵਿਚ ਲਿਖਿਆ ਹੁੰਦਾ ਹੈ ਕਿ ਸੇਵਾ ਦੌਰਾਨ ਟੋਕਰੀ/ਗੋਲਕ ਆਦਿ ਰੱਖ ਕੇ ਪੈਸੇ ਇਕੱਠੇ ਨਹੀਂ ਕਰਨੇ। ਇਹ ਬਾਬੇ ਪੈਸਾ ਇਕੱਠਾ ਕਰਨ ਖਾਤਰ ਸੇਵਾ ਦੇ ਕਾਰਜ ਦੇਰੀ ਨਾਲ ਕਰਵਾਉਂਦੇ ਹਨ ਅਤੇ ਖੁਦ ਨਿੱਜੀ ਫਾਇਦਾ ਉਠਾਉਂਦੇ ਹਨ।

ਇਹ ਬਾਬੇ ਗੁਰਧਾਮਾਂ ਦੀ ਸੇਵਾ ਵੱਲ ਘੱਟ ਧਿਆਨ ਦਿੰਦੇ ਹਨ ਅਤੇ ਨਿੱਜੀ ਕਮਾਈ ਵਾਲੇ ਬਿਜਨਸ ਵੱਲ ਵੱਧ। ਲੋਕਾਂ ਵਿਚ ਪ੍ਰਚਾਰ ਕਰਦੇ ਹਨ ਕਿ ਦੂਜੇ ਸਕੂਲ ਸਿੱਖੀ ਦੇ ਪ੍ਰਚਾਰ ਵੱਲ ਧਿਆਨ ਘੱਟ ਦਿੰਦੇ ਹਨ, ਸਾਡੇ ਸਕੂਲਾਂ ਵਿਚ ਧਰਮ ਪਹਿਲ ਦੇ ਆਧਾਰ 'ਤੇ ਪੜ੍ਹਾਇਆ ਜਾਂਦਾ ਹੈ। ਸੱਚ ਇਹ ਹੈ ਕਿ ਸਕੂਲ ਵਿਚ ਬੱਚਿਆਂ ਦੀ ਗਿਣਤੀ ਵਧਾਉਣ ਲਈ ਇਹ ਝੂਠਾ ਪ੍ਰਚਾਰ ਕੀਤਾ ਜਾਂਦਾ ਹੈ। ਆਪਣੇ ਸਕੂਲਾਂ ਦੇ ਬੱਚਿਆਂ ਨੂੰ ਬੋਰਡ ਦੀ ਪ੍ਰੀਖਿਆ ਦੌਰਾਨ ਨਕਲ ਵੀ ਅੰਦਰ ਖਾਤੇ ਖੁੱਲ੍ਹ ਕੇ ਕਰਵਾਉਂਦੇ ਹਨ। ਜਦੋਂ ਨਕਲ ਮਾਰ ਕੇ ਪੇਪਰ ਕੀਤੇ ਹੋਣ, ਮੈਰਿਟ ਤਾਂ ਫਿਰ ਆ ਹੀ ਜਾਣੀ ਹੈ, ਬਾਬੇ ਵੱਡੇ-ਵੱਡੇ ਫਲੈਕਸ ਬੋਰਡ ਛਪਵਾ ਕੇ ਵੱਖ-ਵੱਖ ਪ੍ਰਚਾਰ ਮਾਧਿਅਮਾਂ ਰਾਹੀਂ ਪ੍ਰਚਾਰ ਕਰਦੇ ਹਨ।

ਇਨ੍ਹਾਂ ਬਾਬਿਆਂ ਵੱਲੋਂ ਚਲਾਏ ਜਾਂਦੇ ਸਕੂਲਾਂ ਵਿਚ ਕੰਮ ਕਰਦੇ ਮੁਲਾਜ਼ਮਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ। ਦਸਵੰਧ ਦੇ ਨਾਂ 'ਤੇ ਲੁੱਟ ਕੀਤੀ ਜਾ ਰਹੀ ਹੈ। ਗੁਰੂ ਸਾਹਿਬਾਨ ਦੇ ਹੁਕਮ ਮੁਤਾਬਕ ਤਨ, ਮਨ ਅਤੇ ਧਨ ਦਾ ਦਸਵੰਧ ਦੇਣਾ ਸਿੱਖ ਮਰਿਆਦਾ ਹੈ, ਜ਼ਬਰਨ ਨਹੀਂ। ਇਨ੍ਹਾਂ ਦੇ ਸਕੂਲਾਂ ਵਿਚ ਦਸਵੰਧ ਨਾਮੀ ਖਾਤਾ ਖੋਲ੍ਹ ਕੇ ਹਰ ਮੁਲਾਜ਼ਮ ਦੀ 10% ਤਨਖਾਹ ਜ਼ਬਰਦਸਤੀ ਕੱਟ ਲਈ ਜਾਂਦੀ ਹੈ। ਜੇ ਕਰਮਚਾਰੀ ਸਹਿਮਤ ਹੈ ਤਾਂ ਫਿਰ ਠੀਕ ਗੱਲ ਹੈ, ਜੇ ਨਹੀਂ ਤਾਂ ਫਿਰ ਉਸ ਨਾਲ ਧੱਕਾ ਹੈ। ਯੋਗਤਾ ਮੁਤਾਬਕ ਬਣਦੀ ਤਨਖਾਹ ਤੋਂ ਵੀ ਘੱਟ ਦੇ ਕੇ ਅਤੇ ਦੂਜੇ ਪਾਸੇ ਦਸਵੰਧ ਦਾ ਬਹਾਨਾ ਬਣਾ ਕੇ ਮੁਲਾਜ਼ਮਾਂ ਨੂੰ ਹਰੇਕ ਪਾਸੇ ਤੋਂ ਲੁੱਟਦੇ ਹਨ।

ਬਹੁਤੇ ਬਾਬਿਆਂ ਨੇ ਕਾਰ ਸੇਵਾ ਟਰੱਸਟ ਬਣਾ ਲਏ ਹਨ, ਜਿਨ੍ਹਾਂ ਵਿਚ ਇਹ ਵੱਡੀ ਹੇਰਾ-ਫੇਰੀ ਕਰਦੇ ਹਨ। ਇਨ੍ਹਾਂ ਨੇ ਮਹਿੰਗੇ ਚਾਰਟਰਡ ਅਕਾਊਂਟੈਂਟ ਰੱਖੇ ਹੋਏ ਹਨ, ਜੋ ਚੋਰ ਮੋਰੀਆਂ ਦੱਸਦੇ ਹਨ। ਬਾਬਿਆਂ ਨੇ ਆਪਣੇ ਨਾਂ ਚੈਰੀਟੇਬਲ ਟਰੱਸਟ ਬਣਾ ਲਏ ਹਨ। ਦੇਸ਼-ਵਿਦੇਸ਼ ਦੀਆਂ ਸੰਗਤਾਂ ਨੂੰ ਭਰਮਾਉਣ ਵਾਸਤੇ ਇਹ ਬਾਬੇ ਪ੍ਰਚਾਰ ਕਰਦੇ ਹਨ ਕਿ ਅਸੀਂ ਸ਼ਹਿਰ ਦੀਆਂ ਵੱਡੀਆਂ ਅਕੈਡਮੀਆਂ ਅਤੇ ਸਕੂਲਾਂ ਤੋਂ ਘੱਟ ਪੈਸੇ ਲੈ ਕੇ ਬੱਚਿਆਂ ਨੂੰ ਪੜ੍ਹਾਈ ਕਰਵਾ ਰਹੇ ਹਾਂ ਪਰ ਇਹ ਦਾਅਵਾ ਹੁੰਦਾ ਇਸ ਦੇ ਬਿਲਕੁਲ ਉਲਟ ਹੈ।

ਵਿਦੇਸ਼ੀ ਨਾਗਰਿਕਾਂ ਨੂੰ ਭਰਮਾ ਕਿ ਉਹ ਆਪਣੇ ਸਕੂਲਾਂ, ਕਾਲਜਾਂ ਦੇ ਬੱਚਿਆਂ ਨੂੰ ਸਪਾਂਸਰ ਕਰਵਾਉਂਦੇ ਹਨ ਅਤੇ ਪੰਜਾਬ ਵਿਚ ਪ੍ਰਚਾਰ ਕਰਦੇ ਹਨ ਕਿ ਸਾਡੇ ਸਕੂਲ, ਕਾਲਜ ਵਿਚ ਮੱਧ ਵਰਗੀ ਪਰਿਵਾਰਾਂ ਦੇ ਬੱਚੇ ਮੁਫਤ ਪੜ੍ਹਦੇ ਹਨ। ਇਹ ਬਾਬੇ ਜਿੰਨੇ ਵੀ ਦੇਸ਼ਾਂ ਵਿਚ ਜਾਂਦੇ ਹਨ, ਉਥੇ ਬੱਚਿਆਂ ਦੀਆਂ ਉਹੀ ਲਿਸਟਾਂ ਦਿਖਾ ਕੇ ਲੋਕਾਂ ਤੋਂ ਪੈਸੇ ਇਕੱਠੇ ਕਰੀ ਜਾ ਰਹੇ ਹਨ। ਸਕੂਲਾਂ, ਕਾਲਜਾਂ ਵਿਚ ਮੁਫਤ ਪੜ੍ਹਦੇ ਬੱਚਿਆਂ ਦਾ ਖਰਚਾ ਤਾਂ ਵਿਦੇਸ਼ਾਂ ਦੀਆਂ ਸੰਗਤਾਂ ਦਿੰਦੀਆਂ ਹਨ। ਜੇ ਦਾਨੀ ਸੱਜਣ ਆਪ ਬੱਚਿਆਂ ਦੀ ਚੋਣ ਕਰਕੇ ਉਨ੍ਹਾਂ ਦੀ ਫੀਸ ਅਦਾ ਕਰਨ ਤਾਂ ਵਧੀਆ ਹੋਵੇਗਾ। ਇੰਜ ਬਾਬਿਆਂ ਦਾ ਗੋਰਖ ਧੰਦਾ ਬੰਦ ਹੋ ਜਾਵੇਗਾ।

ਸਕੂਲਾਂ, ਕਾਲਜਾਂ ਦੇ ਸਾਲਾਨਾ ਇਨਾਮ ਵੰਡ ਸਮਾਗਮ 'ਤੇ ਇਹ ਬਾਬੇ ਕੋਈ ਵੱਡਾ ਸਿਆਸੀ ਨੇਤਾ ਬੁਲਾ ਕੇ ਵਾਹ-ਵਾਹ ਖੱਟਦੇ ਹਨ ਅਤੇ ਉਸ ਦੇ ਰਵਾਨਾ ਹੋਣ ਸਮੇਂ ਨਾਲ ਹੀ ਕੋਈ ਕੰਮ ਵਾਲੀ ਚਿੱਠੀ ਦੇ ਦਿੰਦੇ ਹਨ। ਇਹ ਬਾਬੇ ਸਾਰੇ ਸਿਆਸੀ ਨੇਤਾਵਾਂ ਨਾਲ ਬਣਾ ਕੇ ਰੱਖਦੇ ਹਨ।

ਸਭ ਤੋਂ ਵੱਧ ਸਿਆਸਤ ਵੀ ਡੇਰਿਆਂ ਵਿਚ ਹੁੰਦੀ ਹੈ। ਡੇਰਿਆਂ ਵਿਚ ਆਉਂਦੀਆਂ ਬੀਬੀਆਂ/ਭੈਣਾਂ ਨੂੰ ਇਨ੍ਹਾਂ ਬਾਬਿਆਂ ਦੇ ਸੇਵਾਦਾਰ ਗਲਤ ਨਜ਼ਰ ਨਾਲ ਤੱਕਦੇ ਹਨ, ਇਹ ਬਿਲਕੁਲ ਸੱਚ ਹੈ। ਡੇਰਿਆਂ ਵਿਚ ਧੜੇਬੰਦੀ ਅਤੇ ਈਰਖਾ ਸਭ ਤੋਂ ਵੱਧ ਹੁੰਦੀ ਹੈ। ਇਨ੍ਹਾਂ ਡੇਰਿਆਂ ਵਿਚ ਇੱਕ ਗੱਲ ਸਭ ਤੋਂ ਅਹਿਮ ਹੁੰਦੀ ਹੈ ਕਿ ਇਹ ਮਾੜੀ ਗੱਲ ਕਦੇ ਬਾਹਰ ਨਹੀਂ ਆਉਣ ਦਿੰਦੇ ਅਤੇ ਅੰਦਰੇ ਹੀ ਦਬਾ ਦਿੰਦੇ ਹਨ। ਇਨ੍ਹਾਂ ਦੇ ਖਾਸ ਸੇਵਾਦਾਰ ਐਸ਼ ਦੀ ਜ਼ਿੰਦਗੀ ਜਿਉਂਦੇ ਹਨ। ਕਈ ਸੇਵਾਦਾਰ ਨਸ਼ਾ ਕਰਦੇ ਹਨ। ਜੇ ਕਿਸੇ ਨਾਲ ਗੁਰਬਾਣੀ ਦੀ ਗੱਲ ਕਰੋ ਤਾਂ ਉਸ ਪੱਖੋਂ ਬਹੁਤੇ ਕੋਰੇ ਹੀ ਹੁੰਦੇ ਹਨ।

ਹੁਣ ਦੇ ਬਾਬੇ ਸਮੇਂ ਦੇ ਨਾਲ ਬਦਲਦੇ ਰਹਿੰਦੇ ਹਨ। ਇਨ੍ਹਾਂ ਨੇ ਕੋਈ ਵੱਖਰਾ ਜੋ ਕੰਮ ਕਰਨਾ ਹੁੰਦਾ ਹੈ, ਜਿਸ ਨਾਲ ਪੈਸਾ ਚੰਗਾ ਇਕੱਠਾ ਹੋ ਸਕੇ। ਪੰਜਾਬ 'ਚ ਪ੍ਰਚਾਰ ਕਰਨਾ ਹੈ ਕਿ ਸਾਰੇ ਕਾਰਜ ਸੰਗਤਾਂ ਦੇ ਸਹਿਯੋਗ ਨਾਲ ਮੁਫਤ ਕੀਤੇ ਜਾਂਦੇ ਹਨ। ਇੰਜ ਵਿਦੇਸ਼ੀ ਸੰਗਤਾਂ ਵੀ ਪ੍ਰਭਾਵਿਤ ਹੋ ਜਾਂਦੀਆਂ ਹਨ ਤੇ ਖੁੱਲ੍ਹਾ ਪੈਸਾ ਭੇਜੀਆਂ ਹਨ।

ਵਿਦੇਸ਼ੋਂ ਆਉਣ ਵਾਲੇ ਸ਼ਰਧਾਲੂ ਦੀ ਚੰਗੀ ਸੇਵਾ ਕੀਤੀ ਜਾਂਦੀ ਹੈ। ਜੇ ਕੋਈ ਆਮ ਬੰਦਾ ਆ ਜਾਵੇ ਤਾਂ ਉਸ ਨੂੰ ਉਡੀਕਣ ਲਈ ਕਿਹਾ ਜਾਂਦਾ ਹੈ ਕਿ ਬਾਬਾ ਜੀ ਮੀਟਿੰਗ ਵਿਚ ਹਨ। ਵਿਦੇਸ਼ਾਂ ਵਾਲਿਆਂ ਲਈ ਲੱਖ-ਦੋ ਲੱਖ ਰੁਪਏ ਆਮ ਜਿਹੀ ਗੱਲ ਹੁੰਦੀ ਹੈ, ਪਰ ਇਨ੍ਹਾਂ ਨੂੰ ਇਸ ਤਰੀਕੇ ਨਾਲ ਚੰਗਾ ਧਨ ਇਕੱਠਾ ਹੋ ਜਾਂਦਾ ਹੈ।

ਕਾਰ ਸੇਵਾ ਵਾਲੇ ਕਈ ਬਾਬੇ ਪਿੰਡਾਂ ਵਿਚ ਹਾੜੀ-ਸਾਉਣੀ ਬੋਰੀਆਂ ਲੈ ਕੇ ਚੰਗੀ ਉਗਰਾਹੀ ਕਰਦੇ ਹਨ। ਕਈ ਅਜਿਹੀਆਂ ਸੰਸਥਾਵਾਂ ਹਨ, ਜੋ ਕੋਈ ਉਗਰਾਹੀ ਨਹੀਂ ਕਰਦੀਆਂ ਬਲਕਿ ਸੰਗਤ ਆਪ ਰਸਦਾਂ ਆਦਿ ਪਹੁੰਚਦੀ ਕਰਦੀ ਹੈ।

ਵਿਦੇਸ਼ਾਂ 'ਤੋਂ ਪੈਸਾ ਇਕੱਠਾ ਕਰਕੇ ਇਹ ਡੇਰੇ ਦੀਆਂ ਜਾਇਦਾਦਾਂ ਬਣਾਈ ਜਾ ਰਹੇ ਹਨ। ਹਰ ਚੰਗੀ ਜ਼ਮੀਨ 'ਤੇ ਇਨ੍ਹਾਂ ਦੀ ਅੱਖ ਰਹਿੰਦੀ ਹੈ।

ਹੁਣ ਸਮਾਂ ਬਦਲ ਰਿਹਾ ਹੈ, ਲੋਕ ਇਨ੍ਹਾਂ ਬਾਬਿਆਂ ਪਿੱਛੇ ਘੱਟ ਲੱਗ ਰਹੇ ਹਨ, ਪਰ ਕਈ ਅਜੇ ਵੀ ਇਨ੍ਹਾਂ ਦੀ ਸ਼ਰਨ ਵਿਚ ਜਾਂਦੇ ਹਨ। ਸਿੱਖ ਸਿਧਾਂਤ ਅਨੁਸਾਰ ਸਿੱਖਾਂ ਨੂੰ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਮੰਨਣਾ ਚਾਹੀਦਾ ਹੈ, ਨਾ ਕਿ ਦੇਹਧਾਰੀ ਬਾਬਿਆਂ ਨੂੰ। ਇਨ੍ਹਾਂ ਬਾਬਿਆਂ ਨੇ ਹਰ ਡੇਰੇ ਵਿਚ ਵੱਖਰੀ ਮਰਿਆਦਾ ਚਲਾਈ ਹੋਈ ਹੈ, ਜੋ ਸਿੱਖ ਕੌਮ ਲਈ ਘਾਤਕ ਸਿੱਧ ਹੋਵੇਗੀ। ਸਿੱਖਾਂ ਨੂੰ ਕੇਵਲ ਅਕਾਲ ਤਖਤ ਤੋਂ ਪ੍ਰਵਾਨਿਤ ਰਹਿਤ ਮਰਿਆਦਾ ਮੰਨਣੀ ਚਾਹੀਦੀ ਹੈ। ਬੇਸ਼ੱਕ ਅਕਾਲ ਤਖਤ ਸਾਹਿਬ ਅਤੇ ਸਿੱਖਾਂ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਧਰਮ ਦੇ ਪ੍ਰਚਾਰ ਨਾਲੋਂ ਸਿਆਸਤ ਦਾ ਵੱਧ ਬੋਲ ਬਾਲਾ ਹੈ।

ਸੰਗਤਾਂ ਵੀ ਗੁੰਮਰਾਹ ਹੋ ਕੇ ਇਨ੍ਹਾਂ ਬਾਬਿਆਂ ਨੂੰ ਦਾਨ ਨਾ ਕਰਨ, ਪਹਿਲਾਂ ਖੁਦ ਇਨ੍ਹਾਂ ਬਾਰੇ ਚੰਗੀ ਤਰ੍ਹਾਂ ਪੜਤਾਲ ਕਰਨ। ਸੰਗਤਾਂ ਨੂੰ ਸੋਚ ਸਮਝ ਕੇ ਉਨ੍ਹਾਂ ਬਾਬਿਆਂ ਨੂੰ ਦਾਨ ਕਰਨਾ ਚਾਹੀਦਾ ਹੈ ਜੋ ਅਸਲੀਅਤ ਵਿਚ ਸਭ ਕੰਮ ਠੀਕ ਤਰ੍ਹਾਂ ਕਰਵਾ ਰਹੇ ਹੋਣ।

# ਵਿਦਿਆਰਥਣਾਂ ਦੇ ਜੀਣ ਦਾ ਹੱਕ: ਸੁਪਨੇ ਤੋਂ ਸੱਚ ਤੱਕ

*ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਿਦਿਆਰਥੀ ਆਪਣੀ ਮੰਗਾਂ ਲਈ ਚਿਰਾਂ ਤੋਂ ਜੂਝ ਰਹੇ ਹਨ। ਯੂਨੀਵਰਸਿਟੀ ਅਧਿਕਾਰੀਆਂ ਨੇ ਬੜੀ ਚਲਾਕੀ ਨਾਲ ਕੁੜੀਆਂ ਦੇ ਹੋਸਟਲ ਚੌਵੀ ਘੰਟੇ ਖੁੱਲ੍ਹੇ ਰੱਖਣ ਦੀ ਮੰਗ ਉਤੇ ਪੇਚਾ ਪਾ ਲਿਆ ਅਤੇ ਇਸ ਮਾਮਲੇ ਨੂੰ ਕੁੜੀਆਂ ਦੀ ਸੁਰੱਖਿਆ ਨਾਲ ਜੋੜ ਕੇ ਰੂੜੀਵਾਦੀ ਵਿਚਾਰਾਂ ਨੂੰ ਸ਼ਹਿ ਦੇਣ ਦਾ ਯਤਨ ਵੀ ਕੀਤਾ, ਜੋ ਭਾਰਤੀ ਸਮਾਜ ਨੂੰ ਘੁਣ ਵਾਂਗ ਖਾ ਰਹੇ ਹਨ। ਯੂਨੀਵਰਸਿਟੀ ਅਧਿਕਾਰੀਆਂ ਦੀ ਇਸ ਚਾਲ ਨੂੰ ਵੀ ਕੁੜੀਆਂ ਨੇ ਵੰਗਾਰ ਵਜੋਂ ਲਿਆ ਅਤੇ ਆਪਣਾ ਘੋਲ ਹੋਰ ਤੇਜ਼ ਕਰ ਦਿੱਤਾ। ਉਨ੍ਹਾਂ ਦੇ ਇਸ ਘੋਲ ਨੂੰ ਧਿਆਨ ਵਿਚ ਰੱਖ ਕੇ ਘਨੌਰ (ਪਟਿਆਲਾ) ਦੇ ਯੂਨੀਵਰਸਿਟੀ ਕਾਲਜ ਵਿਚ ਅਸਿਸਟੈਂਟ ਪ੍ਰੋਫੈਸਰ ਤੇਗਿੰਦਰ ਨੇ ਇਹ ਲੇਖ ਲਿਖਿਆ ਹੈ ਜਿਸ ਵਿਚ ਮਰਦ-ਪ੍ਰਧਾਨ ਸੱਤਾ ਉਤੇ ਤਿੱਖੀ ਚੋਟ ਕੀਤੀ ਗਈ ਹੈ। ਪ੍ਰੋ. ਤੇਗਿੰਦਰ ਨੇ 1996 ਵਿਚ ਇਸੇ ਯੂਨੀਵਰਸਿਟੀ ਵਿਚ ਵਿਦਿਆਰਥੀ ਜੀਵਨ ਦੌਰਾਨ ਚੱਲੇ ਵੱਡੇ ਘੋਲ ਦੌਰਾਨ ਵਿਦਿਆਰਥੀਆਂ ਦੀ ਅਗਵਾਈ ਕੀਤੀ ਸੀ। ਉਸ ਵੇਲੇ ਮੁੱਖ ਮਸਲੇ ਫੀਸਾਂ ਵਿਚ ਵਾਧਾ, ਇੰਟਰਨਲ ਅਸੈਸਮੈਂਟ ਅਤੇ ਹੋਸਟਲ ਸਨ। -ਸੰਪਾਦਕ*

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਿਦਿਆਰਥੀਆਂ ਦੀ ਭਾਸ਼ਣ ਲੜੀ ਵਿਚ ਜੇ ਵਾਈਸ ਚਾਂਸਲਰ ਬੀ. ਐਸ. ਘੁੰਮਣ ਨੂੰ ਬੋਲਣ ਦਾ ਮੌਕਾ ਮਿਲੇ ਤਾਂ ਵਿਦਿਆਰਥੀ ਉਨ੍ਹਾਂ ਤੋਂ ਉਮੀਦ ਕਰਦੇ ਹਨ ਕਿ ਉਹ ਆਪਣੇ ਭਾਸ਼ਣ ਵਿਚ ਕੁਝ ਅਜਿਹੇ ਵਿਚਾਰ ਰੱਖਣਗੇ:

ਯੂਨੀਵਰਸਿਟੀ ਦੇ ਘਾਹ ਉਤੇ ਵੱਡੀ ਤਦਾਦ ਵਿਚ ਬੈਠੇ ਮੇਰੇ ਪਿਆਰੇ 'ਵਿਦਿਆਰਥੀਓ'! ਤੁਸੀਂ ਹੈਰਾਨ ਹੋਵੋਗੇ ਕਿ ਤੁਹਾਨੂੰ 'ਵਿਦਿਆਰਥੀਓ' ਸ਼ਬਦ ਨਾਲ ਕਿਉਂ ਸੰਬੋਧਿਤ ਹੋ ਰਿਹਾ ਹਾਂ; ਯੂਨੀਵਰਸਿਟੀ ਦੀ ਰਵਾਇਤ ਅਨੁਸਾਰ ਤੁਹਾਨੂੰ ਲੜਕੇ ਤੇ ਲੜਕੀਓ ਸ਼ਬਦਾਂ ਨਾਲ ਸੰਬੋਧਿਤ ਕੀਤਾ ਜਾਂਦਾ ਰਿਹਾ ਹੈ। ਮੇਰੇ ਅੰਦਰ ਇਹ ਬਦਲਾਓ ਲਿਆਉਣ ਵਾਲੀ ਕੋਈ ਹੋਰ ਨਹੀਂ, ਮੇਰੀ ਆਪਣੀ ਪ੍ਰਾਇਮਰੀ ਸਕੂਲ ਦੀ ਅਧਿਆਪਕਾ ਹੈ। ਅਸੀਂ ਸਭ ਜਾਣਦੇ



**ਪ੍ਰੋ. ਤੇਗਿੰਦਰ**
ਫੋਨ: 91-94782-81331

ਹਾਂ, ਅਧਿਆਪਕ ਦੀ ਗੋਦ ਵਿਚ ਸਿਰਜਣਾ ਅਤੇ ਵਿਨਾਸ਼-ਦੋਵੇਂ ਖੇਡਦੇ ਹਨ, ਇਹ ਉਸ ਦਾ ਆਪਣਾ ਫੈਸਲਾ ਹੁੰਦਾ ਹੈ ਕਿ ਉਹ ਦੋਹਾਂ ਵਿਚੋਂ ਕਿਸ ਨੂੰ ਤਰਜੀਹ ਦੇਵੇ।

ਰਾਤ ਵੀ ਕੁਝ ਅਜਿਹਾ ਹੋਇਆ, ਜਦੋਂ ਮੇਰੀ ਅਧਿਆਪਕਾ ਨੇ ਮੇਰੇ ਸੁਪਨੇ ਵਿਚ ਆਉਂਦਿਆਂ ਪੈਂਦੀ ਸੱਟੇ ਹੀ ਮੈਨੂੰ ਕਿਹਾ: ਮੈਂ ਤੈਨੂੰ ਕਿਸ ਨਾਮ ਨਾਲ ਪੁਕਾਰਾਂ? ਮਿਸਟਰ ਵਾਈਸ ਚਾਂਸਲਰ ਸਾਹਿਬ, ਬੀ. ਐਸ. ਘੁੰਮਣ ਜਾਂ ਫਿਰ ਸਰਦਾਰ ਭੂਰਾ ਸਿੰਘ ਜੀ ਜਾਂ ਮੇਰੇ ਪਿਆਰੇ ਬੱਚੇ। ਲੰਮੇ ਹਉਕੇ ਮਗਰੋਂ ਉਹਨੇ ਮੈਨੂੰ ਪੁੱਤ ਕਹਿਣਾ ਸ਼ੁਰੂ ਕਰ ਦਿੱਤਾ। ਉਸ ਕਿਹਾ, ਮੈਨੂੰ ਉਹ ਘਟਨਾ ਯਾਦ ਹੈ, ਜਦੋਂ ਤੂੰ ਚੌਥੀ ਜਮਾਤ ਵਿਚ ਪੜ੍ਹਦਾ ਸੀ ਅਤੇ ਸਰਦੀ ਦੇ ਇਕ ਦਿਨ ਨਮ ਅੱਖਾਂ ਨਾਲ ਮੇਰੀ ਗੋਦੀ 'ਚ ਆਣ ਵੜਿਆ ਸੀ। ਮੇਰੇ ਪੁੱਛਣ 'ਤੇ ਤੂੰ ਹਉਕੇ ਲੈਂਦਿਆਂ ਦੱਸਿਆ ਸੀ ਕਿ ਤੇਰੇ ਘਰਦਿਆਂ ਨੇ ਤੇਰੀ ਭੈਣ ਨੂੰ ਸਕੂਲੋਂ ਹਟਾਉਣ ਦਾ ਫੈਸਲਾ ਕਰ ਲਿਆ ਹੈ। ਮੈਨੂੰ ਯਾਦ ਹੈ, ਤੇਰਾ ਤੇ ਤੇਰੀ ਭੈਣ ਦਾ ਅੰਤਾਂ ਦਾ ਮੋਹ ਸੀ ਅਤੇ ਕਿਵੇਂ ਉਹ ਪੋਹ-ਮਾਘ ਦੀ ਧੁੰਦ ਵਿਚ ਵੀ ਤੈਨੂੰ ਸਾਈਕਲ ਪਿੱਛੇ ਬਿਠਾ ਕੇ ਸਮੇਂ ਸਿਰ ਸਕੂਲ ਲੈ ਵੜਦੀ ਸੀ। ਅੱਧੀ ਛੁੱਟੀ ਦੀ ਘੰਟੀ ਵੱਜਦਿਆਂ ਹੀ ਕਿਵੇਂ ਤੂੰ ਖੇਡਣ ਦੀ ਜ਼ਿੱਦ ਕਰਦਾ ਗਰਾਊਂਡ ਵੱਲ ਭੱਜਦਾ, ਤੇ ਕਿਵੇਂ ਉਹ ਰੋਟੀ ਦੀ ਬੁਰਕੀ ਲੈ ਕੇ ਤੇਰੇ ਮਗਰ ਮਗਰ ਦੌੜਦੀ।

ਇਕ ਦਿਨ ਅਚਾਨਕ ਜਦੋਂ ਭੈਣ ਨੇ ਸਕੂਲ ਆਉਣਾ ਬੰਦ ਕਰ ਦਿੱਤਾ ਤਾਂ ਤੂੰ ਮੈਨੂੰ ਆਪਣੀ ਉਮਰ ਤੋਂ ਕਿੰਨਾ ਵੱਡਾ ਸਵਾਲ ਪੁੱਛ ਕੇ ਹੈਰਾਨ ਕਰ ਦਿੱਤਾ ਸੀ: ਲੋਕ ਕੁੜੀਆਂ ਨੂੰ ਅੱਗੇ ਕਿਉਂ ਨਹੀਂ ਪੜ੍ਹਾਉਂਦੇ ਅਤੇ ਮੁੰਡੇ-ਕੁੜੀ ਵਿਚ ਫਰਕ ਕਿਉਂ ਸਮਝਦੇ ਹਨ? ਉਹ ਭੈਣ ਨੂੰ ਗੱਲ ਗੱਲ ਉਤੇ ਕਿਉਂ ਟੋਕਦੇ ਹਨ? ਤੂੰ ਆਪਣੀ ਇਹ ਇੱਛਾ ਵੀ ਦੱਸੀ ਸੀ ਹੈ ਕਿ ਤੇਰੀ ਭੈਣ ਤੇਰੇ ਵਾਂਗ ਸਕੂਲ ਆਵੇ ਅਤੇ ਹੋਰ ਪੜ੍ਹਾਈ ਕਰੇ ਪਰ ਮਾਂ-ਬਾਪ ਤੇਰੀ ਗੱਲ ਨੂੰ ਟਾਲਦਿਆਂ ਆਪਣੀਆਂ ਮਜਬੂਰੀਆਂ ਦੱਸਣ ਲੱਗ ਪਏ ਸਨ। ਤੇਰੇ ਦਿਲ ਨੂੰ ਲੱਗਦਾ ਕਿ ਗੱਲ ਕੁਝ ਹੋਰ ਸੀ। ਤੂੰ ਆਪਣੇ ਦਾਦੇ-ਦਾਦੀ ਨੂੰ ਗੱਲਾਂ ਕਰਦੇ ਸੁਣਿਆ ਸੀ, "ਜ਼ਮਾਨਾ ਠੀਕ ਨਹੀਂ, ਇਹ ਕੁੜੀ ਹੁੰਦੜ-ਹੇਲ ਹੋ ਗਈ ਐ।" ਅੰਤ ਸਕੂਲ ਵੱਲ ਜਾਂਦੇ ਕੱਚੇ ਰਾਹ ਦਾ ਬਹਾਨਾ ਲਾਉਂਦਿਆਂ ਉਨ੍ਹਾਂ ਕਹਿ ਦਿੱਤਾ ਸੀ, "ਅੱਠ ਜਮਾਤਾਂ ਚਿੱਠੀ-ਪੱਤਰ ਲਈ ਬਹੁਤ ਨੇ, ਇਹਨੇ ਹੋਰ ਪੜ੍ਹ ਕੇ ਕੀ ਲੈਣਾ? ਹੁਣ ਇਹ ਦਰੀਆਂ ਬੁਣੇ, ਚਾਦਰਾਂ ਕੱਢੇ ਤੇ ਘਰ ਦਾ ਕੰਮ ਸਿੱਖ ਕੇ ਅਗਲੇ ਘਰ ਜਾਣ ਦੀ ਸੋਚੇ...।"

ਇਸ ਬਾਬਤ ਜਦੋਂ ਤੂੰ ਮੈਨੂੰ ਪੁੱਛਣ ਲੱਗਾ ਕਿ ਇਸ ਦਾ ਹੱਲ ਕੀ ਹੈ, ਤਾਂ ਮੈਂ ਕਿਹਾ ਸੀ: ਕਦੇ ਨਾਨਕੇ ਜਾਣ ਲਈ ਜ਼ਿੱਦ ਕੀਤੀ ਹੈ? ਤੂੰ ਯਕਦਮ ਬੋਲਿਆ ਸੀ, "ਹਾਂ...ਹਾਂ...ਮੈਡਮ ਜੀ, ਮੈਂ ਘਰਦਿਆਂ ਨਾਲ ਰੁੱਸ ਜਾਂਦਾ ਹਾਂ, ਤੇ ਜੇ ਉਹ ਫਿਰ ਵੀ ਨਹੀਂ ਮੰਨਦੇ ਤਾਂ ਮੈਂ ਰੋਟੀ ਖਾਣੀ ਛੱਡ ਦਿੰਦਾ ਹਾਂ।" ਮੈਂ ਤੈਨੂੰ ਕਿਹਾ ਸੀ, ਇਸ ਵਾਰ ਇਸ ਦੇ ਨਾਲ ਇਕ ਢੰਗ ਹੋਰ ਜੋੜ ਲਈਂ, 'ਜੇ ਭੈਣ ਸਕੂਲ ਨਹੀਂ ਜਾਂਦੀ, ਤਾਂ ਮੈਂ ਵੀ ਨਹੀਂ ਜਾਵਾਂਗਾ।' ਮੈਨੂੰ ਯਾਦ ਹੈ, ਤੂੰ ਆਪਣੇ ਘਰ ਹਫਤੇ ਭਰ ਲਈ ਕੁੱਟ ਖਾਧੀ, ਝਿੜਕਾਂ ਸਹੀਆਂ ਅਤੇ ਕਈ ਤਰ੍ਹਾਂ ਦੇ ਲਾਲਚਾਂ ਨੂੰ ਠੋਕਰ ਮਾਰ ਆਪਣੀ ਗੱਲ ਉਤੇ ਡਟਿਆ ਰਿਹਾ। ਅੰਤ ਤੇਰੀ ਜਿੱਤ ਹੋਈ ਅਤੇ ਇਕ ਵਾਰ ਫਿਰ ਤੂੰ ਆਪਣੇ ਬਾਪੂ ਅਤੇ ਭੈਣ ਨਾਲ ਸਕੂਲ ਦੇ ਗੇਟ ਅੰਦਰ ਆ ਵੜਿਆ। ਤੇਰੀ ਇਸ ਲੜਾਈ ਨੇ ਤੇਰੇ ਘਰ ਵਿਚ ਹੀ ਨਹੀਂ ਸਗੋਂ ਸਾਰੇ ਪਿੰਡ ਵਿਚ ਕੁੜੀਆਂ ਪੜ੍ਹਾਉਣ ਦੀ ਲਹਿਰ ਖੜ੍ਹੀ ਕਰ ਦਿੱਤੀ।

ਆਖਿਰ ਤੇਰੇ ਘਰਦਿਆਂ ਨੇ ਇਲਾਕੇ ਦੇ ਹੋਰ ਪਰਿਵਾਰਾਂ ਨਾਲ ਗੱਲਬਾਤ ਕਰਕੇ ਪਿੰਡ ਦੀਆਂ ਸਾਰੀਆਂ ਕੁੜੀਆਂ ਲਈ ਸਾਂਝੇ ਤੌਰ 'ਤੇ ਗੱਡੇ ਦਾ ਪ੍ਰਬੰਧ ਕਰਵਾਇਆ ਸੀ। ਸਾਰੇ ਪਾਸੇ ਨਵੀਂ ਤਰ੍ਹਾਂ ਦਾ ਮਾਹੌਲ ਬੱਝ ਗਿਆ। ਤੇਰੀ ਛੋਟੀ ਉਮਰ ਦੀ ਉਸ ਵੱਡੀ ਜਿੱਤ ਨੇ ਲੋਕਾਂ ਦੀ ਸੋਚ ਹੀ ਬਦਲ ਕੇ ਰੱਖ ਦਿੱਤੀ। ਇੰਜ ਕੁੜੀਆਂ ਲਈ ਡਰ ਅਤੇ ਸਹਿਮ ਦਾ ਵਾਤਾਵਰਣ ਖੰਭ ਲਾ ਕੇ ਉਡ ਗਿਆ ਤੇ ਸਕੂਲ ਸਮੇਂ ਤੋਂ ਬਾਅਦ ਵੀ ਕੁੜੀਆਂ ਤੇ ਮੁੰਡਿਆਂ ਦੇ ਹਾਕੀ ਦੇ ਮੈਚ ਹੋਣੇ ਸ਼ੁਰੂ ਹੋ ਗਏ। ਭੱਜੀ ਜਾਂਦੀ ਗੇਂਦ ਉਤੇ ਜਦੋਂ ਕੋਈ ਕੁੜੀ ਪੂਰੇ ਜ਼ੋਰ ਦੀ ਹਿੱਟ ਮਾਰਦੀ ਤਾਂ ਗੇਂਦ ਗੋਲਚੀ ਦੇ ਪਾਸਿਓਂ ਦੀ ਲੰਘ ਕੇ ਸਿੱਧਾ ਗੋਲ ਪੋਸਟ 'ਤੇ ਜਾ ਵੱਜਦੀ: ਫਿਰ ਚੀਕਾਂ ਵੱਜਦੀਆਂ ਤੇ ਤਾੜੀਆਂ ਦੀ ਗੂੰਜ ਅੰਬਰ ਨੂੰ ਜਾ ਟਕਰਾਉਂਦੀ। ਜਦੋਂ ਕੋਈ ਟੂਰਨਾਮੈਂਟ ਹੁੰਦਾ, ਕੁੜੀਆਂ-ਮੁੰਡੇ ਦੇਰ ਰਾਤ ਤੱਕ ਘਰ ਪਹੁੰਚਦੇ; ਤੈਨੂੰ ਯਾਦ ਹੋਣੈ, ਜਦੋਂ ਤੇਰੀ ਭੈਣ ਹਾਕੀ ਦਾ ਨੈਸ਼ਨਲ ਮੈਡਲ ਜਿੱਤ ਕੇ ਆਈ ਤਾਂ ਸਾਰੀ ਰਾਤ ਪਿੰਡ ਵਿਚ ਵਿਆਹ ਵਾਲਾ ਮਾਹੌਲ ਬਣਿਆ ਰਿਹਾ ਸੀ।

ਹੁਣ ਮੈਂ ਕੀ ਦੇਖ ਰਹੀ ਹਾਂ...ਤੇਰੀ ਆਪਣੀ, ਸਮਾਜ ਦੀ ਸਭ ਤੋਂ ਸਤਿਕਾਰਤ ਸੰਸਥਾ, ਜਿਸ ਨੇ ਸਮਾਜ ਨੂੰ ਸਭਿਆਚਾਰਕ ਤੇ ਸਿਆਸੀ ਅਗਵਾਈ ਦੇਣੀ ਹੁੰਦੀ ਹੈ, ਵਿਚ ਲੜਕੀਆਂ ਨੂੰ ਸੁਰੱਖਿਆ ਦੇ ਨਾਂ 'ਤੇ ਕੈਦੀਆਂ ਵਾਂਗ ਜੇਲ੍ਹਾਂ ਰੂਪੀ ਹੋਸਟਲਾਂ ਵਿਚ ਰੱਖਿਆ ਜਾ ਰਿਹਾ ਹੈ। ਜਿਨ੍ਹਾਂ ਕਮਰਿਆਂ ਵਿਚ ਇਕ ਲੜਕੀ ਦੇ ਰਹਿਣ ਦੀ ਜਗ੍ਹਾ ਹੈ, ਉਥੇ ਤਿੰਨ ਤਿੰਨ ਨੂੰ ਤਾੜਿਆ ਹੋਇਆ ਹੈ। ਹੁਣ ਜਦੋਂ ਇਸ ਵਿਤਕਰੇ ਦਾ ਵਿਰੋਧ ਕਰਦੀਆਂ ਆਜ਼ਾਦ ਖਿਆਲ ਵਿਦਿਆਰਥਣਾਂ ਭੁੱਖੀਆਂ-ਤਿਹਾਈਆਂ ਮੀਂਹ ਹਨੇਰੀ ਝੱਲਦੀਆਂ ਖੁੱਲ੍ਹੇ ਅਸਮਾਨ ਹੇਠ ਰਾਤਾਂ ਕੱਟ ਰਹੀਆਂ ਹਨ, ਤਾਂ ਤੇਰੇ ਹਿਰਦੇ 'ਤੇ ਉਨ੍ਹਾਂ ਦੀ ਚੀਕ-ਪੁਕਾਰ ਦਾ ਕੋਈ ਅਸਰ ਕਿਉਂ ਨਹੀਂ ਹੋ ਰਿਹਾ!

ਤੇਰੀ ਸਭ ਤੋਂ ਪਿਆਰੀ ਅਧਿਆਪਕਾ ਹੋਣ ਦੇ ਨਾਂ 'ਤੇ ਮੈਂ ਸੋਚਣ ਲੱਗਦੀ ਹਾਂ ਕਿ ਤੂੰ ਅਜਿਹਾ ਤਾਂ ਨਹੀਂ ਸੀ। ਤੂੰ ਉਦੋਂ ਲੜਿਆ ਸੀ, ਜਦੋਂ ਤੇਰੇ ਕੋਲ ਕਿਸੇ ਤਰ੍ਹਾਂ ਦੀ ਪ੍ਰਭੁਤਾ ਨਹੀਂ ਸੀ; ਹੁਣ ਤੂੰ ਘਰ ਰੂਪੀ ਇਸ ਸੰਸਥਾ ਦਾ ਕਰਤਾ-ਧਰਤਾ ਹੈਂ। ਤੇਰੇ ਕੋਲ ਅਥਾਹ ਤਾਕਤ ਹੈ, ਤੈਥੋਂ ਬਿਨਾ ਯੂਨੀਵਰਸਿਟੀ ਵਿਚ ਪੱਤਾ ਨਹੀਂ ਹਿੱਲ ਸਕਦਾ; ਪਰ ਹੈਰਾਨ ਹਾਂ ਕਿ ਤੂੰ ਉਹ ਕੁਝ ਕਿਉਂ ਨਹੀਂ ਕਰ ਰਿਹਾ ਜੋ ਤੈਨੂੰ ਕਰਨਾ ਚਾਹੀਦਾ ਹੈ। ਮੈਨੂੰ ਲੱਗਦਾ ਹੈ ਕਿ ਜਦੋਂ ਤੂੰ ਛੋਟਾ ਬੱਚਾ ਸੀ, ਉਦੋਂ ਤੇਰੇ ਕੋਲ ਦੁਨੀਆਂ ਦੀ ਸਭ ਤੋਂ ਵਡਮੁੱਲੀ ਤਾਕਤ ਮਾਸੂਮੀਅਤ ਅਤੇ ਜੋਸ਼ ਸੀ। ਜਾਂ ਇਹ ਕਹਿ ਲਓ ਕਿ ਤੂੰ ਉਸ ਸਮੇਂ ਜੋੜ-ਘਟਾ ਜਾਂ ਨਫਾ-ਨੁਕਸਾਨ ਦੇ ਚੱਕਰਵਿਊ ਤੋਂ ਮੁਕਤ ਸੀ।

ਮੇਰੀ ਅਧਿਆਪਕਾ ਨੇ ਅਜੇ ਕਿਹਾ ਹੀ ਸੀ ਕਿ ਉਸ ਦੀ ਤਮੰਨਾ ਹੈ ਕਿ ਮੇਰਾ ਵਿਦਿਆਰਥੀ ਉਸ ਮਾਸੂਮੀਅਤ ਅਤੇ ਜੋਸ਼ ਨੂੰ ਮੁੜ ਜੀਵਤ ਕਰੇ; ਅਚਾਨਕ ਮੇਰੀ ਅੱਖ ਖੁੱਲ੍ਹ ਗਈ।

ਵਿਦਿਆਰਥੀਓ, ਬਿਸਤਰ 'ਤੇ ਲੇਟਿਆਂ ਮੈਂ ਲੈਂਪ ਦੀ ਮੱਧਮ ਰੌਸ਼ਨੀ ਵਿਚ ਆਪਣੀ ਘੜੀ ਵੱਲ ਨਜ਼ਰ ਮਾਰੀ ਤਾਂ ਰਾਤ ਦੇ ਦੋ ਵੱਜ ਚੁਕੇ ਸਨ ਤੇ ਅਗਲਾ ਦਿਨ, ਭਾਵ ਚੌਵੀ ਸਤੰਬਰ ਚੜ੍ਹ ਚੁਕਾ ਸੀ। ਉਠ ਖੜ੍ਹਾ ਹੋ ਮੈਂ ਤਾਕੀ ਦੇ ਪਰਦੇ ਨੂੰ ਪਰ੍ਹੇ ਕੀਤਾ, ਤਾਂ ਸਾਹਮਣੇ ਸੋਲਾਂ-ਸਤਾਰਾਂ ਘੰਟਿਆਂ ਤੋਂ ਹੋ ਰਹੀ ਬਾਰਸ਼ ਰੁਕਣ ਦਾ ਨਾਂ ਨਹੀਂ ਸੀ ਲੈ ਰਹੀ। ਯੂਨੀਵਰਸਿਟੀ ਦੇ ਦਰਖਤਾਂ ਦੇ ਟੁੱਟੇ ਟਾਹਣੇ ਬਿਜਲੀ ਲਿਸ਼ਕਣ ਨਾਲ ਸੜਕਾਂ 'ਤੇ ਪਏ ਸਾਫ ਦਿਸ ਰਹੇ ਸਨ। ਬਾਰਸ਼ ਹੋਰ ਤੇਜ਼ ਹੋ ਰਹੀ ਸੀ, ਜਿਵੇਂ ਮੌਸਮ ਵਿਭਾਗ ਦੀ ਹੜ੍ਹ ਦੇ ਖਤਰੇ ਦੀ ਚਿਤਾਵਨੀ ਨੂੰ ਸਹੀ ਕਰਨ ਦਾ ਇਰਾਦਾ ਧਾਰ ਚੁਕੀ ਹੋਵੇ। ਤਾਕੀ 'ਚੋਂ ਸਾਹਮਣੇ ਹਵਾ ਅਤੇ ਬਾਰਸ਼ ਨਾਲ ਝੰਬੇ ਦਰਖਤਾਂ ਵੱਲ ਟਿਕਟਿਕੀ ਲਾ ਕੇ ਦੇਖਣ ਪਿਛੋਂ ਸਾਰੀ ਯੂਨੀਵਰਸਿਟੀ ਦਾ ਦ੍ਰਿਸ਼ ਮੇਰੀਆਂ ਅੱਖਾਂ ਅੱਗੇ ਆ ਗਿਆ, ਤੇ ਇਸ ਭਿਆਨਕ ਰਾਤ ਵਿਚ ਗੁਰੂ ਤੇਗ ਬਹਾਦਰ ਹਾਲ ਦੇ ਸਾਹਮਣੇ ਬੈਠੀਆਂ ਵਿਦਿਆਰਥਣਾਂ ਮੇਰੇ ਅੱਗੇ ਆਣ ਖਲੋਤੀਆਂ। ਇਸ ਭਿਆਨਕ ਮਾਹੌਲ ਵਿਚ ਵੀ ਉਨ੍ਹਾਂ ਦੇ ਚਿਹਰੇ ਚਮਕ ਰਹੇ ਸਨ। ਚਿਹਰੇ ਬੜੇ ਜਾਣੇ-ਪਛਾਣੇ ਲੱਗ ਰਹੇ ਸਨ, ਜਿਨ੍ਹਾਂ ਨੂੰ ਮੈਂ ਲਾਇਬਰੇਰੀ ਦੇ ਰੀਡਿੰਗ ਹਾਲ ਵਿਚ ਕਿਤਾਬਾਂ ਪੜ੍ਹਦਿਆਂ, ਗੋਲ ਮਾਰਕਿਟ ਵਿਚ ਹੱਸਦੇ-ਖੇਡਦਿਆਂ ਜਾਂ ਯੂਨੀਵਰਸਿਟੀ ਗਰਾਊਂਡ ਵਿਚ ਕੰਨਾਂ 'ਚ ਹੈਡਫੋਨ ਲਾ ਮੁੜ੍ਹਕੋ-ਮੁੜ੍ਹਕੀ ਹੁੰਦੇ ਦੇਖ ਚੁਕਾ ਸਾਂ। ਠੰਢੀ ਰਾਤ ਦੇ ਬਾਵਜੂਦ ਇਨ੍ਹਾਂ ਚਿਹਰਿਆਂ ਉਤੇ ਜੋਸ਼ ਦੀ ਕਮੀ ਨਹੀਂ ਸੀ। ਇੰਜ ਲੱਗਾ, ਜਿਵੇਂ ਸਭ ਚਿਹਰੇ ਕਿਸੇ ਇਕ ਚਿਹਰੇ ਦਾ ਰੂਪ ਧਾਰ ਰਹੇ ਹੋਣ, ਤੇ ਇਹ ਚਿਹਰਾ ਮੇਰੀਆਂ ਅੱਖਾਂ 'ਚ ਅੱਖਾਂ ਪਾ ਕੇ ਕਹਿ ਰਿਹਾ ਹੋਵੇ: ਮੈਂ ਔਰਤ ਅਤੇ ਉਸ ਦਾ ਇਤਿਹਾਸ ਹਾਂ, ਆਪਣਾ ਅਤੀਤ ਦੱਸਣ ਆਇਆ ਹਾਂ।

ਤਵਾਰੀਖ ਦੇ ਲੰਮੇ ਦੌਰ ਵਿਚ ਸਮਾਜ ਨੇ ਮਨੁੱਖ ਦੀ ਆਜ਼ਾਦ ਜ਼ਿੰਦਗੀ ਜਿਉਣ ਦੀ ਤਾਂਘ ਦੁਆਲੇ ਅਖੌਤੀ ਸੱਭਿਆਚਾਰ ਅਤੇ ਭੈਅ ਦੀ ਕੰਧ ਉਸਾਰ ਦਿੱਤੀ, ਜਿਸ ਨਾਲ ਔਰਤ ਤੇ ਮਰਦ ਲਈ ਵੱਖਰੇ ਦਾਇਰੇ ਮਿਥ ਦਿੱਤੇ ਗਏ। ਧਾਰਮਿਕ, ਸਿਆਸੀ ਅਤੇ ਆਰਥਿਕ ਵਿਚਾਰਧਾਰਾਵਾਂ ਨੇ ਇਨ੍ਹਾਂ ਅਖੌਤੀ ਦਾਇਰਿਆਂ ਨੂੰ ਰੱਬੀ ਹਕੀਕਤ ਦਾ ਨਾਂ ਦੇ ਕੇ ਇਸ ਨੂੰ ਸਦੀਵੀ ਸੱਚ ਬਣਾ ਦਿੱਤਾ। ਇਉਂ ਔਰਤ ਦੀ ਗੁਲਾਮੀ ਸ਼ੁਰੂ ਹੋ ਗਈ। ਮਨੁੱਖ ਨੇ ਇਕ ਪਾਸੇ ਭਾਵੇਂ ਬਹੁਤ ਤਰੱਕੀ ਵੀ ਕੀਤੀ, ਦੂਜੇ ਪਾਸੇ ਔਰਤ ਨੂੰ ਜੰਮਦਿਆਂ ਹੀ ਮਾਰਨਾ ਸ਼ੁਰੂ ਕਰ ਦਿੱਤਾ ਗਿਆ। ਹੁਣ ਜਦੋਂ ਅਸੀਂ ਇਕੀਵੀਂ ਸਦੀ ਵਿਚ ਜੀਅ ਰਹੇ ਹਾਂ, ਜਿਸ ਵਿਚ ਦਿਨ-ਰਾਤ ਦਾ ਕੋਈ ਫਰਕ ਨਹੀਂ ਅਤੇ ਪੂਰੀ ਦੁਨੀਆਂ ਸਿਮਟ ਕੇ ਮੁੱਠੀ ਵਿਚ ਆ ਚੁਕੀ ਹੈ, ਤਾਂ ਲੜਕੀਆਂ ਦੇ ਜਨਮ 'ਤੇ ਖੁਸ਼ੀ ਤਾਂ ਕੀ ਹੋਣੀ, ਉਨ੍ਹਾਂ ਨੂੰ ਕੁੱਖ ਵਿਚ ਹੀ ਮਾਰ ਦਿੱਤਾ ਜਾਂਦਾ ਹੈ। ਖੁਸ਼ਕਿਸਮਤੀ ਨੂੰ ਜੋ ਬਚ ਜਾਂਦੀਆਂ ਹਨ, ਉਨ੍ਹਾਂ ਨੂੰ ਸਮਾਜ ਅੱਗੇ ਨਹੀਂ ਵਧਣ ਦਿੰਦਾ ਤੇ ਬਹੁ-ਗਿਣਤੀ ਕੁੜੀਆਂ ਹੋਸ਼ ਸੰਭਾਲਣ ਤੋਂ ਪਹਿਲਾਂ ਹੀ ਵਿਆਹ ਦੇ ਗੇੜ ਵਿਚ ਪਾ ਦਿੱਤੀਆਂ ਜਾਂਦੀਆਂ ਹਨ। ਬਹੁਤ ਘੱਟ ਗਿਣਤੀ ਵਿਚ ਲੜਕੀਆਂ ਸਕੂਲਾਂ-ਕਾਲਜਾਂ ਤੱਕ ਪਹੁੰਚਦੀਆਂ ਹਨ, ਯੂਨੀਵਰਸਿਟੀ ਪੱਧਰ ਉਤੇ ਇਹ ਗਿਣਤੀ ਹੋਰ ਵੀ ਘਟ ਜਾਂਦੀ ਹੈ।



*ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਵਿਦਿਆਰਥੀਆਂ ਦੇ ਘੋਲ ਦੀ ਝਲਕ।*



*ਪੰਜਾਬੀ ਯੂਨੀਵਰਸਿਟੀ ਪਟਿਆਲਾ।*

ਬਤੌਰ ਮਾਡਲ, ਯੂਨੀਵਰਸਿਟੀ ਤੋਂ ਸਮਾਜ ਦੇ ਬਿਹਤਰ ਭਵਿਖ ਦੇ ਨਕਸ਼ ਤਰਾਸ਼ੇ ਜਾਣ ਦੀ ਤਵੱਕੋ ਕੀਤੀ ਜਾਂਦੀ ਹੈ। ਇਕ ਅਜਿਹਾ ਭਵਿਖ ਜਿਸ ਵਿਚ ਲਿੰਗ, ਜਾਤ, ਧਰਮ, ਨਸਲ ਅਤੇ ਰੰਗ ਦੇ ਆਧਾਰ 'ਤੇ ਕੋਈ ਵਿਤਕਰਾ ਨਾ ਹੋਵੇ ਪਰ ਅਫਸੋਸ! ਇਥੇ ਵੀ ਵਿਤਕਰਾ ਖਹਿੜਾ ਨਹੀਂ ਛੱਡਦਾ। ਅਖੌਤੀ ਸੁਰੱਖਿਆ ਦੇ ਨਾਂ 'ਤੇ ਸਾਨੂੰ ਹੋਸਟਲਾਂ ਅੰਦਰ ਡੱਕ ਦਿੱਤਾ ਜਾਂਦਾ ਹੈ। ਔਰਤ ਇਥੇ ਵੀ ਆਜ਼ਾਦ ਜ਼ਿੰਦਗੀ ਦਾ ਤਸੱਵਰ ਨਹੀਂ ਕਰ ਸਕਦੀ। ਤੁਹਾਨੂੰ ਮੇਰੀ ਗੁਜ਼ਾਰਿਸ਼ ਹੈ ਕਿ ਤੁਸੀਂ ਪੂਰੀ ਧਰਤੀ ਉਪਰ ਕੋਈ ਕੋਨਾ ਤਾਂ ਅਜਿਹਾ ਸਿਰਜਣ ਦਾ ਹੌਸਲਾ ਕਰੋ, ਜਿਥੇ ਅਸੀਂ ਕੁਝ ਦਿਨਾਂ ਲਈ ਹੀ ਸਹੀ, ਆਜ਼ਾਦ ਫਿਜ਼ਾ ਵਿਚ ਸਾਹ ਲੈ ਸਕੀਏ ਅਤੇ ਆਪਣੇ ਇਸ ਅਨੁਭਵ ਨੂੰ ਸਮੁੱਚੇ ਸਮਾਜ ਨਾਲ ਸਾਂਝਾ ਕਰ ਸਕੀਏ।

ਮੈਂ ਇਨ੍ਹਾਂ ਦੋਹਾਂ ਸੁਪਨਿਆਂ ਬਾਰੇ ਵਾਰ ਵਾਰ ਸੋਚਿਆ ਤੇ ਘੋਖਣਾ ਸ਼ੁਰੂ ਕੀਤਾ ਕਿ ਸੁਰੱਖਿਆ ਦੇ ਨਾਂ 'ਤੇ ਤਾਲਾਬੰਦੀ ਦਾ ਕੀ ਮਤਲਬ ਹੈ? ਮੈਨੂੰ ਇਨ੍ਹਾਂ ਸੁਪਨਿਆਂ ਵਿਚ ਕਹੀਆਂ ਗੱਲਾਂ ਸੱਚ ਦੇ ਜ਼ਿਆਦਾ ਨੇੜੇ ਲੱਗੀਆਂ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸੁਰੱਖਿਆ ਦੇ ਨਾਂ ਉਤੇ ਅਸੀਂ ਲੜਕੀਆਂ ਨੂੰ ਅੰਦਰ ਤਾੜਨ ਦੀ ਜਿੰਨੀ ਜੁਰਅਤ ਕਰਦੇ ਹਾਂ, ਬਸ ਉਸ ਤੋਂ ਥੋੜ੍ਹੇ ਜਿਹੇ ਵੱਧ ਹੌਸਲੇ ਦੀ ਲੋੜ ਹੈ ਜਿਸ ਨਾਲ ਤੁਸੀਂ ਸਾਰੇ ਅੱਜ ਤੋਂ ਬਾਅਦ ਲੜਕਾ ਜਾਂ ਲੜਕੀ ਨਾ ਹੋ ਕੇ ਬਤੌਰ ਵਿਦਿਆਰਥੀ ਹੋ ਸਕੋ।

ਇਤਿਹਾਸ ਵਿਚ ਇਹ ਪਹਿਲਾ ਮੌਕਾ ਨਹੀਂ ਹੋਵੇਗਾ, ਜਦੋਂ ਮਨੁੱਖ ਜਾਤੀ ਨੇ ਵਿਤਕਰਾ ਖਤਮ ਕਰਨ ਲਈ ਹੌਸਲੇ ਤੇ ਨਿਡਰਤਾ ਭਰਿਆ ਕਦਮ ਚੁੱਕਿਆ ਹੋਵੇਗਾ; ਮਸਲਨ ਔਰਤ ਦਾ ਵੋਟ ਦਾ ਹੱਕ ਜਾਂ ਘਰੋਂ ਬਾਹਰ ਦਿਨ ਜਾਂ ਰਾਤ ਨੂੰ ਕੰਮ ਕਰਨ ਦੀ ਆਜ਼ਾਦੀ ਸਮੇਂ ਵੀ ਅਜਿਹੇ ਹੌਸਲੇ ਦੀ ਲੋੜ ਪਈ ਹੋਵੇਗੀ। ਸੋ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸਮਾਂ ਅਤੇ ਹਾਲਾਤ ਸਾਨੂੰ ਇਤਿਹਾਸ



*ਕੈਲੀਫੋਰਨੀਆ (ਅਮਰੀਕਾ) ਵਿਚ ਖੜ੍ਹੇ ਰੈਡਵੁੱਡ।*

*(ਬਾਕੀ ਅਗਲੇ ਸਫੇ 'ਤੇ)*

# ਦਲਿਤ ਦਾ ਦਰਦ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਪ੍ਰਾਇਮਰੀ ਸਕੂਲ ਵਿਚ ਅਖੌਤੀ ਨੀਚ ਜਾਤੀ ਦੇ ਮੁੰਡਿਆਂ ਨੂੰ ਸਟਾਈਪੈਂਡ ਦੇਣ ਲਈ ਅਕਸਰ ਅਧਿਆਪਕ ਕਲਾਸ ਵਿਚ ਆ ਕੇ ਬੋਲਿਆ ਕਰਦਾ ਸੀ, 'ਸ਼ਡੂਲ ਕਾਸਟ ਹੱਥ ਖੜ੍ਹੇ ਕਰੋ ਬਈ।' ਇਸ ਸ਼ਬਦ ਨਾਲ ਮੇਰੀ ਸਾਂਝ ਉਦੋਂ ਪਈ ਸੀ। ਬੜੇ ਚਿਰ ਤੋਂ ਅਸੀਂ ਕਥਿਤ ਨਿਮਨਜਾਤੀ ਦੇ ਲੋਕਾਂ ਲਈ ਅੰਗਰੇਜ਼ੀ ਦਾ 'ਸ਼ਡੂਲਡ ਕਾਸਟ' ਪਦ ਵਰਤਦੇ ਆ ਰਹੇ ਹਾਂ। ਇਸ ਦਾ ਪੰਜਾਬੀ ਰੁਪਾਂਤਰ 'ਸ਼ਡੂਲਕਾਸਟ' ਏਨਾ ਮੂੰਹ ਚੜ੍ਹ ਗਿਆ ਹੈ ਕਿ ਸ਼ਾਇਦ ਬਹੁਤ ਸਾਰੇ ਘੱਟ ਪੜ੍ਹਿਆਂ ਨੂੰ ਇਹ ਵੀ ਨਹੀਂ ਪਤਾ ਕਿ ਇਹ ਅੰਗਰੇਜ਼ੀ ਦੇ ਦੋ ਸ਼ਬਦਾਂ ਤੋਂ ਬਣਾਇਆ ਇਕ ਸੰਯੁਕਤ ਸ਼ਬਦ ਹੈ। ਅਮਰੀਕੀ ਅੰਗਰੇਜ਼ੀ ਵਿਚ ਬਰਤਾਨਵੀ/ਭਾਰਤੀ ਸ਼ਡੂਲ ਸ਼ਬਦ ਨੂੰ ਸਕੈਜੂਲ ਉਚਾਰਿਆ ਜਾਂਦਾ ਹੈ। ਮੈਨੂੰ ਕਈ ਵਾਰੀ ਹੈਰਾਨੀ ਹੁੰਦੀ ਹੈ ਕਿ ਅਮਰੀਕੀ ਬੋਲਬਾਲੇ ਦੇ ਇਸ ਦੌਰ ਵਿਚ ਜਦ ਭਾਰਤ ਵਿਚ ਅਮਰੀਕੀ ਅੰਗਰੇਜ਼ੀ ਦਾ ਪ੍ਰਚਲਨ ਹੋ ਰਿਹਾ ਹੈ ਤਾਂ ਕੀ ਇਸ ਪਦ ਨੂੰ ਹੁਣ 'ਸਕੈਜੂਲਡ ਕਾਸਟ' ਨਹੀਂ ਉਚਾਰਿਆ ਜਾਣਾ ਚਾਹੀਦਾ? ਜਾਂ ਕੀ ਅਮਰੀਕੀਆਂ ਨੂੰ ਵੀ ਨਹੀਂ ਚਾਹੀਦਾ ਕਿ ਉਹ ਇਸ ਰੂੜ ਹੋ ਚੁਕੇ ਸ਼ਬਦ ਨੂੰ ਸ਼ਡੂਲਕਾਸਟ ਹੀ ਉਚਾਰਨ?

ਅਸਲ ਵਿਚ ਕਥਿਤ ਅਛੂਤ ਜਾਤੀਆਂ ਲਈ 'ਸ਼ਡੂਲਡ ਕਾਸਟ' ਪਦ ਪਹਿਲੀ ਵਾਰ ਅੰਗਰੇਜ਼ੀ ਰਾਜ ਸਮੇਂ ਗੋਰੀ ਭਾਰਤ ਸਰਕਾਰ ਨੇ 1935 ਭਾਰਤ ਐਕਟ ਵਿਚ ਵਰਤਿਆ ਸੀ। ਬਾਅਦ ਵਿਚ 1950 ਦੌਰਾਨ ਹੋਂਦ ਵਿਚ ਆਏ ਭਾਰਤੀ ਸੰਵਿਧਾਨ ਵਿਚ ਅਛੂਤ ਜਾਤੀਆਂ ਦੀ ਇੱਕ ਵੱਖਰੀ ਸੂਚੀ ਬਣਾਈ ਗਈ। ਇਸੇ ਕਰਕੇ ਇਨ੍ਹਾਂ ਦਾ ਇਹ ਨਾਂ ਪਿਆ। ਇਸ ਦਾ ਸ਼ਾਬਦਿਕ ਅਨੁਵਾਦ 'ਅਨੁਸੂਚਿਤ ਜਾਤੀਆਂ' ਸਿਰਫ ਕਦੀ ਕਦਾਈਂ ਲਿਖਣ, ਪੜ੍ਹਨ, ਪ੍ਰਸਾਰਨ ਵਿਚ ਹੀ ਮਿਲਦਾ ਹੈ, ਆਮ ਬੋਲ-ਚਾਲ ਵਿਚ ਨਹੀਂ। ਇਨ੍ਹਾਂ ਜਾਤੀਆਂ ਨੂੰ ਪਹਿਲਾਂ ਸਮੂਹਕ ਤੌਰ 'ਤੇ ਡੀਪਰੈਸਡ ਕਲਾਸਿਜ਼ ਕਿਹਾ ਜਾਂਦਾ ਸੀ, ਜਿਸ ਦਾ ਪੰਜਾਬੀ ਅਨੁਵਾਦ ਆਮ ਤੌਰ 'ਤੇ 'ਦਬੀਆਂ-ਕੁਚਲੀਆਂ ਜਾਤਾਂ' ਕੀਤਾ ਜਾਂਦਾ ਹੈ। ਪੰਜਾਬੀ ਦਾ ਇਹ ਪਦ ਆਮ ਤੌਰ 'ਤੇ ਸਾਹਿਤ ਵਿਚ ਹੀ ਵਰਤਿਆ ਮਿਲਦਾ ਹੈ।

ਕਾਫੀ ਸਮੇਂ ਤੋਂ ਇਨ੍ਹਾਂ ਜਾਤੀਆਂ ਦੇ ਲੋਕ ਆਪਣੇ ਆਪ ਨੂੰ ਦਲਿਤ ਸਦਾਉਣ ਨੂੰ ਤਰਜੀਹ ਦੇਣ ਲੱਗ ਪਏ ਤਾਂ ਰਾਜ ਕਰਦੀਆਂ ਜਮਾਤਾਂ ਤੇ ਮੁੱਖ ਪਾਰਟੀਆਂ ਇਸ ਸ਼ਬਦ ਦੀ ਭਾਵਨਾ ਤੋਂ ਤ੍ਰਹਿਣ ਲੱਗ ਪਈਆਂ। ਪਿਛੇ ਜਿਹੇ ਕੇਂਦਰੀ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਨੇ ਮੀਡੀਆ ਨੂੰ ਸਲਾਹ ਦਿੱਤੀ ਕਿ ਉਹ ਇਸ ਸ਼ਬਦ ਨੂੰ ਵਰਤਣ ਤੋਂ ਪ੍ਰਹੇਜ਼ ਕਰਨ। ਦਲਿਤ ਇਕ ਤਰ੍ਹਾਂ ਨਾਲ ਅੰਗਰੇਜ਼ੀ ਡੀਪਰੈਸਡ ਦਾ ਕਾਫੀ ਢੁਕਵਾਂ ਅਨੁਵਾਦ ਹੈ। ਮੇਰੇ ਖਿਆਲ ਵਿਚ 'ਦੱਬੀਆਂ ਕੁਚਲੀਆਂ' ਹੋਰ ਵੀ ਵਧੇਰੇ ਢੁਕਵਾਂ ਹੈ ਪਰ ਮਸਲਾ ਇਕ ਸ਼ਬਦ ਨੂੰ ਸਾਰੇ ਭਾਰਤ, ਘੱਟੋ ਘੱਟ ਉਤਰੀ ਭਾਰਤ ਵਿਚ ਇਕ ਹੀ ਪ੍ਰਚਲਿਤ ਕਰਨ ਦਾ ਵੀ ਹੈ। ਦਲਿਤ ਸ਼ਬਦ ਤੋਂ ਇਸ ਦੀ ਛਤਰੀ ਹੇਠ ਆਉਂਦੇ ਜਨ ਸਮੁਦਾਇ ਵਿਚ ਸਮਾਜ ਵਿਚ ਦੱਬੇ ਕੁਚਲੇ ਹੋਣ ਦਾ ਅਹਿਸਾਸ ਅਤੇ ਉਚਾ ਉਠਣ ਦੀ ਭਾਵਨਾ ਪੈਦਾ ਹੁੰਦੀ ਹੈ।

ਮਹਾਤਮਾ ਗਾਂਧੀ ਹਰੀਜਨ ਸ਼ਬਦ ਵਰਤਣ ਲੱਗਾ ਤਾਂ ਡਾ. ਅੰਬੇਦਕਰ ਨੇ ਮੁਕਾਬਲੇ 'ਤੇ ਦਲਿਤ ਸ਼ਬਦ ਦੀ ਵਕਾਲਤ ਕੀਤੀ। ਦਲਿਤ ਸ਼ਬਦ ਪਹਿਲਾਂ ਪਹਿਲ ਉਨ੍ਹੀਵੀਂ ਸਦੀ ਦੇ ਅਖੀਰ ਵਿਚ ਵਧੇਰੇ ਕਰਕੇ ਮਰਾਠੀ ਵਿਚ ਹੀ ਵਰਤਿਆ ਜਾਣ ਲੱਗਾ। 1970 ਦੇ ਆਸ-ਪਾਸ ਮਹਾਰਾਸ਼ਟਰ ਦੇ ਖਾੜਕੂ ਦਲਿਤਾਂ ਨੇ ਇਸ ਸ਼ਬਦ ਦੀ ਵਰਤੋਂ 'ਤੇ ਜ਼ੋਰ ਦਿੱਤਾ। ਉਨ੍ਹਾਂ ਦਲਿਤ ਪੈਂਥਰ ਨਾਂ ਦੀ ਪਾਰਟੀ ਬਣਾਈ। ਇਸ ਦੇ ਮੈਨੀਫੈਸਟੋ ਵਿਚ ਦਲਿਤ ਦੀ ਪਰਿਭਾਸ਼ਾ ਅਧੀਨ ਸ਼ਡੂਲ ਕਾਸਟ, ਸ਼ਡੂਲ ਟਰਾਈਬ, ਨਵ-ਬੋਧੀ, ਕਿਰਤੀ ਕਾਮੇ, ਬੇਜ਼ਮੀਨੇ ਅਤੇ ਗਰੀਬ



ਕਿਸਾਨ, ਇਸਤਰੀਆਂ ਤੇ ਧਰਮ ਦੇ ਨਾਂ ਹੇਠ ਆਰਥਕ ਤੇ ਰਾਜਨੀਤਕ ਤੌਰ 'ਤੇ ਸ਼ੋਸ਼ਿਤ ਸਭ ਤਰ੍ਹਾਂ ਦੇ ਸਮੂਹ ਲੈ ਆਂਦੇ। ਇਸ ਤਰ੍ਹਾਂ ਦਲਿਤ ਸ਼ਬਦ ਦੇ ਅਰਥਾਂ ਦਾ ਘੇਰਾ ਵਿਸ਼ਾਲ ਹੋ ਗਿਆ।

ਮਰਾਠੀ ਤੋਂ ਸ਼ੁਰੂ ਹੋਏ ਦਲਿਤ ਸਾਹਿਤ ਦਾ ਜ਼ਿਕਰ ਹਰ ਭਾਸ਼ਾ ਵਿਚ ਹੋਣ ਲੱਗਾ। ਹਰੀਜਨ ਸ਼ਬਦ ਵਿਚ ਹਮਦਰਦੀ ਜਾਂ ਤਰਸ ਦੀ ਬੋਅ ਆਉਂਦੀ ਹੈ ਪਰ ਇਸ ਸ਼ਬਦ ਦੀ ਵਕਾਲਤ ਕਰਨ ਵਾਲੇ ਇਨ੍ਹਾਂ ਜਾਤੀਆਂ ਨੂੰ ਵਡੇਰੇ ਹਿੰਦੂ ਸਮੂਹ ਵਿਚ ਹੀ ਸਮੋਅ ਦੇਣ ਦੀ ਲੋਚਾ ਰੱਖਦੇ ਹਨ, ਜਦਕਿ ਦਲਿਤ ਸਮਾਜ ਦਰਅਸਲ ਇੱਕ ਵੱਖਰੇ ਸਮੂਹ ਵਜੋਂ ਸਾਹਮਣੇ ਆਉਂਦਾ ਹੈ, ਜੋ ਵੈਦਿਕ ਕਾਲ ਤੋਂ ਹੀ ਜਾਤੀ ਵਿਵਸਥਾ ਵਿਚ ਵੰਡੇ ਸਮਾਜ ਵਿਚ ਅਲੱਗ-ਥਲੱਗ ਪਿਆ ਰਿਹਾ। ਵਿਡੰਬਨਾ ਹੈ ਕਿ ਹਾਸ਼ੀਆਗਤ ਹੋਏ ਇਹ ਲੋਕ ਚਾਰ ਵਰਣਾਂ ਵਿਚ ਵੀ ਨਹੀਂ ਗਿਣੇ ਜਾਂਦੇ। ਹਰੀਜਨ ਸ਼ਬਦ ਮੱਧ-ਯੁਗ ਦੇ ਗੁਜਰਾਤੀ ਸੰਤ-ਕਵੀ ਨਰਸਿੰਹ (ਨਰਸੀ) ਮਹਿਤਾ ਨੇ ਵਰਤਿਆ ਸੀ, ਜਿਸ ਤੋਂ ਗਾਂਧੀ ਨੇ ਇਸ ਨੂੰ ਚੁੱਕਿਆ। ਉਂਜ 'ਹਰਿ ਜਨ' ਸ਼ਬਦ ਜੁੱਟ ਗੁਰੂਆਂ ਭਗਤਾਂ ਨੇ ਖੂਬ ਵਰਤਿਆ ਹੈ, ਜਿਵੇਂ 'ਹਰਿ ਜਨ ਕੇ ਵਡ ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ॥' (ਗੁਰੂ ਰਾਮ ਦਾਸ), ਪਰ ਗੁਰੂਆਂ ਨੇ 'ਹਰਿ ਜਨ' ਤੋਂ ਪਰਮਾਤਮਾ ਦੇ ਸੇਵਕ ਹੋਣ ਦਾ ਭਾਵ ਲਿਆ ਹੈ।

ਚਲੋ ਦੇਖੀਏ ਦਲਿਤ ਸ਼ਬਦ ਵਿਚ ਦੱਬੇ-ਕੁਚਲੇ ਹੋਣ ਦਾ ਭਾਵ ਕਿਵੇਂ ਆਉਂਦਾ ਹੈ। ਦਲਿਤ ਸ਼ਬਦ ਦਾ ਧਾਤੂ 'ਦਲ' ਹੈ ਜਿਸ ਵਿਚ ਚੀਰਨ, ਫਾੜਨ, ਟੁਕੜੇ ਕਰਨ ਦੇ ਭਾਵ ਹਨ। ਪੰਜਾਬੀ ਅਤੇ ਹੋਰ ਹਿੰਦ-ਆਰੀਆਈ ਭਾਸ਼ਾਵਾਂ ਵਿਚ ਇਸ ਧਾਤੂ ਤੋਂ ਬਹੁਤ ਸਾਰੇ ਸ਼ਬਦ ਨਿਰਮਿਤ ਹੋਏ ਹਨ। ਸਭ ਤੋਂ ਪਹਿਲਾਂ ਫੌਜ ਦੀ ਟੁਕੜੀ ਲਈ ਹੀ ਦਲ ਸ਼ਬਦ ਵਰਤਿਆ ਜਾਂਦਾ ਹੈ। ਅਰਥਾਤ ਦਲ ਨੂੰ ਫੌਜ ਦੀ ਇਕ ਟੁਕੜੀ ਵਜੋਂ ਸਮਝਿਆ ਗਿਆ ਹੈ, 'ਸੱਟ ਪਈ ਜਮਧਾਣੀ ਦਲਾਂ ਮੁਕਾਬਲਾ।' (ਚੰਡੀ ਦੀ ਵਾਰ)। ਦਲ ਦੇ ਇਸ ਭਾਵ ਤੋਂ ਹੀ ਇਸ ਦਾ ਅਰਥ ਰਾਜਸੀ ਪਾਰਟੀ ਜਾਂ ਧੜਾ ਵੀ ਬਣ ਗਿਆ। ਅੰਗਰੇਜ਼ੀ ਪਾਰਟੀ ਵਿਚ ਵੀ ਪਾਰਟ ਸ਼ਬਦ ਦਾ ਅਰਥ ਹਿੱਸਾ, ਟੁਕੜਾ ਹੀ ਹੈ। ਕਈ ਪਾਰਟੀਆਂ ਜਿਵੇਂ ਅਕਾਲੀ ਦਲ, ਜਨਤਾ ਦਲ ਵਿਚ ਇਹ ਸ਼ਬਦ ਆਉਂਦਾ ਹੈ। ਟਿੱਡੀ-ਦਲ ਇੱਕ ਤਰ੍ਹਾਂ ਫੌਜ ਦੀ ਟੁਕੜੀ ਵਾਂਗ ਹੀ ਹਮਲਾ ਕਰਦਾ ਹੈ। ਦਲ-ਬਾਦਲ ਬੱਦਲਾਂ ਦਾ ਸਮੂਹ ਹੈ। ਦਲ ਦਾ ਮੁਖੀਆ ਦਲਪਤੀ ਹੁੰਦਾ ਹੈ। 'ਆਗੈ ਜਮ ਦਲੁ ਬਿਖਮੁ ਘਨਾ॥' (ਗੁਰੂ ਨਾਨਕ); 'ਕਹੁ ਨਾਨਕ ਤਿਨਿ ਜਨਿ ਨਿਰਦਲਿਆ ਸਾਧਸੰਗਤਿ ਕੈ ਝਲੀ ਰੇ॥' (ਗੁਰੂ ਅਰਜਨ ਦੇਵ); 'ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ॥' (ਗੁਰੂ ਅਮਰ ਦਾਸ)।

ਦਲ ਦਾ ਇਕ ਰੁਪਾਂਤਰ ਦਲ ਵੀ ਹੈ ਤੇ ਇਸ ਤੋਂ ਬਣੇ ਦਲਨਾ ਦਾ ਅਰਥ ਮੋਟਾ ਪੀਹਣਾ ਅਰਥਾਤ ਕਿਸੇ ਚੀਜ਼ ਦੇ ਛੋਟੇ ਛੋਟੇ ਟੁਕੜੇ ਕਰਨਾ ਹੈ। ਜਿਵੇਂ ਦਾਲ ਨੂੰ ਦਲਿਆ ਜਾਂਦਾ ਹੈ। ਦਲੀਆ ਇਕ ਤਰ੍ਹਾਂ ਦਲੀ ਹੋਈ ਗਿਜ਼ਾ ਹੀ ਹੈ। ਅਸਲ ਵਿਚ ਤਾਂ ਦਾਲ ਸ਼ਬਦ ਵੀ ਇਸੇ ਨਾਲ ਜਾ ਜੁੜਦਾ ਹੈ। ਦਾਲ ਉਹ ਹੈ, ਜੋ ਦੋ ਜੁਜ਼ਾਂ (ਟੁਕੜਿਆਂ) ਦੇ ਜੁੜਨ ਨਾਲ ਬਣਦੀ ਹੈ। ਧਿਆਨ ਦਿਉ, ਦਾਲ ਦੇ ਦੋ ਟੁਕੜੇ ਹੋ ਜਾਂਦੇ ਹਨ। ਧੋਵੀਂ ਦਾਲ ਵਿਚ ਇਹ ਟੁਕੜੇ ਸਪੱਸ਼ਟ ਦਿਸਦੇ ਹਨ। ਕੁਝ ਭਾਸ਼ਾਵਾਂ ਵਿਚ ਦਾਲ ਦਾ ਅਰਥ ਕੇਵਲ ਮਟਰਾਂ ਜਾਂ ਛੋਲਿਆਂ ਦੀ ਦਾਲ ਹੀ ਹੈ। ਦਾਲ ਦੇ ਅਰਥਾਂ ਵਿਚ ਇਸ ਦੇ ਰੁਪਾਂਤਰ ਦਾਰ, ਦਾਲੀ, ਦਾਰੀ ਵੀ ਹਨ। ਦਾਲ ਰੋਟੀ, ਦਾਲ ਨਾ ਗਲਣਾ, ਦਾਲ ਵਿਚ ਕਾਲਾ ਕਾਲਾ ਹੋਣਾ, ਛਿੱਤਰਾਂ ਵਿਚ ਦਾਲ ਵੰਡਣਾ ਆਦਿ ਮੁਹਾਵਰੇ ਹਨ।

ਦਲ ਦਾ ਰੁਪਾਂਤਰ ਦਰ ਵੀ ਹੈ ਜਿਵੇਂ ਮੋਟਾ ਪੀਹਣਾ ਦੇ ਅਰਥ ਵਿਚ ਦਰੜਨਾ। ਇਸ ਦਾ ਲਾਖਣਿਕ ਅਰਥ ਲਤਾੜਨਾ, ਮਸਲਣਾ, ਦੱਬਣਾ, ਕੁਚਲਣਾ ਵੀ ਹੋ ਗਿਆ ਹੈ, ਜਿਵੇਂ ਦਰੜੇ ਹੋਏ ਲੋਕ। ਪਸ਼ੂਆਂ ਦੀ ਵੰਡ ਵਿਚ ਪਾਉਣ ਵਾਲੇ ਮੋਟੇ ਪੀਠੇ ਆਟੇ ਨੂੰ ਦਰੜ ਜਾਂ ਦਰੜ-ਮਰੜ ਆਖਦੇ ਹਨ। ਦਰਦਰਾ ਆਟਾ ਵੀ ਮੋਟਾ ਹੀ ਹੁੰਦਾ ਹੈ। ਆਲਸ, ਕੰਗਾਲੀ, ਗਰੀਬੀ ਦੇ ਅਰਥਾਂ ਵਾਲਾ ਦਲਿੱਦਰ (ਦਰਿਦਰ) ਸ਼ਬਦ ਵੀ ਇਸੇ ਨਾਲ ਜਾ ਜੁੜਦਾ ਹੈ, 'ਦਲਿਦਰੀ ਘਰ ਦੀ ਗਊ ਦਾ, ਦੁਧ ਵੀ ਕਦੇ ਨਾ ਚੋਣ।' ਇਸ ਦਾ ਪ੍ਰਾਕ੍ਰਿਤ ਰੂਪ ਦਲਿੱਦ ਹੈ। ਗੁਰੂ ਰਾਮਦਾਸ ਨੇ ਇਹ ਰੂਪ ਵਰਤਿਆ ਹੈ, 'ਹਰਿ ਹਰਿ ਨਾਮੁ ਭਜਿਓ ਪੁਰਖੋਤਮੁ ਸਭਿ ਬਿਨਸੇ ਦਾਲਦ ਦਲਘਾ॥' ਇਸ ਵਿਚ ਦਲਘਾ ਵੀ ਦਲ ਤੋਂ ਹੀ ਵਿਉਤਪਤ ਸ਼ਬਦ ਹੈ, ਅਰਥਾਤ ਦਲਾਂ ਦੇ ਦਲ। ਦਰ ਤੋਂ ਬਣੇ ਦਾਰੀ ਦਾ ਅਰਥ ਚੀਰ ਸੁੱਟਣ ਵਾਲਾ ਹੁੰਦਾ ਹੈ, ਜਿਸ ਤੋਂ ਨਸ਼ਟ ਕਰ ਦੇਣ ਦਾ ਭਾਵ ਲਿਆ ਜਾਂਦਾ ਹੈ। ਇਹ ਪਿਛੇਤਰ ਦੇ ਤੌਰ 'ਤੇ ਵਰਤਿਆ ਮਿਲਦਾ ਹੈ ਜਿਵੇਂ 'ਦੁਖਦਾਰੀ' ਦੁਖ ਨਸ਼ਟ ਕਰਨ ਵਾਲਾ (ਨਿਰੰਕਾਰ ਦੁਖਦਾਰੀ- ਗੁਰੂ ਅਰਜਨ ਦੇਵ)।

ਇਸੇ ਤਰ੍ਹਾਂ 'ਦਾਰਨ' ਦਾ ਅਰਥ ਹੈ-ਚੀਰ ਸੁੱਟਣ ਵਾਲਾ, ਘੋਰ, ਡਾਢਾ (ਦਾਰਨ ਦੁਖ ਦੁਤਰ ਸੰਸਾਰ॥ -ਗੁਰੂ ਅਰਜਨ ਦੇਵ)। ਦਰਾੜ ਵੀ ਪਾੜ ਹੀ ਹੈ। ਇਸ ਦੇ ਅੱਗੇ 'ਵਿ' ਅਗੇਤਰ ਲੱਗ ਕੇ ਵਿਦਾਰਣ ਸ਼ਬਦ ਬਣਦਾ ਹੈ, ਜਿਸ ਵਿਚ ਪਾੜਨ, ਚੀਰਨ ਦੇ ਭਾਵ ਹਨ। ਗੁਰਬਾਣੀ ਵਿਚ ਇਹ ਸ਼ਬਦ ਬਿਦਾਰਣ, ਬਿਦੀਰਨ ਦੇ ਰੂਪ ਵਿਚ ਮਿਲਦਾ ਹੈ, 'ਪ੍ਰਭ ਦਇਆਲ ਦੁਖ ਦਰਦ ਬਿਦਾਰਣ॥' (ਗੁਰੂ ਅਰਜਨ ਦੇਵ)। ਹੋਰ ਦੇਖੋ, 'ਨਿੰਦਕ ਦੁਸਟ ਖਿਨ ਮਾਹਿ ਬਿਦਾਰਿਅਨੁ॥' (ਗੁਰੂ ਅਰਜਨ ਦੇਵ)। ਇਸ ਤੋਂ ਅੱਗੇ ਲਾਂਘਾ ਦੇ ਅਰਥਾਂ ਵਾਲੇ ਦੱਰਾ ਸ਼ਬਦ ਵਿਚ ਵੀ ਪਾੜ ਦੇ ਅਰਥ ਸਪੱਸ਼ਟ ਝਲਕਦੇ ਹਨ।

ਦਲ ਧਾਤੂ ਦਾ ਇੱਕ ਰੂਪ ਦਰ ਵੀ ਹੈ ਅਤੇ ਦਰ ਦਾ ਅੱਗੇ ਡਰ। ਭੈਅ ਦੇ ਅਰਥਾਂ ਵਾਲੇ 'ਡਰ' ਸ਼ਬਦ ਵਿਚ ਮਾਨਸਿਕ ਤੌਰ 'ਤੇ ਫਟ ਜਾਣ ਦਾ ਭਾਵ ਹੈ। ਪੰਛੀਆਂ ਨੂੰ ਡਰਾਉਣ ਲਈ ਖੇਤਾਂ ਵਿਚ ਡਰਨੇ ਖੜ੍ਹੇ ਕੀਤੇ ਜਾਂਦੇ ਹਨ। ਇਸ ਤੋਂ ਅੱਗੇ ਡਲੀ ਜਾਂ ਡਲਾ ਵਿਚ ਵੀ ਮਿੱਟੀ ਦੇ ਛੋਟੇ ਟੁਕੜੇ ਹੋਣ ਦਾ ਭਾਵ ਹੈ। ਫਾਰਸੀ ਵਿਚ ਵੀ ਇਸ ਸ਼ਬਦ ਦੇ ਸਜਾਤੀ ਸ਼ਬਦ ਮਿਲਦੇ ਹਨ। ਡਰ ਦੀ ਤਰ੍ਹਾਂ ਦਰਦ ਸ਼ਬਦ ਵਿਚ ਵੀ ਮਾਨਸਿਕ ਜਾਂ ਸਰੀਰਕ ਤੌਰ 'ਤੇ ਫਟਣ ਦਾ ਭਾਵ ਹੈ। ਫਾਰਸੀ ਤੋਂ ਆਏ ਦਰਿੰਦਾ ਦਾ ਸ਼ਾਬਦਿਕ ਅਰਥ ਹੋਇਆ, ਪਾੜ ਸੁੱਟਣ ਵਾਲਾ। ਦਰਜ਼ ਹੁੰਦੀ ਹੈ-ਤ੍ਰੇੜ, ਚੀਰ ਆਦਿ। ਦਰਜ਼ੀ ਸ਼ਬਦ ਦਾ ਮੂਲ ਅਰਥ ਕੱਪੜੇ ਸੀਣ ਲਈ 'ਕਾਟ ਕਰਨ ਵਾਲਾ' ਹੈ।

ਦਲ ਧਾਤੂ ਦੇ ਟਾਕਰੇ 'ਤੇ ਇਸ ਦਾ ਭਾਰੋਪੀ ਮੂਲ ਹੈ 'ਦਰ' ਜਿਸ ਵਿਚ ਫਟਣ, ਚੀਰਨ ਦੇ ਭਾਵ ਹਨ। ਅੰਗਰੇਜ਼ੀ ਸ਼ਬਦ ਪਾੜਨ ਦੇ ਅਰਥਾਂ ਵਾਲਾ Tear ਸ਼ਬਦ ਇਸੇ ਧਾਤੂ ਨਾਲ ਜਾ ਜੁੜਦਾ ਹੈ। ਹੋਰ ਯੂਰਪੀ ਭਾਸ਼ਾਵਾਂ ਵਿਚ ਇਸ ਸ਼ਬਦ ਤੋਂ ਬਣੇ ਕਈ ਸ਼ਬਦ ਮਿਲਦੇ ਹਨ। ਜਰਮਨ ਜ਼ੇਹਰਨ ਦਾ ਅਰਥ ਪਾੜਨਾ, ਨਸ਼ਟ ਕਰਨਾ ਹੈ। ਅੰਗਰੇਜ਼ੀ ਦੇ Derm ਦਾ ਅਰਥ ਚਮੜੀ ਹੁੰਦਾ ਹੈ, ਭਾਵ ਅਜਿਹੀ ਚੀਜ਼ ਜੋ ਸਰੀਰ ਤੋਂ ਵੱਖ ਹੋ ਜਾਂਦੀ ਹੈ। ਇਸੇ ਤੋਂ ਡਰਮੇਟਾਲੋਜੀ (ਚਰਮਰੋਗ ਵਿਗਿਆਨ) ਸ਼ਬਦ ਬਣਿਆ। ਹੋਰ ਸ਼ਬਦ ਹਨ Echinoderm; Epidermis; Hypodermic; Pachyderm; Scleroderma; Taxidermy. ਅੰਗਰੇਜ਼ੀ Tetter ਦਾ ਅਰਥ ਹੁੰਦਾ ਹੈ, ਦੱਦ। Tart ਖੱਟਾ ਟੀਟ ਵਿਚ ਵੀ ਅੰਤਿਮ ਤੌਰ 'ਤੇ ਪੀੜ ਦੇਣ ਵਾਲਾ ਦਾ ਭਾਵ ਹੈ। ਲੀਂਡੇ ਲਈ ਅੰਗਰੇਜ਼ੀ ਸ਼ਬਦ ਹੈ, Turd ਜਿਸ ਦਾ ਸ਼ਾਬਦਿਕ ਅਰਥ ਹੈ-ਜੋ ਵੱਖ ਹੋ ਗਈ, ਸਰੀਰ ਤੋਂ ਟੁੱਟ ਗਈ। ਦਲਿਤ ਨਾਲ ਜੁੜਦੇ ਸ਼ਬਦ ਬੜੇ ਕਸ਼ਟਮਈ ਹਨ।

# ਵਿਦਿਆਰਥਣਾਂ ਦੇ ਜੀਣ ਦਾ ਹੱਕ: ਸੁਪਨੇ ਤੋਂ ਸੱਚ ਤੱਕ

(ਪਿਛਲੇ ਸਫੇ ਦੀ ਬਾਕੀ)

ਸਿਰਜਣ ਦਾ ਮੌਕਾ ਦੇ ਰਹੇ ਹਨ। ਅਸੀਂ ਇਸ ਮੌਕੇ ਨੂੰ ਸ਼ਾਨਦਾਰ ਬਣਾਉਣ ਲਈ ਡਰ, ਦੁਬਿਧਾ ਅਤੇ ਭੈਅ ਤਿਆਗਦਿਆਂ ਇਨਸਾਨ ਬਣਨ ਦਾ ਹੌਸਲਾ ਕਰੀਏ। ਇਤਿਹਾਸ ਦੱਸਦਾ ਹੈ ਕਿ ਬਹੁਤੀ ਵਾਰ ਹਾਲਾਤ ਸਾਜ਼ਗਾਰ ਨਾ ਹੋਣ ਅਤੇ ਬਹੁ-ਗਿਣਤੀ ਦੇ ਵਿਰੋਧ ਦੇ ਬਾਵਜੂਦ ਇਨਸਾਨੀਅਤ ਅਤੇ ਸੰਸਾਰ ਵਿਆਪੀ ਸਿਧਾਂਤਾਂ ਉਤੇ ਖੜ੍ਹਨਾ ਪੈਂਦਾ ਹੈ।

ਅਜੇ ਕੱਲ੍ਹ ਦੀ ਗੱਲ ਹੈ ਕਿ ਸਾਡੇ ਆਪਣੇ ਮੁਲਕ ਦੇ ਤਤਕਾਲੀ ਰੱਖਿਆ ਮੰਤਰੀ ਸ਼ਰਦ ਪਵਾਰ ਨੇ ਜਦੋਂ ਡਿਫੈਂਸ ਵਿਚ ਔਰਤਾਂ ਦੀ ਸ਼ਮੂਲੀਅਤ ਦੀ ਗੱਲ ਕੀਤੀ ਸੀ ਤਾਂ ਫੌਜ ਦੇ ਵੱਡੇ ਜਰਨੈਲਾਂ ਨੇ ਨਾ ਸਿਰਫ ਇਸ ਦਾ ਜੰਮ ਕੇ ਵਿਰੋਧ ਕੀਤਾ ਸਗੋਂ ਇਹ ਵੀ ਕਿਹਾ ਕਿ ਇਸ ਨਾਲ ਮੁਲਕ ਦੀ ਸੁਰੱਖਿਆ ਖਤਰੇ ਵਿਚ ਪੈ ਜਾਵੇਗੀ ਅਤੇ ਫੌਜ ਬਦਨਾਮ ਹੋਵੇਗੀ ਪਰ ਰੱਖਿਆ ਮੰਤਰੀ ਦਾ ਕਹਿਣਾ ਸੀ ਕਿ ਅਮਰੀਕਾ ਅਤੇ ਯੂਰਪੀ ਮੁਲਕਾਂ ਵਿਚ ਇਹ ਤਜਰਬਾ ਬਹੁਤ ਸਫਲ ਰਿਹਾ ਹੈ। ਉਸ ਵਕਤ ਜਰਨੈਲਾਂ ਦਾ ਮੁੜ ਜਵਾਬ ਸੀ ਕਿ ਸਾਡਾ ਮੁਲਕ ਤਾਂ ਪੱਛੜਿਆ ਅਤੇ ਅਨਪੜ੍ਹ ਹੈ, ਜਿਸ ਵਿਚ ਫੌਜ ਸੁਰੱਖਿਆ ਦੀ ਥਾਂ ਸੈਕਸੂਅਲ ਹਰਾਸਮੈਂਟ ਦੇ ਕੇਸਾਂ ਵਿਚ ਉਲਝ ਕੇ ਹੀ ਰਹਿ ਜਾਵੇਗੀ ਪਰ ਰੱਖਿਆ ਮੰਤਰੀ ਨੇ ਉਸ ਸਮੇਂ ਔਰਤਾਂ ਦੀ ਸ਼ਮੂਲੀਅਤ ਨੂੰ ਰੋਕ ਰਹੀਆਂ ਤਾਕਤਾਂ ਤੋਂ ਥੋੜ੍ਹਾ ਜਿਹਾ ਜ਼ਿਆਦਾ ਹੌਸਲਾ ਦਿਖਾਉਂਦਿਆਂ ਸਭ ਦੇ ਖਿਲਾਫ ਜਾ ਕੇ ਇਸ ਤਜਵੀਜ਼ ਨੂੰ ਮਨਜ਼ੂਰੀ ਦੇ ਦਿੱਤੀ। ਤਿੰਨ ਸਾਲ ਬਾਅਦ ਜਦੋਂ ਉਹੀ ਫੌਜੀ ਜਰਨੈਲ ਰੱਖਿਆ ਮੰਤਰੀ ਨੂੰ ਮੁੜ ਮਿਲੇ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਉਨ੍ਹਾਂ ਦਾ ਇਹ ਫੈਸਲਾ ਬੜਾ ਪ੍ਰਭਾਵਸ਼ਾਲੀ ਸਿੱਧ ਹੋਇਆ; ਉਹ (ਜਰਨੈਲ) ਗਲਤ ਸਨ।

ਅੰਤ ਮੈਨੂੰ ਆਪਣੀ ਤਕਰੀਰ ਖਤਮ ਕਰਦਿਆਂ ਸੈਨ ਫਰਾਂਸਿਸਕੋ (ਅਮਰੀਕਾ) ਦੇ ਸੰਘਣੇ ਜੰਗਲਾਂ ਵਿਚ ਦੁਨੀਆਂ ਦੇ ਸਭ ਤੋਂ ਲੰਮੇ ਰੈਡਵੁੱਡ ਦਰਖਤਾਂ ਦਾ ਖਿਆਲ ਆ ਰਿਹਾ ਹੈ, ਜੋ ਆਪਣੀਆਂ ਡੂੰਘੀਆਂ ਜੜ੍ਹਾਂ ਨਾ ਹੋਣ ਦੇ ਬਾਵਜੂਦ ਭਿਆਨਕ ਤੂਫਾਨਾਂ, ਭੂਚਾਲਾਂ ਅਤੇ ਹੜ੍ਹਾਂ ਨੂੰ ਝੱਲਦਿਆਂ ਹਜ਼ਾਰਾਂ ਸਾਲਾਂ ਤੋਂ ਖੜ੍ਹੇ ਹਨ। ਇਨ੍ਹਾਂ ਦਰੱਖਤਾਂ ਦੀ ਅਡੋਲਤਾ ਦਾ ਰਹੱਸ ਇਹ ਹੈ ਕਿ ਇਨ੍ਹਾਂ ਦੀਆਂ ਜੜ੍ਹਾਂ ਡੂੰਘੀਆਂ ਜਾਣ ਦੀ ਥਾਂ ਇਕ ਦੂਜੇ ਵੱਲ ਵਧ ਕੇ ਨਾ ਟੁੱਟਣ ਵਾਲੀ ਮਜ਼ਬੂਤ ਕੜੀ ਬਣਾ ਲੈਂਦੀਆਂ ਹਨ। ਇਉਂ ਇਹ ਦਰਖਤ ਸਿੱਧੇ ਜਾਂ ਅਸਿੱਧੇ ਰੂਪ ਵਿਚ ਇਕ ਦੂਜੇ ਨੂੰ ਲਗਾਤਾਰ ਮਜ਼ਬੂਤੀ ਦਿੰਦੇ ਅਡੋਲ ਖੜ੍ਹੇ ਰਹਿੰਦੇ ਹਨ। ਕੁਦਰਤ ਦੀ ਇਹ ਖੂਬਸੂਰਤ ਮਿਸਾਲ ਮਨੁੱਖ ਨੂੰ ਇਕ ਦੂਜੇ ਨਾਲ ਖੜ੍ਹਨ ਦੀ ਪ੍ਰੇਰਨਾ ਦਿੰਦੀ ਹੈ। ਸੋ, ਆਓ ਆਪਾਂ ਸਭ ਵਿਦਿਆਰਥੀ, ਕਰਮਚਾਰੀ, ਅਧਿਆਪਕ ਅਤੇ ਯੂਨੀਵਰਸਿਟੀ ਦੇ ਵਸਨੀਕ ਰੈਡਵੁੱਡ ਦੇ ਦਰਖਤਾਂ ਵਾਂਗੂੰ ਮੋਢੇ ਨਾਲ ਮੋਢਾ ਲਾ ਕੇ ਉਨ੍ਹਾਂ ਰਵਾਇਤਾਂ ਅਤੇ ਭੈਅ ਦੇ ਵਾਤਾਵਰਣ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰੀਏ ਜੋ ਸਾਨੂੰ ਬਿਹਤਰ ਮਨੁੱਖ ਹੋਣ ਤੋਂ ਰੋਕ ਰਿਹਾ ਹੈ।

ਸੋ ਮੈਂ ਪੰਜਾਬੀ ਯੂਨੀਵਰਸਿਟੀ ਦਾ ਵੀ. ਸੀ. ਹੋਣ ਦੀ ਹੈਸੀਅਤ ਵਿਚ ਡੀ. ਐਸ. ਡਬਲਿਊ. ਅਤੇ ਵਾਰਡਨਜ਼ ਨੂੰ ਆਦੇਸ਼ ਦਿੰਦਾ ਹਾਂ ਕਿ ਉਹ ਹੋਸਟਲਾਂ ਦੇ ਗੇਟਾਂ 'ਤੇ ਲੱਗੇ ਸੰਗਲਾਂ ਅਤੇ ਜਿੰਦਰਿਆਂ ਨੂੰ ਉਨ੍ਹਾਂ ਦੀ ਬਣਦੀ ਥਾਂ, ਭਾਵ ਅਜਾਇਬਘਰਾਂ ਵਿਚ ਰੱਖ ਦੇਣ ਅਤੇ ਗੇਟ ਪੂਰੀ ਤਰ੍ਹਾਂ ਖੋਲ੍ਹ ਦਿੱਤੇ ਜਾਣ ਤਾਂ ਜੋ ਨਵੀਂ ਸਵੇਰ ਦੀਆਂ ਕਿਰਨਾਂ ਉਨ੍ਹਾਂ ਹਨੇਰਿਆਂ ਨੂੰ ਚੀਰਦੀਆਂ ਵਿਤਕਰੇ ਰਹਿਤ ਸਮਾਜ ਬਣਾਉਣ ਵਿਚ ਸਹਾਇਕ ਹੋਣ। ਇਸ ਦੇ ਨਾਲ ਹੀ ਮੈਂ ਅਪੀਲ ਕਰਦਾ ਹਾਂ ਕਿ ਅਸੀਂ ਇਸ ਸੁਪਨੇ ਦੀ ਸੁਰੱਖਿਆ ਉਸੇ ਤਰ੍ਹਾਂ ਹੀ ਕਰਾਂਗੇ, ਜਿਵੇਂ ਰੈਡਵੁੱਡ ਦੇ ਵੱਡੇ ਦਰਖਤ ਛੋਟੇ ਦਰਖਤਾਂ ਨੂੰ ਆਪਣੇ ਕਲਾਵੇ ਵਿਚ ਲੈ ਕੇ ਕਰਦੇ ਹਨ; ਜਿਸ ਦੇ ਸਿੱਟੇ ਵਜੋਂ ਉਨ੍ਹਾਂ ਨੂੰ ਭਰਭੂਰ ਜ਼ਿੰਦਗੀ ਜਿਉਣ ਦਾ ਮੌਕਾ ਮਿਲਦਾ ਹੈ। ਇਉਂ ਅਸੀਂ ਵੀ ਉਨ੍ਹਾਂ ਰੁੱਖਾਂ ਵਾਂਗ ਇਕ ਦੂਜੇ ਦੀ ਮਦਦ ਕਰਦਿਆਂ ਅਜਿਹਾ ਸਮਾਜ ਸਿਰਜੀਏ ਜੋ ਸਾਰੀ ਮਨੁੱਖਤਾ ਲਈ ਪ੍ਰੇਰਨਾ ਸਰੋਤ ਬਣੇ।

ਧੰਨਵਾਦ।

## ਮਿਨੀ ਕਹਾਣੀ

### ਅਟੈਚੀ

ਦਸ-ਬਾਰਾਂ ਜਣੇ ਸੂਮੋ 'ਚ ਸਵਾਰ, ਛੱਤ 'ਤੇ ਸੋਹਣੇ ਨੀਲੇ-ਲਾਲ ਅਟੈਚੀ ਰੱਖ ਦਿੱਲੀ ਵੱਲ ਨੂੰ ਵਹੀਰਾਂ ਘੱਤੀ ਜਾਂਦੇ ਦੇਖ ਕੇ ਹਰ ਇੱਕ ਦੇ ਮਨ ਵਿਚ ਇੱਕ ਵਾਰ ਕੈਨੇਡਾ, ਅਮਰੀਕਾ ਜਾਣ ਲਈ ਮਨ ਉਡਾਰੀਆਂ ਮਾਰਨ ਲੱਗ ਹੀ ਜਾਂਦਾ ਹੈ।

ਸੁਰਜੀਤ ਦੀ ਭੈਣ ਵੀ ਕੈਨੇਡਾ ਪਹੁੰਚ ਗਈ ਸੀ, ਆਪਣੀ ਬੇਟੀ ਨੂੰ ਉਧਰਲੇ ਮੁੰਡੇ ਨਾਲ ਵਿਆਹ ਕੇ। ਉਸ ਨੇ ਵੀ ਸੋਚਿਆ, ਕਿਉਂ ਨਾ ਮੁੰਡੇ ਨੂੰ ਸਟੂਡੈਂਟ ਵੀਜ਼ੇ 'ਤੇ ਭੇਜ ਦੇਵਾਂ? ਸਕੀ ਮਾਸੀ, ਉਸ ਦੀ ਕੁੜੀ, ਦੀਪੂ ਨੂੰ ਸੇਕ ਵੀ ਨਾ ਲੱਗਣ ਦੇਣਗੀਆਂ। ਕਦੇ ਸਾਡਾ ਵੀ ਜਾਣ ਦਾ ਜੁਗਾੜ ਬਣ ਜਾਊ।

ਆਇਲੈਟ ਦਾ ਟੈਸਟ ਕਲੀਅਰ ਕਰਕੇ ਕਿਸੇ ਏਜੰਟ ਰਾਹੀਂ ਗੱਲ ਕਰ ਲਈ। ਪੰਜ-ਸੱਤ ਮਹੀਨਿਆਂ ਵਿਚ ਹੀ ਉਸ ਦਾ ਵੀਜ਼ਾ ਲੱਗ ਗਿਆ। ਆਪਣੀ ਭੈਣ ਅਤੇ ਭਾਣਜੀ ਦੇ ਪਰਿਵਾਰ ਲਈ ਕੱਪੜੇ-ਲੀੜੇ, ਜਾਂ ਉਨ੍ਹਾਂ ਦੀ ਫਰਮਾਇਸ਼ ਦੀਆਂ ਚੀਜ਼ਾਂ ਨਾਲ ਅਟੈਚੀ ਭਰ ਕੇ ਮੁੰਡਾ ਤੋਰ ਦਿੱਤਾ।

ਪੜ੍ਹਾਈ ਸ਼ੁਰੂ ਹੋ ਗਈ। ਮੁੰਡਾ ਮਿਹਨਤੀ ਸੀ, ਇਮਾਨਦਾਰ ਸੀ। ਘਰੋਂ ਇੰਨੇ ਪੈਸੇ ਨਹੀਂ ਸੀ ਮੰਗਵਾ ਸਕਦਾ, ਲੋੜ ਪੈਣ 'ਤੇ ਕਦੇ ਪੀਜ਼ਾ ਹੱਟ 'ਤੇ ਅਤੇ ਕਦੇ ਕਿਸੇ ਰੈਸਟੋਰੈਂਟ ਵਿਚ ਘੱਟ ਪੈਸਿਆਂ 'ਤੇ ਕੰਮ ਵੀ ਕਰਨਾ ਪੈਂਦਾ ਸੀ। ਉਸ ਨੇ ਨਾ ਕਦੇ ਆਪਣੇ ਘਰ ਦਿਆਂ ਨੂੰ ਇਹ ਗੱਲ ਦੱਸੀ ਤੇ ਨਾ ਹੀ ਕਦੇ ਮਾਸੀ ਜਾਂ ਉਸ ਦੀ ਕੁੜੀ ਤੋਂ ਹੀ ਕੋਈ ਮਦਦ ਲਈ। ਪਰ ਇੱਕ ਵਾਰ ਫੀਸ ਭਰਨ ਲਈ ਕੁਝ ਪੈਸੇ ਥੁੜ੍ਹ ਗਏ ਅਤੇ ਭੈਣ ਤੋਂ ਮਦਦ ਲੈਣੀ ਪੈ ਗਈ ਤੇ ਕਿਹਾ ਕਿ ਛੇਤੀ ਹੀ ਪੈਸੇ ਮੋੜ ਦੇਵੇਗਾ। ਸੱਤ ਸਾਲ ਬਾਅਦ ਪੀ. ਆਰ. ਹੋ ਗਿਆ।

ਪੱਕਾ ਹੀ ਸੀ ਕਿ ਉਸ ਨੂੰ ਹੁਣ ਘਰ ਗੇੜਾ ਮਾਰਨ ਦਾ ਚਾਅ ਹੋਣਾ ਸੀ। ਮਾਸੀ ਤੇ ਭੈਣਾਂ ਨੂੰ ਟਿਕਟ ਲੈਣ ਤੋਂ ਬਾਅਦ ਦੱਸਿਆ। ਜਿਸ ਦਿਨ ਜਾਣਾ ਸੀ, ਸਵੇਰੇ ਮਾਸੀ ਨੂੰ ਮਿਲਣ ਗਿਆ। ਭੈਣ ਕਹਿੰਦੀ, ਜਹਾਜ ਤਾਂ ਚੜ੍ਹਨ ਦੇਵਾਂਗੀ ਜੇ ਪੈਸੇ ਦੇ ਕੇ ਜਾਵੇਂਗਾ। ਕਲੇਸ਼ ਪੈ ਗਿਆ। ਮੁੰਡਾ ਕੀ ਕਰਦਾ। ਘਰ ਫੋਨ ਕੀਤਾ। ਮੁੰਡੇ ਦੇ ਘਰ ਦਿਆਂ ਨੇ ਬਹੁਤ ਕਿਹਾ ਕਿ ਦਿਨ ਚੜ੍ਹ ਲੈਣ ਦੇਹ, ਤੇਰੇ ਪੈਸੇ ਭੇਜ ਦੇਵਾਂਗੇ। ਮੁੰਡੇ ਨੂੰ ਜਹਾਜ ਚੜ੍ਹਾ ਦਿਉ। ਪਰ ਭੈਣ ਨਾ ਮੰਨੀ। ਹਾਰ ਕੇ ਪਿਉ ਨੇ ਕਿਸੇ ਜਾਣਕਾਰ ਨੂੰ ਫੋਨ 'ਤੇ ਕਿਹਾ ਕਿ ਪੈਸੇ ਦੇ ਆਵੇ ਤੇ ਮੁੰਡੇ ਨੂੰ ਜਹਾਜ ਚੜ੍ਹਾ ਆਵੇ। ਮਾਸੀ ਨੇ ਇੱਕ ਅਟੈਚੀ ਉਸ ਨੂੰ ਚੁਕਾ ਦਿੱਤਾ ਕਿ ਇਹ ਤੂੰ ਲੈ ਕੇ ਹੀ ਜਾਣਾ ਹੈ।

ਜਿਵੇਂ ਕਿਵੇਂ ਏਅਰਪੋਰਟ ਤੱਕ ਪਹੁੰਚਿਆ, ਸੁੱਖ ਦਾ ਸਾਹ ਲਿਆ। ਸਮਾਨ ਚੈਕ ਕਰਾਉਣ ਸਮੇਂ ਇੱਕ ਗੋਰੀ ਨੇ ਕਿਹਾ, ਅਟੈਚੀ ਖੋਲ੍ਹ, ਚੈਕ ਕਰਨਾ। ਉਸ ਨੇ ਖੋਲ੍ਹਿਆ ਤੇ ਚੈਕ ਕਰਨ ਵਾਲੀ ਨਾਲੇ ਬੁੱਲ੍ਹ ਟੇਰੇ, ਨਾਲੇ ਕਹੀ ਜਾਵੇ, 'ਆਲ ਰੈਗਜ਼।'

ਮਾਸੀ ਨੇ ਪੁਰਾਣੇ ਕੱਪੜੇ ਅਟੈਚੀ ਵਿਚ ਪਾ ਕੇ ਘਰ ਦਾ ਗਾਰਬੇਜ ਉਸ ਨੂੰ ਚੁਕਾ ਦਿੱਤਾ ਸੀ। ਚੈਕਿੰਗ ਕਰਨ ਵਾਲੀ ਨੂੰ ਮੁੰਡੇ 'ਤੇ ਬਹੁਤ ਤਰਸ ਆਇਆ, ਆਪ ਹੀ ਉਸ ਦੇ ਕੱਪੜੇ ਸਮੇਟ ਕੇ ਅਟੈਚੀ 'ਚ ਪਾ ਕੇ ਬੰਦ ਕਰ ਦਿੱਤਾ। ਛਿੱਥਾ ਹੋਇਆ ਵਿਚਾਰਾ ਮੁੰਡਾ ਭਰੇ ਮਨ ਨਾਲ ਇੰਡੀਆ ਲਈ ਰਵਾਨਾ ਹੋ ਗਿਆ।

-ਦਵਿੰਦਰ ਕੌਰ

## ਲਤੀਫਾ

ਇਕ ਨੌਕਰੀ ਲਈ ਚੋਣ ਕਮੇਟੀ ਦੇ ਇਕ ਮੈਂਬਰ ਨੇ ਇੰਟਰਵਿਊ ਦੇਣ ਆਏ ਨੌਜਵਾਨ ਤੋਂ ਪੁੱਛਿਆ, "ਕਲਪਨਾ ਕਰੋ ਕਿ ਤੁਸੀਂ ਕਿਸੇ ਕਮਰੇ ਵਿਚ ਹੋ, ਜਿਸ ਵਿਚੋਂ ਬਾਹਰ ਨਿਕਲਣ ਲਈ ਕੋਈ ਖਿੜਕੀ ਜਾਂ ਦਰਵਾਜਾ ਨਹੀਂ। ਅਚਾਨਕ ਕਮਰੇ ਵਿਚ ਪਏ ਕੁਝ ਸਮਾਨ ਨੂੰ ਅੱਗ ਲੱਗ ਜਾਵੇ ਤਾਂ ਤੁਸੀਂ ਕੀ ਕਰੋਗੇ?

ਨੌਜਵਾਨ ਨੇ ਕਿਹਾ, "ਮੈਂ ਕਲਪਨਾ ਕਰਨੀ ਹੀ ਬੰਦ ਕਰ ਦਿਆਂਗਾ।"

-ਵਾਸਦੇਵ ਸਿੰਘ ਪਰਹਾਰ
ਫੋਨ: 206-434-1155

ਕਹਾਣੀ

# ਛੁਟਕਾਰਾ

**ਐਸ. ਸਾਕੀ**

ਦਫਤਰ ਵਿਚ ਉਹ ਮੇਰੇ ਸਾਹਮਣੇ ਜਮੀਨ 'ਤੇ ਬੈਠ ਗਿਆ। ਕਾਗਜ਼ 'ਤੇ ਕੁਝ ਲਿਖਦਿਆਂ ਮੇਰੀ ਨਜ਼ਰ ਉਸ ਵੱਲ ਚਲੀ ਗਈ। ਮੈਂ ਉਸ ਨੂੰ ਕੁਰਸੀ 'ਤੇ ਬੈਠਣ ਦਾ ਇਸ਼ਾਰਾ ਕੀਤਾ।

"ਨਹੀਂ ਸਾਹਿਬ, ਇੱਥੇ ਹੀ ਠੀਕ ਹੈ। ਅਸੀਂ ਇੱਥੇ ਜੋਗੇ ਹੀ ਹਾਂ।" ਉਹ ਬੋਲਿਆ, ਪਰ ਉਸ ਨੇ ਜੋ ਕਿਹਾ, ਮੇਰੀ ਸਮਝ ਵਿਚ ਨਾ ਆਇਆ।

ਚਾਰ ਦਿਨ ਪਹਿਲਾਂ ਹੀ ਮੇਰੀ ਕਾਰਪੋਰੇਸ਼ਨ ਦੇ ਇਸ ਸਬ ਆਫਿਸ 'ਚ ਬਦਲੀ ਹੋਈ ਸੀ। ਇਹ ਦਿੱਲੀ ਵਿਚ ਯਮਨਾ ਪਾਰ ਸ਼ਾਹਦਰਾ ਵਿਚ ਹੈ। ਆਫਿਸ ਵੀ ਕਾਹਦਾ, ਪੁਰਾਣਾ ਘਰ ਹੈ ਕਿਸੇ ਦਾ। ਚਾਰ ਕਮਰੇ, ਅੱਗੇ ਖੁੱਲ੍ਹੀ ਥਾਂ ਹੈ। ਨਿੰਮ ਦੇ ਦੋ ਵੱਡੇ ਰੁੱਖ ਹਨ, ਜਿਨ੍ਹਾਂ ਦੇ ਪੱਤੇ ਹਰ ਮੌਸਮ ਵਿਚ ਖੁੱਲ੍ਹੀ ਥਾਂ 'ਤੇ ਡਿੱਗਦੇ ਰਹਿੰਦੇ ਹਨ। ਜਦੋਂ ਸ਼ਾਮੀਂ ਆਫਿਸ ਤੋਂ ਛੁੱਟੀ ਮਗਰੋਂ ਮੈਂ ਘਰ ਨੂੰ ਜਾਂਦਾ ਹਾਂ ਤਾਂ ਰੁੱਖਾਂ 'ਤੇ ਰਾਤ ਕੱਟਣ ਆਈਆਂ ਕਈ ਸਾਰੀਆਂ ਚਿੜੀਆਂ ਦੀ ਆਵਾਜ਼ ਕੰਨੀਂ ਪੈਂਦੀ ਹੈ। ਸੁਣ ਕੇ ਮੈਨੂੰ ਇੰਜ ਲੱਗਦਾ ਹੈ ਜਿਵੇਂ ਉਹ ਡੁੱਬਦੇ ਸੂਰਜ ਦਾ ਕੋਈ ਗੀਤ ਗਾ ਰਹੀਆਂ ਹੋਣ।

ਇਸ ਆਫਿਸ ਦਾ ਕੰਮ ਸ਼ਾਹਦਰਾ ਦੀਆਂ ਸੜਕਾਂ ਦੀ ਸਫਾਈ ਕਰਾਉਣਾ ਹੈ। ਨਾਲੀਆਂ, ਵੱਡੇ ਨਾਲੇ ਤੇ ਅੰਡਰ ਗਰਾਊਂਡ ਸੀਵਰੇਜ ਨੂੰ ਸਾਫ ਤੇ ਠੀਕ-ਠਾਕ ਰੱਖਣਾ ਹੈ। ਮੇਰੇ ਨਾਲ ਚਾਰ ਬਾਬੂ ਕੰਮ ਕਰਦੇ ਹਨ। ਆਫਿਸ ਅਧੀਨ ਕਈ ਦਰੋਗਾ ਆਉਂਦੇ ਹਨ। ਉਨ੍ਹਾਂ ਨੂੰ ਅਸੀਂ ਸ਼ਾਹਦਰਾ ਦੇ ਅੱਡ-ਅੱਡ ਖੇਤਰ ਵੰਡ ਕੇ ਦਿੱਤੇ ਹੋਏ ਹਨ। ਉਹ ਇਸ ਕੰਮ ਲਈ ਭੰਗੀਆਂ ਦੀ ਡਿਊਟੀ ਲਾਉਂਦੇ ਹਨ। ਉਨ੍ਹਾਂ ਦੀ ਹਾਜ਼ਰੀ ਲਾਉਂਦੇ ਹਨ। ਹਾਜ਼ਰੀ ਵਾਲੀਆਂ ਲਿਸਟਾਂ ਸਾਡੇ ਆਫਿਸ ਭੇਜਦੇ ਹਨ, ਜਿਨ੍ਹਾਂ ਨੂੰ ਵੇਖ ਕੇ ਉਨ੍ਹਾਂ ਦੀ ਤਨਖਾਹ ਬਣਦੀ ਹੈ।

"ਸਾਹਿਬ, ਮੈਂ ਕਮਰਾ ਸਾਫ ਕਰਨਾ ਹੈ। ਕੀ ਤੁਸੀਂ ਥੋੜ੍ਹੇ ਚਿਰ ਲਈ ਬਾਹਰ ਚਲੇ ਜਾਓਗੇ?" ਆਪਣੀ ਥਾਂ ਤੋਂ ਉਠ ਉਸ ਬੰਦੇ ਨੇ ਕਿਹਾ।

"ਤੂੰ...?" ਮੈਂ ਉਸ ਕੋਲੋਂ ਪੁੱਛਿਆ।

"ਮੈਂ ਮੰਗਲ ਹਾਂ ਸਾਹਿਬ, ਸਾਵਿਤਰੀ ਦਾ ਘਰ ਵਾਲਾ, ਜਿਹੜੀ...।"

ਉਸ ਦੀ ਗੱਲ ਸੁਣ ਕੇ ਮੇਰੀ ਨਜ਼ਰ ਉਸ ਸ਼ਖਸ ਵੱਲ ਚਲੀ ਗਈ ਜੋ ਮਸਾਂ ਪੰਜ ਫੁੱਟ ਉਚਾ ਤੇ ਇਕਹਿਰੇ ਸਰੀਰ ਦਾ ਸੁਕੜੂ ਜਿਹਾ ਦਿਸਦਾ ਹੈ। ਉਸ ਨੇ ਮੈਲਾ ਕੁੜਤਾ ਪਜਾਮਾ ਪਹਿਨ ਰੱਖਿਆ ਹੈ। ਪੈਰਾਂ ਵਿਚ ਰਬੜ ਦੀ ਵੀ-ਸ਼ੇਪ ਚੱਪਲ ਹੈ।

ਇਸ ਦੇ ਨਾਲ ਹੀ ਮੈਨੂੰ ਉਹਦੀ ਪਤਨੀ ਸਾਵਿਤਰੀ ਦਾ ਖਿਆਲ ਆ ਗਿਆ। ਜਦੋਂ ਤੋਂ ਮੈਂ ਇੱਥੇ ਆਇਆ ਹਾਂ ਭਾਵ ਪਿਛਲੇ ਤਿੰਨ ਦਿਨਾਂ ਤੋਂ, ਆਫਿਸ ਦੇ ਚਾਰਾਂ ਕਮਰਿਆਂ ਅਤੇ ਬਾਹਰ ਖੁੱਲ੍ਹੀ ਥਾਂ ਦੀ ਸਫਾਈ ਕਰਨ ਉਹੀ ਆ ਰਹੀ ਹੈ। ਮੈਂ ਪਲਾਂ ਵਿਚ ਸਾਹਮਣੇ ਖੜ੍ਹੇ ਉਸ ਪੰਜ ਫੁੱਟ ਤੋਂ ਵੀ ਘੱਟ ਕੱਦ ਵਾਲੇ ਬੰਦੇ ਦੀ ਤੁਲਨਾ ਉਹਦੀ ਸੁਡੌਲ ਪਤਨੀ ਨਾਲ ਕਰਨ ਲੱਗਾ, ਜੋ ਉਸ ਮਰਦ ਨਾਲੋਂ ਡੇਢ ਹੱਥ ਉਚੀ ਹੈ। ਸਰੀਰ ਤੋਂ ਇਉਂ ਜਿਵੇਂ ਪਹਾੜ ਦਾ ਟੁੱਟਿਆ ਇੱਕ ਵੱਡਾ ਟੁਕੜਾ ਹੋਵੇ ਜਿਸ ਹੇਠਾਂ ਪਹੀਏ ਲਾ ਦਿੱਤੇ ਹੋਣ ਤੇ ਉਹ ਪੱਥਰ ਹੱਥ ਵਿਚ ਝਾੜੂ ਫੜ੍ਹੀ ਆਪਣਾ ਕੰਮ ਕਰ ਰਿਹਾ ਹੋਵੇ।

ਮੈਂ ਵੇਖਿਆ ਮੰਗਲ ਅਜੇ ਵੀ ਮੇਰੇ ਸਾਹਮਣੇ ਖੜ੍ਹਾ ਸੀ। "ਹਾਂ...ਹਾਂ, ਤੂੰ ਸਫਾਈ ਕਰ ਲੈ। ਪਰ ਅੱਜ ਤੇਰੀ ਘਰਵਾਲੀ ਕਿਉਂ ਨਹੀਂ ਆਈ?" ਇਸ ਤੋਂ ਪਹਿਲਾਂ ਕਿ ਉਹ ਆਪਣਾ ਕੰਮ ਸ਼ੁਰੂ ਕਰਦਾ, ਮੈਂ ਪੁੱਛਿਆ।

"ਸਾਹਿਬ, ਉਸ ਨੂੰ ਤਿੰਨ ਦਿਨਾਂ ਤੋਂ ਬੁਖਾਰ ਚੜ੍ਹ ਰਿਹਾ ਹੈ। ਦੋ ਦਿਨ ਤਾਂ ਉਹ ਬੁਖਾਰ ਵਿਚ ਵੀ ਕੰਮ ਕਰਨ ਆਉਂਦੀ ਰਹੀ, ਪਰ ਅੱਜ ਮੈਂ...!" ਮੰਗਲ ਨੇ ਗੱਲ ਪੂਰੀ ਨਾ ਕੀਤੀ।

ਦੋ ਦਿਨਾਂ ਲਈ ਫਿਰ ਉਹੀ ਕੰਮ ਕਰਨ ਆਇਆ। ਉਹਦੀ ਪਤਨੀ ਨੇ ਛੁੱਟੀ ਰੱਖੀ।

"ਬਈ ਤੂੰ ਕੋਈ ਕੰਮ ਵੀ ਕਰਦਾ ਹੈਂ?" ਇੱਕ ਦਿਨ ਮੈਂ ਉਸ ਨੂੰ ਪੁੱਛਿਆ।

"ਕਰਦਾ ਹਾਂ ਸਾਹਿਬ। ਮੈਂ ਵੀ ਆਪ ਦੇ ਅਧੀਨ ਹਾਂ।"

"ਅੱਛਾ! ਪਰ ਤੇਰੀ ਡਿਊਟੀ ਕਿੱਥੇ ਲੱਗੀ ਹੋਈ ਹੈ?" ਮੈਂ ਉਸ ਨੂੰ ਪੁੱਛਿਆ।

"ਅੰਡਰਗਰਾਊਂਡ ਸੀਵਰੇਜ ਦੀ ਸਫਾਈ ਕਰਦਾ ਹਾਂ।" ਗੱਲ ਸੁਣ ਕੇ ਮੈਂ ਸੋਚਣ ਲੱਗਾ ਕਿ ਇਹ ਤਾਂ ਬਹੁਤ ਔਖਾ ਕੰਮ ਹੈ। ਹੇਠਾਂ ਸੀਵਰੇਜ ਵਿਚ ਉਤਰਨਾ ਜਿਸ ਵਿਚ ਕਈ ਵਾਰੀ ਖਤਰਨਾਕ ਗੈਸ ਵੀ ਹੁੰਦੀ ਹੈ, ਤੇ ਫਿਰ ਹੇਠਾਂ ਗੰਦੇ ਪਾਣੀ ਵਿਚ ਖੜ੍ਹ ਕੇ ਬਾਲਟੀਆਂ ਭਰ ਕੂੜਾ ਬਾਹਰ ਖੜ੍ਹੇ ਬੰਦੇ ਨੂੰ ਫੜਾਉਣਾ। ਪਰ ਇਹ ਬੰਦਾ...!

"ਬਈ ਮੰਗਲ, ਤੂੰ ਰਹਿੰਦਾ ਕਿੱਥੇ ਹੈਂ?" ਇਹ ਮੇਰਾ ਅਗਲਾ ਸਵਾਲ ਸੀ।

"ਆਹ ਸਾਹਿਬ, ਦਫਤਰ ਤੋਂ ਅੱਗੇ ਜਿਹੜਾ ਤਿਕੋਣਾ ਪਾਰਕ ਹੈ, ਉਥੇ ਸਾਡੀ ਬਸਤੀ ਹੈ।"

"ਕਦੋਂ ਤੋਂ ਰਹਿ ਰਿਹਾ ਹੈਂ ਤੂੰ ਉਥੇ?"

"ਪਤਾ ਨਹੀਂ ਸਾਹਿਬ ਸਾਡੇ ਵਡੇਰਿਆਂ ਨੇ ਕਦੋਂ ਘਰ ਬਣਾਇਆ ਸੀ। ਸੁਣਨ ਵਿਚ ਆਉਂਦਾ ਹੈ ਕਿ ਸ਼ੁਰੂ ਵਿਚ ਦੋ ਭਰਾਵਾਂ ਨੇ ਇੱਥੇ ਪੰਜਾਹ-ਪੰਜਾਹ ਗਜ਼ ਥਾਂ ਲੈ ਕੇ ਘਰ ਬਣਾਏ ਸਨ। ਫਿਰ ਹੌਲੀ-ਹੌਲੀ ਸਾਡੀ ਬਰਾਦਰੀ ਦੇ ਹੋਰ ਬੰਦੇ ਇੱਥੇ ਆਉਂਦੇ ਰਹੇ। ਹੁਣ ਤਾਂ ਉਥੇ ਸਾਡੀ ਬਰਾਦਰੀ ਦੇ ਪੰਜ ਸੌ ਤੋਂ ਵੱਧ ਪਰਿਵਾਰ ਰਹਿੰਦੇ ਹਨ।"

"ਉਹ ਸਾਰੇ ਕੰਮ ਕੀ ਕਰਦੇ ਹਨ?" ਮੈਂ ਪੁੱਛਿਆ।

"ਕੰਮ ਕੀ ਸਾਹਿਬ, ਉਹੀ ਜੋ ਪੀੜ੍ਹੀਆਂ ਤੋਂ ਸਾਡੇ ਜ਼ਿੰਮੇ ਲੱਗਾ ਹੋਇਆ ਹੈ। ਸਾਡੇ ਸਾਫ ਕਰਨ ਲਈ ਸੜਕਾਂ ਹਨ, ਨਾਲੀਆਂ ਹਨ। ਸਾਡੇ ਸਾਫ ਕਰਨ ਲਈ ਅੰਡਰਗਰਾਊਂਡ ਸੀਵਰੇਜ ਹਨ। ਇਨ੍ਹਾਂ ਦੀ ਸਫਾਈ ਕਰਦਿਆਂ ਸਾਡੇ ਵੱਡਿਆਂ ਦੀ ਉਮਰ ਲੰਘੀ ਹੋਣੀ, ਸਾਡੀ ਵੀ ਲੰਘ ਜਾਣੀ ਹੈ। ਹੁਣ ਸਾਨੂੰ ਆਉਣ ਵਾਲੀ ਪੀੜ੍ਹੀ ਦਾ ਫਿਕਰ ਰਹਿੰਦਾ ਹੈ, ਕਿਤੇ ਉਹ ਵੀ...!"

"ਲੈ ਮੰਗਲ ਹੁਣ ਕਾਹਦਾ ਫਿਕਰ। ਹੁਣ ਤਾਂ ਸਰਕਾਰ ਨੇ ਤੁਹਾਡੇ ਲਈ ਬਹੁਤ ਕੁਝ ਕਰ ਦਿੱਤਾ। ਤੁਹਾਡਾ ਨਾਂ ਤਕ ਬਦਲ ਦਿੱਤਾ। ਪਹਿਲੇ ਨਾਂ ਨਾਲ ਤਾਂ ਤੁਹਾਨੂੰ ਕੋਈ ਬੁਲਾ ਵੀ ਨਹੀਂ ਸਕਦਾ। ਜੇ ਕਿਤੇ ਗਲਤੀ ਨਾਲ ਕੋਈ ਬੁਲਾ ਵੀ ਲਵੇ ਤਾਂ ਉਸ ਨੂੰ ਜੇਲ੍ਹ ਹੋ ਜਾਂਦੀ ਹੈ।" ਮੈਂ ਉਹਦੀ ਗੱਲ ਕੱਟਦਿਆਂ ਕਿਹਾ।



"ਸਾਹਿਬ, ਨਾਂ ਬਦਲਣ ਨਾਲ ਬੰਦੇ ਦੇ ਕਰਮ ਥੋੜ੍ਹਾ ਬਦਲ ਜਾਂਦੇ ਹਨ?"

ਮੈਨੂੰ ਉਸ ਦੀ ਗੱਲ ਤੋਂ ਜਾਪਿਆ ਜਿਵੇਂ ਉਹ ਆਪਣੇ ਅੰਦਰ ਇੱਕ ਅੱਗ ਸਾਂਭੀ ਬੈਠਾ ਹੈ। ਗੱਲ ਕਰਕੇ ਉਹ ਕੰਮ ਕਰਨ ਲਈ ਚਲਾ ਗਿਆ। ਉਸ ਕੋਲੋਂ ਅਜਿਹੀਆਂ ਬਾਤਾਂ ਸੁਣਨੀਆਂ ਮੈਨੂੰ ਚੰਗੀਆਂ ਲੱਗੀਆਂ।

ਹੁਣ ਮੁੜ ਉਹਦੀ ਪਤਨੀ ਕੰਮ 'ਤੇ ਆਉਣ ਲੱਗੀ ਸੀ। ਫਿਰ ਵੀ ਮਹੀਨੇ ਵਿਚ ਸਾਵਿਤਰੀ ਕਦੇ ਨਾ ਕਦੇ ਛੁੱਟੀ ਮਾਰ ਹੀ ਲੈਂਦੀ।

ਇੱਕ ਦਿਨ ਮੈਂ ਵੇਖਿਆ ਕਿ ਸਾਵਿਤਰੀ ਦੇ ਨਾ ਆਉਣ ਕਰਕੇ ਵਕਤ ਤੋਂ ਪਹਿਲਾਂ ਮੰਗਲ ਨੇ ਸਾਰੇ ਕਮਰੇ ਸਾਫ ਕਰ ਦਿੱਤੇ ਸਨ। ਹੁਣ ਉਹ ਬਾਹਰ ਖੁੱਲ੍ਹੇ ਵਿਚ ਝਾੜੂ ਨਾਲ ਨਿੰਮ ਦੇ ਪੱਤੇ ਇਕੱਠੇ ਕਰ ਰਿਹਾ ਸੀ। ਕੰਮ ਮੁਕਾ ਕੇ ਉਹ ਮੇਰੇ ਆਫਿਸ ਵਿਚ ਆ ਮੈਨੂੰ ਹੱਥ ਜੋੜ ਜਮੀਨ 'ਤੇ ਬੈਠ ਗਿਆ।

"ਹੋਰ ਬਈ ਮੰਗਲ, ਹੋ ਗਿਆ ਕੰਮ?"

"ਹਾਂ ਸਾਹਿਬ। ਅੱਜ ਪਤਨੀ ਨਹੀਂ ਆਈ। ਅਸਲ ਵਿਚ ਜਿਸ ਦਿਨ ਮੇਰੀ ਛੁੱਟੀ ਹੁੰਦੀ ਹੈ, ਉਹਦਾ ਮਨ ਕਰਦਾ ਉਹਦੇ ਕੰਮ ਲਈ ਮੈਂ ਹੀ ਚਲਿਆ ਜਾਵਾਂ। ਉਸ ਨੂੰ ਇਹ ਸਭ ਕਰਨਾ ਚੰਗਾ ਨਹੀਂ ਲੱਗਦਾ। ਪਰ ਉਸ ਨੂੰ ਕਿਵੇਂ ਸਮਝਾਵਾਂ ਕਿ ਸਾਡੇ ਦੋਵਾਂ ਦੇ ਨੌਕਰੀ ਕਰਨ 'ਤੇ ਹੀ ਘਰ ਸੁਖਾਲਾ ਟੁਰੇਗਾ।"

"ਤੁਹਾਡਾ ਕੋਈ ਬੱਚਾ ਵੀ ਹੈ?" ਮੈਂ ਪੁੱਛਿਆ।

"ਸਾਡੇ ਚਾਰ ਬੱਚੇ ਨੇ।"

"ਅੱਛਾ...ਕਿੰਨੇ ਵੱਡੇ ਨੇ? ਤੂੰ ਉਨ੍ਹਾਂ ਨੂੰ ਪੜ੍ਹਾਉਂਦਾ ਵੀ ਹੈਂ ਜਾਂ...?" ਇਹ ਕਹਿ ਮੈਂ ਉਸ ਵੱਲ ਵੇਖਣ ਲੱਗਾ।

"ਸਾਹਿਬ, ਪੜ੍ਹਨ ਦਾ ਤਾਂ ਮੈਨੂੰ ਵੀ ਬਹੁਤ ਸ਼ੌਕ ਸੀ। ਜਦੋਂ ਮੈਂ ਦਸਵੀਂ ਪਾਸ ਕਰ ਲਈ ਤਾਂ ਪਿਤਾ ਜੀ ਨੇ ਸਕੂਲੋਂ ਹਟਾ ਲਿਆ।"

"ਸਕੂਲੋਂ ਹਟਾ ਲਿਆ! ਪਰ ਕਿਉਂ?" ਮੈਂ ਪੁੱਛਿਆ।

"ਸਾਹਿਬ, ਪਿਤਾ ਜੀ ਦੀ ਸੋਚ ਹੋਰ ਸੀ, ਪਰ ਸੀ ਠੀਕ। ਉਹ ਕਹਿੰਦੇ ਤੂੰ ਤਾਂ ਪੜ੍ਹ ਕੇ ਵੀ ਸੜਕਾਂ 'ਤੇ ਝਾੜੂ ਹੀ ਮਾਰੇਂਗਾ, ਨਾਲੀਆਂ ਸਾਫ ਕਰੇਂਗਾ। ਫਿਰ ਪੜ੍ਹਨ ਦੀ ਕੀ ਲੋੜ ਹੈ? ਇਹ ਕੰਮ ਤਾਂ ਅਨਪੜ੍ਹ ਬੰਦਾ ਵੀ ਕਰ ਸਕਦਾ ਹੈ।"

"ਪਰ ਤੇਰੀ ਸੋਚ?" ਮੇਰਾ ਅਗਲਾ ਸਵਾਲ ਸੀ।

"ਸਾਹਿਬ, ਮੇਰੀ ਸੋਚ ਵੱਖਰੀ ਹੈ। ਉਹ ਵਕਤ ਤਾਂ ਕਦੋਂ ਦਾ ਬੀਤ ਗਿਆ ਜਿਸ ਦੀ ਪਿਤਾ ਜੀ ਗੱਲ ਕਰਿਆ ਕਰਦੇ ਸਨ। ਜ਼ਰੂਰੀ ਨਹੀਂ ਕਿ ਬੰਦਾ ਪੜ੍ਹ ਕੇ ਝਾੜੂ ਹੀ ਫੜ੍ਹੇ। ਕਲਮ ਫੜ੍ਹ ਸਕਦਾ ਹੈ, ਫੌਜੀ ਬਣ ਕੇ ਬੰਦੂਕ ਫੜ੍ਹ ਸਕਦਾ ਹੈ।"

"ਕੀ ਤੂੰ ਆਪਣੇ ਬੱਚਿਆਂ ਨੂੰ ਪੜ੍ਹਾਏਂਗਾ?" ਮੈਂ ਪੁੱਛਿਆ।

"ਹਾਂ ਸਾਹਿਬ, ਮੇਰੀਆਂ ਦੋ ਵੱਡੀਆਂ ਧੀਆਂ ਤੇ ਉਨ੍ਹਾਂ ਤੋਂ ਛੋਟੇ ਦੋ ਪੁੱਤ ਹਨ। ਮੇਰੀ ਵੱਡੀ ਧੀ ਸੀ. ਏ. ਫਾਈਨਲ ਯੀਅਰ 'ਚ ਹੈ। ਉਸ ਤੋਂ ਛੋਟੀ ਬੀ. ਐਸਸੀ. ਕਰ ਰਹੀ ਹੈ। ਮੇਰਾ ਵੱਡਾ ਪੁੱਤ ਸਕੂਲ ਦੇ ਆਖਰੀ ਵਰ੍ਹੇ ਵਿਚ ਪ੍ਰੀ-ਮੈਡੀਕਲ 'ਚ ਪੜ੍ਹ ਰਿਹਾ। ਉਹ ਸਕੂਲ ਦਾ ਟਾਪਰ ਹੈ। ਕਹਿੰਦਾ, ਡਾਕਟਰ ਬਣਾਂਗਾ। ਛੋਟਾ ਵੀ ਪੜ੍ਹਾਈ ਵਿਚ ਬਹੁਤ ਚੰਗਾ ਹੈ।"

ਮੰਗਲ ਦੀ ਇਹ ਗੱਲ ਸੁਣ ਕੇ ਆਫਿਸ ਦੀ ਖੁੱਲ੍ਹੀ ਥਾਂ 'ਤੇ ਝਾੜੂ ਮਾਰਨ ਵਾਲਾ ਉਹ ਬੰਦਾ ਪਲਾਂ ਵਿਚ ਮੇਰੇ ਸਾਹਮਣੇ ਇੱਕ ਇੱਜਤਦਾਰ ਬੰਦਾ ਬਣ ਗਿਆ। ਉਸ ਬਾਰੇ ਮੇਰੇ ਮਨ ਵਿਚ ਬਣੀ ਸੋਚ ਆਪੇ ਸ਼ਰਮਿੰਦਾ ਹੋ ਗਈ।

ਇਸ ਤੋਂ ਬਾਅਦ ਮੇਰੇ ਵਿਚ ਇੱਕ ਬਦਲਾਅ ਆ ਗਿਆ। ਹੁਣ ਜਦੋਂ ਕਦੇ ਮੰਗਲ ਕੰਮ 'ਤੇ ਆਉਂਦਾ ਤਾਂ ਮੈਂ ਉਸ ਨੂੰ ਜ਼ਬਰਦਸਤੀ ਕੁਰਸੀ 'ਤੇ ਬੈਠਣ ਲਈ ਕਹਿੰਦਾ। ਸਾਵਿਤਰੀ ਲਈ ਵੀ ਮੇਰੇ ਮਨ ਵਿਚ ਇੱਜਤ ਵਧ ਗਈ ਸੀ।

ਇੱਕ ਦਿਨ ਉਹ ਆਪਣੀ ਪਤਨੀ ਨਾਲ ਆਫਿਸ ਆਇਆ। ਮੈਂ ਦੋਵਾਂ ਨੂੰ ਇਕੱਠੇ ਵੇਖ ਥੋੜ੍ਹਾ ਹੈਰਾਨ ਜ਼ਰੂਰ ਹੋਇਆ। ਮੰਗਲ ਨੇ ਹੱਥ ਵਿਚ ਇੱਕ ਕਾਰਡ ਫੜ੍ਹਿਆ ਹੋਇਆ ਸੀ।

"ਸਾਹਿਬ ਇਹ...।" ਕਾਰਡ ਮੈਨੂੰ ਫੜਾਉਂਦਿਆਂ ਉਸ ਨੇ ਕਿਹਾ।

"ਸਾਹਿਬ, ਮੇਰਾ ਇੱਕ ਦੋਸਤ ਸੀ ਅਮਰ। ਉਸ ਦੀ ਧੀ ਦਾ ਵਿਆਹ ਹੈ। ਉਹ ਤਾਂ ਨਹੀਂ ਰਿਹਾ। ਤੁਸੀਂ ਜੇ ਵਿਆਹ ਵਿਚ ਆਵੋਗੇ ਤਾਂ ਬਹੁਤ ਚੰਗਾ ਲੱਗੇਗਾ। ਬਿਨਾ ਬਾਪ ਦੀ ਬੱਚੀ ਹੈ। ਵੱਡਿਆਂ ਦਾ ਆਸ਼ੀਰਵਾਦ ਮਿਲੇਗਾ, ਉਸ ਨੂੰ ਤੁਹਾਡੇ ਆਉਣ 'ਤੇ। ਤੁਸੀਂ ਸ਼ਾਇਦ ਸਾਡੇ ਲੋਕਾਂ ਦੇ ਵਿਆਹ ਵਿਚ ਆਉਣਾ ਪਸੰਦ ਨਾ ਕਰੋ। ਸਾਡੇ ਅਜਿਹੇ ਕਾਰਜਾਂ ਵਿਚ ਸਾਡੀ ਬਰਾਦਰੀ ਦੇ ਬੰਦੇ ਹੀ ਸੱਦੇ ਜਾਂਦੇ ਹਨ, ਪਰ...।"

"ਨਹੀਂ ਮੰਗਲ, ਤੁਸੀਂ ਵੱਖਰੇ ਲੋਕ ਕਿਵੇਂ ਹੋ? ਇਹ ਗੱਲ ਨਹੀਂ। ਮੈਂ ਵਕਤ 'ਤੇ ਪਹੁੰਚਣ ਦੀ ਜ਼ਰੂਰ ਕੋਸ਼ਿਸ਼ ਕਰਾਂਗਾ। ਤੁਸੀਂ ਕਿੰਨੇ ਪਿਆਰ ਨਾਲ ਬੁਲਾਉਣ ਆਏ ਹੋ।"

ਮੰਗਲ ਤੇ ਸਾਵਿਤਰੀ ਕਾਰਡ ਦੇ ਕੇ ਚਲੇ ਗਏ। ਕਾਰਡ ਹੱਥ ਵਿਚ ਫੜ੍ਹੀ ਮੈਂ ਸੋਚ ਜਿਹੀ ਵਿਚ ਪੈ ਗਿਆ। ਵਿਆਹ ਵਿਚ ਜਾਣ ਜਾਂ ਨਾ ਜਾਣ ਦਾ ਫੈਸਲਾ ਕਰਨਾ ਔਖਾ ਲੱਗ ਰਿਹਾ ਸੀ।

ਪਰ ਫਿਰ ਮੰਗਲ ਕਰਕੇ ਮੈਂ ਜਾਣ ਦਾ ਮਨ ਬਣਾ ਲਿਆ। ਵਿਆਹ ਵਿਚ ਬਹੁਤ ਰੌਣਕ ਸੀ। ਖਾਣ-ਪੀਣ ਦਾ ਵਧੀਆ ਇੰਤਜ਼ਾਮ ਸੀ। ਮੰਗਲ ਤੇ ਸਾਵਿਤਰੀ ਮੈਨੂੰ ਬਹੁਤ ਪਿਆਰ ਤੇ ਇੱਜਤ ਨਾਲ ਮਿਲੇ। ਮੈਂ ਸ਼ਗਨ ਵਾਲਾ ਲਿਫਾਫਾ ਮੰਗਲ ਨੂੰ ਫੜ੍ਹਾ ਤੇ ਕੁਝ ਥੋੜ੍ਹਾ ਖਾ-ਪੀ ਕੇ ਘਰ ਮੁੜ ਆਇਆ। ਵਿਆਹ ਵਿਚ ਸ਼ਾਮਿਲ ਹੋਣਾ ਮੈਨੂੰ ਬਹੁਤ ਚੰਗਾ ਲੱਗਾ।

ਇੱਕ ਵਾਰੀ ਫਿਰ ਦੋ ਮਹੀਨੇ ਤੋਂ ਵੱਧ ਵਕਤ ਲੰਘ ਜਾਣ 'ਤੇ ਵੀ ਮੰਗਲ ਨਾ ਦਿਸਿਆ। ਸਾਵਿਤਰੀ ਆਉਂਦੀ ਤੇ ਕੰਮ ਕਰਕੇ ਚਲੀ ਜਾਂਦੀ। ਮੈਂ ਵੀ ਬਹੁਤਾ ਨਾ ਗੌਲਿਆ।

ਫਿਰ ਇੱਕ ਦਿਨ ਮੈਂ ਆਫਿਸ ਦੀ ਬਾਰੀ ਰਾਹੀਂ ਵੇਖਿਆ, ਉਹ ਬਾਹਰ ਖੁੱਲ੍ਹੇ ਵਿਚ ਝਾੜੂ ਨਾਲ ਸਫਾਈ ਕਰ ਰਿਹਾ ਸੀ।

ਕੰਮ ਮੁਕਾ ਕੇ ਉਹ ਮੇਰੇ ਸਾਹਮਣੇ ਆ ਜਮੀਨ 'ਤੇ ਬੈਠ ਗਿਆ। ਜਦੋਂ ਮੈਂ ਉਸ ਨੂੰ ਕੁਰਸੀ 'ਤੇ ਬੈਠਣ ਲਈ ਆਖਿਆ ਤਾਂ ਉਹ ਪਹਿਲਾਂ ਵਾਂਗ ਹੀ ਬੋਲਿਆ, "ਨਹੀਂ ਸਾਹਿਬ, ਇੱਥੇ ਹੀ ਠੀਕ ਹੈ। ਅਸੀਂ ਇੱਥੇ ਜੋਗੇ ਹੀ ਹਾਂ।" ਪਰ ਇਸ ਵਾਰੀ ਉਸ ਨੇ ਜੋ ਕਿਹਾ, ਮੇਰੀ ਸਮਝ 'ਚ ਆ ਗਿਆ ਸੀ। ਜਦੋਂ ਉਸ ਨੇ ਇਹ ਆਖਿਆ ਤਾਂ ਮੇਰੀ ਨਜ਼ਰ ਅਚਾਨਕ ਉਹਦੇ ਚਿਹਰੇ 'ਤੇ ਚਲੀ ਗਈ। ਉਹ ਬਹੁਤ ਥੱਕਿਆ-ਥੱਕਿਆ ਲੱਗ ਰਿਹਾ ਸੀ ਜਿਵੇਂ ਕਿਤੇ ਮੁਸ਼ੱਕਤ ਦਾ ਕੰਮ ਕਰਕੇ ਆਇਆ ਹੋਵੇ।

"ਕੀ ਗੱਲ ਬਈ ਮੰਗਲ ਸਭ ਠੀਕ ਤਾਂ ਹੈ? ਤੂੰ ਇਸ ਤਰ੍ਹਾਂ ਥੱਕਿਆ-ਥੱਕਿਆ ਕਿਉਂ ਲੱਗ ਰਿਹਾ ਹੈਂ? ਤੂੰ ਇੰਨੇ ਦਿਨ ਆਇਆ ਕਿਉਂ ਨਹੀਂ?"

"ਸਾਹਿਬ ਇੱਕ ਮੁਸ਼ਕਿਲ ਹੈ। ਬਹੁਤ ਵੱਡੀ ਉਲਝਣ ਹੈ ਜੋ ਮੇਰੇ ਕੋਲੋਂ ਸੁਲਝਾਈ ਨਹੀਂ ਜਾਂਦੀ। ਬਹੁਤ ਸੋਚਦਾ ਹਾਂ। ਇਸ ਤਰ੍ਹਾਂ ਕਿਉਂ ਹੁੰਦਾ ਹੈ?"

"ਬਈ ਅਜਿਹਾ ਕੀ ਹੋ ਗਿਆ?" ਮੈਂ ਉਸ ਦੀ ਗੱਲ ਕੱਟ ਕੇ ਪੁੱਛਿਆ। ਕੁਝ ਚਿਰ ਰੁਕ ਉਹ ਦੱਸਣ ਲੱਗਾ, "ਜਦੋਂ ਸਾਹਿਬ, ਰਾਤੀਂ ਇੱਕ ਵਾਰ ਅੱਖ ਖੁੱਲ੍ਹ ਜਾਂਦੀ ਹੈ, ਫਿਰ ਸਾਰੀ ਰਾਤ ਨੀਂਦ ਨਹੀਂ ਆਉਂਦੀ। ਅਗਲੇ ਦਿਨ ਫਿਰ ਕੰਮ 'ਤੇ ਤਾਂ ਜਾਣਾ ਹੀ ਹੁੰਦਾ ਹੈ। ਜਦੋਂ ਬੰਦੇ ਨੂੰ ਆਰਾਮ ਨਾ ਮਿਲੇ, ਮਨ ਨੂੰ ਚੈਨ ਨਾ ਮਿਲੇ, ਫਿਰ ਉਹ ਥੱਕਿਆ-ਥੱਕਿਆ...।"

ਮੰਗਲ ਨੇ ਗੱਲ ਪੂਰੀ ਨਾ ਕੀਤੀ। ਉਸ ਨੇ ਚੁੱਪ ਧਾਰ ਲਈ। ਮੈਂ ਕਾਗਜ਼ 'ਤੇ ਲਿਖਣਾ ਛੱਡ ਕੁਰਸੀ ਦੀ ਢੋਅ ਨਾਲ ਪਿੱਠ ਲਾ ਲਈ ਅਤੇ ਲੱਤਾਂ ਪਸਾਰ ਆਰਾਮ ਨਾਲ ਬੈਠ ਕੇ ਪੁੱਛਿਆ, "ਬਈ ਅਜਿਹੀ ਕੀ ਮੁਸ਼ਕਿਲ ਹੈ, ਜੋ ਦੂਰ ਨਹੀਂ ਹੋਈ?" ਇਹ ਆਖ ਮੈਂ ਉਹਦੇ ਬੋਲਣ ਦੀ ਉਡੀਕ ਕਰਨ ਲੱਗਾ।

ਕੁਝ ਚਿਰ ਪਤਾ ਨਹੀਂ ਕੀ ਸੋਚ ਉਹ ਆਪਣੀ ਮੁਸ਼ਕਿਲ ਬਾਰੇ ਦੱਸਣ ਲੱਗਾ, "ਸਾਹਿਬ, ਮੈਂ ਤੁਹਾਨੂੰ ਦੱਸਿਆ ਸੀ, ਮੇਰੇ ਨਾਲ ਅਮਰ ਨਾਂ ਦਾ ਬੰਦਾ ਕੰਮ ਕਰਦਾ ਸੀ, ਜਿਸ ਦੀ ਧੀ ਦੇ ਵਿਆਹ ਵਿਚ ਤੁਸੀਂ ਆਏ ਸੀ। ਸਾਡੀ ਕਾਲੋਨੀ ਵਿਚ ਉਹ ਮੇਰਾ ਪੱਕਾ ਦੋਸਤ ਸੀ। ਉਹ ਮੇਰੇ ਸਭ ਤੋਂ ਵੱਧ ਨੇੜੇ ਸੀ। ਸਾਡੇ ਘਰ ਉਹਦਾ ਆਉਣਾ-ਜਾਣਾ ਸੀ। ਉਸ ਦੀਆਂ ਦੋ ਧੀਆਂ ਸਨ, ਜੋ ਵਿਆਹ ਦੇ ਕਾਬਲ ਹੋ ਗਈਆਂ ਸਨ। ਵੱਡੀ ਦੀ ਤਾਂ ਵਿਆਹ ਦੀ ਉਮਰ ਵੀ ਲੰਘ ਗਈ ਸੀ। ਅਮਰ ਨੇ ਬਹੁਤ ਮੁੰਡੇ ਵੇਖੇ, ਪਰ ਕਿਤੇ ਗੱਲ ਨਾ ਬਣੀ। ਮੁੰਡੇ ਵਾਲੇ ਦਾਜ ਦੀ ਮੰਗ ਕਰਦੇ, ਜੋ ਉਸ ਦੇ ਵੱਸ ਨਹੀਂ ਸੀ। ਅਸੀਂ ਦੋਵੇਂ ਕਈ ਵਾਰੀ ਸਲਾਹ-ਮਸ਼ਵਰਾ ਕਰਦੇ, ਪਰ ਇਸ ਦਾ ਹੱਲ ਨਾ ਨਿਕਲਦਾ। ਉਹ ਅੱਖਾਂ ਨਮ ਕਰ ਲੈਂਦਾ। 'ਸਭ ਠੀਕ ਹੋ ਜਾਵੇਗਾ ਅਮਰ, ਤੂੰ ਫਿਕਰ ਨਾ ਕਰ?' ਸਾਹਿਬ, ਮੈਂ ਉਸ ਨੂੰ ਝੂਠਾ ਦਿਲਾਸਾ ਦਿੰਦਾ, ਕਿਉਂਕਿ ਮੈਨੂੰ ਪਤਾ ਸੀ, ਉਹ ਦਹੇਜ ਦਾ ਪ੍ਰਬੰਧ ਨਹੀਂ ਕਰ ਸਕੇਗਾ ਤੇ ਕੁਝ ਵੀ ਠੀਕ ਨਹੀਂ ਹੋਵੇਗਾ।

ਪਿਛਲੇ ਦੋ-ਤਿੰਨ ਮਹੀਨਿਆਂ ਤੋਂ ਉਹ ਬਹੁਤ ਪ੍ਰੇਸ਼ਾਨ ਰਹਿਣ ਲੱਗਾ ਸੀ। ਉਸ ਨੂੰ ਛੋਟੀ ਛੋਟੀ ਗੱਲ 'ਤੇ ਗੁੱਸਾ ਵੀ ਬਹੁਤ ਆਉਂਦਾ। ਉਹ ਐਵੇਂ ਸੜਕ 'ਤੇ ਟੁਰਿਆ ਜਾਂਦਾ ਕਿਸੇ ਨਾਲ ਵੀ ਪੰਗਾ ਲੈ ਲੈਂਦਾ। ਦੋ ਸਾਲ ਪਹਿਲਾਂ ਦੀ ਗੱਲ ਹੈ। ਸ਼ਾਇਦ ਇਸ ਦਾ ਤੁਹਾਨੂੰ ਵੀ ਪਤਾ ਹੋਵੇ। ਇਹ ਨਵੀਂ ਦਿੱਲੀ 'ਚ ਵਾਪਰੀ ਘਟਨਾ ਹੈ। ਸਾਡੀ ਬਰਾਦਰੀ ਦੇ ਦੋ ਬੰਦੇ ਉਥੇ ਅੰਡਰ-ਗਰਾਊਂਡ ਸੀਵਰੇਜ ਦੀ ਸਫਾਈ ਕਰਨ ਲਈ ਹੇਠਾਂ ਉਤਰੇ ਸਨ, ਪਰ ਉਨ੍ਹਾਂ ਕੋਲੋਂ ਇੱਕ ਗਲਤੀ ਹੋ ਗਈ। ਮੇਨ ਹੋਲ ਦਾ ਢੱਕਣ ਖੋਲ੍ਹ ਉਨ੍ਹਾਂ ਅੰਦਰੋਂ ਜ਼ਹਿਰੀਲੀ ਗੈਸ ਬਾਹਰ ਨਾ ਕੱਢੀ। ਉਹ ਹੇਠਾਂ ਚਲੇ ਗਏ। ਜਦੋਂ ਕਾਫੀ ਚਿਰ ਬਾਹਰ ਨਾ ਨਿਕਲੇ ਤਾਂ ਬਾਹਰ ਖੜ੍ਹੇ ਬੰਦੇ ਨੇ ਉਨ੍ਹਾਂ ਦਾ ਨਾਂ ਲੈ ਆਵਾਜ਼ਾਂ ਮਾਰੀਆਂ, ਪਰ ਕੋਈ ਜਵਾਬ ਨਾ ਆਇਆ। ਫਿਰ ਫਾਇਰ ਬ੍ਰਿਗੇਡ ਵਾਲੇ ਸੱਦੇ ਗਏ। ਉਨ੍ਹਾਂ ਨੇ ਉਹ ਦੋ ਬੰਦੇ ਬਾਹਰ ਕੱਢੇ ਜੋ ਜ਼ਹਿਰੀਲੀ ਗੈਸ ਕਾਰਨ ਮਰ ਗਏ ਸਨ। ਸਾਡੀ ਬਰਾਦਰੀ ਨੇ ਖਾਸਾ ਰੌਲਾ ਪਾਇਆ ਤਾਂ ਸਰਕਾਰ ਨੇ ਉਨ੍ਹਾਂ ਦਾ ਮੂੰਹ ਬੰਦ ਕਰਨ ਲਈ ਪਰਿਵਾਰ ਵਾਲਿਆਂ ਨੂੰ ਪੰਜ-ਪੰਜ ਲੱਖ ਰੁਪਏ ਦੇ ਕੇ ਗੱਲ ਹੀ ਮੁਕਾ ਦਿੱਤੀ।

ਹਾਂ, ਮੈਂ ਤਾਂ ਤੁਹਾਨੂੰ ਅਮਰ ਦੀ ਗੱਲ ਦੱਸ ਰਿਹਾ ਸੀ। ਅਸੀਂ ਦੋਵੇਂ ਚੁੱਪ-ਚਾਪ ਰਹਿੰਦੇ। ਹੁਣ ਅਮਰ ਵੀ ਧੀਆਂ ਦੀ ਗੱਲ ਨਾ ਕਰਦਾ। ਕੰਮ 'ਤੇ ਪਹੁੰਚ ਕੇ ਮੈਂ ਹੀ ਸੀਵਰੇਜ ਵਿਚ ਉਤਰਦਾ। ਕੂੜੇ ਦੀਆਂ ਬਾਲਟੀਆਂ ਭਰ-ਭਰ ਅਮਰ ਨੂੰ ਫੜਾਉਂਦਾ ਜਾਂਦਾ। ਫਿਰ ਇੱਕ ਦਿਨ ਬਹੁਤ ਅਜੀਬ ਗੱਲ ਹੋਈ। ਸਾਨੂੰ ਆਫਿਸ ਤੋਂ ਪਤਾ ਲੱਗਾ ਕਿ ਅਸੀਂ ਨਵੀਨ ਸ਼ਾਹਦਰਾ 'ਚ ਬੰਦ ਪਏ ਇੱਕ ਸੀਵਰੇਜ ਨੂੰ ਖੋਲ੍ਹਣ ਜਾਣਾ ਹੈ, ਜੋ ਇੱਕ ਨੇਤਾ ਦੇ ਏਰੀਏ ਵਿਚ ਪੈਂਦਾ ਸੀ। ਅਸੀਂ ਦੋਵੇਂ ਉਥੇ ਪਹੁੰਚ ਗਏ। ਕੁਝ ਚਿਰ ਮੇਨ ਹੋਲ ਦੇ ਬੰਦ ਢੱਕਣ ਕੋਲ ਬੈਠੇ ਗੱਲਾਂ ਕਰਦੇ ਰਹੇ। ਉਹਦੀਆਂ ਗੱਲਾਂ ਆਪਣੀਆਂ ਧੀਆਂ ਦੇ ਫਿਕਰ ਵਾਲੀਆਂ ਨਹੀਂ ਸਨ। ਗੱਲਾਂ ਬੰਦ ਕਰ ਅਸੀਂ ਕੰਮ ਕਰਨ ਬਾਰੇ ਸੋਚਿਆ। ਮੈਂ ਕੁੜਤਾ-ਪਜਾਮਾ ਲਾਹ ਕੇ ਸੀਵਰੇਜ ਵਿਚ ਉਤਰਨ ਦੀ ਤਿਆਰੀ ਕਰ ਲਈ। ਅਜੇ ਮੈਂ ਢੱਕਣ ਖੋਲ੍ਹ ਉਸ ਵਿਚੋਂ ਜ਼ਹਿਰੀਲੀ ਗੈਸ ਬਾਹਰ ਨਿਕਲਣ ਦਾ ਇੰਤਜ਼ਾਰ ਕਰਨ ਲੱਗਾ ਸੀ ਕਿ ਮੇਰੇ ਵੇਖਦਿਆਂ-ਵੇਖਦਿਆਂ ਅਮਰ ਨੇ ਕੱਪੜਿਆਂ ਸਮੇਤ ਪਲਾਂ ਵਿਚ ਉਸ ਵਿਚ ਛਾਲ ਮਾਰ ਦਿੱਤੀ। ਤਦੇ ਮੈਨੂੰ ਅਮਰ ਦੀ ਆਵਾਜ਼ ਸੁਣੀ, ਜੋ ਜਿਵੇਂ ਚੀਕ ਬਣ ਮੇਰੇ ਤੀਕ ਪਹੁੰਚੀ ਸੀ। ਜਿਵੇਂ ਉਹ ਬਹੁਤ ਜ਼ੋਰ ਲਾ ਕੇ ਬੋਲਿਆ ਸੀ, 'ਮੰਗਲ, ਪੰਜ ਲੱਖ ਰੁਪਏ ਨਾਲ ਤੂੰ ਮੇਰੀਆਂ ਦੋਵੇਂ ਧੀਆਂ ਦੇ ਵਿਆਹ ਕਰ ਦੇਵੀਂ। ਬਾਈ ਇਹ ਕੰਮ ਮੈਂ ਤੇਰੇ ਜ਼ਿੰਮੇ ਛੱਡ ਚੱਲਿਆ ਹਾਂ।' ਇਸ ਤੋਂ ਬਾਅਦ ਉਹਦੀ ਆਵਾਜ਼ ਆਉਣੀ ਬੰਦ ਹੋ ਗਈ ਸੀ। ਸਾਰੀ ਗੱਲ ਸਮਝਦਿਆਂ ਮੈਨੂੰ ਪਲ ਵੀ ਨਾ ਲੱਗਾ। ਮੈਂ ਰੌਲਾ ਪਾਇਆ। ਚੀਕਾਂ ਮਾਰ-ਮਾਰ ਲੋਕ ਇਕੱਠੇ ਕਰ ਲਏ। ਫਿਰ ਫਾਇਰ-ਬ੍ਰਿਗੇਡ ਵਾਲੇ ਆਏ। ਉਨ੍ਹਾਂ ਅਮਰ ਨੂੰ ਸੀਵਰੇਜ ਵਿਚੋਂ ਬਾਹਰ ਕੱਢਿਆ। ਉਸ ਦੇ ਕੱਪੜੇ ਹੀ ਨਹੀਂ ਸਗੋਂ ਸਾਰਾ ਸਰੀਰ ਗੰਦ ਨਾਲ ਭਰਿਆ ਪਿਆ ਸੀ। ਉਹ ਮਰ ਗਿਆ ਸੀ। ਫਿਰ ਮੈਂ ਉਹਦੀ ਮ੍ਰਿਤਕ ਦੇਹ ਨੇੜੇ ਉਸ ਦੀ ਪਤਨੀ ਤੇ ਉਸ ਦੀਆਂ ਧੀਆਂ ਨੂੰ ਚੀਕਾਂ ਮਾਰਦਿਆਂ ਵੇਖਿਆ, ਜੋ ਇਸ ਘਟਨਾ ਦੀ ਖਬਰ ਲੱਗਦਿਆਂ ਹੀ ਉਥੇ ਪਹੁੰਚ ਗਈਆਂ ਸਨ। ਮੈਂ ਸਮਝ ਨਾ ਸਕਿਆ ਕਿ ਮਜਬੂਰੀ ਨੇ ਇਸ ਅਣਹੋਣੀ ਦਾ ਰੂਪ ਕਿਉਂ ਧਾਰ ਲਿਆ ਸੀ ਤੇ ਪਿਉ ਦਾ ਫਰਜ਼ ਪੂਰਾ ਕਰਨ ਲਈ ਕਿਸੇ ਨੂੰ ਆਪਣੀ ਜਾਨ ਦੇਣੀ ਪਈ ਸੀ। ਦਿਨ ਲੰਘ ਜਾਣ 'ਤੇ ਸਰਕਾਰ ਵੱਲੋਂ ਉਹਦੇ ਪਰਿਵਾਰ ਨੂੰ ਪੰਜ ਲੱਖ ਰੁਪਏ ਮਿਲ ਗਏ ਸਨ ਤੇ ਉਨ੍ਹਾਂ ਪੈਸਿਆਂ ਨਾਲ ਮੈਂ...।"

ਗੱਲ ਕਰਦਿਆਂ ਮੰਗਲ ਕੁਝ ਚਿਰ ਰੁਕ ਗਿਆ। ਕੁਰਸੀ 'ਤੇ ਬੈਠਾ ਮੈਂ ਤਾਂ ਜਿਵੇਂ ਸਿੱਲ ਬਣ ਗਿਆ। ਮੇਰੇ ਕੋਲੋਂ ਕੁਝ ਵੀ ਨਾ ਬੋਲਿਆ ਗਿਆ, ਪਰ ਮੰਗਲ ਨੇ ਫਿਰ ਅੱਗੋਂ ਗੱਲ ਸ਼ੁਰੂ ਕੀਤੀ, "ਸਾਹਿਬ, ਉਸ ਦੀ ਵੱਡੀ ਧੀ ਦਾ ਵਿਆਹ ਤਾਂ ਹੋ ਗਿਆ। ਅਜੇ ਵੀ ਬੈਂਕ ਵਿਚ ਇੰਨੇ ਪੈਸੇ ਹਨ ਕਿ ਦੂਜੀ ਦਾ ਵਿਆਹ ਕਰਕੇ ਵੀ ਉਨ੍ਹਾਂ ਵਿਚੋਂ ਬਹੁਤ ਸਾਰੇ ਪੈਸੇ ਬਚ ਜਾਣਗੇ। ਪਰ ਸਾਹਿਬ, ਪਿਛਲੇ ਮਹੀਨੇ ਤੋਂ ਮੈਨੂੰ ਸੁੱਤੇ ਪਏ ਨੂੰ ਇੱਕ ਆਵਾਜ਼ ਸੁਣਾਈ ਦਿੰਦੀ ਹੈ, ਜੋ ਜਿਵੇਂ ਚੀਕ ਬਣ ਕੇ ਕੂੜੇ ਤੇ ਗੰਦ ਨਾਲ ਭਰੇ ਸੀਵਰੇਜ ਵਿਚੋਂ ਬਾਹਰ ਨਿਕਲਦੀ ਹੈ। ਮੈਂ ਤਦੇ ਇਸ ਨੂੰ ਪਛਾਣ ਲੈਂਦਾ ਹਾਂ। ਇਹ ਆਵਾਜ਼ ਤਾਂ ਅਮਰ ਦੀ ਹੁੰਦੀ ਹੈ, ਜੋ ਜਾਣ-ਬੁੱਝ ਕੇ ਸੀਵਰੇਜ ਵਿਚ ਡਿੱਗ ਪਿਆ ਸੀ, ਜਿਸ ਨੇ ਆਪਣੀਆਂ ਧੀਆਂ ਦੀ ਖੁਸ਼ੀ ਲਈ ਜਾਨ ਦੇ ਦਿੱਤੀ ਸੀ। ਉਹ ਚੀਕ ਸੁਣ ਕੇ ਡਰ ਨਾਲ ਮੇਰੀ ਅੱਖ ਖੁੱਲ੍ਹ ਜਾਂਦੀ ਹੈ। ਫਿਰ ਮੈਨੂੰ ਨੀਂਦ ਨਹੀਂ ਆਉਂਦੀ ਸਾਹਿਬ। ਮੈਂ ਬਹੁਤ ਕੋਸ਼ਿਸ਼ ਕਰਦਾ ਹਾਂ ਕਿ ਉਹ ਗੱਲ ਭੁੱਲ ਜਾਵਾਂ ਤੇ ਸੌਂ ਜਾਵਾਂ ਪਰ...। ਮੈਨੂੰ ਮੁੜ-ਮੁੜ ਅਮਰ ਦਾ ਖਿਆਲ ਆਉਂਦਾ ਰਹਿੰਦਾ ਹੈ। ਉਸ ਦੀ ਪਤਨੀ, ਉਸ ਦੀਆਂ ਧੀਆਂ ਚੀਕਾਂ ਮਾਰਦੀਆਂ ਦਿਸਦੀਆਂ ਹਨ। ਸਾਰੀ ਰਾਤ ਅੱਖਾਂ ਥਾਣੀਂ ਲੰਘ ਜਾਂਦੀ ਹੈ। ਜਦੋਂ ਮੈਂ ਸਵੇਰੇ ਮੰਜੇ ਤੋਂ ਉਠਦਾ ਹਾਂ ਤਾਂ ਬਹੁਤ ਥੱਕਿਆ ਹੁੰਦਾ ਹਾਂ। ਤੁਸੀਂ ਦੱਸੋ ਕਿਵੇਂ ਛੁਟਕਾਰਾ ਪਾਵਾਂ ਇਨ੍ਹਾਂ ਆਵਾਜ਼ਾਂ ਕੋਲੋਂ, ਜੋ ਮੇਰਾ ਪਿੱਛਾ ਨਹੀਂ ਛੱਡਦੀਆਂ? ਮੈਂ ਕੀ ਕਰਾਂ ਸਾਹਿਬ?"

ਮੰਗਲ ਦੀ ਗੱਲ ਮੁੱਕ ਗਈ।

ਮੈਂ ਅੱਖਾਂ ਬੰਦ ਕਰੀ ਅਜੇ ਵੀ ਕੁਰਸੀ ਦੀ ਢੋਅ ਦਾ ਸਹਾਰਾ ਲਈ ਚੁੱਪ ਬੈਠਾ ਸਾਂ। ਮੈਂ ਸੋਚ ਰਿਹਾ ਸੀ ਕਿ ਮੰਗਲ ਨੂੰ ਕੀ ਕਹਾਂ? ਕਿਵੇਂ ਛੁਟਕਾਰਾ ਦਿਵਾਵਾਂ ਇਨ੍ਹਾਂ ਚੀਕਾਂ ਕੋਲੋਂ ਉਸ ਨੂੰ?

ਇਹ ਸੋਚਦਿਆਂ ਤੇ ਅੱਖਾਂ ਬੰਦ ਕਰੀਂ ਬੈਠਿਆਂ ਪਤਾ ਨਹੀਂ ਮੈਨੂੰ ਕਿੰਨਾ ਹੀ ਚਿਰ ਲੰਘ ਗਿਆ।

ਕੁਝ ਚਿਰ ਬਾਅਦ ਮੈਂ ਅੱਖਾਂ ਖੋਲ੍ਹ ਕੇ ਕਮਰੇ ਵਿਚ ਵੇਖਿਆ ਤਾਂ ਉਥੇ ਮੈਨੂੰ ਮੰਗਲ ਨਾ ਦਿਸਿਆ।

ਅਚਾਨਕ ਮੇਰੀ ਨਜ਼ਰ ਖੁੱਲ੍ਹੀ ਬਾਰੀ ਰਾਹੀਂ ਕਮਰੇ ਤੋਂ ਬਾਹਰ ਚਲੀ ਗਈ ਜਿੱਥੇ ਥੱਕਿਆ-ਥੱਕਿਆ, ਚੁੱਪ-ਚੁੱਪ ਜਿਹਾ ਮੰਗਲ ਝਾੜੂ ਨਾਲ ਨਿੰਮ ਦੇ ਪੱਤੇ ਇਕੱਠੇ ਕਰ ਰਿਹਾ ਸੀ।

ਇਤਿਹਾਸ

# ਮਲਕਾ-ਏ-ਹਿੰਦ ਨੂਰ ਜਹਾਂ ਦੀ ਕਹਾਣੀ

**ਨੂਰ ਜਹਾਂ ਉਰਫ ਮਿਹਰੁਨਿਸਾ (31 ਮਈ 1577-17 ਦਸੰਬਰ 1645) ਮੁਗਲ ਬਾਦਸ਼ਾਹ ਜਹਾਂਗੀਰ ਦੀ 20ਵੀਂ ਅਤੇ ਆਖਰੀ ਬੇਗਮ ਸੀ। ਜਹਾਂਗੀਰ ਨਾਲ ਉਸ ਦਾ ਵਿਆਹ 1611 ਵਿਚ ਹੋਇਆ ਅਤੇ ਜਹਾਂਗੀਰ ਨੇ ਹੀ ਉਸ ਨੂੰ ਨੂਰ ਜਹਾਂ ਦਾ ਖਿਤਾਬ ਦਿੱਤਾ ਸੀ। ਉਹ ਖੂਬਸੂਰਤੀ ਦੇ ਨਾਲ ਨਾਲ ਲਿਆਕਤ ਅਤੇ ਦਲੇਰੀ ਦਾ ਮੁਜੱਸਮਾ ਵੀ ਸੀ। ਇਸ ਲੇਖ ਵਿਚ ਉਘੇ ਪੱਤਰਕਾਰ ਸੁਰਿੰਦਰ ਸਿੰਘ ਤੇਜ ਨੇ ਨੂਰ ਜਹਾਂ ਦੇ ਕਈ ਅਣਛੋਹੇ ਅਤੇ ਦਿਲਚਸਪ ਪੱਖਾਂ ਬਾਰੇ ਗੱਲਾਂ ਕੀਤੀਆਂ ਹਨ। -ਸੰਪਾਦਕ**

ਘਟਨਾ ਸਾਲ 1619 ਦੀ ਹੈ। ਮੁਗਲ ਬਾਦਸ਼ਾਹ ਜਹਾਂਗੀਰ ਆਪਣੀ ਸਭ ਤੋਂ ਚਹੇਤੀ ਬੀਵੀ ਨੂਰ ਜਹਾਂ ਨਾਲ ਮੁਗਲ ਹਿੰਦ ਦੀ ਰਾਜਧਾਨੀ ਆਗਰਾ ਤੋਂ ਲਾਹੌਰ ਵੱਲ ਰਵਾਨਾ ਹੋਇਆ। ਉਸ ਦੇ ਨਾਲ 15 ਹਜ਼ਾਰ ਫੌਜੀਆਂ ਤੇ ਕਾਰਿੰਦਿਆਂ ਦਾ ਲਸ਼ਕਰ ਸੀ। ਆਗਰਾ ਤੋਂ ਲਾਹੌਰ ਜਾਂ ਕਸ਼ਮੀਰ ਜਾਂਦਿਆਂ ਬਾਦਸ਼ਾਹ, ਮਥੁਰਾ ਜ਼ਰੂਰ ਜਾਇਆ ਕਰਦਾ ਸੀ। ਇਹ ਉਸ ਦਾ ਪਸੰਦੀਦਾ ਤੀਰਥ ਸੀ। ਮਥੁਰਾ ਦੇ ਲੋਕ, ਬਾਦਸ਼ਾਹ ਦੀ ਆਮਦ ਪ੍ਰਤੀ ਬੇਤਾਬ ਸਨ। ਇਕ ਤਾਂ ਬਾਦਸ਼ਾਹ ਦੀ ਫੇਰੀ ਦੌਰਾਨ ਸ਼ਹਿਰ ਨੂੰ ਮਿਲਣ ਵਾਲੇ ਤੋਹਫਿਆਂ ਤੇ ਕਾਰੋਬਾਰੀ ਉਛਾਲੇ ਕਰਕੇ; ਦੂਜਾ ਕਾਰਨ ਸੀ ਆਦਮਖੋਰ ਸ਼ੇਰ



**ਸੁਰਿੰਦਰ ਸਿੰਘ ਤੇਜ**
**ਫੋਨ: +91-98555-01488**

ਦੀ ਦਹਿਸ਼ਤ ਤੋਂ ਮੁਕਤੀ ਦੀ ਚਾਹਤ। ਸ਼ਾਹੀ ਫਰਮਾਨ ਸੀ ਕਿ ਸ਼ੇਰ ਦਾ ਸ਼ਿਕਾਰ ਸਿਰਫ ਬਾਦਸ਼ਾਹ ਹੀ ਕਰੇਗਾ, ਹੋਰ ਕੋਈ ਨਹੀਂ।

ਜਹਾਂਗੀਰ ਮਥੁਰਾ ਪਹੁੰਚ ਗਿਆ। ਪਰ ਉਹ ਸ਼ੇਰ ਦੇ ਸ਼ਿਕਾਰ ਲਈ ਤਿਆਰ ਨਹੀਂ ਸੀ। ਉਸ ਨੇ ਸਹੁੰ ਖਾਧੀ ਸੀ ਕਿ ਪੰਜਾਹਾਂ ਦਾ ਹੋਣ ਤੋਂ ਬਾਅਦ ਉਹ ਆਪਣੇ ਹੱਥਾਂ ਨਾਲ ਕਿਸੇ ਮਨੁੱਖ ਜਾਂ ਹੋਰ ਕਿਸੇ ਜੀਵ ਦੀ ਜਾਨ ਨਹੀਂ ਲਵੇਗਾ। ਦੋ ਮਹੀਨੇ ਪਹਿਲਾਂ ਹੀ ਉਹ ਪੰਜਾਹਾਂ ਦਾ ਹੋਇਆ ਸੀ ਅਤੇ ਉਸ ਨੇ ਆਪਣੇ ਹਲਫ ਮੁਤਾਬਿਕ ਸ਼ਿਕਾਰ ਕਰਨਾ ਛੱਡ ਦਿੱਤਾ ਸੀ। ਪੰਜਾਹਾਂ ਦਾ ਹੋਣ 'ਤੇ ਉਸ ਨੇ ਇਹ ਹਲਫ ਦੁਹਰਾਇਆ ਸੀ, ਉਹ ਵੀ ਸ਼ੇਖ ਸਲੀਮ ਚਿਸ਼ਤੀ ਦੇ ਪਾਵਨ ਦਰਬਾਰ 'ਚ। ਉਹ ਕਈ ਵਰ੍ਹੇ ਪਹਿਲਾਂ ਲਏ ਇਸ ਹਲਫ ਨੂੰ ਤੋੜ ਵੀ ਸਕਦਾ ਸੀ, ਪਰ ਆਪਣੇ ਚਾਰ ਸਾਲਾਂ ਦੇ ਪੋਤੇ ਦਾਰਾ ਸ਼ਿਕੋਹ ਨੂੰ ਪੈਂਦੇ ਮਿਰਗੀ ਦੇ ਦੌਰਿਆਂ ਨੇ ਉਸ ਨੂੰ ਮੁਰਸ਼ਦ ਦੇ ਦਰਬਾਰ ਵਿਚ ਲੰਮੀ ਹਾਜ਼ਰੀ ਭਰਨ ਤੇ ਆਪਣਾ ਹਲਫ ਦੁਹਰਾਉਣ ਲਈ ਮਜਬੂਰ ਕਰ ਦਿੱਤਾ ਸੀ।

ਬਾਦਸ਼ਾਹ ਦੀ ਮੁਸ਼ਕਿਲ ਨੂੰ ਨੂਰ ਜਹਾਂ ਨੇ ਹੱਲ ਕਰ ਦਿੱਤਾ। ਉਸ ਨੇ ਸ਼ੇਰ ਦਾ ਸ਼ਿਕਾਰ ਕਰਨ ਦੀ ਪੇਸ਼ਕਸ਼ ਕੀਤੀ। ਉਹ ਨਾ ਸਿਰਫ ਪਾਦਸ਼ਾਹੀ ਬੇਗ਼ਮ ਸੀ, ਬਲਕਿ ਸਹਿ ਪਾਦਸ਼ਾਹ ਵੀ ਸੀ। ਇਹ ਰੁਤਬਾ ਉਸ ਨੂੰ ਖੁਦ ਜਹਾਂਗੀਰ ਨੇ ਦਿੱਤਾ ਸੀ; ਆਪਣੀ ਮੋਹਰ ਹੇਠ ਫਰਮਾਨ ਜਾਰੀ ਕਰਨ ਦਾ ਹੱਕ ਦੇ ਕੇ ਅਤੇ ਉਸ ਦੇ ਨਾਂ 'ਤੇ ਸਿੱਕੇ ਚਲਾ ਕੇ। 23 ਅਕਤੂਬਰ 1619 ਨੂੰ ਨੂਰ ਜਹਾਂ ਹਾਥੀ 'ਤੇ ਸਵਾਰ ਹੋਈ। ਉਸ ਕੋਲ ਤੋੜੇ ਵਾਲੀ ਬੰਦੂਕ (ਤੁਪਕ) ਸੀ। ਬਾਦਸ਼ਾਹ ਖੁਦ ਵੱਖਰੇ ਹਾਥੀ 'ਤੇ ਸਵਾਰ ਸੀ। ਖੋਜੀਆਂ ਦੀ ਮਦਦ ਨਾਲ ਆਖਿਰ ਸ਼ੇਰ ਦਾ ਟਿਕਾਣਾ ਲੱਭ ਲਿਆ ਗਿਆ। ਮਨੁੱਖੀ ਸ਼ੋਰ ਨੇ ਉਸ ਨੂੰ ਟਿਕਾਣੇ ਤੋਂ ਬਾਹਰ ਆਉਣ ਲਈ ਮਜਬੂਰ ਕਰ ਦਿੱਤਾ। ਨੂਰ ਜਹਾਂ ਨੇ ਸਿਰਫ ਇਕ ਗੋਲੀ ਨਾਲ ਉਸ ਦੀ ਜਾਨ ਲੈ ਲਈ।

ਇਹ ਘਟਨਾ ਕਿਸੇ ਦੰਦ ਕਥਾ ਦਾ ਹਿੱਸਾ ਨਹੀਂ, ਜਹਾਂਗੀਰ ਦੀ ਸਵੈ-ਜੀਵਨੀ ਦਾ ਅੰਸ਼ ਹੈ। 'ਤੁਜ਼ਕ-ਇ-ਜਹਾਂਗੀਰੀ' ਤੋਂ ਇਲਾਵਾ ਉਸੇ ਯੁੱਗ ਦੀ ਇਕ ਹੋਰ ਕਿਤਾਬ 'ਇਕਬਾਲਨਾਮਾ-ਏ-ਜਹਾਂਗੀਰੀ' ਵਿਚ ਵੀ ਇਸ ਦਾ ਜ਼ਿਕਰ ਹੈ। ਇਸੇ ਤਰ੍ਹਾਂ ਜਹਾਂਗੀਰ ਦੇ ਦਰਬਾਰ ਵਿਚ ਇੰਗਲਿਸਤਾਨੀ ਸਫੀਰ, ਸਰ ਟੌਮਸ ਰੋਅ ਨੇ ਵੀ ਆਪਣੀ ਖਤੋ-ਕਿਤਾਬਤ (ਟਰੈਵਲਜ਼ ਇਨ ਇੰਡੀਆ ਇਨ ਸੈਵਨਟੀਨਥ ਸੈਂਚੁਰੀ) ਵਿਚ ਇਸ ਘਟਨਾ ਦਾ ਜ਼ਿਕਰ ਕੀਤਾ ਹੈ।

---

ਨੂਰ ਜਹਾਂ (1577-1645) ਕੋਈ ਸਾਧਾਰਨ ਇਸਤਰੀ ਨਹੀਂ ਸੀ। ਉਹ ਖੂਬਸੂਰਤੀ ਦੇ ਨਾਲ ਨਾਲ ਲਿਆਕਤ ਤੇ ਦਲੇਰੀ ਦਾ ਮੁਜੱਸਮਾ ਵੀ ਸੀ। ਉਹ ਜਹਾਂਗੀਰ ਦੀ ਵੀਹਵੀਂ ਅਤੇ ਆਖਰੀ ਪਤਨੀ ਸੀ। ਜਹਾਂਗੀਰ ਨਾਲ ਵਿਆਹ ਵੇਲੇ ਉਹ 34 ਵਰ੍ਹਿਆਂ ਦੀ ਸੀ। ਉਹ ਪੰਜਾਹ ਵਰ੍ਹਿਆਂ ਦੀ ਸੀ ਜਦੋਂ ਜਹਾਂਗੀਰ ਇਸ ਜਹਾਨ ਤੋਂ ਕੂਚ ਕਰ ਗਿਆ। ਇਨ੍ਹਾਂ 16 ਵਰ੍ਹਿਆਂ ਦੌਰਾਨ ਉਸ ਨੇ ਰੱਜ ਕੇ ਰਾਜ ਕਮਾਇਆ। ਇਹ ਉਹ ਯੁੱਗ ਸੀ ਜਦੋਂ ਇੰਗਲੈਂਡ, ਮਹਾਰਾਣੀ ਐਲਿਜ਼ਬੈਥ ਪ੍ਰਥਮ ਦਾ ਰਾਜ ਦੇਖ ਚੁੱਕਾ ਸੀ। ਐਲਿਜ਼ਬੈਥ ਨੂੰ ਚਰਚ ਅਤੇ ਪੁਰਾਤਨਪੰਥੀਆਂ ਦੀਆਂ ਚਾਲਾਂ ਤੇ ਸਾਜ਼ਿਸ਼ਾਂ ਨਾਲ ਲਗਾਤਾਰ ਘੁਲਣਾ ਪਿਆ। ਉਹ ਕਦੇ ਵੀ ਆਪਣੀ ਮਰਜ਼ੀ ਦੀ ਮਾਲਕ ਨਾ ਰਹੀ। ਦੂਜੇ ਪਾਸੇ, ਨੂਰ ਜਹਾਂ ਇਸਲਾਮੀ ਸ਼ਰਈ ਵਿਵਸਥਾ ਵਿਚ ਵੀ ਮਰਦਾਂ ਵਾਂਗ ਵਿਚਰਦੀ ਰਹੀ। ਉਹ ਪਰਦਾ ਨਹੀਂ ਸੀ ਕਰਦੀ। ਬਾਦਸ਼ਾਹਾਂ ਤੇ ਦਰਬਾਰੀਆਂ ਵਾਂਗ ਪਗੜੀ ਪਹਿਨਦੀ ਸੀ। ਸ਼ਾਹੀ ਦਰਬਾਰ ਵਿਚ ਉਹ ਬਾਦਸ਼ਾਹ ਦੇ ਬਰਾਬਰ ਭਾਵੇਂ ਨਹੀਂ ਸੀ ਬੈਠਦੀ, ਪਰ ਉਸ ਲਈ ਵੱਖਰਾ ਝਰੋਖਾ ਸੀ ਜਿਸ ਦੇ ਸਾਹਮਣੇ ਹਾਜ਼ਿਰ ਹੋ ਕੇ ਦਰਬਾਰੀ ਤੇ ਜਰਨੈਲ ਉਸ ਨਾਲ ਰਾਜ ਸਿੰਘਾਸਨ ਨਾਲ ਜੁੜੇ ਮਾਮਲੇ ਵਿਚਾਰਦੇ ਸਨ, ਫਰਿਆਦੀ ਆਪਣੀਆਂ ਫਰਿਆਦਾਂ ਲੈ ਕੇ ਪੁੱਜਦੇ ਸਨ ਅਤੇ ਜਰਨੈਲ ਜੰਗੀ ਮਸ਼ਵਰੇ ਕਰਦੇ ਸਨ।

ਉਸ ਦੇ ਨਿੰਦਕਾਂ ਤੇ ਆਲੋਚਕਾਂ ਦੀ ਵੀ ਕਮੀ ਨਹੀਂ ਰਹੀ। ਨਿੰਦਕ ਉਸ ਨੂੰ ਚਾਲਬਾਜ਼ ਔਰਤ ਦੱਸਦੇ ਸਨ। ਉਸ ਬਾਰੇ ਇਹ ਪ੍ਰਭਾਵ ਆਮ ਸੀ ਅਤੇ ਹੁਣ ਵੀ ਹੈ ਕਿ ਉਸ ਨੇ ਬਾਦਸ਼ਾਹ ਨੂੰ ਸ਼ਰਾਬ ਤੇ ਅਫੀਮ ਦਾ ਇਸ ਹੱਦ ਤਕ ਆਦੀ ਬਣਾ ਦਿੱਤਾ ਕਿ ਉਹ ਅਕਸਰ ਫੈਸਲੇ ਲੈਣ ਦੀ ਹਾਲਤ ਵਿਚ ਹੀ ਨਹੀਂ ਸੀ ਹੁੰਦਾ। ਲਿਹਾਜ਼ਾ, ਉਸ ਦੀ ਥਾਂ ਸਾਰੇ ਫੈਸਲੇ ਉਹ ਖੁਦ ਲੈਂਦੀ ਰਹੀ। ਅਜਿਹਾ ਦੱਸਣ ਵਾਲੇ ਅਕਸਰ ਇਹ ਭੁੱਲ ਜਾਂਦੇ ਹਨ ਕਿ ਜਹਾਂਗੀਰ ਆਪਣੀ ਮੌਤ ਤੋਂ ਚਾਰ ਮਹੀਨੇ ਪਹਿਲਾਂ ਤਕ ਪੂਰੇ ਹੋਸ਼ੋ-ਹਵਾਸ ਵਿਚ ਰਿਹਾ। ਉਹ ਜੰਗੀ ਮੁਹਿੰਮਾਂ 'ਤੇ ਚੜ੍ਹਨ ਤੋਂ ਪਹਿਲਾਂ ਸੂਫੀਆਂ-ਨਜੂਮੀਆਂ ਨਾਲ ਮਸ਼ਵਰਾ ਕਰਦਾ ਸੀ, ਸ਼ੇਖ ਸਲੀਮ ਚਿਸ਼ਤੀ ਜਾਂ ਉਨ੍ਹਾਂ ਦੇ ਵਾਰਿਸਾਂ ਦੇ ਦਰਬਾਰ ਵਿਚ ਹਾਜ਼ਰੀ ਭਰ ਕੇ ਉਨ੍ਹਾਂ ਤੋਂ ਸੇਧ ਤੇ ਸਦਾਕਤ ਹਾਸਿਲ ਕਰਦਾ ਸੀ ਅਤੇ ਜੇ ਉਸ ਨੂੰ ਮਹਿਸੂਸ ਹੁੰਦਾ ਸੀ ਕਿ ਉਸ ਨੇ ਵੱਡੀ ਭੁੱਲ ਕਰ ਦਿੱਤੀ ਹੈ ਤਾਂ ਮਜ਼ਹਬੀ ਰਹਿਨੁਮਾਵਾਂ ਤੋਂ ਖਿਮਾ ਮੰਗਣ ਤੋਂ ਵੀ ਗੁਰੇਜ਼ ਨਹੀਂ ਸੀ ਕਰਦਾ। 'ਤੁਜ਼ਕ-ਇ-ਜਹਾਂਗੀਰੀ' ਵਿਚ ਉਸ ਨੇ ਕਬੂਲਿਆ ਹੈ ਕਿ ਪਹਿਲਾਂ ਅੱਲ੍ਹੜਪੁਣੇ ਅਤੇ ਫਿਰ ਜਵਾਨੀ ਦੇ ਨਸ਼ੇ ਵਿਚ ਉਸ ਨੇ ਆਪਣੇ ਪਿਤਾ ਬਾਦਸ਼ਾਹ ਜਲਾਲੁਦੀਨ ਮੁਹੰਮਦ ਅਕਬਰ ਦਾ ਦਿਲ ਵਾਰ ਵਾਰ ਦੁਖਾਇਆ ਅਤੇ ਉਹ ਗ਼ਲਤੀਆਂ ਕੀਤੀਆਂ ਜਿਹੜੀਆਂ ਬਤੌਰ ਵਲੀ ਅਹਿਦ (ਯੁਵਰਾਜ) ਉਸ ਨੂੰ ਕਰਨੀਆਂ ਨਹੀਂ ਸੀ ਚਾਹੀਦੀਆਂ। ਇਹ ਵੱਖਰੀ ਗੱਲ ਹੈ ਕਿ ਉਸ ਨੇ ਮਿਹਰੁਨਿਸਾ ਬੇਗਮ ਉਰਫ ਨੂਰ ਜਹਾਂ ਨੂੰ ਕਿਵੇਂ ਹਾਸਿਲ ਕੀਤਾ, ਇਸ ਦੀ ਅਸਲੀਅਤ ਉਸ ਨੇ ਆਪਣੀ ਸਵੈ-ਜੀਵਨੀ ਵਿਚ ਕਿਤੇ ਵੀ ਦਰਜ ਨਹੀਂ ਕੀਤੀ। ਜਿਵੇਂ ਸ਼ੇਖ ਸਾਅਦੀ ਨੇ ਲਿਖਿਆ ਸੀ, ਜ਼ਿੰਦਗੀ ਦੇ ਸੱਚ ਅਜਿਹੇ ਹੁੰਦੇ ਹਨ ਜਿਨ੍ਹਾਂ ਦਾ "ਦਬੇ ਰਹਿਣਾ ਹੀ ਸਮੇਂ ਮੁਜਬ ਸਹੀ ਹੁੰਦਾ ਹੈ", ਜਹਾਂਗੀਰ ਨੇ ਵੀ ਸ਼ਾਇਦ ਇਸੇ ਕਥਨ ਉਤੇ ਅਮਲ ਕੀਤਾ।



*ਮਲਕਾ-ਏ-ਹਿੰਦ ਨੂਰ ਜਹਾਂ।*

---

ਮਿਹਰੁਨਿਸਾ ਇਰਾਨੀ ਸਰਦਾਰ ਗਿਆਸ ਬੇਗ ਦੀ ਧੀ ਸੀ। ਗਿਆਸ ਬੇਗ ਨੇ ਇਸਫਹਾਨ (ਇਰਾਨ) ਦੇ ਸ਼ਾਹ ਨਾਲ ਮੱਤਭੇਦਾਂ ਕਾਰਨ ਵਤਨ ਛੱਡ ਕੇ ਅਲ ਹਿੰਦ (ਉਸ ਸਮੇਂ ਭਾਰਤ ਦਾ ਇਰਾਨੀ ਤੇ ਤੁਰਕੀ ਨਾਮ) ਵਿਚ ਆਪਣੀ ਤਕਦੀਰ ਅਜ਼ਮਾਉਣ ਦਾ ਰਾਹ ਚੁਣਿਆ। ਉਸ ਸਮੇਂ ਇਰਾਨ (ਫਾਰਸ) ਤੋਂ ਹਿੰਦ ਵੱਲ ਅਜਿਹੀ ਹਿਜਰਤ ਆਮ ਵਰਤਾਰਾ ਸੀ। ਇਰਾਨੀ ਗਿਆਨਵਾਨਾਂ ਦੀ ਪਹਿਲਾਂ ਤੁਰਕ ਸੁਲਤਾਨਾਂ ਦੇ ਸਮੇਂ ਅਤੇ ਫਿਰ ਮੁਗਲਾਂ ਦੇ ਰਾਜ-ਕਾਲ ਦੌਰਾਨ ਚੋਖੀ ਪੁੱਛ-ਪ੍ਰਤੀਤ ਰਹੀ। ਮਾਮਲਾ ਇਥੇ ਹੀ ਖਤਮ ਨਹੀਂ ਹੁੰਦਾ; ਉਸ ਸਮੇਂ ਦੇ ਹਿੰਦੋਸਤਾਨ ਦੀਆਂ ਹੋਰਨਾਂ ਇਸਲਾਮੀ ਰਿਆਸਤਾਂ ਵਿਚ ਵੀ ਇਰਾਨੀ ਗਿਆਨਵਾਨਾਂ ਨੂੰ ਪੂਰਾ ਮਾਣ-ਤਾਣ ਮਿਲਦਾ ਰਿਹਾ- ਇਥੋਂ ਤਕ ਕਿ ਨਿਜ਼ਾਮ ਹੈਦਰਾਬਾਦ ਤੇ ਟੀਪੂ ਦੇ ਮੈਸੂਰ ਵਿਚ ਕਈ ਜਾਹਲੀ ਇਰਾਨੀ ਵੀ ਰੁਤਬੇਦਾਰੀਆਂ ਹਾਸਿਲ ਕਰ ਗਏ।

ਮਿਹਰੁਨਿਸਾ ਦਾ ਜਨਮ ਕੰਧਾਰ (ਹੁਣ ਅਫਗਾਨਿਸਤਾਨ) ਵਿਚ ਸੜਕ ਕੰਢੇ ਕਾਫਵਾਂ ਸਰਾਏ ਵਿਚ ਹੋਇਆ। ਉਦੋਂ ਤਕ ਗਿਆਸ ਬੇਗ ਇਸ ਹੱਦ ਤਕ ਤੰਗਦਸਤ ਹੋ ਚੁੱਕਾ ਸੀ ਕਿ ਪਰਿਵਾਰ ਨੇ ਇਕ ਵਾਰ ਤਾਂ ਮਿਹਰ ਨੂੰ ਉਥੇ ਹੀ ਛੱਡ ਜਾਣ ਦਾ ਮਨ ਬਣਾ ਲਿਆ, ਪਰ ਇਹ ਉਸ ਬੱਚੀ ਦੀ ਖੁਸ਼ਨਸੀਬੀ ਸੀ ਕਿ ਮਾਂ ਅਸਮਤ ਬੇਗਮ ਦੇ ਮਨ 'ਤੇ ਮਮਤਾ ਹਾਵੀ ਹੋ ਗਈ ਅਤੇ ਗਿਆਸ ਬੇਗ ਫੈਸਲਾ ਬਦਲਨ ਲਈ ਮਜਬੂਰ ਹੋ ਗਿਆ।

ਮੁਗਲ ਕਾਲ ਦੀ ਇਤਿਹਾਸਕਾਰ ਰੂਬੀ ਲਾਲ ਦੀ ਤਾਜ਼ਾਤਰੀਨ ਕਿਤਾਬ 'ਐਮਪ੍ਰੈਸ: ਦਿ ਐਸਟੋਨਿਸ਼ਿੰਗ ਰੇਅਨ ਆਫ ਨੂਰ ਜਹਾਨ' (ਪੈਂਗੁਇਨ ਇੰਡੀਆ; 599 ਰੁਪਏ) ਵਿਚ ਸਮੁੱਚੇ ਘਟਨਾਕ੍ਰਮ ਨੂੰ ਬਾਖੂਬੀ ਬਿਆਨਿਆ ਗਿਆ ਹੈ। ਇਰਾਨੀ ਜੋੜੇ ਦਾ ਇਹ ਫੈਸਲਾ ਉਨ੍ਹਾਂ ਲਈ ਨਿਹਾਇਤ ਖੁਸ਼ਗਵਾਰ ਸਾਬਤ ਹੋਇਆ। ਉਨ੍ਹਾਂ ਦੀ ਪੰਜਵੀਂ ਸੰਤਾਨ 35 ਸਾਲਾਂ ਬਾਅਦ ਨਾ ਸਿਰਫ ਮਲਕਾ-ਏ-ਹਿੰਦ ਬਣੀ ਸਗੋਂ ਸਹੀ ਮਾਅਨਿਆਂ ਵਿਚ ਮਲਕਾ-ਏ-ਹਿੰਦ ਸਾਬਤ ਵੀ ਹੋਈ।

---

ਗਿਆਸ ਬੇਗ ਨੂੰ ਬਾਦਸ਼ਾਹ ਅਕਬਰ ਦੇ ਦਰਬਾਰ ਵਿਚ ਨੌਕਰੀ ਮਿਲੀ। ਅਸਮਤ ਬੇਗਮ ਨੂੰ ਵੀ ਸ਼ਾਹੀ ਹਰਮ ਵਿਚ ਅਕਬਰ ਦੀ ਮਾਂ ਹਮੀਦਾ ਬਾਨੋ ਬੇਗਮ ਦੀ ਖਿਦਮਤਗਾਰ ਥਾਪਿਆ ਗਿਆ। ਇਸ ਤਰ੍ਹਾਂ ਮਿਹਰੁਨਿਸਾ ਨੂੰ ਬਚਪਨ ਵਿਚ ਹੀ ਸ਼ਾਹੀ ਮਹਿਲਾਂ ਵਿਚ ਵਿਚਰਨ ਦਾ ਮੌਕਾ ਮਿਲਿਆ। ਜ਼ਹੀਨ ਤੇ ਬੁੱਧੀਮਾਨ ਉਹ ਮੁੱਢ ਤੋਂ ਹੀ ਸੀ। ਸ਼ਾਹੀ ਮਹਿਲਾਂ ਵਿਚ ਵਿਚਰਨ ਸਦਕਾ ਉਸ ਦੇ ਮਨ ਵਿਚ ਵੀ ਇਥੇ ਵਸਣ ਦੀ ਚਾਹਤ ਪਨਪਣ ਲੱਗੀ। ਇਸੇ ਚਾਹਤ ਨੂੰ ਉਸ ਨੇ ਮੌਕਾ ਆਉਣ 'ਤੇ ਹਕੀਕਤ ਵਿਚ ਤਬਦੀਲ ਕਰ ਦਿੱਤਾ।

ਮੁਗਲ ਦਰਬਾਰ ਵਿਚ ਆਪਣੀ ਮਿਹਨਤ, ਕਾਬਲੀਅਤ ਤੇ ਦਿਆਨਤਦਾਰੀ ਸਦਕਾ ਗਿਆਸ ਬੇਗ ਤਰੱਕੀ ਕਰਦਾ ਗਿਆ। ਅਕਬਰ ਨੇ ਉਸ ਨੂੰ ਸੂਬਾ ਕਾਬੁਲ ਦਾ ਖਜ਼ਾਨਚੀ ਬਣਾ ਕੇ ਉਥੇ ਭੇਜ ਦਿੱਤਾ। ਬਾਅਦ ਵਿਚ 'ਅਨਾਰਕਲੀ ਕਾਂਡ' ਤੋਂ ਖਿਝੇ ਬਾਦਸ਼ਾਹ ਨੇ ਸ਼ਹਿਜ਼ਾਦਾ ਸਲੀਮ ਨੂੰ ਕਾਬੁਲ ਦਾ ਸੂਬੇਦਾਰ ਬਣਾ ਕੇ ਆਗਰਾ ਤੋਂ ਦੂਰ ਭੇਜ ਦਿੱਤਾ ਤਾਂ ਉਸ ਦਾ ਉਥੇ ਆਉਣਾ ਮਿਹਰ ਲਈ ਖੁਸ਼ਨਸੀਬੀ ਸਾਬਤ ਹੋਇਆ। ਗਿਆਸ ਬੇਗ ਦੀ ਰਿਹਾਇਸ਼ 'ਤੇ ਦਾਅਵਤ ਦੌਰਾਨ ਸ਼ਹਿਜ਼ਾਦਾ ਸਲੀਮ ਅਤੇ ਮਿਹਰ ਦਾ ਸਾਹਮਣਾ ਹੋਇਆ। ਮਿਹਰ ਨੇ ਇਸ ਮੌਕੇ ਇਹ ਪ੍ਰਭਾਵ ਦਿੱਤਾ ਕਿ ਉਸ ਦੇ ਚਿਹਰੇ ਤੋਂ ਪਰਦਾ ਸਹਿਜ ਭਾਅ ਹਟ ਗਿਆ ਹੈ, ਪਰ ਕੀਤਾ ਉਸ ਨੇ ਇਹ ਜਾਣ-ਬੁੱਝ ਕੇ। ਉਸ ਦੀ ਅਦਾ ਜਹਾਂਗੀਰ ਨੂੰ 'ਸੰਮੋਹਿਤ' ਕਰ ਗਈ।

ਉਦੋਂ ਤਕ ਉਸ ਦੀ ਹਮਵਤਨੀ ਅਤੇ ਜਾਂਬਾਜ਼ ਫੌਜੀ ਕਮਾਂਡਰ ਅਲੀ ਕੁਲੀ ਖਾਨ ਨਾਲ ਮੰਗਣੀ ਹੋ ਚੁੱਕੀ ਸੀ। ਗਿਆਸ ਬੇਗ ਅਗਲੇ ਕੁਝ ਦਿਨਾਂ ਦੇ ਅੰਦਰ ਸ਼ਹਿਜ਼ਾਦਾ ਸਲੀਮ ਦੇ ਇਰਾਦੇ ਭਾਂਪ ਗਿਆ। ਉਸ ਨੇ ਦੋ ਮਹੀਨਿਆਂ ਦੇ ਅੰਦਰ ਅਲੀ ਕੁਲੀ ਅਤੇ ਮਿਹਰ ਦਾ ਵਿਆਹ ਕਰਵਾ ਕੇ ਅਲੀ ਕੁਲੀ ਦੀ ਬਦਲੀ ਦਿੱਲੀ ਹੀ ਕਰਵਾ ਦਿੱਤੀ।

---


ਮਿਰਜ਼ਾ ਨੂਰਦੀਨ ਬੇਗ ਮੁਹੰਮਦ ਖਾਨ ਸਲੀਮ 1605 ਵਿਚ ਬਾਦਸ਼ਾਹ ਬਣਿਆ। ਅਲੀ ਕੁਲੀ ਉਦੋਂ ਤਕ ਤਰੱਕੀ ਕਰਕੇ ਸੂਬਾ ਬੰਗਾਲਾ (ਬੰਗਾਲ) ਦਾ ਸੂਬੇਦਾਰ ਬਣ ਚੁੱਕਾ ਸੀ। ਉਸ ਦਾ ਸਦਰਮੁਕਾਮ ਗੌੜ (ਬਰਦਵਾਨ) ਸੀ। ਦਿੱਲੀ-ਆਗਰਾ ਤੋਂ ਦੂਰ ਪੈਂਦੇ ਇਸ ਇਲਾਕੇ ਵਿਚ ਮਿਹਰੁਨਿਸਾ ਨੂੰ ਰਾਜ ਪ੍ਰਬੰਧ ਦੇ ਗੁਰ ਸਿੱਖਣ ਤੋਂ ਇਲਾਵਾ ਯੁੱਧ ਕਲਾ ਦਾ ਅਭਿਆਸ ਕਰਨ ਦਾ ਮੌਕਾ ਵੀ ਮਿਲ ਗਿਆ। ਉਹ ਆਪਣੇ ਪਤੀ ਦੇ ਨਾਲ ਤਲਵਾਰਬਾਜ਼ੀ ਤੇ ਨੇਜ਼ੇਬਾਜ਼ੀ ਦਾ ਅਭਿਆਸ ਕਰਦੀ ਅਤੇ ਨਾਲ ਹੀ ਬੰਦੂਕ ਲੈ ਕੇ ਸ਼ਿਕਾਰ ਕਰਨ ਜਾਂਦੀ। ਉਹ ਆਪਣੇ ਆਪ ਨੂੰ ਭਵਿਖ ਲਈ ਤਿਆਰ ਕਰ ਰਹੀ ਸੀ। ਉਸ ਨੂੰ ਇਹ ਆਭਾਸ ਸੀ ਕਿ ਬਾਦਸ਼ਾਹ ਜਹਾਂਗੀਰ ਦੇ ਅਲੀ ਕੁਲੀ ਉਰਫ ਸ਼ੇਰ ਅਫਗਾਨ ਖਾਨ ਬਾਰੇ ਇਰਾਦੇ ਕੀ ਹਨ। ਸ਼ੇਰ ਅਫਗਾਨ ਨੂੰ ਅੰਗਰੇਜ਼ ਮਰਸਨਰੀ (ਭਾੜੇ ਦੇ ਕਾਤਲ) ਬਾਰਥੋਲੋਮਿਊ ਹਾਅਕਿੰਜ਼ ਹੱਥੋਂ ਕਤਲ ਕਰਵਾ ਦਿੱਤਾ ਗਿਆ। ਪਹਿਲਾਂ ਤਾਂ ਪ੍ਰਭਾਵ ਇਹ ਦਿੱਤਾ ਗਿਆ ਕਿ ਕਤਲ ਮੁਗਲ ਸਾਮਰਾਜ ਦੇ ਵਿਰੋਧੀਆਂ ਨੇ ਕੀਤਾ ਹੈ। ਫਿਰ ਹੌਲੀ-ਹੌਲੀ ਇਹ ਚਰਚਾ ਉਭਾਰੀ ਜਾਣ ਲੱਗੀ ਕਿ ਬਾਦਸ਼ਾਹ ਜਹਾਂਗੀਰ ਦੇ ਖਿਲਾਫ ਸਾਜ਼ਿਸ਼ੀਆਂ ਨਾਲ ਜਾ ਰਲਣ ਕਾਰਨ ਸ਼ੇਰ ਅਫਗਾਨ ਦਾ ਸਫਾਇਆ ਕੀਤਾ ਗਿਆ। ਇਸ ਘਟਨਾਕ੍ਰਮ ਮਗਰੋਂ ਵਿਧਵਾ ਮਿਹਰੁਨਿਸਾ ਆਪਣੀ ਬੱਚੀ, ਲਾਡਲੀ ਬੇਗ਼ਮ ਨਾਲ ਆਗਰਾ ਪਰਤ ਆਈ। ਇਥੇ ਉਸ ਨੂੰ ਸ਼ਾਹੀ ਹਰਮ ਵਿਚ ਅਕਬਰ ਦੀ ਪਹਿਲੀ ਅਤੇ ਬੇਔਲਾਦ ਪਤਨੀ ਰੁਕੱਈਆ ਬੇਗਮ ਦੀ ਮੁੱਖ ਖਿਦਮਤਗਾਰ ਦਾ ਰੁਤਬਾ ਮਿਲ ਗਿਆ। ਇਥੋਂ ਹੀ ਮਿਹਰ ਦੇ ਨੂਰ ਜਹਾਂ ਬਣਨ ਦਾ ਸਫਰ ਸ਼ੁਰੂ ਹੋਇਆ।

---

ਮਿਹਰੁਨਿਸਾ ਦਾ ਜਹਾਂਗੀਰ ਨਾਲ ਵਿਆਹ 1611 ਵਿਚ ਹੋਇਆ। ਜਹਾਂਗੀਰ ਨੇ ਹੀ ਉਸ ਨੂੰ ਨੂਰ ਜਹਾਂ ਦਾ ਖਿਤਾਬ ਦਿੱਤਾ। ਇਸ ਵਿਆਹ ਵਿਚੋਂ ਅੜਿੱਕੇ ਦੂਰ ਕਰਨ ਵਿਚ ਰੁਕੱਈਆ ਬੇਗਮ ਦੀ ਮੁੱਖ ਭੂਮਿਕਾ ਰਹੀ। ਵਿਆਹ ਤੋਂ ਇਕ ਸਾਲ ਦੇ ਅੰਦਰ ਨੂਰ ਜਹਾਂ ਨੇ ਇਹ ਦਰਸਾ ਦਿੱਤਾ ਕਿ ਹਰਮ ਦੇ ਅੰਦਰ ਅਤੇ ਬਾਹਰ ਦਬਦਬਾ ਉਸ ਦਾ ਚੱਲੇਗਾ। ਉਸ ਦੇ ਪਰਿਵਾਰ ਨੇ ਇਸ ਰਿਸ਼ਤੇ ਤੋਂ ਬਾਅਦ ਭਰਪੂਰ ਤਰੱਕੀ ਕੀਤੀ। ਗਿਆਸ ਬੇਗ ਸੂਬਾਈ ਖਜ਼ਾਨਚੀ ਤੋਂ ਸ਼ਾਹੀ ਦੀਵਾਨ ਅਤੇ ਵਜ਼ੀਰ ਦੇ ਰੁਤਬੇ 'ਤੇ ਪਹੁੰਚ ਗਿਆ। ਭਰਾ ਆਸਫ ਖਾਨ ਤੇ ਮੀਰ ਖਾਨ ਕ੍ਰਮਵਾਰ ਤੀਹ ਤੇ ਵੀਹ ਹਜ਼ਾਰੀ ਮਨਸਬਦਾਰ ਬਣ ਗਏ। ਆਸਫ ਖਾਨ ਦੀ ਬੇਟੀ ਆਰਜੂਮੰਦ ਬਾਨੋ ਦਾ ਵਿਆਹ ਬੜੇ ਚਾਵਾਂ ਨਾਲ ਸ਼ਹਿਜ਼ਾਦਾ ਖੁੱਰਮ (ਬਾਅਦ 'ਚ ਬਾਦਸ਼ਾਹ ਸ਼ਾਹ ਜਹਾਂ) ਨਾਲ ਰਚਾਇਆ ਗਿਆ। ਜਹਾਂਗੀਰ ਦੇ ਸਭ ਤੋਂ ਛੋਟੇ ਪੁੱਤਰ ਮਿਰਜ਼ਾ ਸ਼ਹਿਰਯਾਰ ਦਾ ਵਿਆਹ ਨੂਰ ਜਹਾਂ ਦੀ ਸ਼ੇਰ ਅਫਗਾਨ ਤੋਂ ਧੀ, ਲਾਡਲੀ ਬੇਗਮ ਨਾਲ ਕੀਤਾ। ਇਹ ਵਿਆਹ ਹੀ ਨੂਰ ਜਹਾਂ ਅਤੇ ਖੁੱਰਮ ਦਰਮਿਆਨ ਰਿਸ਼ਤਿਆਂ ਵਿਚ ਖੱਟਾਸ ਤੇ ਫਿਰ ਨੂਰ ਜਹਾਂ ਦੇ ਪਤਨ ਦੀ ਵਜ੍ਹਾ ਸਾਬਤ ਹੋਇਆ।

ਨੂਰ ਜਹਾਂ 67 ਸਾਲ ਜੀਵੀ। ਆਖਰੀ 18 ਸਾਲ ਉਸ ਨੇ ਸ਼ਾਹੀ ਵਿਧਵਾ ਵਜੋਂ ਲਾਹੌਰ ਵਿਚ ਗੁੰਮਨਾਮੀ ਵਿਚ ਗੁਜ਼ਾਰੇ। ਜਹਾਂਗੀਰ ਦੀ ਮੌਤ ਤੋਂ ਬਾਅਦ ਉਹ ਆਪਣੇ ਦਾਮਾਦ ਸ਼ਹਿਰਯਾਰ ਨੂੰ ਬਾਦਸ਼ਾਹ ਬਣਾਉਣ ਵਿਚ ਕਾਮਯਾਬ ਹੋ ਗਈ, ਪਰ ਸਿਰਫ ਢਾਈ ਮਹੀਨੇ ਲਈ। ਉਸ ਦੇ ਭਰਾ ਆਸਫ ਖਾਨ ਦੀ ਮਦਦ ਨਾਲ ਸ਼ਹਿਜ਼ਾਦਾ ਖੁੱਰਮ ਸਾਰੇ ਭਰਾਵਾਂ ਅਤੇ ਵਿਰੋਧੀਆਂ ਨੂੰ ਪਸਤ ਕਰ ਕੇ ਸ਼ਹਿਨਸ਼ਾਹ-ਏ-ਹਿੰਦ ਬਣ ਗਿਆ ਅਤੇ ਨੂਰ ਜਹਾਂ ਦੀ ਥਾਂ ਮਲਕਾ-ਏ-ਹਿੰਦ ਵਾਲਾ ਖਿਤਾਬ ਉਸ ਦੀ ਭਤੀਜੀ ਆਰਜੂਮੰਦ ਬਾਨੋ ਉਰਫ ਮੁਮਤਾਜ਼ ਮਹੱਲ ਦਾ ਹੋ ਗਿਆ।

ਨੂਰ ਜਹਾਂ ਬਹੁਤ ਆਕਾਂਖਿਆਵਾਨ ਤੇ ਧੁਨ ਦੀ ਪੱਕੀ ਸੀ। ਉਸ ਨੇ ਹਰ ਨਿਸ਼ਾਨੇ ਦੀ ਸਾਧਨਾ ਲਈ ਮਿਹਨਤ ਵੀ ਭਰਪੂਰ ਕੀਤੀ। ਪੁਰਾਤਨਪੰਥੀ ਤੇ ਪੁਰਸ਼ਪ੍ਰਧਾਨ ਸਮਾਜ ਵਿਚ ਉਸ ਨੇ ਆਪਣੀ ਕਾਬਲੀਅਤ ਦਾ ਸਿੱਕਾ ਚਲਾਇਆ। ਉਹ ਨਾ ਸਿਰਫ ਨਿਜ਼ਾਮਤ ਦੇ ਮਾਮਲਿਆਂ ਦੀ ਮਾਹਿਰ ਸੀ, ਸਗੋਂ ਸੁਘੜ ਸੁਆਣੀ ਵੀ ਸੀ। ਉਸ ਦੀ ਦਿਆਲਤਾ ਤੇ ਪਰਉਪਕਾਰ ਦੇ ਕਿੱਸੇ ਹੁਣ ਤਕ ਮਸ਼ਹੂਰ ਹਨ। ਇਮਾਰਤੀ ਕਲਾ ਦੀ ਉਸ ਨੂੰ ਸੂਝ ਸੀ। ਉਸ ਵੱਲੋਂ ਆਗਰਾ ਵਿਚ ਯਮੁਨਾ ਕੰਢੇ ਉਸਾਰਿਆ ਆਪਣੇ ਮਾਪਿਆਂ ਦਾ ਮਕਬਰਾ (ਇਤਿਮਾਦ-ਉਦ-ਦੌਲਾ ਦਾ ਮਕਬਰਾ) ਬਾਅਦ ਵਿਚ ਸ਼ਾਹ ਜਹਾਂ ਲਈ ਆਗਰਾ ਵਿਚ ਤਾਜ ਮਹੱਲ ਦੀ ਉਸਾਰੀ ਲਈ ਪ੍ਰੇਰਨਾ ਸਰੋਤ ਬਣਿਆ।



*ਲਾਹੌਰ ਵਿਚ ਨੂਰ ਜਹਾਂ ਦਾ ਮਕਬਰਾ।*

# ਘਰ ਉਦਾਸ ਹੈ...

**ਕਣੀਆਂ**



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਸ਼ਬਦਾਂ ਦੀ ਅਜਿਹੀ ਜੁਗਤ ਬੰਨਦੇ ਹਨ ਕਿ ਪਾਠਕ ਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ, ਕਿਆ ਬਾਤ ਹੈ! ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਇਕ ਪਰਦੇਸੀ ਪੁੱਤ ਦਾ ਪਿੰਡ ਨੂੰ ਤਰਲਾ ਜਾਹਰ ਕੀਤਾ ਸੀ, "ਮੇਰੇ ਗਰਾਈਂਆਂ ਨੂੰ ਕਹੀਂ ਕਿ ਉਹ ਸਾਨੂੰ ਤਾਂ ਵਿਸਾਰ ਦੇਣ ਪਰ ਬਜੁਰਗਾਂ ਦੀ ਕੀਰਤੀ, ਕਰਮਾਂ, ਨਸੀਹਤਾਂ ਅਤੇ ਸੁਗਮ ਸੁਨੇਹਿਆਂ ਨੂੰ ਆਪਣੀ ਕਿਰਤ-ਸਾਧਨਾ ਵਿਚ ਜਰੂਰ ਸਮਾ ਲੈਣ ਤਾਂ ਕਿ ਅਜੋਕੇ ਚਿੰਤਾਮਈ ਮਾਹੌਲ ਵਿਚ ਕੋਈ ਆਸ ਦੀ ਕਿਰਨ ਉਦੈ ਹੋਵੇ, ਜੋ ਪਿੰਡ ਲਈ ਸਰਘੀ ਬਣ ਕੇ ਇਸ ਦੇ ਬਨੇਰਿਆਂ 'ਤੇ ਸੂਰਜ ਦੀ ਟਿੱਕੀ ਉਗਾਵੇ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਘਰ ਦੇ ਮੋਹ ਅਤੇ ਇਸ ਤੋਂ ਵਿਛੋੜੇ ਕਾਰਨ ਪੈਦਾ ਹੋਈ ਉਦਾਸੀ ਨੂੰ ਚਿਤਰਿਆ ਹੈ। ਉਹ ਕਹਿੰਦੇ ਹਨ, "ਅੰਬਰੀ ਸੁਪਨਿਆਂ ਦੀ ਪੂਰਨਤਾ ਲਈ ਉਚੀਆਂ ਉਡਾਣਾਂ ਭਰਨ ਵਾਸਤੇ ਘਰਾਂ ਵਿਚੋਂ ਬਾਹਰ ਨੂੰ ਤੁਰੇ ਪੈਰਾਂ ਦਾ ਸਦਾ ਲਈ ਘਰਾਂ ਨੂੰ ਪਰਤਣਾ ਤਾਂ ਮੁਸ਼ਕਿਲ, ਪਰ ਕਦੇ-ਕਦਾਈਂ ਘਰਾਂ ਨੂੰ ਪਰਤੀਏ, ਉਨ੍ਹਾਂ ਦੀ ਉਦਾਸੀ ਨੂੰ ਘਟਾਈਏ। ਵਿਹੜੇ ਨੂੰ ਘੁੱਗ ਵੱਸਣ ਦਾ ਮੌਕਾ ਬਖਸ਼ੀਏ। ਇਸ ਦੀ ਉਚਮਤਾ ਅਤੇ ਸੁੱਚਮਤਾ ਨੂੰ ਸਿਜਦਾ ਕਰੀਏ ਕਿਉਂਕਿ ਘਰ ਹੀ ਮਨੁੱਖ ਦਾ ਸਭ ਕੁਝ ਹੁੰਦਾ, ਜੋ ਸਿਰ ਲਈ ਛੱਤ, ਦੀਦਿਆਂ ਲਈ ਸੁਪਨੇ, ਪੀੜੀਆਂ ਸਾਂਝਾਂ ਦੀ ਧਰਾਤਲ ਅਤੇ ਰਿਸ਼ਤਿਆਂ ਵਿਚਲੀ ਪਾਕੀਜ਼ਗੀ ਤੇ ਪਕਿਆਈ ਦੀ ਬੁਨਿਆਦ ਏ।" -ਸੰਪਾਦਕ***

ਪਰਦੇਸ ਤੋਂ ਘਰ ਨੂੰ ਅਤੇ ਆਪਣਿਆਂ ਨੂੰ ਮਿਲਣ ਲਈ ਦੇਸ਼ ਪਰਤਦਾ ਹਾਂ। ਪਿੰਡ ਰਹਿੰਦੇ ਬਾਪ ਦੀਆਂ ਅਸੀਸਾਂ ਮੇਰਾ ਹਾਸਲ ਅਤੇ ਉਸ ਦੀਆਂ ਨਸੀਹਤਾਂ ਮੇਰੇ ਲਈ ਉਚਤਮ ਅਸ਼ੀਰਵਾਦ। ਖੁੱਲ੍ਹਾ ਘਰ ਮੈਨੂੰ ਗਲ ਨਾਲ ਲਾਉਂਦਾ, ਸਦਕੇ ਜਾਂਦਾ ਅਤੇ ਬਰੂਹਾਂ ਵਿਚ ਸਿੰਮੇ ਅੱਥਰੂਆਂ ਨੂੰ ਰਾਹਤ ਮਿਲਦੀ। ਘਰ ਦੀਆਂ ਕੰਧਾਂ ਹੁੰਗਾਰੇ ਭਰਦੀਆਂ, ਕਮਰੇ ਵਿਚਲੀ ਗੱਲਬਾਤ ਇਸ ਨੂੰ ਸੰਜੀਵ ਕਰਦੀ। ਘਰ ਫਿਰ ਤੋਂ ਸੱਚੀ-ਮੁੱਚੀਂ ਦਾ ਘਰ ਬਣ ਜਾਂਦਾ, ਕਿਉਂਕਿ ਘਰ ਨੂੰ ਪਰਤਦੀਆਂ ਪੈੜਾਂ ਵਿਚ ਆਪਣਿਆਂ ਨੂੰ ਮਿਲਣ ਅਤੇ ਵਿਸਮਾਦੀ ਪਲ ਮਾਣਨ ਦੀ ਤਮੰਨਾ ਤੇ ਉਤਸ਼ਾਹ ਜੁ ਹੁੰਦਾ। ਘਰ ਆਪਣੇ ਸੱਚੇ-ਸੁੱਚੇ ਅਰਥਾਂ ਵਿਚ ਜਿਉਂਦਾ ਹੋ ਜਾਂਦਾ, ਜੋ ਅਲਸਾਇਆ ਅਤੇ ਨਿੰਮੋਝੂਣਾ, ਆਪਣੀ ਹੋਂਦ ਦੀ ਤ੍ਰਾਸਦੀ ਨੂੰ ਕਿਆਸਣ ਵਿਚ ਰੁੱਝਾ ਹੁੰਦਾ।

ਘਰ ਦੀ ਖੁੱਲ੍ਹੀ ਫਿਜ਼ਾ ਵਿਚ ਸਾਹ ਲੈਣਾ, ਹਰ ਪਰਤ ਨੂੰ ਫਰੋਲਣਾ ਅਤੇ ਇਸ ਦੀ ਸਮੁੱਚਤਾ ਨੂੰ ਆਪਣੇ ਅੰਤਰੀਵ ਵਿਚ ਉਤਾਰਨਾ, ਮੇਰਾ ਸੁੱਚਾ ਕਰਮ। ਘਰ ਦੀ ਸਿਰਜਣਾ ਦਾ ਸਮੁੱਚਾ ਸਫਰ ਜਦ ਮਨ-ਮਸਤਕ ਵਿਚ ਪੁਨਰ ਸੰਜੀਵ ਹੁੰਦਾ ਤਾਂ ਇਕ ਸਕੂਨ ਤੇ ਰਾਹਤ ਮਨ-ਜੂਹ ਦੇ ਨਾਮ ਹੁੰਦੀ।

ਪਰ ਅੱਜ ਕਲ ਘਰ ਬਹੁਤ ਉਦਾਸ ਹੈ। ਬੱਚਿਆਂ ਦੀਆਂ ਕਿਲਕਾਰੀਆਂ ਅਤੇ ਉਨ੍ਹਾਂ ਦੀਆਂ ਖੇਡਾਂ 'ਚ ਖਿਡੌਣਾ ਬਣਨ ਵਾਲੇ ਘਰ ਵਿਚ ਸੁੰਨ ਏ। ਬੱਚਿਆਂ ਦੀ ਸੁਪਨ-ਉਡਾਣ ਅਤੇ ਪਰਵਾਜ਼-ਸਫਰ, ਇਕ ਕਹਾਣੀ ਵਾਂਗ ਇਸ ਦੀਆਂ ਕੰਧਾਂ 'ਤੇ ਚਿਪਕਿਆ ਹੋਇਆ ਏ, ਜੋ ਘਰ ਲਈ ਇਕ ਹਾਸਲ। ਪਰ ਘਰ ਚਾਹੁੰਦਾ ਏ ਕਿ ਕਦੇ ਕਦਾਈਂ ਘਰ ਨੂੰ ਘਰ ਦਾ ਰੁਤਬਾ ਦਿਤਾ ਜਾਵੇ, ਪਰ ਬੱਚਿਆਂ ਦੇ ਰੁਝੇਵੇਂ ਅਤੇ ਘਰ-ਪਰਵਾਸ ਨੇ ਘਰ ਦੀਆਂ ਨੀਂਹਾਂ 'ਚ ਸਿੱਲ ਉਤਾਰ ਦਿਤੀ ਏ। ਘਰ ਦੀਆਂ ਦੀਵਾਰਾਂ 'ਤੇ ਲਟਕਦੀਆਂ ਤਸਵੀਰਾਂ ਵੀ ਖਾਮੋਸ਼ ਨੇ। ਕੁਝ ਤਾਂ ਅਲਮਾਰੀਆਂ/ਪੇਟੀਆਂ ਵਿਚ ਸੰਭਾਲ ਦਿਤੀਆਂ ਨੇ ਤਾਂ ਜੋ ਉਨ੍ਹਾਂ ਵੱਲ ਤੱਕਣ ਅਤੇ ਉਨ੍ਹਾਂ ਦੇ ਪ੍ਰਸ਼ਨਾਂ ਦੀ ਪ੍ਰੇਸ਼ਾਨੀ ਤੋਂ ਬਚਿਆ ਜਾ ਸਕੇ।

***ਉਦਾਸ ਮਨ ਕੂਕਦਾ; ਘਰ 'ਚੋਂ ਘਰ ਦੇ ਅਰਥਾਂ ਵਰਗੀ ਮਾਂ ਜਿਹਾ ਮਿਲੇ ਪਿਆਰ। ਘਰ ਹੀ ਹੁੰਦਾ ਬਾਪ ਦੀ, ਸੱਗਵੀਂ ਅਸੀਸ ਦਾ ਵਿਸਥਾਰ। ਘਰ ਹੀ ਹੁੰਦਾ ਝਰਦਾ ਚਾਨਣ ਰਾਹੀਂ ਖੁਣਦਾ ਪੈੜਾਂ। ਇਸ ਦੇ ਦਰ ਨੂੰ ਸਿਜਦਾ ਕਰੀਏ, ਪਾਉਂਦਾ ਝੋਲੀ ਖੈਰਾਂ। ਘਰ ਦੀਆਂ ਕੰਧਾਂ ਭਰਨ ਹੁੰਗਾਰਾ, ਜੇ ਕੋਈ ਮਾਰੇ ਹਾਕ। ਇਸ ਦਾ ਹਰ ਕੌਲਾ-ਖੂੰਜਾ ਸਾਥੀ, ਸੁਖਨ ਤੇ ਪਾਕ। ਘਰ-ਬੰਨੇਰੀਂ ਬੋਲਦੇ ਰਹਿਸਣ, ਹਰ ਵੇਲੇ ਹੀ ਕਾਂ। ਘਰ ਦੀ ਰੌਣਕ ਬਣੀ ਰਹਿਸੀ, ਖੂੰਡੀ ਖੜਕਾਉਂਦੀ ਮਾਂ। ਘਰ ਦੀ ਸਾਕ-ਸਕੀਰੀ ਵਿਚੋਂ ਮੌਲੇ ਜੀਵਨ-ਗੀਤ। ਜੀਵਨ-ਤੰਦਾਂ ਦੀ ਪਕਿਆਈ, ਯੁਗਾਂ ਜੇਡੀ ਰੀਤ। ਮਨਾ! ਘਰ ਜਿੰਨੇ ਵੀ ਹੋਵਣ, ਪਰ ਜਿੰਦ ਦਾ ਘਰ ਇਕਹਿਰਾ। ਇਸ ਦੀ ਜੂਹ ਵਿਚ ਸ਼ਾਮ-ਸਵੇਰਾ ਤੇ ਕੱਟੀਏ ਤਿੱਖੜ ਦੁਪਹਿਰਾ। ਘਰ ਨੂੰ ਘਰ ਦੇ ਅਰਥਾਂ ਵਿਚੋਂ ਭੁੱਲ ਕੇ ਕੁਝ ਨਾ ਪਾਇਆ। ਘਰ ਵਿਚੋਂ ਹੀ ਗੁੰਮ ਨਾ ਹੋਵੇ, ਘਰ ਵਰਗਾ ਹਮਸਾਇਆ।***

ਘਰ, ਦਰਅਸਲ ਦੋ ਘਰਾਂ ਵਿਚ ਤਕਸੀਮ ਹੋ ਗਿਆ ਏ। ਇਕ ਘਰ ਜੋ ਕਿਰਸ ਕਰਕੇ ਆਪਣੀ ਜਨਮ-ਭੂਮੀ 'ਤੇ ਬਣਾਇਆ ਸੀ। ਇੱਟਾਂ-ਪੱਥਰਾਂ ਵਿਚ ਧੜਕਣ ਪੈਦਾ ਕੀਤੀ ਅਤੇ ਇਸ ਵਿਚੋਂ ਹੀ ਜ਼ਿੰਦਗੀ ਨੂੰ ਪਰਿਭਾਸ਼ਤ ਕੀਤਾ। ਇਕ ਹੋਰ ਘਰ ਜੋ ਸਾਡੀ ਕਰਮ-ਭੂਮੀ ਵਿਚ ਏ, ਜਿਸ ਨੇ ਸਾਨੂੰ ਰੋਜ਼ਗਾਰ ਦਿਤਾ ਅਤੇ ਲਿਆਕਤ ਨੂੰ ਸੁਚਾਰੂ ਤੇ ਉਸਾਰੂ ਪਾਸੇ ਲਾਉਣ ਦੀ ਜੁਗਤ ਤੇ ਸਾਧਨ ਦਿੱਤੇ। ਵਿਦੇਸ਼ ਵਿਚਲਾ ਘਰ ਇਕ ਰੈਣ-ਬਸੇਰਾ। ਮਾਨਸਿਕ ਜਾਂ ਰੂਹਾਨੀ ਸਾਂਝ ਤੋਂ ਵਿਰਵਾ ਕਿਉਂਕਿ ਉਸ ਦੀ ਹਰ ਵਸਤ ਵਿਚੋਂ ਇਕ ਮਕਾਨਕੀ ਜੀਵਨ-ਸ਼ੈਲੀ ਦਾ ਝਉਲਾ। ਇਸ ਨਾਲ ਅੰਦਰੋਂ ਸ਼ਿੱਦਤ ਨਾਲ ਨਾ ਜੁੜਨਾ, ਮਨ ਵਿਚ ਕਈ ਪ੍ਰਸ਼ਨ ਪੈਦਾ ਕਰਦਾ, ਪਰ ਇਹ ਵੀ ਘਰ ਤੇ ਦੇਸ਼ ਵਿਚਲਾ ਵੀ ਘਰ ਹੀ ਅਖਵਾਉਂਦਾ। ਘਰ ਦੇ ਅਰਥਾਂ ਦੀ ਅਸੀਮਤਾ, ਆਪਣੀ ਜਨਮ-ਭੂਮੀ ਨਾਲ ਹੀ ਜੁੜਦੀ। ਤਾਂ ਹੀ ਜੀਅ ਕਰਦਾ ਆਪਣੇ ਦੇਸ਼ ਨੂੰ ਪਰਤ, ਘਰ ਅਤੇ ਜਨਮ-ਮਿੱਟੀ ਨੂੰ ਨਤਮਸਤਕ ਹੋਣ ਨੂੰ।

ਮੇਰਾ ਸੰਵੇਦਨਸ਼ੀਲ ਮਿੱਤਰ ਕਹਿੰਦਾ ਏ ਕਿ ਤੈਨੂੰ ਹੁਣ ਦੇਸ਼ ਵਿਚ ਰਹਿਣ ਨਾਲੋਂ ਵਿਦੇਸ਼ ਨੂੰ ਪਰਤਣ ਦੀ ਕਾਹਲ ਏ। ਤੇਰਾ ਹੇਰਵਾ ਪਿੱਛਲਖੁਰੀ ਹੋ ਗਿਆ ਏ। ਸੋਚਦਾ ਹਾਂ ਕਿ ਸ਼ਾਇਦ ਇਹ ਸੱਚ ਹੀ ਹੋਵੇ ਕਿਉਂਕਿ ਜਦ ਸ਼ਹਿਰ ਵਿਚ ਰਹਿਣ ਵਾਲਿਆਂ ਨੂੰ ਪਿੰਡ ਪਛਾਣਨ ਤੋਂ ਆਕੀ ਹੋ ਜਾਵੇ, ਵਿਦੇਸ਼ ਵਿਚ ਰਹਿੰਦਿਆਂ ਨੂੰ ਦੇਸ਼ ਪਰਤਣ 'ਤੇ ਲੋਕ ਅੱਖ ਬਚਾਉਣ ਲੱਗ ਪੈਣ ਅਤੇ ਉਨ੍ਹਾਂ ਦੀ ਹਰ ਗੱਲ-ਕੱਥ ਵਿਚੋਂ ਨਿੱਜੀ ਸੁਆਰਥ ਦੀ ਬਦਬੂ ਆਣ ਲੱਗ ਪਵੇ ਤਾਂ ਪਰਦੇਸ ਗਿਆਂ ਦਾ ਘਰਾਂ ਨੂੰ ਪਰਤਣਾ ਬਹੁਤ ਔਖਾ ਹੋ ਜਾਂਦਾ। ਜਦ ਪਰਦੇਸੀ ਆਪਣੇ ਘਰਾਂ ਨੂੰ ਨਹੀਂ ਪਰਤਦੇ ਤਾਂ ਘਰ ਬਹੁਤ ਉਦਾਸ, ਹਤਾਸ਼ ਅਤੇ ਨਿਰਾਸ਼ ਹੋ ਜਾਂਦਾ। ਇਹ ਪਰਵਾਸ ਪਿੰਡ ਤੋਂ ਨਗਰ/ਮਹਾਂਨਗਰ ਦਾ ਹੋਵੇ ਜਾਂ ਦੇਸ਼ ਤੋਂ ਪਰਦੇਸ ਦਾ ਹੋਵੇ। ਜਦ ਪਰਵਾਸੀਆਂ ਦੇ ਪੱਲੇ ਨਿਰਾਸ਼ਾ ਪੈਣ ਲੱਗ ਪਵੇ ਤਾਂ ਸਮਾਜਿਕ ਤੰਦਾਂ ਤਿੜਕਣ ਤੋਂ ਕਿਵੇਂ ਬਚਣਗੀਆਂ? ਰਿਸ਼ਤਿਆਂ ਵਿਚਲੀ ਕਚਿਆਈ ਅਤੇ ਸਵਾਰਥ ਨੇ ਹੀ ਗੰਢਾਂ ਨੂੰ ਜਨਮ ਦੇਣਾ ਹੁੰਦਾ।

ਘਰ ਬਹੁਤ ਉਦਾਸ ਹੋ ਜਾਂਦਾ ਜਦ ਵਾਪਸ ਪਰਤਣ ਦੇ ਦਿਨਾਂ ਦੀ ਗਿਣਤੀ ਸੁੰਗੜਦੀ। ਤੁਸੀਂ ਹਰ ਵਸਤ ਨੂੰ ਸੰਭਾਲਣ ਵਿਚ ਰੁਝਦੇ ਤਾਂ ਘਰ ਦੇ ਨੈਣਾਂ ਵਿਚਲੇ ਖੇੜੇ ਦੀ ਥਾਂ ਉਦਾਸੀ ਦੀ ਪਰਤ ਪਰਤਣੀ ਸ਼ੁਰੂ ਹੋ ਜਾਂਦੀ। ਘਰ ਦੀਆਂ ਕੰਧਾਂ ਵਿਚ ਚੁੱਪ ਦਾ ਵਾਸ ਹੋ ਜਾਂਦਾ ਅਤੇ ਕਮਰੇ ਵਿਚਲੀ ਚਹਿਲ-ਪਹਿਲ ਖਾਮੋਸ਼ੀ ਦਾ ਰੂਪ ਧਾਰ ਘਰ ਵਿਚ ਫੈਲ ਜਾਂਦੀ। ਘਰ ਨੂੰ ਫਿਰ ਤੋਂ ਬੰਦ ਦਰਾਂ ਦਾ ਦਰਦ ਸਹਿਣ ਲਈ ਤਿਆਰ ਹੋਣ ਦੇ ਰਾਹ ਪੈਣਾ ਪੈਂਦਾ। ਘਰ ਵਿਚਲੀ ਹਰ ਵਸਤ ਗੁੰਮ ਸੁੰਮ ਹੋ ਜਾਂਦੀ। ਘਰ ਦੀ ਇਸ ਮਾਨਵੀ ਚੁੱਪ ਅਤੇ ਸੰਵੇਦਨਾ ਵਿਚ ਗੁੰਮ ਹੋ, ਜਦ ਵਾਪਸ ਪਰਦੇਸ ਜਾਣ ਲਈ ਮੈਂ ਘਰੋਂ ਬਾਹਰ ਪੈਰ ਧਰਦਾ ਤਾਂ ਮਨ ਖੁਸਦਾ। ਕੁਝ ਤਿੜਕਦਾ ਅਤੇ ਇਸ ਦੀ ਚੀਸ ਵਿਚ ਅੰਤਰੀਵ ਫਿਸ ਜਾਂਦਾ, ਅੱਖਾਂ ਵਿਚ ਨਮੀ ਉਤਰਦੀ ਅਤੇ ਘਰ ਨੂੰ ਨਮ ਅੱਖਾਂ ਨਾਲ ਅਲਵਿਦਾ ਕਹਿਣ ਲਈ ਮਜਬੂਰ ਹੋਣਾ ਪੈਂਦਾ।

ਘਰ ਨਾਲ ਸੰਵੇਦਨਾ ਦੀ ਇਹ ਕੇਹੀ ਸਾਂਝ ਏ ਕਿ ਅਸੀਂ ਘਰ ਤੋਂ ਪਰਦੇਸ ਤੁਰਨ ਲੱਗਿਆਂ ਕਦੇ ਦਰਵਾਜਿਆਂ ਅਤੇ ਘਰ ਨੂੰ ਜੰਦਰਾ ਨਹੀਂ ਲਾਉਂਦੇ। ਘਰ ਨੂੰ ਖੁੱਲ੍ਹਾ ਛੱਡ ਕੇ ਵਿਦੇਸ਼ ਨੂੰ ਤੁਰਦਾ ਹਾਂ ਅਤੇ ਵਿਦੇਸ਼ ਤੋਂ ਘਰ ਪਰਤਣ 'ਤੇ ਵੀ ਮੇਰੀ ਤਮੰਨਾ ਹੁੰਦੀ ਹੈ ਕਿ ਘਰ ਦੇ ਖੁੱਲ੍ਹੇ ਬੂਹੇ ਮੇਰੀ ਆਮਦ ਦਾ ਜਸ਼ਨ ਬਣਨ। ਬੰਦ ਘਰਾਂ ਨੂੰ ਨਜ਼ਰ ਲੱਗ ਜਾਂਦੀ ਏ। ਇਸ ਦੀਆਂ ਨੀਂਹਾਂ ਵਿਚ ਖੋਖਲਾਪਣ ਅਤੇ ਇਮਾਰਤਸਾਜੀ ਵਿਚ ਸਿਉਂਕ ਲੱਗਦੀ। ਘਰ ਫਿਰ ਘਰ ਨਹੀਂ ਰਹਿੰਦਾ। ਮੇਰੇ ਜਾਣ ਤੋਂ ਬਾਅਦ ਘਰ ਵਿਚ ਸਫਾਈ ਕਰਨ ਵਾਲਾ ਜਾਂ ਮੇਰਾ ਭਰਾ ਘਰ ਨੂੰ ਬੰਦ ਕਰਦੇ ਨੇ। ਹਰ ਰੋਜ਼ ਸਫਾਈ ਕਰਨ ਵਾਲੇ ਦੀ ਪੈੜ-ਚਾਲ ਘਰ ਨੂੰ ਉਦਾਸ ਨਹੀਂ ਹੋਣ ਦਿੰਦੀ। ਘਰ, ਘਰ ਬਣਿਆ ਰਹਿੰਦਾ। ਕੈਦੀ-ਮਾਨਸਿਕਤਾ, ਬੰਦ ਬੂਹੇ-ਬਾਰੀਆਂ, ਜੰਗਾਲੇ ਦਰਵਾਜੇ ਜਾਂ ਉਜੜੇ ਵਿਹੜੇ ਵਰਗਾ ਅਹਿਸਾਸ ਪੈਦਾ ਨਹੀਂ ਹੁੰਦਾ ਅਤੇ ਘਰ 'ਚ ਬੇਗਾਨਗੀ ਨਹੀਂ ਫੈਲਦੀ।

ਘਰ ਦੀ ਉਦਾਸੀ ਨੂੰ ਮਨ-ਮਸਤਕ ਵਿਚ ਰੱਖ, ਘਰੋਂ ਵਿਦੇਸ਼ ਨੂੰ ਤੁਰਦਾ ਹਾਂ ਤਾਂ ਵਿਦੇਸ਼ ਵਿਚਲੇ ਘਰ ਅਤੇ ਆਰ-ਪਰਿਵਾਰ ਦੇ ਦੀਦਿਆਂ ਵਿਚ ਚਮਕ ਪੈਦਾ ਹੋ ਜਾਂਦੀ ਏ। ਇਕ ਘਰ ਦਾ ਹਾਸਲ, ਦੂਸਰੇ ਘਰ ਲਈ ਵਿਗੋਚਾ। ਇਸ ਹਾਸਲ ਅਤੇ ਵਿਗੋਚੇ ਵਿਚ ਹੀ ਜੀਵਨ-ਪੰਧ ਮੁੱਕ ਜਾਂਦਾ। ਪਰ ਇਸ ਹਾਸਲ ਅਤੇ ਵਿਗੋਚੇ ਦੌਰਾਨ ਮਨੁੱਖ ਦੀ ਕਰਮ-ਯੋਗਤਾ ਹੀ ਉਸ ਦਾ ਸੁੱਚਾ ਹਾਸਲ।



ਇਹ ਹਾਸਲ ਹੀ ਦੋਹਾਂ ਘਰਾਂ ਦਾ ਅਜਿਹਾ ਮੁਕਟ ਹੁੰਦਾ, ਜਿਸ 'ਤੇ ਦੋਵੇਂ ਘਰ ਨਾਜ਼ ਕਰਦੇ।

ਉਦਾਸ ਮਨ ਕੂਕਦਾ; ਘਰ 'ਚੋਂ ਘਰ ਦੇ ਅਰਥਾਂ ਵਰਗੀ ਮਾਂ ਜਿਹਾ ਮਿਲੇ ਪਿਆਰ। ਘਰ ਹੀ ਹੁੰਦਾ ਬਾਪ ਦੀ, ਸੱਗਵੀਂ ਅਸੀਸ ਦਾ ਵਿਸਥਾਰ। ਘਰ ਹੀ ਹੁੰਦਾ ਝਰਦਾ ਚਾਨਣ ਰਾਹੀਂ ਖੁਣਦਾ ਪੈੜਾਂ। ਇਸ ਦੇ ਦਰ ਨੂੰ ਸਿਜਦਾ ਕਰੀਏ, ਪਾਉਂਦਾ ਝੋਲੀ ਖੈਰਾਂ। ਘਰ ਦੀਆਂ ਕੰਧਾਂ ਭਰਨ ਹੁੰਗਾਰਾ, ਜੇ ਕੋਈ ਮਾਰੇ ਹਾਕ। ਇਸ ਦਾ ਹਰ ਕੌਲਾ-ਖੂੰਜਾ ਸਾਥੀ, ਸੁਖਨ ਤੇ ਪਾਕ। ਘਰ-ਬੰਨੇਰੀਂ ਬੋਲਦੇ ਰਹਿਸਣ, ਹਰ ਵੇਲੇ ਹੀ ਕਾਂ। ਘਰ ਦੀ ਰੌਣਕ ਬਣੀ ਰਹਿਸੀ, ਖੂੰਡੀ ਖੜਕਾਉਂਦੀ ਮਾਂ। ਘਰ ਦੀ ਸਾਕ-ਸਕੀਰੀ ਵਿਚੋਂ ਮੌਲੇ ਜੀਵਨ-ਗੀਤ। ਜੀਵਨ-ਤੰਦਾਂ ਦੀ ਪਕਿਆਈ, ਯੁਗਾਂ ਜੇਡੀ ਰੀਤ। ਮਨਾ! ਘਰ ਜਿੰਨੇ ਵੀ ਹੋਵਣ, ਪਰ ਜਿੰਦ ਦਾ ਘਰ ਇਕਹਿਰਾ। ਇਸ ਦੀ ਜੂਹ ਵਿਚ ਸ਼ਾਮ-ਸਵੇਰਾ ਤੇ ਕੱਟੀਏ ਤਿੱਖੜ ਦੁਪਹਿਰਾ। ਘਰ ਨੂੰ ਘਰ ਦੇ ਅਰਥਾਂ ਵਿਚੋਂ ਭੁੱਲ ਕੇ ਕੁਝ ਨਾ ਪਾਇਆ। ਘਰ ਵਿਚੋਂ ਹੀ ਗੁੰਮ ਨਾ ਹੋਵੇ, ਘਰ ਵਰਗਾ ਹਮਸਾਇਆ।

ਅੰਬਰੀ ਸੁਪਨਿਆਂ ਦੀ ਪੂਰਨਤਾ ਲਈ ਉਚੀਆਂ ਉਡਾਣਾਂ ਭਰਨ ਵਾਸਤੇ ਘਰਾਂ ਵਿਚੋਂ ਬਾਹਰ ਨੂੰ ਤੁਰੇ ਪੈਰਾਂ ਦਾ ਸਦਾ ਲਈ ਘਰਾਂ ਨੂੰ ਪਰਤਣਾ ਤਾਂ ਮੁਸ਼ਕਿਲ, ਪਰ ਕਦੇ-ਕਦਾਈਂ ਘਰਾਂ ਨੂੰ ਪਰਤੀਏ, ਉਨ੍ਹਾਂ ਦੀ ਉਦਾਸੀ ਨੂੰ ਘਟਾਈਏ। ਵਿਹੜੇ ਨੂੰ ਘੁੱਗ ਵੱਸਣ ਦਾ ਮੌਕਾ ਬਖਸ਼ੀਏ। ਇਸ ਦੀ ਉਚਮਤਾ ਅਤੇ ਸੁੱਚਮਤਾ ਨੂੰ ਸਿਜਦਾ ਕਰੀਏ ਕਿਉਂਕਿ ਘਰ ਹੀ ਮਨੁੱਖ ਦਾ ਸਭ ਕੁਝ ਹੁੰਦਾ, ਜੋ ਸਿਰ ਲਈ ਛੱਤ, ਦੀਦਿਆਂ ਲਈ ਸੁਪਨੇ, ਪੀੜੀਆਂ ਸਾਂਝਾਂ ਦੀ ਧਰਾਤਲ ਅਤੇ ਰਿਸ਼ਤਿਆਂ ਵਿਚਲੀ ਪਾਕੀਜ਼ਗੀ ਤੇ ਪਕਿਆਈ ਦੀ ਬੁਨਿਆਦ ਏ।

ਘਰ ਵਾਲਿਆਂ ਦੀ ਗੈਰ-ਹਾਜ਼ਰੀ ਵਿਚ ਘਰ ਸੱਚੀਂ ਬਹੁਤ ਉਦਾਸ ਹੁੰਦਾ, ਪਰ ਮੈਂ ਅਕਸਰ ਹੀ ਗਾਹੇ-ਬਗਾਹੇ ਘਰ ਨੂੰ ਪਰਤਦਾਂ। ਇਸ ਦੀ ਫਿਜ਼ਾ ਵਿਚੇ ਖੇੜਿਆਂ ਦੇ ਪਲ ਅਤੇ ਮਿੱਤਰ-ਮਿਲਣੀਆਂ ਦੇ ਸਬੱਬ, ਇਸ ਨੂੰ ਜਿਉਣ ਜੋਗਾ ਕਰਦੇ। ਘਰ ਵਾਲਿਆਂ ਦੇ ਨਿਰੰਤਰ ਪਰਤਣ ਦੀ ਆਸ ਦਾ ਚਿਰਾਗ, ਕੰਧ ਦੇ ਆਲੇ ਵਿਚ ਧਰਦਾ ਹਾਂ।

ਘਰ ਦੀ ਅਲਾਮਤੀ ਅਤੇ ਇਸ ਦੀ ਉਦਾਸੀ ਨੂੰ ਹਰਨ ਲਈ ਆਸ ਦੇ ਚਿਰਾਗ ਜਗਦੇ ਰਹਿਣੇ ਹੀ ਚਾਹੀਦੇ, ਪਰ 'ਕੇਰਾਂ ਤਾਂ ਦੀਵੇ ਜਗਾਉਣ ਦਾ ਹੀਆ ਪਰਵਾਸੀਆਂ ਨੂੰ ਕਰਨਾ ਹੀ ਪੈਣਾ।

###

## ਚੰਗਿਆਈ ਦੀ ਭਾਲ

ਚੰਗਿਆਈ ਦੀ ਭਾਲ ਕਰੀ ਜਾਹ
ਚੰਗਿਆਈ ਦੀ ਭਾਲ।
ਚੰਗਿਆਈ ਹੀ ਨਿਭ ਸਕਦੀ ਹੈ
ਆਖਿਰ ਤੇਰੇ ਨਾਲ।

ਅੱਜ ਜਿਨ੍ਹਾਂ ਨੂੰ ਚੇਤੇ ਕਰੀਏ
ਸਨ ਉਹ ਬੰਦੇ ਚੰਗੇ।
ਐਪਰ ਮਾੜੇ, ਮਾੜੇ ਰਹਿੰਦੇ
ਹੋਣ ਅੰਤ ਨੂੰ ਨੰਗੇ।
ਹਰ ਔਕੜ ਵਿਚ ਰਾਖੀ ਕਰਦੀ
ਚੰਗਿਆਈ ਦੀ ਢਾਲ।
ਚੰਗਿਆਈ ਦੀ ਭਾਲ ਕਰੀ ਜਾਹ
ਚੰਗਿਆਈ ਦੀ ਭਾਲ।

ਬੇਸ਼ਕ ਹੈ ਬੁਰਿਆਈ ਕਾਫੀ
ਫਿਰ ਵੀ ਨਾ ਘਬਰਾਵੋ।
ਬੁਰਿਆਈ ਹੈ ਕੰਧ ਰੇਤ ਦੀ
ਤੋਪਾਂ ਮਾਰ ਉਡਾਵੋ।
ਕੋਸ਼ਿਸ਼ ਕਰ ਕੇ ਤਣੋ ਚੁਫੇਰੇ
ਚੰਗਿਆਈ ਦਾ ਜਾਲ।
ਚੰਗਿਆਈ ਦੀ ਭਾਲ ਕਰੀ ਜਾਹ
ਚੰਗਿਆਈ ਦੀ ਭਾਲ।

ਚੰਗਿਆਈ ਉਚਿਆਈਆਂ ਲੋਚੇ
ਗਗਨਾਂ ਦਾ ਮੋਹ ਲਾਵੇ।
ਚੰਗਿਆਈ ਹਰ ਬੰਦੇ ਤਾਈਂ
ਪੂਜਣਯੋਗ ਬਣਾਵੇ।
ਕਾਰਜ ਵੀ ਸ਼ੁੱਧ ਹੋ ਜਾਂਦੇ ਨੇ
ਜੇ ਸ਼ੁੱਧ ਹੋਣ ਖਿਆਲ।
ਚੰਗਿਆਈ ਦੀ ਭਾਲ ਕਰੀ ਜਾਹ
ਚੰਗਿਆਈ ਦੀ ਭਾਲ।

ਲੋਕ ਭਲਾਈ, ਸਾਂਝ, ਸੱਚਾਈ,
ਹਮਦਰਦੀ ਤੇ ਚੰਗਿਆਈ।
ਚੰਗਿਆਈ ਇਕ ਵਸਤ ਅਲੌਕਿਕ
ਅਕਾਸ਼ਾਂ ਤੋਂ ਹੈ ਆਈ।
'ਨਵਰਾਹੀ' ਚੰਗਿਆਈ ਸਾਡੀ
ਹਰ ਥਾਂ ਬਣੇ ਭਿਆਲ।
ਚੰਗਿਆਈ ਦੀ ਭਾਲ ਕਰੀ ਜਾਹ
ਚੰਗਿਆਈ ਦੀ ਭਾਲ।
ਚੰਗਿਆਈ ਹੀ ਨਿਭ ਸਕਦੀ ਹੈ
ਆਖਿਰ ਤੇਰੇ ਨਾਲ।

## ਹਲੂਣਾ

ਸਾਂਝ ਵਧਾਵੋ ਦੇਸ਼ ਵਾਸੀਓ
ਕਰ ਕਰ ਲੰਮੀਆਂ ਬਾਹਾਂ।
ਤੰਗ-ਦਿਲਿਆਂ ਨੇ ਕੌਮ ਅਸਾਡੀ
ਕੀਤੀ ਢੇਰ ਪਿਛਾਹਾਂ।
ਜੀਅ ਕੀਤਾ, ਉਠ ਕੇ ਤੁਰ ਪਏ
ਨਾਦਰ ਅਤੇ ਅਬਦਾਲੀ।
ਕਦੇ ਸਿਕੰਦਰ, ਕਦੇ ਗਜ਼ਨਵੀ
ਖੀਸੇ ਕਰ ਗਏ ਖਾਲੀ।
ਅਸੀਂ ਨਿਤਾਣੇ ਰਹੇ ਵਿਲਕਦੇ
ਚੁੱਕ ਨਾ ਸਕੇ ਨਿਗਾਹਾਂ।
ਸਾਂਝ ਵਧਾਵੋ ਦੇਸ਼ ਵਾਸੀਓ
ਕਰ ਕਰ ਲੰਮੀਆਂ ਬਾਹਾਂ।

ਅੰਦਰ ਦੀ ਕਮਜ਼ੋਰੀ ਕਰ ਕੇ
ਪੱਤ ਗੈਰਾਂ ਨੇ ਲੁੱਟੀ।
ਦੋ ਸਦੀਆਂ ਲਈ ਚਿੱਟੇ ਤਾਜਕ
ਸਾਡੀ ਸੰਘੀ ਘੁੱਟੀ।
ਐਸੇ ਪੁੱਠੇ ਚੱਕਰ ਪੈ ਗਏ
ਰਹੇ ਢੂੰਡਦੇ ਰਾਹਾਂ।
ਸਾਂਝ ਵਧਾਵੋ ਦੇਸ਼ ਵਾਸੀਓ
ਕਰ ਕਰ ਲੰਮੀਆਂ ਬਾਹਾਂ।

ਗੋਬਿੰਦ ਸਿੰਘ, ਪ੍ਰਤਾਪ, ਸ਼ਿਵਾ ਜੀ
ਨੇਤਾ ਜੀ ਅਣਖੀਲੇ।
ਕਿੰਜ ਵਤਨ ਦੀ ਗੈਰਤ ਟੁੰਬੀਏ
ਲੱਭਦੇ ਰਹੇ ਵਸੀਲੇ।
ਐਪਰ ਅਸੀਂ ਨਕਾਰੇ ਗਾਫਿਲ
ਕਰਦੇ ਰਹੇ ਸਲਾਹਾਂ।
ਸਾਂਝ ਵਧਾਵੋ ਦੇਸ਼ ਵਾਸੀਓ
ਕਰ ਕਰ ਲੰਮੀਆਂ ਬਾਹਾਂ।

ਹੋਰਾਂ ਦੇ ਵਿਚ ਨੁਕਸ ਨਾ ਛਾਂਟੋ
ਅੰਦਰ ਝਾਤੀ ਮਾਰੋ।
ਕੰਮ ਤੁਹਾਡੇ ਜ਼ਿੰਮੇ ਭਾਰੀ
ਦੇਸ਼ ਦੀਓ ਮੁਟਿਆਰੋ।
'ਨਵਰਾਹੀ' ਇਕ ਸੁਰਗ ਵਸਾਉਣਾ
ਸ਼ਾਇਰ ਦੀਆਂ ਸ਼ੁਭ-ਚਾਹਾਂ।
ਸਾਂਝ ਵਧਾਵੋ ਦੇਸ਼ ਵਾਸੀਓ
ਕਰ ਕਰ ਲੰਮੀਆਂ ਬਾਹਾਂ।

*-ਨਵਰਾਹੀ ਘੁਗਿਆਣਵੀ*
*ਫੋਨ: 91-98150-02302*

---

## ਖਾਮੋਸ਼ੀ

ਖਾਮੋਸ਼ੀ ਅਕਸਰ
ਬੋਲ ਦਿੰਦੀ ਹੈ
ਉਹ ਗੱਲ, ਜਿਹੜੀ
ਸ਼ੋਰ ਦੇ ਵੱਸੋਂ ਬਾਹਰ ਹੁੰਦੀ ਹੈ।

*-ਡਾ. ਨਿਸ਼ਾਨ ਸਿੰਘ ਰਾਠੌਰ*
*ਫੋਨ: 91-75892-33437*

# ਫਿਲਮਾਂ ਦੇ ਦਰਸ਼ਕਾਂ ਅਤੇ ਕਮਾਈ ਦਾ ਮੀਟਰ

ਅਰਸੇ ਬਾਅਦ ਆਈ ਛੋਟੀ ਜਿਹੀ ਫਿਲਮ 'ਸਤ੍ਰੀ' ਦੀ ਸਫਲਤਾ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਜ਼ਿਆਦਾਤਰ ਛੋਟੀਆਂ ਫਿਲਮਾਂ ਵਿਸ਼ੇ ਪੱਖੋਂ ਬਹੁਤ ਕਮਜ਼ੋਰ ਹੁੰਦੀਆਂ ਹਨ, ਜਦੋਂਕਿ ਅਜਿਹੀਆਂ ਛੋਟੀਆਂ ਫਿਲਮਾਂ ਵੀ ਹੁੰਦੀਆਂ ਹਨ ਜੋ ਆਪਣੇ ਵਿਸ਼ੇ ਕਾਰਨ ਹੀ ਹਿਟ ਹੁੰਦੀਆਂ ਹਨ ਪਰ ਅਸਲੀਅਤ ਇਹ ਹੈ ਕਿ ਕੋਈ ਵੀ ਫਿਲਮ ਛੋਟੀ ਜਾਂ ਵੱਡੀ ਨਹੀਂ ਹੁੰਦੀ। 107 ਕਰੋੜ ਰੁਪਏ ਦਾ ਕਾਰੋਬਾਰ ਕਰਨ ਵਾਲੀ 'ਗੋਲਡ' ਦੀ ਸਫਲਤਾ ਇਹੀ ਦਰਸਾਉਂਦੀ ਹੈ। ਦੂਜੀ ਤਰਫ ਕਿਸੇ ਤਰ੍ਹਾਂ ਨਾਲ ਰਿਲੀਜ਼ ਤਕ ਪਹੁੰਚੀ ਇਰਫਾਨ ਖ਼ਾਨ ਦੀ 'ਕਾਰਵਾਂ' ਚੰਗੀ ਫਿਲਮ ਹੋਣ ਦੇ ਬਾਵਜੂਦ ਬਹੁਤ ਪਿਛੇ ਰਹਿ ਗਈ। ਅਜਿਹੇ ਵਿਚ ਇਹ ਸੁਆਲ ਉਠਦਾ ਹੈ ਕਿ ਕੀ ਵੱਡੀਆਂ ਫਿਲਮਾਂ ਛੋਟੀਆਂ ਫਿਲਮਾਂ 'ਤੇ ਭਾਰੂ ਹੋ ਰਹੀਆਂ ਹਨ। ਵਪਾਰ ਵਿਸ਼ਲੇਸ਼ਕ ਕੋਮਲ ਨਾਹਟਾ ਇਸ ਗੱਲ ਨੂੰ ਖਾਰਜ ਕਰਦੇ ਹਨ, "ਛੋਟੀ ਅਤੇ ਵੱਡੀ ਫਿਲਮਾਂ ਦੀ ਇਸ ਤਰ੍ਹਾਂ ਤੁਲਨਾ ਕਰਨੀ ਗ਼ੈਰਜ਼ਰੂਰੀ ਹੈ। ਅਸਲ ਵਿਚ ਕੋਈ ਫਿਲਮ ਵੱਡੀ ਜਾਂ ਛੋਟੀ ਨਹੀਂ ਹੁੰਦੀ। ਤੁਸੀਂ ਇਸ ਨੂੰ ਚੰਗੀ ਜਾਂ ਖ਼ਰਾਬ ਫਿਲਮ ਕਹਿ ਸਕਦੇ ਹੋ। ਚੰਗੀ ਫਿਲਮ ਨੂੰ ਚੱਲਣ ਤੋਂ ਕੋਈ ਰੋਕ ਨਹੀਂ ਸਕਦਾ। ਜਿਥੇ 70 ਕਰੋੜ ਰੁਪਏ ਵਿਚ ਬਣੀ 'ਗੋਲਡ' ਸਿਰਫ 120 ਕਰੋੜ ਰੁਪਏ ਦੀ ਕਮਾਈ ਕਰਦੀ ਹੈ, ਉਥੇ ਹੀ ਮੁਸ਼ਕਿਲ ਨਾਲ 15 ਕਰੋੜ ਰੁਪਏ ਵਿਚ ਬਣੀ ਛੋਟੀ ਜਿਹੀ ਫਿਲਮ 'ਸਤ੍ਰੀ' 100 ਕਰੋੜ ਰੁਪਏ ਤੋਂ ਜ਼ਿਆਦਾ ਦੀ ਕਮਾਈ ਕਰ ਲੈਂਦੀ ਹੈ।"

ਅਸਲ ਵਿਚ ਸਾਰਾ ਖੇਡ ਮਾਰਕੀਟਿੰਗ ਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਜੇ ਫਿਲਮ ਵੱਡੇ ਸਿਤਾਰਿਆਂ ਨਾਲ ਬਣਦੀ ਹੈ ਤਾਂ ਉਸ ਦੀ ਕਮਾਈ ਦਾ ਅੰਕੜਾ ਕੁਝ ਹੋਰ ਹੁੰਦਾ ਹੈ; ਜਿਵੇਂ 'ਪੀਕੂ' ਵਰਗੀ ਫਿਲਮ ਜੇ ਵੱਡੇ ਸਿਤਾਰਿਆਂ ਨਾਲ ਨਾ ਬਣਦੀ ਤਾਂ ਉਸ ਨੂੰ ਆਪਣੇ ਬਜਟ ਮੁਤਾਬਿਕ ਮੁਨਾਫਾ ਕਮਾ ਕੇ ਹੀ ਸੰਤੁਸ਼ਟ ਹੋਣਾ ਪੈਂਦਾ। ਟਰੇਡ ਪੱਤ੍ਰਿਕਾ ਦੇ ਸੰਪਾਦਕ ਤਰਨ ਆਦਰਸ਼ ਕਹਿੰਦੇ ਹਨ, "ਅਸਲ ਵਿਚ ਫਿਲਮਾਂ ਦੀ ਕਮਾਈ ਦਾ ਗਣਿਤ ਪਿਛਲੇ ਕੁਝ ਸਾਲਾਂ ਵਿਚ ਬਹੁਤ ਬਦਲਿਆ ਹੈ। ਟਿਕਟ ਖਿੜਕੀ ਦੇ ਚਹੇਤੇ ਹੀਰੋ ਦੀਆਂ ਫਿਲਮਾਂ ਦਾ ਟਿਕਟ ਖਿੜਕੀ 'ਤੇ ਅਲੱਗ ਹੀ ਜਲਵਾ ਹੁੰਦਾ ਹੈ ਅਤੇ ਉਨ੍ਹਾਂ ਦੀਆਂ ਫਿਲਮਾਂ ਵਿਚ ਜ਼ਰਾ ਵੀ ਦਮ ਹੋਇਆ ਤਾਂ ਉਹ ਮੋਟੀ ਕਮਾਈ ਕਰ ਜਾਂਦੀਆਂ ਹਨ।" ਹੈਰਾਨੀ ਵਾਲੀ ਗੱਲ ਹੈ ਕਿ ਪਹਿਲਾਂ ਦੇ ਦੌਰ ਵਿਚ ਧਰਮਿੰਦਰ, ਸ਼ਰਮੀਲਾ ਟੈਗੋਰ, ਅਮਿਤਾਭ ਬੱਚਨ ਅਤੇ ਜਯਾ ਵਰਗੇ ਵੱਡੇ ਸਿਤਾਰਿਆਂ ਦੀ ਫਿਲਮ 'ਚੁਪਕੇ-ਚੁਪਕੇ' ਨੂੰ ਵੀ ਵੱਡੀ ਫਿਲਮ ਦੀ ਬਜਾਏ ਚੰਗੀ ਫਿਲਮ ਕਿਹਾ ਜਾਂਦਾ ਸੀ। ਆਮ ਦੂਜੀਆਂ ਚੰਗੀਆਂ ਫਿਲਮਾਂ ਦੀ ਤਰ੍ਹਾਂ ਹੀ ਇਨ੍ਹਾਂ ਦੀ ਸਫਲਤਾ ਦਾ ਮੁਲੰਕਣ ਵੀ ਇਕ ਚੰਗੀ ਫਿਲਮ ਦੇ ਤੌਰ 'ਤੇ ਹੀ ਹੁੰਦਾ ਸੀ ਨਾ ਕਿ ਵੱਡੀ ਜਾਂ ਛੋਟੀ ਰਾਹੀਂ।

'ਸਰਬਜੀਤ', 'ਕਰੇਜ਼ੀ ਕੁੱਕੜ ਫੈਮਿਲੀ', 'ਇਸ਼ਕ ਫਾਰਐਵਰ', 'ਲਵਸ਼ੁਦਾ', 'ਸਨਮ ਰੇ', 'ਸਨਮ ਤੇਰੀ ਕਸਮ', 'ਇਸ਼ਕ', 'ਨਿਲ ਬਟੇ ਸੰਨਾਟਾ', 'ਰਮਨ ਰਾਘਵ', 'ਰਾਘਵ', 'ਇਸ਼ਕ ਲਿੰਕ' ਆਦਿ ਹਾਲੀਆ ਅਜਿਹੀਆਂ ਛੋਟੀਆਂ ਫਿਲਮਾਂ ਹਨ ਜਿਹੜੀਆਂ ਕਦੋਂ ਆਈਆਂ ਤੇ ਕਦੋਂ ਗਈਆਂ, ਦਰਸ਼ਕਾਂ ਨੂੰ ਪਤਾ ਹੀ ਨਹੀਂ ਲੱਗਿਆ ਪਰ ਇਕ ਛੋਟੀ ਜਿਹੀ ਫਿਲਮ 'ਸੋਨੂ ਕੇ ਟੀਟੂ ਕੀ ਸਵੀਟੀ' ਇਨ੍ਹਾਂ ਵਿਚ ਆਰਾਮ ਨਾਲ ਚੱਲ ਜਾਂਦੀ ਹੈ। ਆਮ ਤੌਰ 'ਤੇ ਜ਼ਿਆਦਾਤਰ ਛੋਟੀਆਂ ਫਿਲਮਾਂ ਦੀ ਹਾਲਤ 'ਆਇਆ ਰਾਮ, ਗਿਆ ਰਾਮ' ਵਰਗੀ ਹੋ ਗਈ। ਕਈ ਵਾਰ ਤਾਂ ਦੋ ਤੋਂ ਪੰਜ ਕਰੋੜ ਰੁਪਏ ਵਿਚ ਬਣੀਆਂ ਇਨ੍ਹਾਂ ਫਿਲਮਾਂ ਦੀ ਲਾਗਤ ਵੀ ਵਾਪਸ ਨਹੀਂ ਆਉਂਦੀ। ਮਲਟੀਪਲੈਕਸ ਦੇ ਇਸ ਦੌਰ ਵਿਚ ਕਈ ਟਰੇਡ ਵਿਸ਼ਲੇਸ਼ਕ ਇਸ ਲਈ ਕਾਫੀ ਹੱਦ ਤਕ ਥੀਏਟਰ ਵਾਲਿਆਂ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ।



ਫਿਲਮ 'ਸਤ੍ਰੀ' ਦੇ ਦ੍ਰਿਸ਼ ਵਿਚ ਸ਼੍ਰਧਾ ਕਪੂਰ ਅਤੇ ਰਾਜਕੁਮਾਰ ਰਾਓ

ਟਰੇਡ ਪੰਡਿਤ ਵਿਨੋਦ ਮਿਰਾਨੀ ਦੱਸਦੇ ਹਨ, "ਸੀਮਤ ਪ੍ਰਚਾਰ ਨਾਲ ਰਿਲੀਜ਼ ਹੋਣ ਵਾਲੀਆਂ ਅਜਿਹੀਆਂ ਫਿਲਮਾਂ ਆਮਤੌਰ 'ਤੇ ਜ਼ੁਬਾਨੀ ਪ੍ਰਚਾਰ ਦੇ ਸਿਰ 'ਤੇ ਹੀ ਚੱਲਦੀਆਂ ਹਨ। ਇਸ ਲਈ ਥੋੜ੍ਹਾ ਵਕਤ ਤਾਂ ਹੋਣਾ ਚਾਹੀਦਾ ਹੈ, ਜੋ ਅਜਿਹੀਆਂ ਫਿਲਮਾਂ ਨੂੰ ਬਹੁਤ ਘੱਟ ਮਿਲਦਾ ਹੈ। ਖ਼ਾਸ ਤੌਰ 'ਤੇ ਜਦੋਂ ਕਿਸੇ ਵੱਡੀ ਫਿਲਮ ਨੇ ਰਿਲੀਜ਼ ਹੋਣਾ ਹੁੰਦਾ ਹੈ ਤਾਂ ਅਜਿਹੀਆਂ ਛੋਟੀਆਂ ਫਿਲਮਾਂ ਨੂੰ ਥੀਏਟਰ ਤੋਂ ਬੇਦਰਦੀ ਨਾਲ ਉਤਾਰ ਦਿੱਤਾ ਜਾਂਦਾ ਹੈ।" ਗੱਲ ਬਿਲਕੁਲ ਸਹੀ ਹੈ। ਹੁਣ ਜਿਵੇਂ 'ਗੋਲਡ' ਅਤੇ 'ਸਤਯਮੇਵ ਜਯਤੇ' ਆਜ਼ਾਦੀ ਦਿਵਸ (ਬੁੱਧਵਾਰ) ਨੂੰ ਰਿਲੀਜ਼ ਹੋਈਆਂ ਤਾਂ ਸਾਰੀਆਂ ਛੋਟੀਆਂ ਫਿਲਮਾਂ ਨੂੰ ਦੋ ਦਿਨ ਪਹਿਲਾਂ ਹੀ ਥੀਏਟਰ ਤੋਂ ਉਤਾਰ ਲਿਆ ਗਿਆ, ਕਿਉਂਕਿ ਇਨ੍ਹਾਂ ਦੋਨੋਂ ਫਿਲਮਾਂ ਦੇ ਜ਼ਿਆਦਾ ਤੋਂ ਜ਼ਿਆਦਾ ਸ਼ੋਅ ਦੇਣੇ ਸਨ। ਇਸ ਸੂਰਤ ਵਿਚ ਛੋਟੀਆਂ ਫਿਲਮਾਂ ਨੂੰ ਆਪਣੀ ਹੋਂਦ ਬਚਾਉਣ ਲਈ ਬਹੁਤ ਕੁਝ ਕਰਨਾ ਹੋਏਗਾ।

ਨਿਰਦੇਸ਼ਕ ਬੇਸ਼ੱਕ ਵੱਡੇ ਵੱਡੇ ਦਾਅਵੇ ਕਰਦੇ ਰਹਿਣ, ਪਰ ਉਨ੍ਹਾਂ ਦੀਆਂ ਫਿਲਮਾਂ ਤਾਂ ਹੀ ਚੱਲਣਗੀਆਂ, ਜਦੋਂ ਦਰਸ਼ਕਾਂ ਨੂੰ ਪਸੰਦ ਆਉਣਗੀਆਂ। ਸਿਰਫ ਖ਼ਾਸ ਆਲੋਚਕਾਂ ਤੋਂ ਚੰਗੀਆਂ ਫਿਲਮਾਂ ਦਾ ਤਮਗਾ ਹਾਸਲ ਕਰਨ ਨਾਲ ਉਨ੍ਹਾਂ ਦੀਆਂ ਫਿਲਮਾਂ ਚੱਲਣ ਤੋਂ ਰਹੀਆਂ। ਮਲਟੀਪਲੈਕਸ ਵਾਲੇ ਕਿੰਨੇ ਨਿਰਦਈ ਹੁੰਦੇ ਹਨ, ਉਹ ਵੀ ਚੰਗੀ ਤਰ੍ਹਾਂ ਜਾਣਦੇ ਹਨ। ਤਮਾਮ ਚੰਗੇ ਸਰਟੀਫਿਕੇਟ ਹਾਸਲ ਕਰਨ ਦੇ ਬਾਵਜੂਦ ਜਦੋਂ ਕੋਈ ਫਿਲਮ ਨਹੀਂ ਚੱਲਦੀ ਤਾਂ ਮਲਟੀਪਲੈਕਸ ਵਾਲੇ ਇਕ ਝਟਕੇ ਨਾਲ ਉਸ ਦਾ ਸ਼ੋਅ ਕੈਂਸਲ ਕਰਕੇ ਉਸ ਦੀ ਜਗ੍ਹਾ ਕਿਸੇ ਹੋਰ ਫਿਲਮ ਨੂੰ ਦੇਣਾ ਪਸੰਦ ਕਰਨਗੇ ਪਰ ਜੇਕਰ ਵਿਦਿਆ ਬਾਲਨ ਜਾਂ ਕਿਸੇ ਦੂਜੀ ਨਾਇਕਾ ਦੀ ਕੋਈ ਛੋਟੀ ਫਿਲਮ ਚੱਲ ਜਾਂਦੀ ਹੈ ਤਾਂ ਉਸ ਦਾ ਸ਼ੋਅ ਉਹ ਭਲਾ ਕਿਉਂ ਕੈਂਸਲ ਕਰੇਗਾ? ਨਾਹਟਾ ਕਹਿੰਦੇ ਹਨ, "ਇਹੀ ਗੱਲ ਛੋਟੀਆਂ ਫਿਲਮਾਂ ਦੇ ਨਿਰਮਾਤਾਵਾਂ ਨੂੰ ਚੰਗੀ ਤਰ੍ਹਾਂ ਨਾਲ ਗੱਠ ਬੰਨ੍ਹ ਲੈਣੀ ਚਾਹੀਦੀ ਕਿ ਉਨ੍ਹਾਂ ਦੀਆਂ ਫਿਲਮਾਂ ਆਲੋਚਕਾਂ ਦੇ ਨਾਲ ਹੀ ਦਰਸ਼ਕਾਂ ਨੂੰ ਵੀ ਪਸੰਦ ਆਉਣੀਆਂ ਚਾਹੀਦੀਆਂ ਹਨ।"

ਉਂਜ ਛੋਟੀਆਂ ਫਿਲਮਾਂ ਦੇ ਕਈ ਸੁਚੇਤ ਦਰਸ਼ਕ ਉਨ੍ਹਾਂ ਦੀ ਹਾਰ ਤੋਂ ਬਹੁਤ ਚਿੰਤਤ ਹਨ। ਉਨ੍ਹਾਂ ਮੁਤਾਬਿਕ ਇਨ੍ਹਾਂ ਫਿਲਮਾਂ ਦੇ ਵਿਸ਼ੇ ਦਾ ਖੋਖਲਾਪਣ ਹੁਣ ਖੁੱਲ੍ਹ ਕੇ ਸਾਹਮਣੇ ਆ ਗਿਆ ਹੈ। ਉਨ੍ਹਾਂ ਨੂੰ ਸਮਝ ਵਿਚ ਹੀ ਨਹੀਂ ਆ ਰਿਹਾ ਕਿ ਉਹ ਕਿਉਂ ਅਜਿਹੀਆਂ ਫਿਲਮਾਂ ਬਣਾ ਰਹੇ ਹਨ। ਵਿਨੋਦ ਮਿਰਾਨੀ ਕਹਿੰਦੇ ਹਨ, "ਹੁਣ ਦੇਖੋ, ਪਿਛਲੇ ਇਕ ਸਾਲ ਵਿਚ ਸਿਰਫ 'ਲਵ' ਟਾਈਟਲ ਨਾਲ ਇਕ ਦਰਜਨ ਤੋਂ ਜ਼ਿਆਦਾ ਫਿਲਮਾਂ ਬਣ ਚੁੱਕੀਆਂ ਹਨ। ਇਨ੍ਹਾਂ ਵਿਚੋਂ ਕਿਸੇ ਵੀ ਫਿਲਮ ਵਿਚ ਨਾ ਹੀ ਵਿਸ਼ਾ ਵਸਤੂ ਦਾ ਨਵਾਂਪਣ ਹੈ, ਨਾ ਹੀ ਪੇਸ਼ਕਾਰੀ ਦਾ; ਫਿਰ ਦਰਸ਼ਕ ਇਨ੍ਹਾਂ ਫਿਲਮਾਂ ਨੂੰ ਕਿਉਂ ਦੇਖਣ ਜਾਣ।" ਦਰਅਸਲ, ਨਵੇਂ ਦੌਰ ਦੇ ਫਿਲਮਸਾਜ਼ ਅਲੱਗ ਅਲੱਗ ਫਿਲਮਾਂ ਦੇ ਨਾਂ 'ਤੇ ਵਿਸ਼ਾ ਵਸਤੂ ਦੀ ਦੁਹਾਈ ਦਿੰਦੇ ਹਨ, ਪਰ ਆਮ ਦਰਸ਼ਕ ਇਨ੍ਹਾਂ ਨੂੰ ਦੇਖਣਾ ਪਸੰਦ ਨਹੀਂ ਕਰਦੇ ਕਿਉਂਕਿ ਉਸ ਵਿਚ ਸਿਰਫ ਉਨ੍ਹਾਂ ਦੀ ਕੋਰੀ ਬੌਧਿਕਤਾ ਹੁੰਦੀ ਹੈ, ਜੋ ਆਮਤੌਰ 'ਤੇ ਆਮ ਦਰਸ਼ਕਾਂ ਦੇ ਸਿਰ ਉਤੋਂ ਗੁਜ਼ਰ ਜਾਂਦੀ ਹੈ। ਇਹ ਉਹੀ ਦਰਸ਼ਕ ਹਨ ਜੋ ਅਜਿਹੀਆਂ ਫਿਲਮਾਂ ਦੀ ਬਜਾਏ 'ਸਤਯਮੇਵ ਜਯਤੇ' ਨੂੰ ਦੇਖਣਾ ਪਸੰਦ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ 'ਸਤਯਮੇਵ ਜਯਤੇ' ਵਰਗੀਆਂ ਸ਼ੁੱਧ ਕਮਰਸ਼ਲ ਫਿਲਮਾਂ ਵਿਚ ਵੀ ਵਿਸ਼ੇ ਦੀ ਅਣਹੋਂਦ ਮਹਿਸੂਸ ਨਹੀਂ ਹੁੰਦੀ। ਹੁਣ ਤਾਂ ਤੁਸੀਂ ਸਮਝ ਹੀ ਚੁੱਕੇ ਹੋਵੋਗੇ ਕਿ ਇਹ ਫਿਲਮਾਂ ਕਿਉਂ ਨਹੀਂ ਚੱਲਦੀਆਂ।



ਫਿਲਮ 'ਪੀਕੂ' ਵਿਚ ਦੀਪਿਕਾ

ਦੂਜੀ ਤਰਫ ਬੌਲੀਵੁੱਡ ਵਿਚ ਚੰਗੀ ਪਟਕਥਾ ਦੀ ਘਾਟ ਮਹਿਸੂਸ ਕੀਤੀ ਜਾ ਰਹੀ ਹੈ। ਫਿਲਮਸਾਜ਼ ਗੁਲਜ਼ਾਰ ਕਹਿੰਦੇ ਹਨ, "ਇਕ ਕਾਰਨ ਮੈਂ ਮੰਨਦਾ ਹਾਂ ਕਿ ਸਾਹਿਤ ਨਾਲ ਸਿਨਮਾ ਦਾ ਰਿਸ਼ਤਾ ਇਕਦਮ ਖ਼ਤਮ ਹੋ ਗਿਆ ਹੈ। ਹਿੰਦੀ ਹੀ ਨਹੀਂ ਖੇਤਰੀ ਭਾਸ਼ਾ ਵਿਚ ਵੀ ਅਜਿਹਾ ਸਾਹਿਤ ਹੈ ਜਿਨ੍ਹਾਂ 'ਤੇ ਬਹੁਤ ਖ਼ੂਬਸੂਰਤ ਫਿਲਮ ਬਣ ਸਕਦੀ ਹੈ। ਅਸਲ ਵਿਚ ਇਸ ਸਮੇਂ ਅਸੀਂ ਫਿਲਮ ਤਕਨੀਕ ਦੇ ਮਾਮਲੇ ਵਿਚ ਜਿੰਨਾ ਅੱਗੇ ਵਧੇ ਹਾਂ, ਸੋਚ ਦੇ ਮਾਮਲੇ ਵਿਚ ਓਨੇ ਅੱਗੇ ਨਹੀਂ ਵਧੇ। ਮੁਸ਼ਕਿਲ ਕੈਮਰਾ ਐਂਗਲ, ਜ਼ੋਰਦਾਰ ਸ਼ਾਟ ਜਾਂ ਅਦਭੁੱਤ ਐਡੀਟਿੰਗ ਦੇ ਕਮਾਲ ਦਾ ਮਤਲਬ ਸਿਨਮਾ ਨਹੀਂ ਹੁੰਦਾ। ਇਸ ਲਈ ਫਿਲਮਾਂ ਦੀ ਗਤੀ ਇਕਤਰਫਾ ਹੋ ਗਈ, ਨਿਰਮਾਣ ਮੁੱਲ ਅੱਗੇ ਵਧ ਰਿਹਾ ਹੈ, ਪਰ ਸੋਚ ਨਹੀਂ।"

ਪੁਰਾਣੇ ਦੌਰ ਵਿਚ ਜਦੋਂ ਵੀ ਕੋਈ ਲੇਖਕ ਕਿਸੇ ਫਿਲਮ ਦੀ ਪਟਕਥਾ ਤਿਆਰ ਕਰਦਾ ਸੀ, ਦਰਸ਼ਕਾਂ ਦੀ ਗੱਲ ਉਸ ਦੇ ਜ਼ਿਹਨ ਵਿਚ ਸਭ ਤੋਂ ਜ਼ਿਆਦਾ ਹੁੰਦੀ ਸੀ। ਗੁਲਜ਼ਾਰ ਵੀ ਇਸ ਗੱਲ ਨੂੰ ਮੰਨਦੇ ਹਨ ਕਿ ਸਾਰੀਆਂ ਫਿਲਮਾਂ ਸਾਰੇ ਦਰਸ਼ਕਾਂ ਲਈ ਨਹੀਂ ਹੁੰਦੀਆਂ। ਉਨ੍ਹਾਂ ਮੁਤਾਬਿਕ ਸਾਨੂੰ ਪਹਿਲਾਂ ਹੀ ਤੈਅ ਕਰ ਲੈਣਾ ਹੋਏਗਾ ਕਿ ਉਕਤ ਫਿਲਮ ਤੁਸੀਂ ਕਿਸ ਲਈ ਬਣਾ ਰਹੇ ਹੋ? ਹੁਣ ਜਿਵੇਂ ਆਰਟ ਫਿਲਮਾਂ ਨੂੰ ਹੀ ਲਓ, ਇਨ੍ਹਾਂ ਦਾ ਦਰਸ਼ਕ ਵਰਗ ਅਲੱਗ ਹੈ। ਆਰਟ ਫਿਲਮਾਂ ਨਹੀਂ ਚੱਲਦੀਆਂ, ਇਹ ਕਹਿਣਾ ਠੀਕ ਨਹੀਂ ਹੋਏਗਾ। ਜਿਨ੍ਹਾਂ ਲਈ ਬਣਾਈਆਂ ਜਾਂਦੀਆਂ ਹਨ, ਉਨ੍ਹਾਂ ਵਿਚਕਾਰ ਜ਼ਰੂਰ ਚੱਲਦੀਆਂ ਹਨ। ਸਾਡੇ ਆਲੋਚਕ ਇਸ ਗੱਲ ਨੂੰ ਸਮਝਦੇ ਨਹੀਂ। ਆਰਟ ਫਿਲਮ ਦਾ ਕੋਈ ਫਿਲਮਸਾਜ਼ ਸਾਹਮਣੇ ਆਉਂਦੇ ਹੀ ਉਹ ਉਸ ਦੀ ਦੁਕਾਨਦਾਰੀ ਸ਼ੁਰੂ ਕਰ ਦਿੰਦੇ ਹਨ। ਉਨ੍ਹਾਂ ਨੂੰ ਕੀ ਲੱਗਦਾ ਹੈ, ਕੀ ਉਨ੍ਹਾਂ ਦੇ ਇਸ ਯੋਗਦਾਨ ਨਾਲ ਛੋਟੀਆਂ ਫਿਲਮਾਂ ਦਾ ਭਵਿਖ ਸੁਰੱਖਿਅਤ ਹੋ ਜਾਂਦਾ ਹੈ? ਇਕ ਅੰਦਾਜ਼ੇ ਮੁਤਾਬਿਕ ਇਸ ਸਮੇਂ ਘੱਟ ਤੋਂ ਘੱਟ ਤਿੰਨ ਹਜ਼ਾਰ ਤੋਂ ਜ਼ਿਆਦਾ ਅਜਿਹੀਆਂ ਫਿਲਮਾਂ ਬਣ ਕੇ ਆਰਾਮ ਕਰ ਰਹੀਆਂ ਹਨ। ਫਿਰ ਸਾਡੇ ਬੁੱਧੀਜੀਵੀ ਆਲੋਚਕ ਅਜਿਹੀਆਂ ਫਿਲਮਾਂ ਦਾ ਕਿਉਂ ਗੁਣਗਾਨ ਕਰਦੇ ਰਹਿੰਦੇ ਹਨ।

**-ਅਸੀਮ ਚਕਰਵਰਤੀ**

# ਪੰਜਾਬੀ ਅਦਾਕਾਰਾ ਅਤੇ ਅਦਾਕਾਰੀਆਂ

ਮੌਜੂਦਾ ਦੌਰ ਵਿਚ ਜੋ ਪੰਜਾਬੀ ਫਿਲਮਾਂ ਬਣ ਰਹੀਆਂ ਹਨ, ਉਨ੍ਹਾਂ ਵਿਚ ਮਰਦ ਅਦਾਕਾਰਾਂ ਦਾ ਵਧੇਰੇ ਬੋਲਬਾਲਾ ਹੈ ਜਿਹੜੇ ਨਾਲ ਹੀ ਗਾਇਕ ਵੀ ਹਨ। ਉਹੀ ਫੈਸਲਾ ਕਰਦੇ ਹਨ ਕਿ ਕਿਹੜੀ ਅਭਿਨੇਤਰੀ ਨੂੰ ਅਭਿਨੈ ਕਰਨ ਦਾ ਮੌਕਾ ਦਿੱਤਾ ਜਾਵੇ। ਅਭਿਨੈ ਦੀ ਉਨ੍ਹਾਂ ਕੋਲ ਕੋਈ ਮੁਹਾਰਤ ਹੈ ਜਾਂ ਨਹੀਂ, ਪਹਿਲਾਂ ਕਿਸੇ ਫਿਲਮ ਵਿਚ ਉਸ ਨੇ ਅਭਿਨੈ ਕੀਤਾ ਹੈ ਜਾਂ ਨਹੀਂ, ਪੰਜਾਬੀ ਬੋਲਣ ਵਿਚ ਉਹ ਸਹਿਜ ਹਨ ਜਾਂ ਨਹੀਂ। ਇਨ੍ਹਾਂ ਗੱਲਾਂ ਵੱਲ ਖ਼ਾਸ ਧਿਆਨ ਨਹੀਂ ਦਿੱਤਾ ਜਾਂਦਾ। ਬਸ, ਉਨ੍ਹਾਂ ਦੀ ਮਰਜ਼ੀ ਦੀ ਅਭਿਨੇਤਰੀ ਹੀ ਉਨ੍ਹਾਂ ਨਾਲ ਕੰਮ ਕਰੇਗੀ।

ਬੀਤੇ ਦੋ ਸਾਲਾਂ ਵਿਚ ਪੰਜਾਬੀ ਫਿਲਮਾਂ ਵਿਚ ਕਈਆਂ ਨਵੀਆਂ ਅਭਿਨੇਤਰੀਆਂ ਨੂੰ ਕੰਮ ਕਰਨ ਦਾ ਮੌਕਾ ਮਿਲਿਆ, ਪਰ ਕਿਸੇ ਬਾਰੇ ਇਹ ਨਹੀਂ ਕਿਹਾ ਜਾ ਸਕਦਾ ਕਿ ਇਕ ਜਾਂ ਦੋ ਫਿਲਮਾਂ ਕਰਕੇ ਉਸ ਦੇ ਅਭਿਨੈ ਵਿਚ ਨਿਖਾਰ ਆਇਆ ਹੈ। ਪਿਛੇ ਜਿਹੇ ਮੋਨਿਕਾ ਗਿੱਲ ਜਿਹੜੀ ਅਮਰੀਕਾ ਵਿਚ ਹੋਏ ਹੁਸਨ ਮੁਕਾਬਲੇ ਵਿਚ ਪਹਿਲੇ ਨੰਬਰ 'ਤੇ ਆਈ ਸੀ, ਉਸਨੂੰ ਵੀ ਦੋ ਪੰਜਾਬੀ ਫਿਲਮਾਂ 'ਅੰਬਰਸਰੀਆ' ਅਤੇ 'ਸਰਦਾਰ ਜੀ' ਵਿਚ ਕੰਮ ਕਰਨ ਦਾ ਮੌਕਾ ਮਿਲਿਆ। ਦੋਨਾਂ ਫਿਲਮਾਂ ਵਿਚ ਉਸ ਦੀ ਕੁਝ ਪਛਾਣ ਵੀ ਬਣੀ। ਨਵਨੀਤ ਕੌਰ ਢਿੱਲੋਂ ਨੂੰ ਵੀ ਹੁਸਨ ਮੁਕਾਬਲੇ ਵਿਚ ਹੁਸੀਨਾ ਹੋਣ ਦਾ ਖਿਤਾਬ ਮਿਲਿਆ ਸੀ, ਉਸ ਨੇ ਵੀ 'ਅੰਬਰਸਰੀਆ' ਵਿਚ ਅਦਾਕਾਰੀ ਕੀਤੀ ਸੀ।

ਇਸੇ ਤਰ੍ਹਾਂ ਸਰਗੁਣ ਮਹਿਤਾ ਜੋ ਛੋਟੇ ਪਰਦੇ



ਸਰਗੁਣ ਮਹਿਤਾ


'ਤੇ ਕੰਮ ਕਰ ਚੁੱਕੀ ਹੈ। ਉਸ ਨੂੰ ਵੀ ਅਮਰਿੰਦਰ ਗਿੱਲ ਨਾਲ 'ਅੰਗਰੇਜ' ਵਿਚ ਕੰਮ ਕਰਨ ਦਾ ਮੌਕਾ ਮਿਲਿਆ ਸੀ। ਇਸ ਫਿਲਮ ਦੀ ਸਫਲਤਾ ਤੋਂ ਬਾਅਦ ਦੋਨੋਂ ਕਲਾਕਾਰਾਂ ਨੂੰ ਅਗਲੀ ਪੰਜਾਬੀ ਫਿਲਮ 'ਲਵ ਪੰਜਾਬ' ਵਿਚ ਅਦਾਕਾਰੀ ਕਰਨ ਦਾ ਮੌਕਾ ਮਿਲਿਆ। ਮਾਇਕ ਪੱਖੋਂ ਵੀ ਫਿਲਮ ਕਾਮਯਾਬ ਰਹੀ। ਸਰਗੁਣ ਮਹਿਤਾ ਨੂੰ ਤਾਂ ਵਧੀਆ ਅਭਿਨੇਤਰੀ ਹੋਣ ਦਾ ਇਨਾਮ ਦਿੱਤਾ ਗਿਆ, ਪਰ ਵਨੀਤ ਸਿੰਘ ਦੀ ਨਜ਼ਰ ਵਿਚ ਜਿਹੜਾ ਕਿ ਆਪ ਫਿਲਮ ਦਾ ਨਿਰਦੇਸ਼ਕ ਸੀ, ਉਸ ਲਈ ਇਹ ਕੋਈ ਵੱਡੀ ਗੱਲ ਨਹੀਂ ਸੀ। ਉਸ ਦਾ ਕਹਿਣਾ ਸੀ: "ਮੈਂ ਨਵੀਆਂ ਅਤੇ ਪੁਰਾਣੀਆਂ ਅਭਿਨੇਤਰੀਆਂ ਨੀਰੂ ਬਾਜਵਾ, ਮਾਹੀ ਗਿੱਲ, ਪਾਰੁਲ ਗੁਲਾਟੀ ਆਦਿ ਨੂੰ ਨਿਰਦੇਸ਼ਨ ਦਿੱਤਾ ਹੈ, ਜੇ ਸਰਗੁਣ ਦੀ ਫਿਲਮ ਲਈ ਚੋਣ ਵਧੀਆ ਸੀ ਤਾਂ ਇਹ ਅਚਾਨਕ ਹੋ ਗਿਆ ਸੀ। ਬਹੁਤਾ ਸੋਚ ਵਿਚਾਰ ਕੇ ਕੰਮ ਨਹੀਂ ਲਿਆ ਗਿਆ।"

ਵਨੀਤ ਨੂੰ ਇਹ ਮੰਨਣ ਵਿਚ ਕੋਈ ਝਿਜਕ ਨਹੀਂ ਕਿ ਪੰਜਾਬੀ ਫਿਲਮ ਸਨਅਤ ਵਿਚ ਮਰਦ ਕਲਾਕਾਰਾਂ ਦਾ ਬੋਲਬਾਲਾ ਹੈ। ਮਰਦ ਕਲਾਕਾਰ ਜਿਹੜੇ ਗਾਇਕ ਹੋਣ ਦੇ ਨਾਲ ਅਭਿਨੇਤਾ ਵੀ ਹੁੰਦੇ ਹਨ। ਸਭ ਕੁਝ ਉਨ੍ਹਾਂ ਦੀ ਮਰਜ਼ੀ 'ਤੇ ਨਿਰਭਰ ਕਰਦਾ ਹੈ ਕਿ ਕਿਸ ਅਭਿਨੇਤਰੀ ਨੇ ਉਨ੍ਹਾਂ ਨਾਲ ਕੰਮ ਕਰਨਾ ਹੈ ਜਾਂ ਨਹੀਂ। ਇਹੀ ਕਾਰਨ ਹੈ ਕਿ ਬਹੁਤ ਘੱਟ ਨਿਰਦੇਸ਼ਕ ਹਨ ਜੋ ਆਪਣੀ ਫਿਲਮ ਵਿਚ ਅਭਿਨੇਤਰੀ ਨੂੰ ਲੈਣ ਤੋਂ ਪਹਿਲਾਂ ਉਸ ਦੇ ਗੁਣ-ਔਗੁਣ ਬਾਰੇ ਜਾਣਨ ਦੀ ਖੇਚਲ ਕਰਦੇ ਹਨ। ਪੰਜਾਬੀ ਸਿਨਮਾ ਵਿਚ ਸਿਰਫ ਸੁਰਵੀਨ ਚਾਵਲਾ, ਮਾਹੀ ਗਿੱਲ, ਸਮੀਕਸ਼ਾ ਸਿੰਘ ਅਤੇ ਕੁਲਰਾਜ ਰੰਧਾਵਾ ਤੋਂ ਬਿਨਾਂ ਕੋਈ ਹੋਰ ਅਭਿਨੇਤਰੀ ਨਹੀਂ ਜੋ ਨਿੱਠ ਕੇ ਕੁਝ ਕਹਿ ਸਕਦੀ ਹੋਵੇ ਕਿ ਉਨ੍ਹਾਂ ਨੇ ਕਿਸ ਤਰ੍ਹਾਂ ਦਾ ਰੋਲ ਕਰਨਾ ਹੈ।

ਦੋ ਪੰਜਾਬੀ ਫਿਲਮਾਂ ਵਿਚ ਅਦਾਕਾਰੀ ਕਰਨ ਤੋਂ ਬਾਅਦ ਵੀ ਦਿਲਜੋਤ ਦਾ ਕਹਿਣਾ ਹੈ, "ਪੰਜਾਬੀ ਫਿਲਮਾਂ ਦੀਆਂ ਅਭਿਨੇਤਰੀਆਂ ਕੋਲ ਸੋਹਣੇ ਚਿਹਰਿਆਂ ਤੋਂ ਬਿਨਾਂ ਹੋਰ ਕੁਝ ਨਹੀਂ ਹੁੰਦਾ। ਆਪਣੀ ਰਾਇ ਅਸੀਂ ਪੁਸ਼ਾਕ ਜਾਂ ਮੇਕ-ਅੱਪ ਬਾਰੇ ਹੀ ਦੇ ਸਕਦੀਆਂ ਹਾਂ। ਸਿਵਾਏ ਵਸਤੂ ਦੇ ਅਸੀਂ ਕੁਝ ਵੀ ਨਹੀਂ।" ਉਹ ਕਹਿੰਦੀ ਹੈ ਕਿ ਫਿਲਮ ਸਬੰਧੀ ਅਭਿਨੇਤਰੀਆਂ ਤੋਂ ਕਿਸੇ ਤਰ੍ਹਾਂ ਦੀ ਕੋਈ ਰਾਇ ਨਹੀਂ ਲਈ ਜਾਂਦੀ। ਜੇ ਅਭਿਨੇਤਰੀ ਦੇ ਨਾਲ ਉਹ ਗਾਇਕਾ ਵੀ ਹੈ ਤਾਂ ਇਸ ਦਾ ਵੀ ਉਸ ਨੂੰ ਕੋਈ ਲਾਭ ਨਹੀਂ ਮਿਲਦਾ।

ਵਿਚਾਰਨ ਵਾਲਾ ਮਸਲਾ ਹੈ ਕਿ ਫਿਲਮਾਂ ਵਿਚ ਅਭਿਨੇਤਰੀਆਂ ਨੂੰ ਬਣਦਾ ਸਤਿਕਾਰ ਕਿਉਂ ਨਹੀਂ ਦਿੱਤਾ ਜਾਂਦਾ? ਉਹ ਖ਼ੁਦ ਨੂੰ ਦੂਜੇ ਦਰਜੇ ਦੀਆਂ ਕਿਉਂ ਸਮਝਦੀਆਂ ਹਨ? ਉਨ੍ਹਾਂ ਨੂੰ ਕਿਉਂ ਲੱਗਦਾ ਹੈ ਕਿ ਉਨ੍ਹਾਂ ਨੂੰ ਵਸਤੂ ਦੀ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ? ਅਜਿਹਾ ਹੋਣਾ ਉਨ੍ਹਾਂ ਨਾਲ ਬੇਇਨਸਾਫੀ ਹੈ ਕਿਉਂਕਿ ਫਿਲਮ ਦੀ ਸਫਲਤਾ ਵਿਚ ਉਨ੍ਹਾਂ ਦਾ ਵੀ ਪੂਰਾ ਯੋਗਦਾਨ ਹੁੰਦਾ ਹੈ। ਪੰਜਾਬੀ ਸਿਨਮਾ ਨੂੰ ਬੁਲੰਦੀਆਂ 'ਤੇ ਲੈ ਕੇ ਜਾਣਾ ਅਭਿਨੇਤਰੀਆਂ ਦੇ ਯੋਗਦਾਨ ਤੋਂ ਬਿਨਾਂ ਸੰਭਵ ਨਹੀਂ ਹੋ ਸਕਦਾ। ਉਨ੍ਹਾਂ ਨੂੰ ਫਿਲਮਾਂ ਦਾ ਅਹਿਮ ਹਿੱਸਾ ਮੰਨਿਆ ਜਾਵੇ।

**-ਜਤਿੰਦਰ ਸਿੰਘ**



ਮਨੁੱਖਤਾ, ਵਾਤਾਵਰਨ, ਵਿਦਿਆ ਅਤੇ ਸਮਾਜ ਸੇਵਾ ਨੂੰ ਸਮਰਪਿਤ

ਭਗਤ ਪੂਰਨ ਸਿੰਘ ਜੀ ਦੀ 26ਵੀਂ ਬਰਸੀ

# ਸ਼ਰਧਾਂਜਲੀ ਸਮਾਰੋਹ

ਭਗਤ ਪੂਰਨ ਸਿੰਘ ਜੀ ਨੇ ਆਪਣੀ ਸਾਰੀ ਜ਼ਿੰਦਗੀ ਬਿਨਾ ਕਿਸੇ ਭਿੰਨ-ਭੇਦ ਤੋਂ ਅੰਗਹੀਣ, ਨਿਥਾਵਿਆਂ ਅਤੇ ਨਿਤਾਣਿਆਂ ਦੀ ਸੇਵਾ ਵਿਚ ਲਾ ਦਿੱਤੀ। ਉਨ੍ਹਾਂ ਵਲੋਂ ਕਾਇਮ ਕੀਤਾ ਗਿਆ ਪਿੰਗਲਵਾੜਾ ਅੱਜ ਨਿਸ਼ਕਾਮ, ਨਿਸ਼ਕਪਟ, ਨਿਮਰ ਅਤੇ ਨਿਰਸਵਾਰਥ ਸੇਵਾ ਦਾ ਚਾਨਣ ਮੁਨਾਰਾ ਹੈ। ਆਓ, ਇਸ ਨੇਕ ਕਾਰਜ ਨੂੰ ਹੋਰ ਸਫਲ ਕਰਨ ਲਈ ਆਪਣਾ ਵਡਮੁੱਲਾ ਯੋਗਦਾਨ ਪਾਈਏ ਅਤੇ ਸਮਰੱਥਾ ਅਨੁਸਾਰ ਪਿੰਗਲਵਾੜੇ ਦੀ ਮਦਦ ਕਰੀਏ ਜੀ।

## 26th Barsi Commemoration Bhagat Puran Singh

***October 14 – November 18, 2018***

**Indiana, Wisconsin, Illinois and Michigan**

ਸਾਧ ਸੰਗਤ ਨੂੰ ਹੁਮ ਹੁਮਾ ਕੇ ਦਰਸ਼ਨ ਦੇਣ ਦੀ ਬੇਨਤੀ ਹੈ ਜੀ

### ਐਤਵਾਰ, 14 ਅਕਤੂਬਰ 2018

ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ
**Gurdwara Baba Makhan Shah Lubana**
1501 N. Bendix Dr.,
South Bend, IN 46628
Ph: (574) 222-7927

ਗੁਰਦੁਆਰਾ ਗੁਰੂ ਨਾਨਕ ਦਰਬਾਰ
**Gurdwara Guru Nanak Darbar Sahib**
12800 Day Rd.,
Mishawaka, IN 46545
Ph: (574) 255-7400

### ਐਤਵਾਰ, 21 ਅਕਤੂਬਰ 2018

ਗੁਰਦੁਆਰਾ ਸਾਹਿਬ
**Gurdwara Sahib**
Indianapolis, INDIANA

### ਐਤਵਾਰ, 28 ਅਕਤੂਬਰ 2018

ਗੁਰਦੁਆਰਾ ਸਾਹਿਬ ਵ੍ਹੀਟਨ
**Illinois Sikh Community Center**
2131 Creekside Dr.,
Wheaton IL 60187
Ph: (630) 655-0307

ਗੁਰਦੁਆਰਾ ਦੀਵਾਨ ਐਵਨਿਊ, ਸ਼ਿਕਾਗੋ
**Gurdwara Sahib Chicago**
2341 W. Devon Ave.,
Chicago, IL 60658
Ph: (773) 274-3133

### ਐਤਵਾਰ, 4 ਨਵੰਬਰ 2018

ਗੁਰਦੁਆਰਾ ਬਰੁੱਕਫੀਲਡ, ਮਿਲਵਾਕੀ
**Sikh Religious Society of Wisconsin**
3675 N. Calhoun Road,
Brookfield, WI 53005
Ph: (262) 790-1600

ਗੁਰਦੁਆਰਾ ਓਕ ਕਰੀਕ, ਮਿਲਵਾਕੀ
**Sikh Temple of Wisconsin**
7512 South Howell St.,
Oak Creek, WI 53154
Ph: (414) 764-7454

### ਐਤਵਾਰ, 11 ਨਵੰਬਰ 2018

ਗੁਰਦੁਆਰਾ ਪੈਲਾਟਾਈਨ
**Sikh Religious Society**
1280 Winnetka St.,
Palatine, IL. 60067
Ph: (847) 358-1117

### ਐਤਵਾਰ, 18 ਨਵੰਬਰ 2018

ਗੁਰੂ ਨਾਨਕ ਸਿੱਖ ਸੈਂਟਰ, ਲੈਨਸਿੰਗ
**Guru Nanak Sikh Center**
4701 Pleasant Grove Rd.,
Lansing, MI 48910
Ph: (517) 272-0231

**Want to Donate?** *Please make check payable to:*
Jaswant Sawhney Trust Fund, 7713 Tobruck Ct., Hanover, MD 21076

**Know more about Pingalwara at www.Pingalwara.org**

**Contact:** Lakhbir Singh Sandhu (847) 975-3877, Narinderpal Singh Marwaha (630) 313-9121, Satnam Singh Aulakh (847) 809-6145, Balwant Singh Hansra (847) 991-7761, Jasbir K. Mann (847) 890-2390, Bikrambir Singh Sidhu (630) 330-8286, Harjit Singh Gill (847) 833-5340, Paramjit Singh Sangha (224) 388-9393, Tarlochan Singh Gill (847) 219-0824, Jairam Singh Kahlon (224) 456-8096

## ਪੰਜਾਬੀ ਵਿਰਾਸਤ ਸੰਸਥਾ, ਸ਼ਿਕਾਗੋ

**PUNJABI HERITAGE ORGANIZATION OF CHICAGO**

P.O. BOX 2556, PALATINE, IL. 60078 Email: phochicago@hotmail.com